Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
CalRe:02014485
Speaks English, Hindi & Punjabi
JeetSangha.com
COLDWELL BANKER REALTY
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 52; December 30, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਜਥੇਦਾਰ ਗੁਰਦੇਵ ਸਿੰਘ ਕਾਉਂਕੇ ਬਾਰੇ ਪੁਲਿਸ ਰਿਪੋਰਟ ਨਸ਼ਰ

## ਸਰਕਾਰਾਂ ਦੀ ਨੀਅਤ ਉਤੇ ਉਠੇ ਸਵਾਲ

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਜਾਂ ਲਾਪਤਾ ਹੋਣ ਦੀ ਸਾਹਮਣੇ ਆਈ ਪੁਲਿਸ ਰਿਪੋਰਟ ਨੇ ਇਕ ਵਾਰ ਫਿਰ ਜਿਥੇ ਪੰਜਾਬ ਦੇ ਉਸ ਕਾਲੇ ਦੌਰ ਦੀ ਯਾਦ ਕਰਵਾ ਦਿੱਤੀ, ਉਥੇ ਸਰਕਾਰਾਂ ਦੀ ਨੀਅਤ ਉਤੇ ਵੀ ਸਵਾਲ ਚੁੱਕੇ ਹਨ।

ਜਾਂਚ ਤੋਂ ਬਾਅਦ ਸਰਕਾਰ ਨੂੰ ਸੌਂਪੀ ਗਈ ਇਹ ਰਿਪੋਰਟ 25 ਸਾਲ ਫਾਈਲਾਂ ਵਿਚ ਦਫਨ ਰਹੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਵੱਲੋਂ ਘਰੋਂ ਚੁੱਕ ਕੇ ਮਾਰਨ ਦੇ ਮਾਮਲੇ ਬਾਰੇ ਪੰਜਾਬ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ ਪੁਲਿਸ ਬੀ.ਪੀ. ਤਿਵਾੜੀ ਵੱਲੋਂ ਸਾਲ 1999 ਵਿਚ ਜਾਂਚ ਰਿਪੋਰਟ ਡੀ.ਜੀ.ਪੀ. ਦਫਤਰ ਨੂੰ ਸੌਂਪੀ ਗਈ ਸੀ। ਉਦੋਂ ਪੰਜਾਬ ਵਿਚ ਸਿੱਖਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਚੱਲ ਰਹੀ ਸੀ। ਭਾਰਤੀ ਜਨਤਾ ਪਾਰਟੀ ਇਸ ਵਿਚ ਭਾਈਵਾਲ ਸੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਅੱਜ ਵੀ ਪੁਲਿਸ ਦੇ ਕਾਗ਼ਜ਼ਾਂ ਅਨੁਸਾਰ ਭਗੌੜਾ ਕਰਾਰ ਦਿੱਤਾ ਹੋਇਆ ਹੈ।

1980-90ਵਿਆਂ ਦੇ ਦਹਾਕਿਆਂ ਵਿਚ ਪੰਜਾਬ ਵਿਚ ਖਾਲਿਸਤਾਨ ਦੇ ਮੁੱਦੇ 'ਤੇ ਸਿੱਖ ਖਾੜਕੂ ਲਹਿਰ ਚੱਲ ਰਹੀ ਸੀ। ਇਹ ਰਿਪੋਰਟ ਇਹ ਵੀ ਸਾਫ ਕਰਦੀ ਹੈ ਕਿ ਖਾੜਕੂਵਾਦ ਦੇ ਉਸ ਦੌਰ ਵਿਚ ਕਿਸ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਘਰੋਂ



ਚੁੱਕ ਕੇ ਲਾਪਤਾ ਕਰ ਦਿੱਤਾ ਗਿਆ; ਕਿਸ ਤਰ੍ਹਾਂ ਤਤਕਾਲੀ ਐਸ.ਐਚ.ਓ. ਅਤੇ ਹੁਣ ਡੀ.ਐਸ.ਪੀ. ਗੁਰਮੀਤ ਸਿੰਘ ਵੱਲੋਂ 25 ਦਸੰਬਰ 1992 ਨੂੰ ਭਾਈ ਗੁਰਦੇਵ ਸਿੰਘ ਨੂੰ ਉਸ ਦੇ ਘਰੋਂ ਚੁੱਕਿਆ ਜੋ ਮੁੜ ਕੇ ਵਾਪਸ ਨਹੀਂ ਆਇਆ।

ਯਾਦ ਰਹੇ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਐਡਵੋਕੇਟ ਸਰਬਜੀਤ ਸਿੰਘ ਵੱਲੋਂ ਇਸ ਮਾਮਲੇ ਦੀ ਰਿਪੋਰਟ ਅਕਾਲ ਤਖਤ ਵਿਖੇ ਸੌਂਪੀ ਗਈ ਸੀ। ਇਹ ਜਾਂਚ ਰਿਪੋਰਟ 1998 ਵਿਚ ਪੰਜਾਬ ਪੁਲਿਸ ਦੇ ਉਸ ਵੇਲੇ ਦੇ ਵਧੀਕ ਡਾਇਰੈਕਟਰ ਜਨਰਲ ਬੀ.ਪੀ. ਤਿਵਾੜੀ ਵੱਲੋਂ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਤਿਆਰ ਕੀਤੀ ਗਈ ਸੀ ਅਤੇ ਸਰਕਾਰ ਨੂੰ ਸੌਂਪੀ ਗਈ ਸੀ ਪਰ ਇਹ ਰਿਪੋਰਟ 25 ਸਾਲ ਸਰਕਾਰ ਕੋਲ ਫਾਈਲਾਂ ਵਿਚ ਦਫਨ ਰਹੀ, ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਹੁਣ ਇਹ ਰਿਪੋਰਟ ਜਨਤਕ ਹੋਈ ਹੈ ਅਤੇ ਦਸੰਬਰ 1992 ਤੇ 93 ਵਿਚ ਪੁਲਿਸ ਵੱਲੋਂ

*(ਬਾਕੀ ਸਫਾ 6 'ਤੇ)*

### ਕੌਣ ਸਨ ਜਥੇਦਾਰ ਗੁਰਦੇਵ ਸਿੰਘ ਕਾਉਂਕੇ?


**ਲੁਧਿਆਣਾ:** ਗੁਰਦੇਵ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੀ ਜਗਰਾਓਂ ਸਬ ਡਵੀਜ਼ਨ ਦੇ ਪਿੰਡ ਕਾਉਂਕੇ ਕਲਾਂ ਵਿਖੇ ਹੋਇਆ। ਸਾਲ 1986 ਵਿਚ ਸ੍ਰੀ ਅਕਾਲ ਤਖਤ 'ਤੇ ਸਰਬੱਤ ਖਾਲਸਾ ਬੁਲਾ ਕੇ ਸਿੱਖ ਆਗੂ ਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਜਸਬੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪ ਦਿੱਤਾ ਗਿਆ ਸੀ। ਜਸਬੀਰ ਸਿੰਘ ਰੋਡੇ ਉਸ ਸਮੇਂ ਜੇਲ੍ਹ ਵਿਚ ਹੋਣ ਕਾਰਨ ਗੁਰਦੇਵ ਸਿੰਘ ਕਾਉਂਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਬਣੇ ਸਨ ਤੇ ਬਾਅਦ ਵਿਚ ਰੋਡੇ ਨੇ ਜੇਲ੍ਹ ਤੋਂ ਬਾਹਰ ਆ ਕੇ ਆਪਣਾ ਅਹੁਦਾ ਸੰਭਾਲ ਲਿਆ ਸੀ।

# ਬੰਦੀ ਸਿੰਘਾਂ ਦੀ ਰਿਹਾਈ: ਸ਼੍ਰੋਮਣੀ ਕਮੇਟੀ ਵੱਲੋਂ ਅਮਿਤ ਸ਼ਾਹ ਨੂੰ ਜਵਾਬ

**ਮਾਛੀਵਾੜਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਇਨਸਾਫ ਦੀ ਲੜਾਈ ਲੜ ਰਹੀ ਹੈ ਅਤੇ ਉਹ ਕੇਂਦਰ ਤੋਂ ਕੋਈ ਭੀਖ ਨਹੀਂ ਮੰਗ ਰਹੇ ਹਨ।

ਉਨ੍ਹਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ ਬਿਆਨ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਉਹ ਇਸ ਮੁੱਦੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਯਤਨ ਕਰਨਗੇ। ਯਾਦ ਰਹੇ ਕਿ ਅਮਿਤ ਸ਼ਾਹ ਨੇ ਸੰਸਦ ਵਿਚ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸਵਾਲ ਉਤੇ ਆਖਿਆ ਸੀ ਕਿ 'ਜਿਨ੍ਹਾਂ ਨੂੰ ਆਪਣੇ ਕੀਤੇ ਉਤੇ ਪਛਤਾਵਾ ਹੀ ਨਹੀਂ, ਉਨ੍ਹਾਂ ਕਿਸ ਗੱਲ ਦੀ ਮੁਆਫੀ ਦਈਏ।' ਸ੍ਰੀ ਧਾਮੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜੋ ਹੋਰ ਕੈਦੀਆਂ ਨੂੰ ਛੱਡਿਆ ਹੈ, ਉਹ ਕਿਹੜੀਆਂ ਮੁਆਫ਼ੀਆਂ ਮੰਗ ਕੇ ਛੱਡੇ ਗਏ ਹਨ, ਇਸ ਲਈ ਗੁਰੂ ਸਾਹਿਬ ਦੇ ਸਿਧਾਂਤ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਲਈ ਗੰਭੀਰਤਾ ਦਿਖਾਵੇ।

ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮੁੱਦੇ 'ਤੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਹੈ ਜਿਸ ਦਾ ਜਵਾਬ ਆਇਆ ਹੈ ਕਿ ਇਸ ਮਾਮਲੇ ਬਾਰੇ ਕੇਂਦਰੀ ਗ੍ਰਹਿ ਮੰਤਰੀ ਨਾਲ ਸੰਪਰਕ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਉਹ ਜੇਲ੍ਹ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਦੋ ਮੀਟਿੰਗਾਂ



ਕਰ ਚੁੱਕੇ ਹਨ ਪਰ ਇਸ ਬਾਰੇ ਗੱਲਾਂ ਨੂੰ ਜਨਤਕ ਨਹੀਂ ਕਰ ਸਕਦੇ।

ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਭਾਈ ਰਾਜੋਆਣਾ ਨੂੰ ਲੋਕ ਸਭਾ ਚੋਣਾਂ ਲੜਨ ਦੇ ਮੁੱਦੇ ਬਾਰੇ ਪੁੱਛੇ ਜਾਣ 'ਤੇ ਧਾਮੀ ਨੇ ਕਿਹਾ ਕਿ ਬਿੱਟੂ ਨੂੰ ਤਾਂ ਰਾਤ ਨੂੰ ਸੁਫਨਿਆਂ ਵਿਚ ਵੀ ਭਾਈ ਰਾਜੋਆਣਾ ਅਤੇ ਸ਼੍ਰੋਮਣੀ ਕਮੇਟੀ ਦਿਖਾਈ ਦਿੰਦੀ ਹੈ, ਉਹ ਸਿਆਸੀ ਰੋਟੀਆਂ ਸੇਕ ਰਿਹਾ ਹੈ ਕਿਉਂਕਿ ਉਸ ਨੇ ਲੋਕ ਸਭਾ ਚੋਣਾਂ ਵਿਚ ਵੋਟਾਂ ਬਟੋਰਨੀਆਂ ਹਨ। ਭਾਈ ਰਾਜੋਆਣਾ ਕੋਈ ਸਿਆਸੀ ਆਗੂ ਨਹੀਂ ਹੈ ਜੋ ਚੋਣਾਂ ਲੜਨ। ਉਨ੍ਹਾਂ ਕਿਹਾ ਕਿ ਸ਼ਹੀਦੀ ਪੰਦਰਵਾੜੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਵਾਪਸ ਲੈ ਕੇ ਠੀਕ ਕੀਤਾ ਹੈ।

Medicare Life & Health Insurance
DEC 7 ਤੋਂ ਪਹਿਲਾਂ ਕਾਲ ਕਰੋ !
Medicare Annual Enrollment Period: Oct. 15 - Dec. 7
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE



Raja SWEETS & CATERING
Toll Free 1-866-FOR-RAJA
www.rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Call Makhan Bains or Ravinder Singh For Your Next Party
1-866-FOR-RAJA
www.RajaSweets.com

GLOBAL TRUCK PERMITS



17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਮਾਗਮ

**ਕਰਮਨ:** ਇੱਥੋਂ ਦੇ ਨਿਵਾਸੀ ਸ. ਸਰਬਜੀਤ ਸਿੰਘ ਸਰਾਂ ਅਤੇ ਸੰਗਤਾਂ ਨੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਹੋਰ ਅਨੇਕਾਂ ਸਿੱਖਾਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਸਮਾਗਮ ਕਰਵਾਏ। ਇਸ ਦੌਰਾਨ ਗੁਰੂਘਰ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਤਿੰਨੇ ਦਿਨ ਗੁਰੂਘਰ ਵਿਖੇ ਗੁਰਬਾਣੀ-ਕੀਰਤਨ ਅਤੇ ਢਾਡੀ ਦਰਬਾਰ ਸਜਾਇਆ ਗਿਆ। ਜਿਸ ਵਿਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਗਿਆ।

ਇਨ੍ਹਾਂ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਸਮੇਂ ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰਦੇ ਹੋਏ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਚੱਲੇ ਢਾਡੀ ਦਰਬਾਰ ਵਿਚ ਇੰਟਰਨੈਸ਼ਨਲ ਗੋਲਡ ਮੈਡਲਿਸਟ ਗਿਆਨੀ ਇੰਦਰਜੀਤ ਸਿੰਘ ਸ਼ੇਰਗਿੱਲ ਜਮਸ਼ੇਰ ਦੇ ਢਾਡੀ ਜਥੇ ਨੇ ਹਾਜ਼ਰੀ ਭਰੀ, ਜਿਸ ਵਿਚ ਜੰਡਿਆਲਾ ਮੰਜਕੀ ਵਾਲੇ ਸਕੇ ਭਰਾਵਾਂ ਦਾ ਢਾਡੀ ਜਥਾ ਸਾਰੰਗੀ ਵਾਦਕ ਹਰਪਾਲ ਸਿੰਘ ਪਾਲ, ਢਾਡੀ ਰਾਜਵਿੰਦਰ ਸਿੰਘ ਰਾਜ, ਢਾਡੀ ਰਣਜੀਤ ਸਿੰਘ ਰਾਣਾ ਆਦਿਕ ਨੇ ਹਾਜ਼ਰੀ ਭਰੀ। ਢਾਡੀ ਜਥੇ ਨੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ ਸੁਣਾਏ। ਇਸ ਸਮੇਂ ਸੰਗਤਾਂ ਵੱਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਾਏ ਗਏ। ਸਮੁੱਚੇ ਪ੍ਰੋਗਰਾਮ ਵਿਚ ਕਰਮਨ ਸ਼ਹਿਰ ਅਤੇ ਹੋਰ ਦੂਰ-ਦੂਰਾਡੇ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀਆਂ ਭਰੀਆਂ, ਜਿਸ ਦੌਰਾਨ ਤਿੰਨੇ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਤਿੰਨ ਦਿਨਾਂ ਢਾਡੀ ਦਰਬਾਰ ਅਤੇ ਗੁਰਬਾਣੀ ਕੀਰਤਨ ਦਾ ਪ੍ਰੋਗਰਾਮ ਉਲੀਕਣ ਲਈ ਸ. ਸਰਬਜੀਤ ਸਿੰਘ ਸਰਾਂ ਅਤੇ ਸਮੂਹ ਸੰਗਤਾਂ ਵਧਾਈ ਦੀਆਂ ਪਾਤਰ ਹਨ।

*-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ*







# ਜੱਸੀ ਗਿੱਲ ਵਲੋਂ ਕਿਸਾਨ ਅੰਦੋਲਨ ਦੇ ਸ਼ਹੀਦ ਬਲਕਰਨ ਸਿੰਘ ਸੰਧੂ ਦੇ ਪਰਿਵਾਰ ਦੀ ਆਰਥਿਕ ਮਦਦ

**ਸਿਧਵਾਂ ਬੇਟ:** ਕੈਲੇਫੋਰਨੀਆ ਦੇ ਰਿਐਲਟਰ ਜਸਵਿੰਦਰ ਸਿੰਘ (ਜੱਸੀ) ਗਿੱਲ ਨੇ ਕਿਸਾਨ ਅੰਦੋਲਨ ਦੇ ਸ਼ਹੀਦ ਬਲਕਰਨ ਸਿੰਘ ਸੰਧੂ ਲੋਧੀਵਾਲਾ ਜਿਸ ਦੀ ਕਿਸਾਨ ਅੰਦੋਲਨ ਦੌਰਾਨ ਰਾਸ਼ਨ ਤੇ ਹੋਰ ਸਮੱਗਰੀ ਲੈ ਕੇ ਜਾਂਦੇ ਸਮੇਂ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ, ਦੇ ਪਿਤਾ ਸ. ਪਵਿੱਤਰ ਸਿੰਘ ਸੰਧੂ ਤੇ ਪਰਿਵਾਰ ਨੂੰ ਤਿੰਨ ਲੱਖ ਰੁਪਏ ਦੀ ਆਰਥਿਕ ਮਦਦ ਭੇਜੀ ਹੈ। ਪਿੰਡ ਗਿੱਦੜਵਿੰਡੀ ਦੇ ਵਸਨੀਕ ਐਨਆਰਆਈ ਸ. ਜੱਸੀ ਗਿੱਲ ਵਲੋਂ ਤਿੰਨ ਲੱਖ ਰੁਪਏ ਦੀ ਰਾਸ਼ੀ ਸ਼ਹੀਦ ਦੇ ਪਰਿਵਾਰ ਨੂੰ ਸੌਂਪਦਿਆਂ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸ. ਜਸਵਿੰਦਰ ਸਿੰਘ ਗਿੱਲ ਕਿਸਾਨ ਅੰਦੋਲਨ ਦੌਰਾਨ ਵੀ ਸਮੇਂ ਸਮੇਂ 'ਤੇ ਕਿਸਾਨਾਂ ਦੀ ਮਦਦ ਕਰਦੇ ਰਹੇ ਹਨ।

ਇਸ ਮੌਕੇ ਸ਼ਹੀਦ ਬਲਕਰਨ ਸਿੰਘ ਸੰਧੂ ਨੂੰ ਯਾਦ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆੜ੍ਹਤੀ ਸਵਰਨ ਸਿੰਘ ਗਿੱਲ, ਅਮਨਦੀਪ ਸਿੰਘ ਗਿੱਲ, ਪਰਮਿੰਦਰ ਸਿੰਘ ਗਿੱਲ, ਸਰਪੰਚ ਕੁਲਦੀਪ ਸਿੰਘ ਗਿੱਲ ਆਦਿ ਹਾਜ਼ਰ ਸਨ।



# ਜਰਨੈਲ ਆਰਟਸ ਅਕੈਡਮੀ ਦੇ ਬੱਚਿਆਂ ਦੀ ਚਿਤਰਕਲਾ ਪ੍ਰਦਰਸ਼ਨੀ ਨੇ ਦਰਸ਼ਕ ਮੋਹੇ

**ਸਰੀ:** ਬੀਤੇ ਦਿਨੀਂ ਜਰਨੈਲ ਆਰਟਸ ਅਕੈਡਮੀ ਵਿਚ ਸਿੱਖਿਅਤ ਬੱਚਿਆਂ ਦੀ ਦੋ ਦਿਨਾਂ ਚਿਤਰਕਲਾ ਪ੍ਰਦਰਸ਼ਨੀ ਲਾਈ ਗਈ। ਇਹ ਪ੍ਰਦਰਸ਼ਨੀ ਸਿੱਖ ਇਤਿਹਾਸ ਦੇ ਨਾਮਵਰ ਚਿਤਰਕਾਰ ਸਵ. ਕ੍ਰਿਪਾਲ ਸਿੰਘ ਨੂੰ ਸਮਰਪਿਤ ਰਹੀ। ਵਰਣਨਯੋਗ ਹੈ ਕਿ ਚਿਤਰਕਾਰ ਜਰਨੈਲ ਸਿੰਘ ਤੇ ਉਨ੍ਹਾਂ ਦੀ ਪਤਨੀ ਬਲਜੀਤ ਕੌਰ ਬੱਚਿਆਂ ਨੂੰ ਲਗਾਤਾਰ ਆਰਟ ਸਿਖਲਾਈ ਦੇ ਰਹੇ ਹਨ। ਆਰਟ ਗੈਲਰੀ ਵਿਚ ਲਾਈ ਗਈ ਇਹ ਉਨ੍ਹਾਂ ਦੇ ਵਿਦਿਆਰਥੀਆਂ ਦੀ ਕਲਾ ਦੀ ਪਹਿਲੀ ਪ੍ਰਦਰਸ਼ਨੀ ਸੀ।

ਇਸ ਪ੍ਰਦਰਸ਼ਨੀ ਦੇ ਉਦਘਾਟਨੀ ਮੌਕੇ ਸ਼ਾਇਰ ਮੋਹਨ ਗਿੱਲ ਨੇ ਦੱਸਿਆ ਕਿ 2004 ਤੋਂ ਸ਼ੁਰੂ ਹੋਈ ਇਸ ਅਕੈਡਮੀ ਵਿਚ ਜਰਨੈਲ ਸਿੰਘ ਨੇ ਜਿਸ ਤਰ੍ਹਾਂ ਆਪਣੇ ਪਿਤਾ ਸ. ਕਿਰਪਾਲ ਸਿੰਘ ਤੋਂ ਕਲਾ ਦੀ ਜੋਤ ਲੈ ਕੇ ਅੱਗੇ ਜਗਾਈ ਹੈ ਉਸੇ ਤਰ੍ਹਾਂ ਉਹ ਹੁਣ ਕੈਨੇਡਾ ਦੀ ਨਵੀਂ ਪੀੜ੍ਹੀ ਨੂੰ ਕਲਾ ਦੀ ਜਾਗ ਲਾ ਰਹੇ ਹਨ। ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਗੈਲਰੀ ਵਿਚ ਆ ਕੇ ਸਕੂਨ ਮਹਿਸੂਸ ਹੁੰਦਾ ਹੈ। ਬਹੁਤੇ ਕਲਾਕਾਰ ਆਪਣੇ ਤੱਕ ਹੀ ਸੀਮਿਤ ਰਹਿੰਦੇ ਹਨ ਪਰ ਜਰਨੈਲ ਸਿੰਘ, ਬਲਜੀਤ ਕੌਰ ਅਤੇ ਉਨ੍ਹਾਂ ਦੀ ਬੇਟੀ ਨੀਤੀ ਸਿੰਘ ਨੇ ਆਪਣੀ ਕਲਾ ਦਾ ਪ੍ਰਸਾਰ ਅੱਗੇ ਕੀਤਾ ਹੈ ਜੋ ਵਧੀਆ ਉਦਮ ਹੈ। ਬਲਬੀਰ ਸਿੰਘ ਸੰਘਾ ਨੇ ਸਿੱਖ ਇਤਿਹਾਸਕ ਵਿਰਸੇ ਦੀ ਯਾਦ ਕਰਾਉਂਦੀਆਂ ਕਿਰਤਾਂ ਅਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਪ੍ਰਦਰਸ਼ਨੀ ਵਿਚ 24 ਕਲਾਕਾਰਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਬਹੁਤ ਛੋਟੇ ਬੱਚਿਆਂ ਤੋਂ ਲੈ ਕੇ ਬਾਲਗ ਕਲਾਕਾਰ ਸ਼ਾਮਲ ਸਨ। 35 ਕਿਰਤਾਂ ਦੀ ਇਸ ਪ੍ਰਦਰਸ਼ਨੀ ਵਿਚ ਬਹੁਭਾਂਤੀ ਵਿਸ਼ਾ ਵਸਤੂ ਪੇਸ਼ ਕੀਤੇ ਗਏ। ਕਾਰਜ ਕੁਸ਼ਲਤਾ ਅਤੇ ਪ੍ਰਬੀਨਤਾ ਨਾਲ ਚਿਤਰੇ ਫੁੱਲ ਬੂਟੇ, ਗੁਲਦਸਤੇ, ਧਰਤ ਦ੍ਰਿਸ਼, ਪੋਰਟਰੇਟ ਤੇ ਜੰਗਲੀ ਜੀਵਾਂ ਦੇ ਚਿਤਰਾਂ ਨੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਗੀਤਾ ਮਿਸ਼ਰਾ, ਸ਼ੁਭਪ੍ਰੀਤ ਕੌਰ ਖੋਸਾ, ਸਵਤੰਤਰ ਸਿੰਘ ਖੋਸਾ, ਗੌਰੀ ਸ਼ਰਮਾ, ਅਵਨੀਤ ਤੂਰ ਦਾ ਕੰਮ ਵਿਸ਼ੇਸ਼ ਜ਼ਿਕਰਯੋਗ ਹੈ। ਅਨਮੋਲ ਰਾਇ, ਅਨੂਪ ਰਾਇ, ਅਰਪਨ ਸਿਧੂ, ਬੰਧਨਾ ਬਦੇਸ਼ਾ, ਜਸਨੂਰ ਸੰਘਾ, ਜੀਵਨਜੋਤ ਮਿਨਹਾਸ, ਕਿਰਨਜੋਤ ਦਿਓਗਨ, ਮੰਨਤ ਗਿਲ, ਪਰਨੂਰ ਸੁੰਨਰ, ਸੁਖਮਨੀ ਸਿੱਧੂ, ਤਰਨਦੀਪ ਗਿੱਲ ਦੀਆਂ ਕਲਾ ਕਿਰਤਾਂ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ।

ਇਸ ਮੌਕੇ ਕਲਾਕਾਰਾਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਚਿਤਰਕਾਰ ਜਰਨੈਲ ਸਿੰਘ ਨੇ ਦੱਸਿਆ ਕਿ ਚਿਤਰਕਲਾ, ਸੰਗੀਤ, ਸਾਹਿਤ, ਇਹ ਸਾਰੀਆਂ ਕਲਾਵਾਂ ਮਨੁੱਖ ਦੇ ਜੀਵਨ ਨੂੰ ਮਾਣਨਯੋਗ ਬਣਾਉਂਦੀਆਂ ਹਨ ਅਤੇ ਅਰਥ ਪ੍ਰਦਾਨ ਕਰਨ ਦੇ ਨਾਲ ਨਾਲ ਜੀਵਨ ਵਿਚ ਅਤਿ ਲੋੜੀਂਦੀਆਂ ਭਾਵਨਾਵਾਂ ਜਿਵੇਂ ਸਹਿਣ ਸ਼ਕਤੀ, ਨਿਸ਼ਚੇ ਵੱਲ ਫੋਕਸ ਤੇ ਜੀਵਨ ਵਿਚ ਡਸਿਪਲਿਨ ਸਿਖਾਉਂਦੀਆਂ ਹਨ। ਅਖੀਰ ਵਿਚ ਸਾਰੇ ਬਾਲ ਕਲਾਕਾਰਾਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।

**-ਹਰਦਮ ਮਾਨ**





# ਸਰੀ ਦੇ ਲੇਖਕਾਂ ਵੱਲੋਂ ਚਿੱਤਰਕਾਰ ਅਤੇ ਕਵੀ ਇਮਰੋਜ਼ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਸਰੀ:** ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਪ੍ਰਸਿੱਧ ਚਿਤਰਕਾਰ ਅਤੇ ਕਵੀ ਇਮਰੋਜ਼ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਕ ਸ਼ੋਕ ਮੀਟਿੰਗ ਦੌਰਾਨ ਇਮਰੋਜ਼ ਨੂੰ ਯਾਦ ਕਰਦਿਆਂ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਪੰਜਾਬੀ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਇਮਰੋਜ਼ ਨੇ ਆਪਣੀ ਪਾਕਿ ਮੁਹੱਬਤ ਲਈ ਆਪਣਾ ਸਾਰਾ ਕੁਝ ਕੁਰਬਾਨ ਕੀਤਾ ਅਤੇ ਇਮਰੋਜ਼ ਤੇ ਅੰਮ੍ਰਿਤਾ ਪ੍ਰੀਤਮ ਨੇ ਸਾਡੇ ਸਮਿਆਂ ਵਿਚ ਮੁਹੱਬਤ ਦੀ ਸੱਚੀ ਸੁੱਚੀ ਮਿਸਾਲ ਕਾਇਮ ਕੀਤੀ।

ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਇਮਰੋਜ਼ ਨੇ ਅੰਮ੍ਰਿਤਾ ਪ੍ਰੀਤਮ ਦੀ ਮੁਹੱਬਤੀ ਛਤਰ ਛਾਇਆ ਹੇਠ ਆਪਣੀ ਚਿਤਰਕਲਾ ਨੂੰ ਪੂਰਨ ਰੂਪ ਵਿਚ ਪ੍ਰਦਰਸ਼ਿਤ ਕਰਨ ਅਤੇ ਵਡਿਆਉਣ ਦਾ ਮੌਕਾ ਨਹੀਂ ਦਿੱਤਾ ਅਤੇ ਸ਼ਾਇਦ ਏਸੇ ਕਰਕੇ ਹੀ ਉਨ੍ਹਾਂ ਦੀ ਕਲਾ ਦਾ ਓਨਾ ਮੁੱਲ ਨਹੀਂ ਪਿਆ ਜਿੰਨੇ ਦੇ ਉਹ ਹੱਕਦਾਰ ਸਨ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਇਮਰੋਜ਼ ਦਾ ਅੰਮ੍ਰਿਤਾ ਪ੍ਰੀਤਮ ਨਾਲ ਰਿਸ਼ਤਾ ਨਿਰਸਵਾਰਥ ਸੀ। ਉਨ੍ਹਾਂ ਆਪਣੀ ਮੁਹੱਬਤ ਲਈ ਸਭ ਕੁਝ ਅਰਪਣ ਕਰ ਦਿੱਤਾ। ਸ਼ਾਇਰ ਹਰਦਮ ਸਿੰਘ ਮਾਨ ਨੇ ਕਿਹਾ ਕਿ ਇਮਰੋਜ਼ ਨੇ ਅੱਖਰਕਾਰੀ ਅਤੇ ਪੁਸਤਕਾਂ ਦੇ ਟਾਈਟਲ ਬਣਾਉਣ ਵਿਚ ਵੱਖਰੀ ਸ਼ੈਲੀ ਦਾ ਵਿਕਾਸ ਕੀਤਾ। ਉਨ੍ਹਾਂ ਪੰਜਾਬੀ, ਹਿੰਦੀ ਅਤੇ ਉਰਦੂ ਦੀਆਂ ਅਨੇਕਾਂ ਕਿਤਾਬਾਂ ਦੇ ਸਰਵਰਕ ਤਿਆਰ ਕੀਤੇ ਅਤੇ ਨਾਗਮਣੀ ਦੇ ਪੰਨਿਆਂ ਨੂੰ ਰੇਖਾ ਚਿੱਤਰਾਂ ਨਾਲ ਸਜਾ ਕੇ ਇਸ ਦੀ ਦਿੱਖ ਨੂੰ ਹੋਰਨਾਂ ਪੰਜਾਬੀ ਰਸਾਲਿਆਂ ਤੋਂ ਵਿਲੱਖਣ ਬਣਾਇਆ।

ਅੰਗਰੇਜ਼ ਬਰਾੜ ਨੇ ਕਿਹਾ ਕਿ ਇਮਰੋਜ਼ ਨੇ ਅੰਮ੍ਰਿਤਾ ਨੂੰ ਆਖਰੀ ਪਲਾਂ ਵਿਚ ਬੱਚਿਆਂ ਵਾਂਗ ਸੰਭਾਲਿਆ ਅਤੇ ਅੰਮ੍ਰਿਤਾ ਨੇ ਉਨ੍ਹਾਂ ਦੇ ਹੱਥਾਂ ਵਿਚ ਹੀ ਆਖਰੀ ਸਾਹ ਲਿਆ। ਸ਼ਾਇਰ ਅਸ਼ੋਕ ਭਾਰਗਵ ਨੇ ਇਮਰੋਜ਼ ਅਤੇ ਅੰਮ੍ਰਿਤਾ ਦੇ ਰਿਸ਼ਤੇ ਦੀ ਖ਼ੂਬਸੂਰਤੀ ਦੀ ਗੱਲ ਕਰਦਿਆਂ ਕਿਹਾ ਕਿ ਉਹ ਇੱਕ ਦੂਜੇ ਦੇ ਕੰਮ ਅਤੇ ਕਲਾ ਦੀ ਪੂਰੀ ਕਦਰ ਕਰਦੇ ਸਨ। ਉਨ੍ਹਾਂ ਨੇ ਕਦੇ ਵੀ ਇਕ ਦੂਜੇ 'ਤੇ ਆਪਣਾ ਹੱਕ ਨਹੀਂ ਸੀ ਜਤਾਇਆ ਸਗੋਂ ਉਹ ਇਕ ਦੂਜੇ ਲਈ ਬਿਨਾਂ ਕਿਸੇ ਲੋਭ ਲਾਲਚ ਤੋਂ ਥੰਮ੍ਹ ਵਾਂਗ ਖੜ੍ਹਦੇ ਰਹੇ।



# ਓਹਾਇਓ ਸੂਬੇ ਦੇ ਸਭਿਆਚਾਰਕ ਸਿੱਖਿਆ ਬਿੱਲ ਸੰਬੰਧੀ ਦੂਜੀ ਸੁਣਵਾਈ 'ਚ ਸਿੱਖਾਂ ਨੇ ਕੀਤੀ ਸ਼ਮੂਲੀਅਤ

**ਕੋਲੰਬਸ:** ਬੀਤੇ ਦਿਨੀਂ ਇੱਥੇ ਵੱਖ ਵੱਖ ਸਭਿਆਚਾਰਾਂ ਅਤੇ ਧਰਮਾਂ ਸੰਬੰਧੀ ਬਹੁ-ਸੱਭਿਆਚਾਰਕ ਸਿੱਖਿਆ ਬਿਲ (ਐਚ ਬੀ 171) ਦੇ ਸਮਰਥਕਾਂ ਨੇ ਓਹਾਇਓ ਸਟੇਟ ਹਾਊਸ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਐਜੂਕੇਸ਼ਨ ਕਮੇਟੀ ਦੇ ਸਾਹਮਣੇ ਸੁਣਵਾਈ ਦੌਰਾਨ ਆਪਣਾ ਪੱਖ ਪੇਸ਼ ਕੀਤਾ। ਇਹ ਬਿੱਲ ਓਹਾਇਓ ਸੂਬੇ ਦੀ ਡਿਸਟ੍ਰਿਕਟ 4 ਦੇ ਪ੍ਰਤੀਨਿਧ (ਰਿਪਰੈਜ਼ੈਂਟੇਟਿਵ) ਮੈਰੀ ਲਾਈਟਬੋਡੀ ਜੋ ਕਿ ਡੈਮੋਕਰੈਟ ਪਾਰਟੀ ਤੋਂ ਹਨ, ਵਲੋਂ ਪੇਸ਼ ਕੀਤਾ ਗਿਆ। ਇਸ ਬਿੱਲ ਵਿਚ ਏਸ਼ੀਅਨ ਅਮੈਰੀਕਨ ਤੇ ਪੈਸੀਫਿਕ ਆਈਲੈਂਡ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਇਸ ਸਮੇਂ ਸਕੂਲੀ ਪਾਠਕ੍ਰਮ ਵਿਚ ਸਿੱਖਾਂ ਸਣੇ ਕਈ ਹੋਰ ਘੱਟ ਗਿਣਤੀ ਭਾਈਚਾਰਿਆਂ ਬਾਰੇ ਜਾਣਕਾਰੀ ਪੜ੍ਹਾਈ ਵਿਚ ਸ਼ਾਮਲ ਨਹੀਂ ਹੈ। ਇਸ ਬਿੱਲ ਨੂੰ ਓ ਪੀ ਏ ਡਬਲਊ ਐਲ ਸੰਸਥਾ ਦੇ ਯਤਨਾਂ ਰਾਹੀਂ ਤਿਆਰ ਕੀਤਾ ਗਿਆ ਹੈ।

ਇਸ ਮੁਹਿੰਮ ਦੀ ਪ੍ਰਬੰਧਕ ਅਰਿਆਨਾ ਕੋਲਾਵਾਲਾ, ਲੀਜ਼ਾ ਫੈਕਟੋਰੀ ਬੋਰਚਰਜਸ਼, ਉਸਦੀ 8 ਸਾਲ ਦੀ ਧੀ ਰੋਜ਼ਾਰੀਓ ਬੋਰਚਰਜਸ਼ ਅਤੇ ਓਹਾਇਓ ਕੌਂਸਲ ਆਫ ਦਿ ਸੋਸ਼ਲ ਸਟੱਡੀਜ਼ ਦੇ ਦੋ ਪ੍ਰਤੀਨਿਧਾਂ ਨੇ ਬਿੱਲ ਦੇ ਹੱਕ ਵਿਚ ਕਮੇਟੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਸੁਣਵਾਈ ਤੋਂ ਪਹਿਲਾਂ, ਕਲੀਵਲੈਂਡ ਤੋਂ ਅਧਿਆਪਕ ਸਨਮਪ੍ਰੀਤ ਕੌਰ ਗਿੱਲ ਸਣੇ ਹੋਰਨਾਂ ਭਾਈਚਾਰਿਆਂ ਦੇ ਤਕਰੀਬਨ 70 ਸਮਰਥਕਾਂ ਨੇ ਵੀ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਭੇਜਿਆ ਸੀ। ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਸਿੱਖ ਧਰਮ ਸਮੇਤ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਬਾਰੇ ਜਾਣਕਾਰੀ ਸਕੂਲਾਂ ਦੇ ਪਾਠਕ੍ਰਮ ਵਿਚ ਸ਼ਾਮਲ ਹੋ ਸਕੇਗੀ ਅਤੇ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਨੀ ਨੂੰ ਵੀ ਠੱਲ੍ਹ ਪੈ ਸਕੇਗੀ। ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸੰਸਥਾ ਸਿੱਖ ਕੋਲੀਸ਼ਨ ਦੇ ਸੱਦੇ 'ਤੇ ਸਿੱਖ ਭਾਈਚਾਰੇ ਵੱਲੋਂ ਸਮੀਪ ਸਿੰਘ ਗੁਮਟਾਲਾ ਨੇ ਬਿੱਲ ਨੂੰ ਪੇਸ਼ ਕਰਨ ਲਈ ਰਿਪਰੈਜ਼ੈਂਟੇਟਿਵ ਮੈਰੀ ਲਾਈਟਬੋਡੀ ਦਾ ਧੰਨਵਾਦ ਕੀਤਾ।

# ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ ਲੋਕ ਅਰਪਣ

## ਪ੍ਰਵਾਸ ਦੇ ਰੁਝਾਨ ਦਾ ਕਾਰਨ ਬੁੱਧੀਜੀਵੀ ਵਰਗ ਦੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲਤਾ ਹੈ- ਡਾ: ਸਵਰਾਜ ਸਿੰਘ

ਫਗਵਾੜਾ: ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਅਤੇ ਪੰਜਾਬੀ ਵਿਰਸਾ ਟਰੱਸਟ ਵਲੋਂ ਕਰਵਾਏ ਗਏ ਸਮਾਗਮ ਦੌਰਾਨ 'ਵਿਸ਼ਵ ਵਿਚ ਉੱਭਰ ਰਹੇ ਨਵੇਂ ਰੁਝਾਨ' ਵਿਸ਼ੇ 'ਤੇ ਸੰਬੋਧਨ ਕਰਦਿਆਂ ਪੰਜਾਬੀ ਲੇਖਕ ਅਤੇ ਚਿੰਤਕ ਡਾ. ਸਵਰਾਜ ਸਿੰਘ ਨੇ ਵਧ ਰਹੇ ਪਰਵਾਸ ਦੇ ਰੁਝਾਨ ਨੂੰ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਦਸਦਿਆਂ, ਇਸਦਾ ਮੁੱਖ ਕਾਰਨ ਬੁੱਧੀਜੀਵੀ ਵਰਗ



*ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ ਲੋਕ ਅਰਪਣ ਕਦੇ ਹੋਏ ਡਾ: ਸਵਰਾਜ ਸਿੰਘ, ਪ੍ਰੋ: ਜਸਵੰਤ ਸਿੰਘ ਗੰਡਮ, ਗਿਆਨ ਸਿੰਘ ਮੋਗਾ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਐਡਵੋਕੇਟ ਐਸ.ਐਲ. ਵਿਰਦੀ ਅਤੇ ਰਵਿੰਦਰ ਚੋਟ।*

ਵਲੋਂ ਇਸ ਸਬੰਧੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲ ਰਹਿਣਾ ਦੱਸਿਆ। ਉਨ੍ਹਾਂ ਕਿਹਾ ਕਿ ਅਸੀਂ ਪ੍ਰਵਾਸ ਦੇ ਰੁਝਾਨ ਨੂੰ ਰੋਕ ਨਹੀਂ ਸਕੇ। ਉਨ੍ਹਾਂ ਕਿਹਾ ਕਿ ਭਾਰਤ ਆਉਣ ਵਾਲੇ ਸਮੇਂ 'ਚ ਆਰਥਿਕ ਤੌਰ 'ਤੇ ਮੋਹਰੀ ਦੇਸ਼ ਬਣਨ ਵਾਲੇ ਪਾਸੇ ਵਧ ਰਿਹਾ ਹੈ, ਪਰ ਇਸ ਬਾਰੇ ਕੋਈ ਭਰੋਸਾ ਨਹੀਂ ਕਿ ਦੇਸ਼ 'ਚ ਦੌਲਤ ਦੀ ਵੰਡ ਸਾਂਵੀ ਪੱਧਰੀ ਹੋਵੇਗੀ ਜਾਂ ਨਹੀਂ। ਉਨ੍ਹਾਂ ਕਿਹਾ ਕਿ ਸਵਰਗ-ਨਰਕ ਕੁਝ ਵੀ ਨਹੀਂ ਹੁੰਦਾ, ਇਹ ਸਿਰਫ਼ ਇਕ ਮਨੋਅਵਸਥਾ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਅੱਛਾ ਮਾਰਗ ਦਰਸ਼ਨ ਕਰਦੀ ਹੈ।ਇਸ ਸਮਾਗਮ ਵਿਚ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਸਿਲਵਰ ਜੁਬਲੀ ਵੱਡ ਆਕਾਰੀ ਪੁਸਤਕ "ਇੰਡੀਅਨਜ਼ ਐਵਰੌਂਡ ਐਂਡ ਪੰਜਾਬ ਇਮਪੈਕਟ' (ਪੰਜਾਬੀ ਸੰਸਾਰ-2023)" ਵੱਡੀ ਗਿਣਤੀ 'ਚ ਹਾਜ਼ਰ ਲੇਖਕਾਂ ਤੇ ਪੰਜਾਬੀ ਪਿਆਰਿਆਂ ਦੀ ਹਾਜ਼ਰੀ ਵਿਚ ਲੋਕ ਅਰਪਣ ਕੀਤੀ ਗਈ।

ਸਮਾਗਮ ਦੀ ਪ੍ਰਧਾਨਗੀ ਡਾ. ਸਵਰਾਜ ਸਿੰਘ, ਸ. ਨਰਪਾਲ ਸਿੰਘ ਸ਼ੇਰਗਿੱਲ, ਸ. ਗਿਆਨ ਸਿੰਘ ਮੋਗਾ, ਪ੍ਰੋ. ਜਸਵੰਤ ਸਿੰਘ ਗੰਡਮ, ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਕੀਤੀ। ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਗੰਡਮ ਨੇ ਆਏ ਲੇਖਕਾਂ ਨੂੰ ਜੀਅ ਆਇਆਂ ਕਹਿੰਦਿਆਂ ਡਾ. ਸਵਰਾਜ ਸਿੰਘ ਦੀ ਬੌਧਿਕਤਾ ਅਤੇ ਨਰਪਾਲ ਸਿੰਘ ਸ਼ੇਰਗਿੱਲ ਦੀ ਸਖ਼ਤ ਮਿਹਨਤ ਦੁਆਰਾ ਤਿਆਰ ਕੀਤੀ ਗਈ ਵਿਸ਼ਵ ਦਰਸ਼ਨ ਕਰਾਉਣ ਵਾਲੀ ਡਾਇਰੈਕਟਰੀ ਦੀ ਪ੍ਰਸ਼ੰਸਾ ਕੀਤੀ।

ਨਰਪਾਲ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁੱਦਈ ਹੈ ਅਤੇ ਪਿਛਲੇ 57 ਸਾਲ ਤੋਂ ਨਿਰਪੱਖ ਪੱਤਰਕਾਰਤਾ ਨੂੰ ਪ੍ਰਣਾਇਆ ਹੋਇਆ ਹੈ। ਇਸ ਮੌਕੇ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਐਡਵੋਕੇਟ ਐਸ.ਐਲ. ਵਿਰਦੀ, ਰਵਿੰਦਰ ਚੋਟ, ਗਿਆਨ ਸਿੰਘ ਮੋਗਾ, ਬਲਦੇਵ ਰਾਜ ਕੋਮਲ, ਇੰਦਰਜੀਤ ਸਿੰਘ ਸੰਪਾਦਕ ਸੱਤ ਸਮੰਦਰੋਂ ਪਾਰ ਨੇ ਵੀ ਸੰਬੋਧਨ ਕੀਤਾ।

ਸਮਾਗਮ ਦੌਰਾਨ ਡਾ: ਸਵਰਾਜ ਸਿੰਘ ਅਤੇ ਨਰਪਾਲ ਸਿੰਘ ਸ਼ੇਰਗਿੱਲ ਨੂੰ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਕਾਰਵਾਈ ਰਵਿੰਦਰ ਚੋਟ ਨੇ ਬਾਖ਼ੂਬੀ ਨਿਭਾਈ।

# ਡੇਅਟਨ ਸ਼ਹਿਰ ਦੀਆਂ ਸੰਗਤਾਂ ਨੇ ਸਫ਼ਰ-ਏ-ਸ਼ਹਾਦਤ ਨੂੰ ਯਾਦ ਕਰਦਿਆਂ ਗੁਰਬਾਣੀ ਜਾਪ ਕੀਤੇ

ਓਹਾਇਓ: ਇੱਥੋਂ ਦੇ ਸ਼ਹਿਰ ਡੇਅਟਨ ਦੀਆਂ ਸਿੱਖ ਸੰਗਤਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਸਮੇਤ ਆਨੰਦਪੁਰ ਦਾ ਕਿਲਾ ਛੱਡਣ ਤੋ ਲੈ ਕੇ ਪਰਿਵਾਰ ਵਿਛੋੜਾ, ਚਮਕੌਰ ਦੀ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਸਾਹਿਬ ਵਲੋਂ ਇਕੱਲਿਆਂ ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਗੁਜ਼ਾਰਨ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਗ੍ਰਿਫ਼ਤਾਰੀ ਤੋਂ ਸਰਹੰਦ ਸ਼ਹਿਰ ਵਿਚ ਸ਼ਹਾਦਤ ਤੱਕ ਦੇ ਇਤਿਹਾਸ ਨੂੰ ਯਾਦ ਕਰਦਿਆਂ 22 ਦਸੰਬਰ ਨੂੰ ਗੁਰਦੁਆਰਾ ਸਿੱਖ ਸੋਸਾਇਟੀ ਡੇਅਟਨ ਵਿਖੇ ਅਖੰਡ ਪਾਠ ਪ੍ਰਕਾਸ਼ ਕੀਤੇ ਗਏ। ਐਤਵਾਰ 24 ਦਸੰਬਰ ਨੂੰ ਪਾਠਾਂ ਦੀ ਸਮਾਪਤੀ ਉਪਰੰਤ ਬੱਚਿਆਂ ਨੇ ਕੀਰਤਨ ਦੀ ਸੇਵਾ ਕੀਤੀ। ਉਪਰੰਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗਿਆਨੀ ਦਰਸ਼ਨ ਸਿੰਘ ਜੀ, ਭਾਈ ਹੇਮ ਸਿੰਘ ਜੀ, ਬੀਬੀ ਪ੍ਰਿਤਪਾਲ ਕੌਰ ਜੀ ਨਾਲ ਸਹਿਯੋਗ ਕਰਦਿਆਂ ਤਬਲਾ ਵਾਦਕ ਯਤਨ ਸਿੰਘ, ਲਖਵਿੰਦਰ ਸਿੰਘ ਅਤੇ ਅਵਤਾਰ ਸਿੰਘ ਸਪਰਿੰਗਫੀਲਡ ਵੱਲੋਂ ਕੀਰਤਨ ਕਵਿਤਾਵਾਂ ਤੋ ਇਲਾਵਾ ਸਫ਼ਰ ਏ ਸ਼ਹਾਦਤ ਦੀ ਦਾਸਤਾਨ ਸੰਗਤਾਂ ਨਾਲ ਸਾਂਝੀ ਕੀਤੀ ਗਈ। ਇਸ ਦੌਰਾਨ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸ਼ਨ ਉੱਤਰ ਯਾਦ ਕਰਨ ਲਈ ਪ੍ਰੇਰਿਆ ਗਿਆ ਅਤੇ ਇੱਕ ਹਫ਼ਤੇ ਬਾਅਦ ਬੱਚਿਆਂ ਤੋਂ ਸੁਆਲ ਜੁਆਬ ਤਲਬ ਕਰਨ ਦਾ ਪ੍ਰੋਗਰਾਮ



ਉਲੀਕਿਆ ਗਿਆ। ਸਫ਼ਰ-ਏ-ਸ਼ਹਾਦਤ ਦੀ ਦਾਸਤਾਨ ਸੁਣਦਿਆਂ ਸੰਗਤਾਂ ਦੇ ਮਨ ਵੈਰਾਗ ਨਾਲ ਭਰ ਆਏ ਅਤੇ ਦੀਵਾਨ ਹਾਲ ਵਿਚ ਖ਼ਾਮੋਸ਼ੀ ਛਾਈ ਰਹੀ। ਅਖੰਡ ਪਾਠ ਦੌਰਾਨ ਤਿੰਨ ਦਿਨ ਸੰਗਤਾਂ ਦੀ ਆਵਾਜਾਈ ਗੁਰਦੁਆਰਾ ਸਾਹਿਬ ਵਿਖੇ ਨਿਰੰਤਰ ਜਾਰੀ ਰਹੀ ਅਤੇ ਸ਼ਹੀਦੀ ਦਿਹਾੜਿਆਂ ਨੂੰ ਮੁੱਖ ਰੱਖਦਿਆਂ ਸੰਗਤਾਂ ਲਈ ਲੰਗਰ ਲਾਏ ਗਏ।




# Matrimonials

## ਲੜਕੀ ਦੀ ਲੋੜ ਹੈ

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Ramgharia Sikh family looking for a suitable Sikh girl living in the US or Canada for their 29 years old 5'11" son, qualification PhD from University of Michigan in Industrial & Operations Engineering, working as Software Engineering Advisor in Los Angeles, California. Please contact us at: Email: kaur.parminder41@gmail.com

50-53

Arora Sikh family looking for a suitable match in USA or Canada for clean-shaven highly placed Sikh Surgeon in New York, USA, age 53, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

Sikh Ahluwalia family looking for a Gursikh girl with educated background for their 37, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at +1 315-849-6562 or Email @ richiewalia@gmail.com

50-53

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

# ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਇਕ ਹੋਰ ਵਿੱਤੀ ਝਟਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਇਕ ਹੋਰ ਵਿੱਤੀ ਝਟਕਾ ਦਿੰਦਿਆਂ ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ 'ਚ ਤਕਰੀਬਨ 2300 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਇਸ ਵਾਰ ਪਾਵਰਕੌਮ ਦੇ ਸਾਲ 2022-23 ਦੇ 4700 ਕਰੋੜ ਰੁਪਏ ਦੇ ਵਿੱਤੀ ਘਾਟੇ ਦਾ ਹਵਾਲਾ ਦਿੱਤਾ ਹੈ। ਕੇਂਦਰ ਨੇ ਇਸ ਵਿੱਤੀ ਘਾਟੇ ਦਾ 50 ਫੀਸਦੀ ਬੋਝ ਸੂਬਾ ਸਰਕਾਰ ਨੂੰ ਸਹਿਣ ਕਰਨ ਵਾਸਤੇ ਕਿਹਾ ਹੈ ਜਿਸ ਤਹਿਤ ਸਾਲ 2023-24 ਦੀ ਸੂਬੇ ਦੀ ਕਰਜ਼ਾ ਲੈਣ ਦੀ ਮਨਜ਼ੂਰਸ਼ੁਦਾ ਹੱਦ 'ਚ 2300 ਕਰੋੜ ਦੀ ਕਟੌਤੀ ਕੀਤੀ ਜਾਵੇਗੀ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਇਸ ਬਾਰੇ ਜਾਣੂ ਕਰਾ ਦਿੱਤਾ ਹੈ ਅਤੇ ਵਰ੍ਹਾ 2023-24 ਲਈ ਸੂਬੇ ਦੀ ਕਰਜ਼ਾ ਲੈਣ ਦੀ ਸੀਮਾ 45,730.35 ਕਰੋੜ ਰੁਪਏ ਹੈ ਜਿਸ 'ਚ ਹੁਣ 2300 ਕਰੋੜ ਦੀ ਕਟੌਤੀ ਹੋ ਜਾਵੇਗੀ। ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਸੂਬੇ ਲਈ ਇਹ ਕਟੌਤੀ ਨਵੀਂ ਚੁਣੌਤੀ ਪੇਸ਼ ਕਰਨ ਵਾਲੀ ਹੈ। ਨਵੇਂ ਕੇਂਦਰੀ ਪੱਤਰ ਨੇ ਸੂਬੇ ਦੇ ਵਿੱਤ ਵਿਭਾਗ ਵਿਚ ਕਾਫ਼ੀ ਹਿਲਜੁਲ ਪੈਦਾ ਕਰ ਦਿੱਤੀ ਹੈ ਕਿਉਂਕਿ ਸੂਬੇ ਵਿਚ ਪਹਿਲਾਂ ਹੀ ਵਸੀਲਿਆਂ ਦੀ ਕਮੀ ਹੈ।



ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਦੇ ਹਵਾਲੇ ਸੂਬੇ 'ਤੇ 18 ਹਜ਼ਾਰ ਕਰੋੜ ਦਾ ਕੱਟ ਲਾਇਆ ਸੀ ਜਿਸ ਨੂੰ ਮਗਰੋਂ ਬਹਾਲ ਕਰ ਦਿੱਤਾ ਸੀ। ਚੇਤੇ ਰਹੇ ਕਿ ਪਾਵਰਕੌਮ ਸਾਲ 2015-16 ਵਿਚ ਕੇਂਦਰੀ 'ਉੱਜਵਲ ਡਿਸਕੌਮ ਅਸ਼ੋਰੈਂਸ ਯੋਜਨਾ' ਵਿਚ ਸ਼ਾਮਲ ਹੋਇਆ ਸੀ ਜਿਸ ਤਹਿਤ ਪਾਵਰਕੌਮ ਨੇ 15,628 ਕਰੋੜ ਦਾ ਕਰਜ਼ਾ ਲਿਆ ਸੀ ਜਦੋਂ ਕਿ 5210 ਕਰੋੜ ਦਾ ਕਰਜ਼ਾ ਸੂਬੇ ਦੀ ਗਾਰੰਟੀ ਵਾਲੇ ਬਾਂਡ ਵਜੋਂ ਜਾਰੀ ਕੀਤਾ ਜਾਣਾ ਸੀ। ਇਸ ਕੇਂਦਰੀ ਸਕੀਮ ਦੀ ਸਮਾਪਤੀ ਮਗਰੋਂ ਜਦੋਂ ਪਾਵਰਕੌਮ ਦਾ ਵਿੱਤੀ ਘਾਟਾ ਸਾਹਮਣੇ ਆਇਆ ਤਾਂ ਕੇਂਦਰੀ ਵਿੱਤ ਮੰਤਰਾਲੇ ਨੇ ਕਰਜ਼ਾ ਸੀਮਾ ਵਿਚ ਕਟੌਤੀ ਦਾ ਫੈਸਲਾ ਕਰ ਲਿਆ। ਪੰਜਾਬ ਸਰਕਾਰ ਨੇ ਹੁਣ ਕੇਂਦਰ ਨੂੰ ਕੋਈ ਕਟੌਤੀ ਨਾ ਕੀਤੇ ਜਾਣ ਦੀ ਅਪੀਲ ਕੀਤੀ ਹੈ। ਸੂਬਾ ਸਰਕਾਰ ਨੇ ਇਹ ਦਲੀਲ ਦਿੱਤੀ ਹੈ ਕਿ ਪਿਛਲੇ ਵਿੱਤੀ ਵਰ੍ਹੇ 2022-23 ਵਿਚ ਪਾਵਰਕੌਮ ਨੂੰ ਜੋ ਵਿੱਤੀ ਘਾਟਾ ਹੋਇਆ ਹੈ, ਉਸ ਲਈ ਕਈ ਪੱਖ ਜ਼ਿੰਮੇਵਾਰ ਹਨ, ਜਿਨ੍ਹਾਂ ਵਿਚ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਵਿਦੇਸ਼ੀ ਕੋਲਾ ਖਰੀਦ ਕੀਤਾ ਜਾਣਾ ਵੀ ਸ਼ਾਮਲ ਹੈ।

ਵਿਦੇਸ਼ੀ ਕੋਲੇ 'ਤੇ ਵਾਧੂ 3850 ਕਰੋੜ ਰੁਪਏ ਖਰਚ ਕਰਨੇ ਪਏ ਹਨ ਅਤੇ ਇਸੇ ਤਰ੍ਹਾਂ ਛੇਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਕਰਕੇ 1721 ਕਰੋੜ ਦਾ ਵਾਧੂ ਬੋਝ ਵੀ ਝੱਲਣਾ ਪਿਆ ਹੈ।

ਪਾਵਰਕੌਮ ਦਾ ਵੱਡਾ ਤਰਕ ਇਹ ਵੀ ਹੈ ਕਿ ਤਿੰਨ ਵਰ੍ਹਿਆਂ ਤੋਂ ਸੂਬੇ ਵਿਚ ਟੈਰਿਫ਼ ਨਹੀਂ ਵਧਿਆ ਹੈ। ਸਾਲ 2020-21 ਵਿਚ ਬਿਜਲੀ ਦਰਾਂ ਵਿਚ 0.71 ਫ਼ੀਸਦੀ ਵਾਧਾ ਕੀਤਾ ਗਿਆ ਸੀ ਜਦੋਂ ਕਿ 2021-22 ਵਿਚ ਬਿਜਲੀ ਦਰਾਂ 0.89 ਫ਼ੀਸਦੀ ਘਟਾ ਦਿੱਤੀਆਂ ਗਈਆਂ ਸਨ। 'ਆਪ' ਸਰਕਾਰ ਨੇ ਆਪਣੇ ਪਹਿਲੇ ਵਰ੍ਹੇ 'ਚ ਬਿਜਲੀ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਸੀ। ਸਾਲ 2022-23 ਵਿਚ 300 ਯੂਨਿਟ ਮੁਫ਼ਤ ਬਿਜਲੀ ਦਾ ਐਲਾਨ ਕੀਤਾ ਅਤੇ ਇਸ ਵਰ੍ਹੇ 'ਚ ਬਿਜਲੀ ਸਬਸਿਡੀ ਦਾ ਭੁਗਤਾਨ 20,200 ਕਰੋੜ ਰੁਪਏ ਸੀ। ਚਾਲੂ ਸਾਲ ਵਿਚ ਇਹ ਸਬਸਿਡੀ 21,163 ਕਰੋੜ ਨੂੰ ਛੂਹ ਸਕਦੀ ਹੈ ਅਤੇ ਮਾਰਚ 2024 ਤੱਕ ਸਬਸਿਡੀ ਦਾ ਬੋਝ ਲਗਭਗ 22 ਹਜ਼ਾਰ ਕਰੋੜ ਹੋ ਜਾਣ ਦੀ ਸੰਭਾਵਨਾ ਹੈ।

ਪਾਵਰਕੌਮ ਦਾ ਦਾਅਵਾ ਹੈ ਕਿ ਜਦੋਂ ਤੋਂ ਪਛਵਾੜਾ ਕੋਲਾ ਖਾਣ ਚਾਲੂ ਹੋਈ ਹੈ, ਉਦੋਂ ਤੋਂ ਸੂਬਾ ਸਰਕਾਰ ਨੇ ਵਿਦੇਸ਼ੀ ਕੋਲਾ ਵਰਤਣ ਤੋਂ ਇਨਕਾਰ ਕੀਤਾ ਹੈ ਜਿਸ ਕਰਕੇ ਚਾਲੂ ਵਿੱਤੀ ਸਾਲ ਦੀਆਂ ਪਹਿਲੀਆਂ ਦੋ ਤਿਮਾਹੀਆਂ ਵਿਚ ਮੁਨਾਫ਼ਾ ਦਰਜ ਕੀਤਾ ਗਿਆ ਹੈ। ਪਾਵਰਕੌਮ ਦੇ ਸੀਨੀਅਰ ਅਧਿਕਾਰੀ ਆਖਦੇ ਹਨ ਕਿ ਸੂਬਾ ਸਰਕਾਰ ਵੱਲ ਕਰੀਬ 2600 ਕਰੋੜ ਦੇ ਸਰਕਾਰੀ ਵਿਭਾਗਾਂ ਵੱਲ ਬਿਜਲੀ ਦੇ ਬਕਾਏ ਖੜ੍ਹੇ ਹਨ।

### ਪੰਜਾਬ ਸਰਕਾਰ ਦੀ ਕੇਂਦਰ ਨੂੰ ਅਪੀਲ...

ਪੰਜਾਬ ਸਰਕਾਰ ਨੇ ਹੁਣ ਕੇਂਦਰ ਨੂੰ ਕੋਈ ਕਟੌਤੀ ਨਾ ਕੀਤੇ ਜਾਣ ਦੀ ਅਪੀਲ ਕੀਤੀ ਹੈ। ਸੂਬਾ ਸਰਕਾਰ ਨੇ ਇਹ ਦਲੀਲ ਦਿੱਤੀ ਹੈ ਕਿ ਪਿਛਲੇ ਵਿੱਤੀ ਵਰ੍ਹੇ 2022-23 ਵਿਚ ਪਾਵਰਕੌਮ ਨੂੰ ਜੋ ਵਿੱਤੀ ਘਾਟਾ ਹੋਇਆ ਹੈ, ਉਸ ਲਈ ਕਈ ਪੱਖ ਜ਼ਿੰਮੇਵਾਰ ਹਨ, ਜਿਨ੍ਹਾਂ ਵਿਚ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਵਿਦੇਸ਼ੀ ਕੋਲਾ ਖਰੀਦ ਕੀਤਾ ਜਾਣਾ ਵੀ ਸ਼ਾਮਲ ਹੈ। ਵਿਦੇਸ਼ੀ ਕੋਲੇ 'ਤੇ ਵਾਧੂ 3850 ਕਰੋੜ ਰੁਪਏ ਖ਼ਰਚ ਕਰਨੇ ਪਏ ਹਨ ਅਤੇ ਇਸੇ ਤਰ੍ਹਾਂ ਛੇਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਕਰਕੇ 1721 ਕਰੋੜ ਦਾ ਵਾਧੂ ਬੋਝ ਵੀ ਝੱਲਣਾ ਪਿਆ ਹੈ।

# ਇੰਪਰੂਵਮੈਂਟ ਟਰੱਸਟ ਫੰਡ ਘੁਟਾਲੇ 'ਚ 9.7 ਕਰੋੜ ਰੁਪਏ ਦੀ ਜਾਇਦਾਦ ਜ਼ਬਤ

**ਅੰਮ੍ਰਿਤਸਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਾਅਵਾ ਕੀਤਾ ਹੈ ਕਿ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਫੰਡ ਘੁਟਾਲੇ ਨਾਲ ਸਬੰਧਤ ਵਿਅਕਤੀਆਂ ਦੀ 9.7 ਕਰੋੜ ਰੁਪਏ ਦੀ ਚੱਲ ਤੇ ਅਚੱਲ ਸੰਪਤੀ ਜ਼ਬਤ ਕੀਤੀ ਗਈ ਹੈ। ਈ.ਡੀ. ਨੇ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਰੁਪਾਲੀ ਸ਼ਰਮਾ, ਸਤਨਾਮ ਸਿੰਘ, ਕੰਵਲਜੀਤ ਕੌਰ, ਟੀਨਾ ਵੋਹਰਾ, ਰੇਣੂ ਵੋਹਰਾ ਅਤੇ ਸੁਰਿੰਦਰ ਕੌਰ ਅਰੋੜਾ ਦੇ ਨਾਂ ਸ਼ਾਮਲ ਹਨ।

ਇਨ੍ਹਾਂ ਦੀਆਂ ਅੰਮ੍ਰਿਤਸਰ ਵਿਚ ਜ਼ਮੀਨਾਂ ਤੇ ਇਮਾਰਤਾਂ ਅਤੇ ਵੱਖ-ਵੱਖ ਚੱਲ ਜਾਇਦਾਦਾਂ ਸ਼ਾਮਲ ਹਨ ਜਿਨ੍ਹਾਂ ਵਿਚ ਬੈਂਕ ਖਾਤਿਆਂ ਦਾ ਬਕਾਇਆ ਅਤੇ ਐਫਡੀਜ਼ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਦੇ ਚੀਫ ਵਿਜੀਲੈਂਸ ਅਫਸਰ ਵੱਲੋਂ ਥਾਣਾ ਸਿਵਲ ਲਾਈਨਜ਼ ਵਿਚ 2017 'ਚ ਇਸ ਸਬੰਧੀ ਇਕ ਸ਼ਿਕਾਇਤ ਦਾਇਰ ਕੀਤੀ ਗਈ ਸੀ, ਜਿਸ ਦੇ ਆਧਾਰ 'ਤੇ ਈ.ਡੀ. ਵੱਲੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਸੀ।




ਸ਼ਿਕਾਇਤ ਵਿਚ ਲਗਭਗ 27 ਕਰੋੜ ਰੁਪਏ ਦੇ ਫੰਡਾਂ ਦੇ ਘਪਲੇ ਅਤੇ ਧੋਖਾਧੜੀ ਦੇ ਦੋਸ਼ ਸ਼ਾਮਲ ਸਨ। ਜਾਂਚ ਦੌਰਾਨ ਸਾਹਮਣੇ ਆਇਆ ਕਿ ਟਰੱਸਟ ਦੇ ਵਿੱਤ ਅਤੇ ਖਾਤਿਆਂ ਦੇ ਡਿਪਟੀ ਕੰਟਰੋਲਰ ਦਮਨ ਭੱਲਾ ਨੇ ਹੋਰ ਮੁਲਜ਼ਮਾਂ ਨਾਲ ਮਿਲ ਕੇ ਟਰੱਸਟ ਦੇ ਨਾਂ 'ਤੇ ਛੇ ਜਾਅਲੀ ਬੈਂਕ ਖਾਤੇ ਖੋਲ੍ਹੇ ਸਨ ਅਤੇ 71.40 ਕਰੋੜ ਰੁਪਏ ਦੇ ਫੰਡ ਉਨ੍ਹਾਂ ਛੇ ਬੈਂਕ ਖਾਤਿਆਂ ਵਿਚ ਟਰਾਂਸਫਰ ਕੀਤੇ ਸਨ। ਉਨ੍ਹਾਂ ਨੇ ਇਨ੍ਹਾਂ ਛੇ ਜਾਅਲੀ ਖਾਤਿਆਂ ਤੋਂ 27.12 ਕਰੋੜ ਰੁਪਏ ਕਢਵਾਏ ਜਾਂ ਟਰਾਂਸਫਰ ਕੀਤੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਰਕਮ ਦੀ ਵਰਤੋਂ ਰੁਪਾਲੀ ਸ਼ਰਮਾ ਦੇ ਨਾਂ 'ਤੇ ਅਚੱਲ ਜਾਇਦਾਦ ਖਰੀਦਣ ਲਈ ਕੀਤੀ ਸੀ।

### ਭਰਤੀ ਘੁਟਾਲਾ: ਸਾਬਕਾ ਵਿਧਾਇਕ ਸਤਵੰਤ ਮੋਹੀ ਨੂੰ ਜੇਲ੍ਹ ਭੇਜਿਆ

**ਪਟਿਆਲਾ:** ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਵਿਚ ਡੇਢ ਦਹਾਕਾ ਪਹਿਲਾਂ 312 ਮੈਡੀਕਲ ਅਫ਼ਸਰਾਂ ਦੀ ਭਰਤੀ 'ਚ ਕਥਿਤ ਘੁਟਾਲੇ ਸਬੰਧੀ ਗ੍ਰਿਫ਼ਤਾਰ ਕੀਤੇ ਗਏ ਕਮਿਸ਼ਨ ਦੇ ਤਤਕਾਲੀ ਮੈਂਬਰ ਅਤੇ ਸਾਬਕਾ ਵਿਧਾਇਕ ਡਾ. ਸਤਵੰਤ ਸਿੰਘ ਮੋਹੀ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅਦਾਲਤ ਨੇ ਉਸ ਨੂੰ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਹੈ। ਇਕ ਰੋਜ਼ਾ ਰਿਮਾਂਡ ਖ਼ਤਮ ਹੋਣ 'ਤੇ ਵਿਜੀਲੈਂਸ ਨੇ ਜਦੋਂ ਮੋਹੀ ਦੇ ਇਕ ਦਿਨ ਦੇ ਹੋਰ ਰਿਮਾਂਡ ਦੀ ਮੰਗ ਕੀਤੀ ਤਾਂ ਮੋਹੀ ਦੇ ਵਕੀਲ ਐਡਵੋਕੇਟ ਸੁਮੇਸ਼ ਜੈਨ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਇਸ 'ਤੇ ਅਦਾਲਤ ਨੇ ਹੋਰ ਰਿਮਾਂਡ ਦੇਣ ਤੋਂ ਇਨਕਾਰ ਕਰਦਿਆਂ ਮੋਹੀ ਨੂੰ ਜੇਲ੍ਹ ਭੇਜ ਦਿੱਤਾ। ਉਧਰ, ਬਾਕੀ ਤਿੰਨ ਮੁਲਜ਼ਮਾਂ ਦੀ ਵਿਜੀਲੈਂਸ ਅਜੇ ਵੀ ਭਾਲ ਕਰ ਰਹੀ ਹੈ। ਯਾਦ ਰਹੇ ਕਿ ਦੋ ਦਹਾਕੇ ਪਹਿਲਾਂ ਪੀ.ਪੀ.ਐਸ.ਸੀ. ਦੇ ਚੇਅਰਮੈਨ ਰਵੀ ਸਿੱਧੂ ਖ਼ਿਲਾਫ਼ ਵੀ ਭਰਤੀਆਂ ਵਿਚ ਧਾਂਦਲੀਆਂ ਦਾ ਕੇਸ ਦਰਜ ਹੋਇਆ ਸੀ। ਇਸ ਸਬੰਧੀ ਉਸ ਨੂੰ ਕੈਦ ਵੀ ਹੋਈ ਸੀ।

# ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਦੋ ਸਾਲ ਦੀ ਸਜ਼ਾ

**ਮੋਗਾ:** ਅਦਾਲਤ ਨੇ ਇਕ 15 ਸਾਲ ਪੁਰਾਣੇ ਕੇਸ ਵਿਚ ਕੈਬਨਿਟ ਮੰਤਰੀ ਅਮਨ ਅਰੋੜਾ ਸਮੇਤ ਨੌਂ ਵਿਅਕਤੀਆਂ ਨੂੰ ਵੱਖ-ਵੱਖ ਧਾਰਾਵਾਂ ਤਹਿਤ ਦੋ-ਦੋ ਸਾਲ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਹੈ। ਇਨ੍ਹਾਂ ਵਿਚੋਂ ਇਕ ਵਿਅਕਤੀ ਮਨਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਵਕੀਲ ਤੇਜਪਾਲ ਭਾਰਦਵਾਜ ਅਤੇ ਸੁਸ਼ੀਲ ਕੁਮਾਰ ਵਸ਼ਿਸ਼ਟ ਸੁਨਾਮ ਨੇ ਦੱਸਿਆ ਕਿ ਰਾਜਿੰਦਰ ਦੀਪਾ ਜੋ ਕਿ ਅੱਜ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਸੁਨਾਮ ਤੋਂ ਹਲਕਾ ਇੰਚਾਰਜ ਹਨ, ਨੇ 2008 ਵਿਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਅਮਨ ਅਰੋੜਾ ਅਤੇ ਉਸ ਦੇ ਸਾਥੀਆਂ ਨੇ ਉਸ ਦੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤੀ ਸੀ ਤੇ ਪੁਲਿਸ ਨੇ ਇਸ ਮਾਮਲੇ 'ਚ ਕੋਈ ਕਾਰਵਾਈ ਨਹੀਂ ਕੀਤੀ ਸੀ। ਉਸ ਤੋਂ ਬਾਅਦ ਉਨ੍ਹਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਤਕਰੀਬਨ 15 ਸਾਲ ਚੱਲੇ ਇਸ ਕੇਸ ਦੀ ਸੁਣਵਾਈ ਕਰਦਿਆਂ ਸਬ-ਡਿਵੀਜ਼ਨਲ ਜੁਡੀਸ਼ਲ ਮੈਜਿਸਟ੍ਰੇਟ ਗੁਰਪਿੰਦਰ ਸਿੰਘ ਜੌਹਲ ਦੀ ਅਦਾਲਤ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਤੋਂ ਇਲਾਵਾ ਮਾਤਾ ਪ੍ਰਮੇਸ਼ਵਰੀ ਦੇਵੀ, ਰਾਜਿੰਦਰ ਰਾਜਾ ਬੀਰਕਲਾਂ,



ਸਤਿਗੁਰ ਸਿੰਘ ਨਮੋਲ, ਕੁਲਦੀਪ ਸ਼ੇਰੋਂ, ਚਿਤਵੰਤ ਸਿੰਘ, ਜਗਜੀਵਨ ਰਾਮ ਲੱਕੀ, ਬਲਜਿੰਦਰ ਸਿੰਘ ਅਤੇ ਲਾਭ ਸਿੰਘ ਨੀਲੋਵਾਲ ਨੂੰ ਧਾਰਾ 452 ਤਹਿਤ ਦੋ-ਦੋ ਸਾਲ ਤੇ ਧਾਰਾ 323 ਤਹਿਤ ਇਕ-ਇਕ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮੌਕੇ ਰਾਜਿੰਦਰ ਦੀਪਾ ਨੇ ਕਿਹਾ ਕਿ ਅਦਾਲਤ ਵੱਲੋਂ 15 ਸਾਲ ਬਾਅਦ ਇਸ ਕੇਸ ਵਿਚ ਫੈਸਲਾ ਸੁਣਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਘਰ 'ਚ ਵੜ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੁਲਿਸ ਵੱਲੋਂ ਉਸ ਸਮੇਂ ਕੇਸ ਵੀ ਨਹੀਂ ਦਰਜ ਕੀਤਾ ਗਿਆ ਸੀ। ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਇਨ੍ਹਾਂ ਨੂੰ ਸਜ਼ਾ ਸੁਣਾਈ ਹੈ ਜਿਸ ਦਾ ਉਹ ਸਵਾਗਤ ਕਰਦੇ ਹਨ। ਇਸ ਮੌਕੇ ਰਾਜਿੰਦਰ ਸਿੰਘ ਰਾਜਾ ਬੀਰਕਲਾਂ ਨੇ ਕਿਹਾ ਕਿ ਇਹ ਪਰਿਵਾਰਕ ਝਗੜਾ ਹੈ। 14-15 ਸਾਲਾਂ ਤੋਂ ਉਹ ਧੱਕੇ ਖਾ ਰਹੇ ਹਨ। ਇਨ੍ਹਾਂ ਦਾ ਪਹਿਲਾਂ ਸਮਝੌਤਾ ਹੋ ਗਿਆ ਸੀ। ਉਸ ਦਾ ਇਸ ਝਗੜੇ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਇਸ ਫੈਸਲੇ ਖ਼ਿਲਾਫ਼ ਉੱਪਰਲੀ ਅਦਾਲਤ ਵਿਚ ਅਪੀਲ ਕਰਨਗੇ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੀ ਨਿਆਂ ਪ੍ਰਣਾਲੀ ਵਿਚ ਪੂਰਾ ਭਰੋਸਾ ਹੈ।

# ਅਕਾਲੀ ਦਲਾਂ ਵਿਚਾਲੇ ਏਕੇ ਦੀਆਂ ਕੋਸ਼ਿਸ਼ਾਂ ਤੇਜ਼ ਹੋਈਆਂ

**ਚੰਡੀਗੜ੍ਹ:** ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਅਕਾਲੀ ਦਲਾਂ ਦੀ ਏਕਤਾ ਦਾ ਮੁੱਦਾ ਭਾਰੂ ਹੋ ਗਿਆ ਹੈ। ਸੁਖਦੇਵ ਸਿੰਘ ਢੀਂਡਸਾ ਦੇ ਸੁਖਬੀਰ ਸਿੰਘ ਬਾਦਲ ਪ੍ਰਤੀ ਸੁਰ ਨਰਮ ਪੈਣ ਤੋਂ ਬਾਅਦ ਇਹ ਮੰਨਿਆ ਜਾਣ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਾ ਰਲੇਵਾਂ ਸ਼੍ਰੋਮਣੀ ਅਕਾਲੀ ਦਲ ਵਿਚ ਹੋ ਜਾਵੇਗਾ ਅਤੇ ਆਗਾਮੀ ਸੰਸਦੀ ਚੋਣਾਂ ਤੱਕ ਅਕਾਲੀ ਦਲ ਨੂੰ ਇਕਜੁੱਟ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਇਧਰ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਮੀਟਿੰਗ ਦੌਰਾਨ 'ਪੰਥਕ ਏਕਤਾ' ਦਾ ਮੁੱਦਾ ਭਾਰੂ ਰਿਹਾ। ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਪਾਰਟੀ ਦੇ ਜ਼ਿਆਦਾਤਰ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ 'ਏਕਤਾ' ਕਰਨ ਨੂੰ ਤਰਜੀਹ ਦਿੱਤੀ।

ਪਾਰਟੀ ਸੂਤਰਾਂ ਅਨੁਸਾਰ ਭਾਵੇਂ ਕਿ ਕੁਝ ਆਗੂਆਂ ਦੀ ਸੁਰ ਵੱਖਰੀ ਸੀ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਹੋਂਦ ਕਾਇਮ ਰੱਖੀ ਜਾਣੀ ਚਾਹੀਦੀ ਹੈ ਪਰ ਜ਼ਿਆਦਾਤਰ ਆਗੂਆਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅਕਾਲੀ ਦਲਾਂ ਦੇ ਏਕੇ ਦੀ ਹਮਾਇਤ ਕੀਤੀ।



ਮੀਟਿੰਗ ਵਿਚ ਸਭ ਤੋਂ ਪਹਿਲਾਂ ਸ਼ਹੀਦੀ ਪੰਦਰਵਾੜੇ ਵਿਚ ਮਹਾਨ ਸ਼ਹੀਦਾਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਸਮੇਤ ਸਮੂਹ ਸ਼ਹੀਦਾਂ ਨੂੰ ਮੂਲ ਮੰਤਰ ਦਾ ਪਾਠ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮਗਰੋਂ ਮੀਟਿੰਗ ਵਿਚ ਮੌਜੂਦ ਆਗੂਆਂ ਨੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਢੀਂਡਸਾ ਦੀ ਪੰਥਕ ਸੋਚ ਨੇ ਪਾਰਟੀ ਨੂੰ ਅੱਗੇ ਵਧਾਇਆ ਹੈ ਅਤੇ ਲੋਕਾਂ ਵਿਚ ਪਾਰਟੀ ਪ੍ਰਤੀ ਵਿਸ਼ਵਾਸ ਬਣਾਇਆ। ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਦੇ ਸਮੁੱਚੇ ਆਗੂਆਂ ਨੇ ਸਰਬਸੰਮਤੀ ਨਾਲ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਇਕ ਕਮੇਟੀ ਦਾ ਗਠਨ ਕਰਨ ਲਈ ਪੂਰਨ ਅਧਿਕਾਰ ਦਿੱਤੇ। ਇਹ ਕਮੇਟੀ ਅਜੋਕੇ ਸਿਆਸੀ ਹਾਲਾਤ ਨੂੰ ਮੁੱਖ ਰੱਖਦੇ ਹੋਏ ਪਾਰਟੀ ਦੇ ਵਰਕਰਾਂ ਤੋਂ ਭਵਿੱਖ ਦੀ ਰਣਨੀਤੀ ਸਬੰਧੀ ਰਾਏ ਲੈ ਕੇ ਇਕ ਰਿਪੋਰਟ ਤਿਆਰ ਕਰੇਗੀ ਅਤੇ ਪਾਰਟੀ ਪ੍ਰਧਾਨ ਨੂੰ ਸੌਂਪੇਗੀ। ਉਸ ਤੋਂ ਬਾਅਦ ਪਾਰਟੀ ਪ੍ਰਧਾਨ ਵੱਲੋਂ ਇਸ ਰਿਪੋਰਟ ਨੂੰ ਵਿਚਾਰਨ ਲਈ ਸੀਨੀਅਰ ਅਹੁਦੇਦਾਰਾਂ ਦੀ ਮੀਟਿੰਗ ਸੱਦ ਕੇ ਪਾਰਟੀ ਦੀ ਅਗਲੀ ਰਣਨੀਤੀ ਉਲੀਕੀ ਜਾਵੇਗੀ।

# ਕੋਰੋਨਾ ਦਾ ਮੁੜ ਹੱਲਾ; ਡਬਲਿਊ.ਐਚ.ਓ. ਵੱਲੋਂ ਚੌਕਸੀ ਦੀ ਸਲਾਹ



**ਨਵੀਂ ਦਿੱਲੀ:** ਕੋਵਿਡ-19 ਤੇ ਇਸ ਦੇ ਨਵੇਂ ਸਬ-ਵੇਰੀਐਂਟ ਜੇ.ਐਨ1 ਅਤੇ ਸਰਦੀ ਜ਼ੁਕਾਮ ਸਣੇ ਸਾਹ ਰੋਗਾਂ ਦੀ ਵਧਦੀ ਗਿਣਤੀ ਦਰਮਿਆਨ ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਦੱਖਣ-ਪੂਰਬੀ ਏਸ਼ੀਆ ਵਿਚਲੇ ਮੁਲਕਾਂ ਨੂੰ ਚੌਕਸੀ ਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ ਦੀ ਅਪੀਲ ਕੀਤੀ ਹੈ।

ਆਲਮੀ ਸਿਹਤ ਸੰਸਥਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹਤਿਆਤ ਵਜੋਂ ਭੀੜ ਭੜੱਕੇ ਵਾਲੀਆਂ ਥਾਵਾਂ 'ਤੇ ਮਾਸਕ ਪਾਉਣ ਸਣੇ ਹੋਰ ਸੁਰੱਖਿਅਤ ਉਪਰਾਲੇ ਕਰਨ। ਦੱਖਣ-ਪੂਰਬੀ ਏਸ਼ੀਆ ਲਈ ਡਬਲਿਊ.ਐਚ.ਓ. ਦੀ ਖੇਤਰੀ ਨਿਰਦੇਸ਼ਕ ਡਾ.ਪੂਨਮ ਖੇਤਰਪਾਲ ਸਿੰਘ ਨੇ ਕਿਹਾ, "ਕੋਵਿਡ-19 ਵਾਇਰਸ ਆਲਮੀ ਪੱਧਰ 'ਤੇ ਸਾਰੇ ਮੁਲਕਾਂ ਵਿਚ ਉਤਪੰਨ, ਬਦਲ ਤੇ ਫੈਲ ਰਿਹਾ ਹੈ। ਹਾਲ ਦੀ ਘੜੀ ਮੌਜੂਦਾ ਸਬੂਤ ਇਸ਼ਾਰਾ ਕਰਦੇ ਹਨ ਕਿ ਜੇ.ਐਨ1 ਤੋਂ ਲੋਕਾਂ ਦੀ ਸਿਹਤ ਨੂੰ ਘੱਟ ਜ਼ੋਖ਼ਮ ਹੈ। ਸਾਨੂੰ ਇਸ ਵਾਇਰਸ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਟਰੈਕ ਕਰਨਾ ਹੋਵੇਗਾ। ਇਸ ਲਈ ਮੁਲਕਾਂ ਨੂੰ ਆਪਣਾ ਚੌਕਸੀ ਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ ਦੇ ਡੇਟਾ ਦੀ ਸਾਂਝ ਯਕੀਨੀ ਬਣਾਉਣੀ ਹੋਵੇਗੀ।" ਜੇ.ਐਨ1 ਕੋਵਿਡ ਵੇਰੀਐਂਟ ਦੀ ਰੌਸ਼ਨੀ ਵਿਚ ਮਹਾਰਾਸ਼ਟਰ ਵਿਚ ਸਰਕਾਰੀ ਹਸਪਤਾਲਾਂ ਨੂੰ ਵੈਂਟੀਲੇਟਰਾਂ, ਆਕਸੀਜਨ ਸਿਲੰਡਰਾਂ ਤੇ ਹੋਰ ਜਰੂਰੀ ਸਾਜੋ-ਸਾਮਾਨ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਆਖਿਆ ਗਿਆ ਹੈ।

ਸੈਰ-ਸਪਾਟਾ ਮੰਤਰਾਲੇ 'ਚ ਰਾਜ ਮੰਤਰੀ ਸ੍ਰੀਪਦ ਨਾਇਕ ਨੇ ਕਿਹਾ ਕਿ ਨਾਗਰਿਕਾਂ ਤੇ ਸੈਰ-ਸਪਾਟਾ ਸਨਅਤ ਨੂੰ ਕੋਵਿਡ-19 ਦੀ ਤਾਜ਼ਾ ਲਹਿਰ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਦੇਸ਼ ਨੇ ਪਹਿਲਾਂ ਵੀ ਇਸ ਰੋਗ ਦਾ ਮੁਕਾਬਲਾ ਕੀਤਾ ਹੈ। ਨਾਇਕ ਇਥੇ ਹਫਤਾਵਾਰੀ ਰਸਾਲੇ 'ਪੰਚਜਨਯ' ਵੱਲੋਂ ਰੱਖੇ 'ਸਾਗਰ ਮੰਥਨ 2.0' ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਕੋਰੋਨਾ ਵਾਇਰਸ ਦੇ ਕੇਸ ਵਧਣ ਦੀ ਸੂਰਤ ਵਿਚ ਇਕ ਹੋਰ ਲੌਕਡਾਊਨ ਬਾਰੇ ਪੁੱਛੇ ਜਾਣ 'ਤੇ ਨਾਇਕ ਨੇ ਕਿਹਾ, "ਘਬਰਾਉਣ ਦੀ ਕੋਈ ਲੋੜ ਨਹੀਂ। ਜੇਕਰ ਇਹ ਰੋਗ ਮੁੜ ਸਿਰ ਚੁੱਕਦਾ ਹੈ ਤਾਂ ਅਸੀਂ ਇਸ ਨਾਲ ਲੜਾਂਗੇ। ਅਸੀਂ ਬੀਤੇ ਵਿਚ ਵੀ ਇਸ ਦਾ ਮੁਕਾਬਲਾ ਕੀਤਾ ਹੈ।"

ਦੱਸ ਦਈਏ ਕਿ ਸਰਦੀ ਦੀ ਇਸ ਰੁੱਤ ਵਿਚ ਪਨਪ ਰਹੇ ਫਲੂ ਦਾ ਕਾਰਨ ਕੋਰੋਨਾ ਵਾਇਰਸ ਦਾ ਇਕ ਰੂਪ ਜੇ.ਐਨ.1 ਹੈ। ਸਭ ਤੋਂ ਪਹਿਲਾ ਮਾਮਲਾ 8 ਦਸੰਬਰ ਨੂੰ ਕੇਰਲ ਵਿਚ ਸਾਹਮਣੇ ਆਇਆ ਪਰ ਧਰਵਾਸ ਦੀ ਗੱਲ ਇਹ ਹੈ ਕਿ ਵਾਇਰਸ ਦੀ ਇਹ ਕਿਸਮ ਕੋਰੋਨਾ ਵਾਇਰਸ ਦੀ ਇਕ ਹੋਰ ਕਿਸਮ ਓਮੀਕਰੋਨ ਦੀ ਕਮਜ਼ੋਰ ਜਿਹੀ ਉਪ-ਕਿਸਮ ਹੈ ਜਿਸ ਤੋਂ ਬਹੁਤਾ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਪਰ ਇਸ ਦੀ ਲਪੇਟ ਵਿਚ ਆਉਣ ਵਾਲਿਆਂ ਦੀ ਵਧ ਰਹੀ ਤਾਦਾਦ ਦੇ ਮੱਦੇਨਜ਼ਰ ਰੋਕਥਾਮ ਅਤੇ ਚੌਕਸੀ ਦੇ ਕਦਮ ਚੁੱਕਣੇ ਜਰੂਰੀ ਹੋ ਗਏ ਹਨ।

ਵਾਇਰਸ ਦੀ ਇਹ ਕਿਸਮ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਤੇਜੀ ਨਾਲ ਫੈਲਦੀ ਹੈ ਅਤੇ ਸਿੰਗਾਪੁਰ, ਮਲੇਸ਼ੀਆ, ਸਪੇਨ, ਅਮਰੀਕਾ ਅਤੇ ਬ੍ਰਾਜ਼ੀਲ ਸਮੇਤ ਲਗਭਗ 35 ਦੇਸ਼ਾਂ ਵਿਚ ਨਿਸਬਤਨ ਤੇਜੀ ਨਾਲ ਵਧੇ ਕੇਸਾਂ ਪਿੱਛੇ ਇਸੇ ਕਿਸਮ ਦਾ ਹੱਥ ਮੰਨਿਆ ਜਾਂਦਾ ਹੈ। ਅਮਰੀਕੀ ਅਧਿਕਾਰੀਆਂ ਨੇ ਪਹਿਲੀ ਵਾਰ ਸਤੰਬਰ ਵਿਚ ਇਸ ਕਿਸਮ ਦੀ ਸ਼ਨਾਖਤ ਕੀਤੀ ਸੀ। ਕੋਰੋਨਾ ਵਾਇਰਸ ਦੀਆਂ ਕਈ ਕਿਸਮਾਂ ਹਨ ਅਤੇ ਦੁਨੀਆਂ ਅਜੇ ਤਕ ਇਨ੍ਹਾਂ ਤੋਂ ਮੁਕਤੀ ਹਾਸਲ ਨਹੀਂ ਕਰ ਸਕੀ। ਇਹ ਸਾਹ ਪ੍ਰਣਾਲੀ ਵਿਚ ਵਧਣ ਫੁੱਲਣ ਵਾਲੇ ਵਾਇਰਸ ਹਨ ਜਿਨ੍ਹਾਂ ਵਿਚ ਆਪਣੇ ਆਪ ਨੂੰ ਲੰਮੇ ਸਮੇਂ ਤੱਕ ਬਚਾਅ ਕੇ ਰੱਖਣ ਦੀ ਸਮਰੱਥਾ ਹੈ।

### 'ਪੰਜਾਬ 'ਚ ਕੋਵਿਡ ਦੇ ਨਵੇਂ ਸਰੂਪ ਦਾ ਕੋਈ ਕੇਸ ਨਹੀਂ'

**ਪਟਿਆਲਾ:** ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਕੋਵਿਡ ਵਾਰਡ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਭਾਵੇਂ ਕਿ ਸੂਬੇ ਅੰਦਰ ਕੋਵਿਡ ਦੇ ਨਵੇਂ ਸਰੂਪ ਦਾ ਅਜੇ ਤੱਕ ਕੋਈ ਕੇਸ ਸਾਹਮਣੇ ਨਹੀਂ ਆਇਆ ਹੈ ਪਰ ਸਿਹਤ ਵਿਭਾਗ ਵੱਲੋਂ ਸਾਵਧਾਨੀ ਵਜੋਂ ਪੂਰੇ ਪ੍ਰਬੰਧ ਕੀਤੇ ਗਏ ਹਨ। ਸਿਹਤ ਮੰਤਰੀ ਕਿਹਾ ਕਿ ਸੂਬਾ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਰਕਾਰ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਹਾਲੇ ਤੱਕ ਕੋਵਿਡ ਦੇ ਕਿਸੇ ਵੀ ਨਵੇਂ ਸਰੂਪ ਦਾ ਸੂਬੇ ਵਿਚ ਕੋਈ ਕੇਸ ਸਾਹਮਣੇ ਨਹੀਂ ਆਇਆ।

# ਸ਼ਹੀਦੀ ਜੋੜ ਮੇਲ ਦੌਰਾਨ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਵਾਪਸ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਕੀਤੇ ਵਿਰੋਧ ਮਗਰੋਂ ਸਿੱਖ ਰਵਾਇਤਾਂ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲ ਦੌਰਾਨ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਵਾਪਸ ਲੈ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਸਰਕਾਰ ਦੇ ਇਸ ਫੈਸਲੇ ਤੋਂ ਜਾਣੂ ਕਰਵਾਇਆ ਹੈ। ਸ੍ਰੀ ਮਾਨ ਨੇ ਕਿਹਾ ਕਿ ਦਸੰਬਰ ਦਾ ਮਹੀਨਾ, ਜਿਸ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਨੂੰ ਸ਼ਹੀਦ ਕੀਤਾ ਗਿਆ ਸੀ, ਸਮੁੱਚੀ ਮਨੁੱਖਤਾ ਲਈ ਸੋਗ ਦਾ ਮਹੀਨਾ ਹੈ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਲਾਸਾਨੀ ਕੁਰਬਾਨੀ ਵਿਸ਼ਵ ਭਰ ਦੇ ਮਨੁੱਖਤਾ ਦੇ ਇਤਿਹਾਸ ਵਿਚ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਮਾਤਾ ਗੁਜਰੀ ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਦੀ ਸ਼ਹਾਦਤ ਨੇ ਸਦੀਆਂ ਤੋਂ ਪੰਜਾਬੀਆਂ ਨੂੰ ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦਿੱਤੀ ਹੈ। ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਦਿਹਾੜੇ 'ਤੇ ਕਿਸੇ ਵੀ ਤਰ੍ਹਾਂ ਦੇ ਵਿਵਾਦ 'ਚ ਪੈਣ ਦੀ ਬਜਾਏ ਹਰ ਪੰਜਾਬੀ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਸ਼ਰਧਾ ਦੇ ਫੁੱਲ ਭੇਟ ਕਰੇ।

### ਫੈਸਲਾ ਸਿੱਖ ਸੰਕਲਪ ਨੂੰ ਠੇਸ ਪਹੁੰਚਾਉਣ ਵਾਲਾ ਸੀ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਸਰਕਾਰ ਨੂੰ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ ਸੀ। ਉਨ੍ਹਾਂ ਸਰਕਾਰ ਦੇ ਇਸ ਫੈਸਲੇ ਨੂੰ ਸਿੱਖ ਸਿਧਾਂਤਾਂ ਦੇ ਉਲਟ ਕਰਾਰ ਦਿੰਦਿਆਂ ਕਿਹਾ ਸੀ ਕਿ ਪੰਜਾਬ ਸਰਕਾਰ ਨੂੰ ਇਹ ਫੈਸਲਾ ਤੁਰਤ ਵਾਪਸ ਲੈ ਕੇ ਸਿੱਖ ਰਵਾਇਤਾਂ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾ-ਸਤਿਕਾਰ ਅਰਪਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਸੀ ਕਿ ਸਿੱਖ ਰਵਾਇਤਾਂ ਅਨੁਸਾਰ ਸ਼ਹਾਦਤ ਮਹਾਨ ਪਰਉਪਕਾਰ ਹਿੱਤ ਦਿੱਤੀ ਜਾਂਦੀ ਹੈ ਅਤੇ ਸਹੀਦੀਆਂ ਤੋਂ ਬਾਅਦ ਸਿੱਖ ਅਵਚੇਤਨ ਦੇ ਅੰਦਰ ਜਬਰ-ਜੁਲਮ ਖ਼ਿਲਾਫ਼ ਜੂਝਣ ਲਈ ਜੋਸ਼ ਅਤੇ ਚੜ੍ਹਦੀਕਲਾ ਦਾ ਜਜ਼ਬਾ ਪੈਦਾ ਹੁੰਦਾ ਹੈ।

## ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ 'ਤੇ ਦਮਦਮਾ ਸਾਹਿਬ ਵਿਖੇ ਹੋਣਗੇ ਮੁੱਖ ਸਮਾਗਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 17 ਜਨਵਰੀ ਨੂੰ ਪੰਥਕ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਕਾਇਮ ਕੀਤੀ ਗਈ ਸਬ-ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ। ਇਸ ਕਮੇਟੀ ਦੀ ਮੀਟਿੰਗ ਇਥੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਹੋਈ। ਮੀਟਿੰਗ ਦੌਰਾਨ 17 ਜਨਵਰੀ ਨੂੰ ਮਨਾਏ ਜਾਣ ਵਾਲੇ ਪ੍ਰਕਾਸ਼ ਦਿਹਾੜੇ ਦੀ ਰੂਪ-ਰੇਖਾ ਤੈਅ ਕੀਤੀ ਗਈ। ਸਬ-ਕਮੇਟੀ ਨੇ ਫੈਸਲਾ ਲਿਆ ਕਿ ਪ੍ਰਕਾਸ਼ ਪੁਰਬ ਦੇ ਸਬੰਧ ਵਿਚ 15 ਤੋਂ 17 ਜਨਵਰੀ ਤੱਕ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਕੀਤੇ ਜਾਣਗੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 17 ਜਨਵਰੀ ਨੂੰ ਵਿਸ਼ਾਲ ਗੁਰਮਤਿ ਸਮਾਗਮ ਦਾ ਪ੍ਰਬੰਧ ਕੀਤਾ ਜਾਵੇਗਾ ਜਦੋਂ ਕਿ ਪ੍ਰਕਾਸ਼ ਪੁਰਬ ਸਮਾਗਮਾਂ ਦੀ ਆਰੰਭਤਾ 10 ਜਨਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ ਸਜਾਏ ਜਾਣ ਵਾਲੇ ਵਿਸ਼ਾਲ ਨਗਰ ਕੀਰਤਨ ਨਾਲ ਹੋਵੇਗੀ। ਇਹ ਨਗਰ ਕੀਰਤਨ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਜਾਇਆ ਜਾਵੇਗਾ, ਜੋ ਕਿ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ 16 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੁੱਜ ਕੇ ਸਮਾਪਤ ਹੋਵੇਗਾ। ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 15 ਜਨਵਰੀ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ ਅਤੇ 17 ਜਨਵਰੀ ਨੂੰ ਭੋਗ ਉਪਰੰਤ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਕੀਤਾ ਜਾਵੇਗਾ।

# ਕੇਂਦਰੀ ਜੇਲ੍ਹ 'ਚੋਂ ਚੱਲ ਰਿਹਾ ਸੀ ਹੈਰੋਇਨ ਤਸਕਰੀ ਦਾ ਰੈਕੇਟ




**ਲੁਧਿਆਣਾ:** ਐਨ.ਸੀ.ਬੀ. ਵੱਲੋਂ ਹੈਰੋਇਨ ਤਸਕਰੀ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਸ਼ਹਿਰ ਦਾ ਕਾਰੋਬਾਰੀ ਅਕਸ਼ੈ ਛਾਬੜਾ ਜੇਲ੍ਹ ਜਾਣ ਮਗਰੋਂ ਵੀ ਆਪਣਾ ਤਸਕਰੀ ਦਾ ਧੰਦਾ ਚਲਾਉਂਦਾ ਰਿਹਾ। ਇਹ ਖੁਲਾਸਾ ਐਸ.ਟੀ.ਐਫ ਨੇ ਕੀਤਾ ਹੈ। ਐਸ.ਟੀ.ਐਫ ਨੂੰ ਇਸ ਦਾ ਪਤਾ ਉਸ ਸਮੇਂ ਲੱਗਿਆ ਜਦੋਂ ਸਾਢੇ ਚਾਰ ਕਿੱਲੋ ਹੈਰੋਇਨ ਸਣੇ ਇਕ ਔਰਤ ਅਤੇ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ।

ਅਕਸ਼ੈ ਛਾਬੜਾ ਕੇਂਦਰੀ ਜੇਲ੍ਹ ਵਿਚੋਂ ਹੀ ਆਪਣਾ ਕਾਰੋਬਾਰ ਚਲਾ ਰਿਹਾ ਸੀ। ਐਸ.ਟੀ.ਐਫ. ਦੀ ਟੀਮ ਨੇ ਛਾਬੜਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿਛ ਕੀਤੀ ਹੈ। ਐਸ.ਟੀ.ਐਫ. ਦੇ ਜ਼ਿਲ੍ਹਾ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਨੇ ਦੱਸਿਆ ਕਿ ਜਦੋਂ ਟੀਮ ਨੇ ਪਿਛਲੇ ਦਿਨੀਂ ਹੈਰੋਇਨ ਸਣੇ ਹਰਮਨਦੀਪ ਸਿੰਘ ਉਰਫ ਦੀਪ ਨੂੰ ਗ੍ਰਿਫ਼ਤਾਰ ਕੀਤਾ ਸੀ ਤਾਂ ਪੁੱਛਗਿਛ ਦੌਰਾਨ ਉਸ ਨੇ ਕਈ ਖੁਲਾਸੇ ਕੀਤੇ ਸਨ। ਇਸ ਦੌਰਾਨ ਪਤਾ ਲੱਗਿਆ ਸੀ ਕਿ ਜਸਪਾਲ ਗੋਲਡੀ ਅਤੇ ਅਮਨਦੀਪ ਜੇਠੀ ਨਸ਼ਾ ਤਸਕਰੀ ਦੇ ਦੋਸ਼ 'ਚ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਇਹ ਧੰਦਾ ਕਰ ਰਹੇ ਹਨ। ਉਹ ਹਰਮਨਦੀਪ ਨੂੰ ਵੱਧ ਪੈਸਿਆਂ ਦਾ ਲਾਲਚ ਦੇ ਕੇ ਹੈਰੋਇਨ ਦੀ ਸਪਲਾਈ ਕਰਵਾ ਰਹੇ ਸਨ। ਇਸ ਦੌਰਾਨ ਅਮਨਦੀਪ ਜੇਠੀ ਦੀ ਪਤਨੀ ਦਾ ਨਾਮ ਵੀ ਸਾਹਮਣੇ ਆਇਆ। ਉਸ ਨੂੰ ਵੀ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਵੀ ਪੁੱਛਗਿਛ ਦੌਰਾਨ ਮੰਨਿਆ ਕਿ ਉਹ ਜੇਠੀ ਦੇ ਕਹਿਣ 'ਤੇ ਹੈਰੋਇਨ ਸਪਲਾਈ ਕਰਦੀ ਸੀ। ਮਗਰੋਂ ਖੁਲਾਸਾ ਹੋਇਆ ਕਿ ਨਸ਼ੇ ਦੇ ਇਸ ਗੌਰਖਧੰਦੇ ਦਾ ਮਾਸਟਰਮਾਈਂਡ ਸ਼ਰਾਬ ਕਾਰੋਬਾਰੀ ਤੇ ਨਸ਼ਾ ਤਸਕਰੀ ਦੇ ਦੋਸ਼ ਹੇਠ ਜੇਲ੍ਹ 'ਚ ਬੰਦ ਅਕਸ਼ੈ ਛਾਬੜਾ ਹੈ। ਉਹ ਜੇਲ੍ਹ 'ਚੋਂ ਫੋਨ ਰਾਹੀਂ ਸਾਰਾ ਕਾਰੋਬਾਰ ਚਲਾ ਰਿਹਾ ਹੈ। ਐਸ.ਟੀ.ਐਫ. ਨੇ ਅਕਸ਼ੈ ਛਾਬੜਾ ਨੂੰ ਇਸ ਸਬੰਧੀ ਨਾਮਜ਼ਦ ਕਰ ਕੇ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਹੈ। ਇਸ ਦੌਰਾਨ ਤਿੰਨਾਂ ਦੇ ਕਬਜ਼ੇ 'ਚੋਂ ਜੇਲ੍ਹ ਵਿਚੋਂ ਚਲਾਏ ਜਾ ਰਹੇ ਫੋਨ ਵੀ ਬਰਾਮਦ ਹੋਏ।

# ਖੇਤੀ ਵਾਲੇ ਕਰਜ਼ੇ ਨੇ ਪੰਜਾਬ ਦੇ ਕਿਸਾਨਾਂ ਦਾ ਲੱਕ ਤੋੜਿਆ

**ਚੰਡੀਗੜ੍ਹ:** ਪੰਜਾਬ ਦੇ 37.33 ਲੱਖ ਕਿਸਾਨਾਂ ਨੇ ਆਪਣੇ ਖੇਤੀ ਕੰਮਾਂ ਲਈ 94,735.40 ਕਰੋੜ ਰੁਪਏ ਦਾ ਖੇਤੀ ਕਰਜ਼ਾ ਲਿਆ ਹੋਇਆ ਹੈ, ਜਿਨ੍ਹਾਂ ਵਿਚੋਂ 11.12 ਲੱਖ ਕਿਸਾਨਾਂ ਨੇ ਪੰਜਾਬ ਰਾਜ ਸਹਿਕਾਰੀ ਬੈਂਕ ਤੋਂ ਕਰਜ਼ਾ ਲਿਆ ਹੈ। ਸੂਬੇ ਦੇ ਕਿਸਾਨਾਂ ਦੇ ਵੱਖ-ਵੱਖ ਬੈਂਕਾਂ ਵਿਚ 37.33 ਲੱਖ ਖਾਤੇ ਹਨ। ਇਨ੍ਹਾਂ ਵਿਚੋਂ 25.08 ਲੱਖ ਕਿਸਾਨ 'ਕਿਸਾਨ ਕਰੈਡਿਟ ਕਾਰਡ ਧਾਰਕ' ਵੀ ਹਨ, ਜਿਨ੍ਹਾਂ ਵੱਲ 66,749.31 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਖੜ੍ਹਾ ਹੈ।

ਪਿਛਲੇ ਕੁਝ ਸਾਲਾਂ ਤੋਂ ਖੇਤੀ ਕਰਜ਼ਾ ਘਟਣ ਦਾ ਨਾਮ ਨਹੀਂ ਲੈ ਰਿਹਾ ਹੈ। ਸਟੇਟ ਲੈਵਲ ਬੈਂਕਰਜ਼ ਕਮੇਟੀ ਦੀ ਤਾਜ਼ਾ ਸੂਚਨਾ ਅਨੁਸਾਰ ਖੇਤੀ ਕਰਜ਼ੇ ਲੈਣ ਵਾਲੇ ਕਿਸਾਨਾਂ ਵਿਚੋਂ 1.93 ਲੱਖ ਖਾਤੇ ਡੁੱਬੇ ਹੋਏ ਕਰਜ਼ੇ (ਐਨ.ਪੀ.ਏ.) ਵਿਚ ਚਲੇ ਗਏ ਹਨ ਜਿਨ੍ਹਾਂ ਵੱਲ 9581.39 ਕਰੋੜ ਦਾ ਬਕਾਇਆ ਖੜ੍ਹਾ ਹੈ। ਸਹਿਕਾਰੀ ਬੈਂਕਾਂ 'ਤੇ ਨਜ਼ਰ ਮਾਰੀਏ



ਤਾਂ 12,352 ਕਿਸਾਨ ਕਰਜ਼ੇ ਮੋੜਨ ਤੋਂ ਅਸਮਰੱਥ ਹਨ ਜਿਨ੍ਹਾਂ ਵੱਲ 367.75 ਕਰੋੜ ਦਾ ਕਰਜ਼ਾ ਖੜ੍ਹਾ ਹੈ। ਇਸੇ ਤਰ੍ਹਾਂ 92,302 'ਕਿਸਾਨ ਕਰੈਡਿਟ ਕਾਰਡ ਧਾਰਕ' ਕਿਸਾਨ ਹਨ ਜਿਹੜੇ ਕਿ 5085.75 ਕਰੋੜ ਰੁਪਏ ਦੇ ਬਕਾਏ ਨਹੀਂ ਮੋੜ ਸਕੇ। ਇਨ੍ਹਾਂ ਵਿਚੋਂ ਹੀ 3259 ਕੇ.ਸੀ.ਸੀ. ਧਾਰਕਾਂ ਦੇ ਸਹਿਕਾਰੀ ਬੈਂਕਾਂ ਵਿਚ ਖਾਤੇ ਹਨ ਜਿਨ੍ਹਾਂ ਦਾ 71.23 ਕਰੋੜ ਰੁਪਏ ਦਾ ਬਕਾਇਆ ਬਣਦਾ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸਕੱਤਰ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਦੇ ਅਰਬਾਂ ਰੁਪਏ ਰਾਤੋਂ ਰਾਤ ਵੱਟੇ ਖਾਤੇ ਪਾ ਦਿੰਦੀ ਹੈ ਪਰ ਅੰਨਦਾਤਾ ਵੱਲ ਕਿਸੇ ਦਾ ਧਿਆਨ ਨਹੀਂ। ਉਨ੍ਹਾਂ ਕਿਹਾ ਕਿ ਇਕੋ ਦੇਸ਼ ਵਿਚ ਦੋ ਤਰ੍ਹਾਂ ਦੇ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਨੇ ਆਪਣੇ ਰਾਜ ਦੌਰਾਨ 'ਕਿਸਾਨ ਕਰਜ਼ਾ ਰਾਹਤ ਸਕੀਮ' ਲਿਆਂਦੀ ਸੀ ਜਿਸ ਤਹਿਤ 5.63 ਲੱਖ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ 4610 ਕਰੋੜ ਰੁਪਏ ਦੀ ਕਰਜ਼ਾ ਰਾਹਤ ਮਿਲੀ ਸੀ। ਹੁਣ 'ਆਪ' ਸਰਕਾਰ ਵੀ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨਾਂ ਲਈ ਯਕਮੁਸ਼ਤ ਨਿਪਟਾਰਾ ਸਕੀਮ ਲਿਆਉਣ ਬਾਰੇ ਵਿਆਪਕ ਨੀਤੀ ਤਿਆਰ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਵਿਚ ਵੀ 'ਯਕਮੁਸ਼ਤ ਨਿਪਟਾਰਾ ਸਕੀਮ' ਬਾਰੇ ਭਰੋਸਾ ਦਿੱਤਾ ਗਿਆ ਸੀ। ਪੰਜਾਬ ਸਰਕਾਰ ਨੇ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਉਹ ਨਾਬਾਰਡ ਨਾਲ ਗੱਲ ਕਰਨਗੇ ਤਾਂ ਜੋ ਯਕਮੁਸ਼ਤ ਨਿਪਟਾਰਾ ਸਕੀਮ ਸ਼ੁਰੂ ਕੀਤੀ ਜਾ ਸਕੇ। 'ਆਪ' ਸਰਕਾਰ 'ਯਕਮੁਸ਼ਤ ਨਿਪਟਾਰਾ ਸਕੀਮ' ਲਿਆ ਕੇ ਪਿਛਲੀ ਸਰਕਾਰ ਨੂੰ ਇਸ ਮਾਮਲੇ ਵਿਚ ਮਾਤ ਦੇਣਾ ਚਾਹੁੰਦੀ ਹੈ। ਇਸ ਤੋਂ ਇਲਾਵਾ ਵਿੱਤ ਮੰਤਰਾਲੇ ਵੱਲੋਂ ਸੰਸਦ ਵਿਚ ਜੋ ਅੰਕੜਾ ਪੇਸ਼ ਕੀਤਾ ਗਿਆ ਸੀ, ਉਸ ਮੁਤਾਬਕ ਪੰਜਾਬ ਦੇ ਹਰੇਕ ਕਿਸਾਨ 'ਤੇ 2.95 ਕਰੋੜ ਦਾ ਖੇਤੀ ਕਰਜ਼ਾ ਹੈ ਅਤੇ ਪੰਜਾਬ ਦਾ ਕਿਸਾਨ ਸਮੁੱਚੇ ਦੇਸ਼ ਵਿਚੋਂ ਕਰਜ਼ੇ ਦੇ ਮਾਮਲੇ ਵਿਚ ਉੱਪਰਲੀ ਥਾਂ 'ਤੇ ਹੈ। ਸ਼ਾਹੂਕਾਰਾਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ।

### ਛੋਟੀ ਕਿਸਾਨੀ ਵਿਚੋਂ ਦੋ ਲੱਖ ਕਿਸਾਨ ਖੇਤੀ ਵਿਚੋਂ ਬਾਹਰ ਹੋਏ

ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਸਮੇਂ ਦੌਰਾਨ ਛੋਟੀ ਕਿਸਾਨੀ ਵਿਚੋਂ ਕਰੀਬ ਦੋ ਲੱਖ ਕਿਸਾਨ ਖੇਤੀ ਵਿਚੋਂ ਬਾਹਰ ਹੋ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਇਸ ਲਈ ਖੇਤੀ ਨੀਤੀ ਤਿਆਰ ਕਰਨ ਦੀ ਲੋੜ ਨਹੀਂ ਸਮਝੀ। ਪਿਛਲੇ ਸਮੇਂ ਦੌਰਾਨ ਦੋ ਵਾਰ ਖੇਤੀ ਨੀਤੀ ਦਾ ਖਰੜਾ ਤਿਆਰ ਹੋਇਆ ਪਰ ਉਸ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ। ਮੌਜੂਦਾ 'ਆਪ' ਸਰਕਾਰ ਵੀ ਇਸ ਪਾਸੇ ਜੁੱਟੀ ਹੋਈ ਹੈ ਪਰ ਹਾਲੇ ਤੱਕ ਖੇਤੀ ਨੀਤੀ ਲਾਗੂ ਨਹੀਂ ਹੋਈ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਿਜਦਾ

**ਫ਼ਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਭਾ ਵਿਚ ਵੱਡੀ ਗਿਣਤੀ ਸੰਗਤ ਫਤਹਿਗੜ੍ਹ ਸਾਹਿਬ ਨਤਮਸਤਕ ਹੋਈ। ਇਸ ਤੋਂ ਪਹਿਲਾਂ ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੀ ਗੜ੍ਹੀ ਦੇ ਸ਼ਹੀਦਾਂ ਨੂੰ ਸਮਰਪਿਤ ਤਿੰਨ ਰੋਜ਼ਾ ਸਹੀਦੀ ਜੋੜ ਮੇਲ ਮੌਕੇ ਸੰਗਤਾਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ, ਗੁਰਦੁਆਰਾ ਸ੍ਰੀ ਤਾੜੀ ਸਾਹਿਬ ਅਤੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਸਣੇ ਹੋਰ ਗੁਰਦੁਆਰਿਆਂ ਵਿਚ ਨਤਮਸਤਕ ਹੋਈਆਂ।

ਚਮਕੌਰ ਸਾਹਿਬ ਦੀ ਧਰਤੀ 'ਤੇ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਦੇ ਦੇ ਆਖਰੀ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ। ਇਸ ਦੇ ਨਾਲ ਹੀ ਨਿਹੰਗ ਸਿੰਘਾਂ ਨੇ ਵੀ ਮਹੱਲਾ ਕੱਢਿਆ ਜਿਸ ਮਗਰੋਂ ਤਿੰਨ ਰੋਜ਼ਾ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਅਤੇ ਹੋਰ ਮਹਾਨ ਸ਼ਹੀਦ ਸਿੰਘਾਂ ਨੂੰ ਸਮਰਪਿਤ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਕੀਤਾ ਗਿਆ। ਇਸ ਨਗਰ ਕੀਰਤਨ ਦੇ ਰਵਾਨਾ ਹੋਣ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੱਲੋਂ ਕੀਤੀ ਗਈ। ਨਗਰ ਕੀਰਤਨ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਆਦਿ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਇਸ ਦੌਰਾਨ ਮੀਰੀ-ਪੀਰੀ ਅਖਾੜਾ ਤੇ ਅਕਾਲ ਅਕੈਡਮੀ ਦੇ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ।

## ਸਿੱਖ ਗੁਰੂਆਂ ਨੇ ਭਾਰਤੀਆਂ ਨੂੰ ਮਾਣ ਨਾਲ ਜਿਊਣਾ ਸਿਖਾਇਆ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਭਾਰਤੀਆਂ ਨੂੰ ਮਾਣ ਨਾਲ ਜਿਊਣਾ ਸਿਖਾਇਆ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ 'ਚ ਕਰਵਾਏ 'ਵੀਰ ਬਾਲ ਦਿਵਸ' ਪ੍ਰੋਗਰਾਮ 'ਚ ਮੋਦੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੇ ਬਲਿਦਾਨ ਨੂੰ ਨਾ ਸਿਰਫ ਭਾਰਤ 'ਚ ਬਲਕਿ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਜਿਹੇ ਦੇਸ਼ਾਂ 'ਚ ਸਮਾਗਮਾਂ ਦੇ ਜਰੀਏ ਦੁਨੀਆ ਭਰ 'ਚ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੌਕੇ ਧਾਰਮਿਕ ਆਗੂਆਂ ਨੂੰ ਨਸ਼ੀਲੇ ਪਦਾਰਥਾਂ ਖ਼ਿਲਾਫ਼ ਅੰਦੋਲਨ ਸ਼ੁਰੂ ਕਰਨ ਦੀ ਅਪੀਲ ਕੀਤੀ। ਵੀਰ ਬਾਲ ਦਿਵਸ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਸ਼ਹਾਦਤ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ।

# ਮਨਜੀਤ ਸਿੰਘ ਜੀ.ਕੇ. ਸਾਥੀਆਂ ਸਣੇ ਮੁੜ ਅਕਾਲੀ ਦਲ 'ਚ ਸ਼ਾਮਲ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਪਾਰਟੀ ਵੱਲੋਂ ਸਿੱਖ ਆਬਾਦੀ ਵਾਲੇ ਸਾਰੇ ਸੂਬਿਆਂ ਵਿਚ ਪਾਰਟੀ ਦੀਆਂ ਇਕਾਈਆਂ ਦਾ ਗਠਨ ਕੀਤਾ ਜਾਵੇਗਾ।

ਉਨ੍ਹਾਂ ਇਹ ਐਲਾਨ ਸ੍ਰੀ ਪਟਨਾ ਸਾਹਿਬ ਤੇ ਮੁੰਬਈ ਦੀ ਸਿੱਖ ਸੰਗਤ ਨਾਲ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਰਿਹਾਇਸ਼ ਵਿਖੇ ਕੀਤੀ ਮੀਟਿੰਗ ਉਪਰੰਤ ਕੀਤਾ। ਇਸੇ ਦੌਰਾਨ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਆਪਣੇ ਸਾਥੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਣਾ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਿੱਲੀ ਵਿਚ ਅਕਾਲੀ ਦਲ ਦੀ ਸਥਾਨਕ ਇਕਾਈ ਦੇ ਪ੍ਰਧਾਨ ਅਤੇ ਹੋਰ ਸੀਨੀਅਰ ਲੀਡਰਸ਼ਿਪ ਦੇ ਨਾਲ ਮਨਜੀਤ ਸਿੰਘ ਜੀ.ਕੇ. ਦੀ ਰਿਹਾਇਸ਼ ਵਿਖੇ ਪਹੁੰਚੇ। ਜ਼ਿਕਰਯੋਗ ਹੈ ਕਿ ਦਿੱਲੀ ਦੀ ਸੰਗਤ ਨੇ ਜਾਗੋ ਪਾਰਟੀ ਨੂੰ ਬਹੁਤਾ ਹੁੰਗਾਰਾ ਨਹੀਂ ਦਿੱਤਾ ਸੀ ਅਤੇ ਦਿੱਲੀ ਕਮੇਟੀ ਦੇ ਤਿੰਨ ਮੈਂਬਰ ਹੀ ਪਾਰਟੀ ਵੱਲੋਂ ਜਿੱਤ ਸਕੇ ਸਨ।

## ਸਟੱਡੀ ਵੀਜ਼ਿਆਂ ਨੇ ਪੰਜਾਬੀ ਪਾੜ੍ਹੇ ਕਰਜ਼ਈ ਕੀਤੇ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ 40 ਹਜ਼ਾਰ ਵਿਦਿਆਰਥੀ ਕਰਜ਼ਈ ਹਨ ਜਿਨ੍ਹਾਂ ਵਿਦੇਸ਼ ਪੜ੍ਹਨ ਖਾਤਰ ਬੈਂਕਾਂ ਤੋਂ 'ਵਿੱਦਿਅਕ ਲੋਨ' ਲਿਆ ਹੋਇਆ ਹੈ। ਸਟੱਡੀ ਵੀਜ਼ੇ ਵਾਲੇ ਇਹ ਵਿਦਿਆਰਥੀ ਇਸ ਵੇਲੇ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦੇ ਕਰਜ਼ਈ ਹਨ।

ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਤੋਂ ਇਲਾਵਾ ਸਹਿਕਾਰੀ ਬੈਂਕਾਂ ਨੇ ਜੋ ਵਿੱਦਿਅਕ ਕਰਜ਼ਾ ਦਿੱਤਾ ਹੋਇਆ ਹੈ, ਉਸ ਅਨੁਸਾਰ ਪੰਜਾਬ ਦੇ 38,877 ਵਿਦਿਆਰਥੀਆਂ ਵੱਲ 2891.59 ਕਰੋੜ ਦਾ ਕਰਜ਼ਾ ਖੜ੍ਹਾ ਹੈ। 'ਵਿੱਦਿਅਕ ਲੋਨ' ਲੈਣ ਵਾਲੇ ਬਹੁਗਿਣਤੀ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਵਾਲੇ ਹਨ। ਸਟੇਟ ਲੈਵਲ ਬੈਂਕਰਜ਼ ਕਮੇਟੀ ਦੇ ਇਹ ਤਾਜ਼ਾ ਵੇਰਵੇ ਹਨ ਕਿ 'ਵਿੱਦਿਅਕ ਲੋਨ' ਲੈਣ ਵਾਲਿਆਂ 'ਚੋਂ 13,747 ਲੜਕੀਆਂ ਹਨ ਜਿਨ੍ਹਾਂ ਵੱਲ 924.18 ਕਰੋੜ ਦਾ ਕਰਜ਼ਾ ਬਕਾਇਆ ਹੈ ਜਦਕਿ 3896 ਐਸ.ਸੀ. ਵਰਗ ਦੇ ਵਿਦਿਆਰਥੀ ਹਨ ਜੋ ਹਾਲੇ ਤੱਕ 265.45 ਕਰੋੜ ਦਾ ਕਰਜ਼ਾ ਮੋੜ ਨਹੀਂ ਸਕੇ ਹਨ। ਇਨ੍ਹਾਂ ਬੈਂਕਾਂ ਨੇ ਚਾਲੂ ਵਿੱਤੀ ਵਰ੍ਹੇ ਦੀ ਦੂਸਰੀ ਤਿਮਾਹੀ ਵਿਚ 3855 ਵਿਦਿਆਰਥੀਆਂ ਨੂੰ 475.47 ਕਰੋੜ ਦਾ ਕਰਜ਼ਾ ਦਿੱਤਾ ਹੈ।

# ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਵਾਲੇ ਖੁਦ ਸ਼ਰਾਬ ਘੁਟਾਲੇ 'ਚ ਉਲਝੇ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਸੂਬੇ ਦੀ 'ਆਪ' ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਦਾਅਵੇ ਕਰਨ ਵਾਲੇ ਖੁਦ ਸ਼ਰਾਬ ਘੁਟਾਲੇ ਵਿਚ ਉਲਝ ਗਏ ਹਨ। ਇਸ ਦੇ ਨਾਲ ਹੀ ਸਿੱਧੂ ਨੇ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਨੂੰ ਆਪਣਾ ਛੋਟਾ ਭਰਾ ਦੱਸਿਆ। ਜ਼ਿਕਰਯੋਗ ਹੈ ਕਿ ਜੀਰਾ ਨੇ ਕੁਝ ਦਿਨ ਪਹਿਲਾਂ ਸਿੱਧੂ ਨੂੰ ਪਾਰਟੀ ਵਿਚੋਂ ਕੱਢਣ ਦੀ ਮੰਗ ਕੀਤੀ ਸੀ।

ਕਾਂਗਰਸ ਪਾਰਟੀ ਦੇ ਅੰਦਰ ਹੀ ਵਿਰੋਧ ਹੋਣ ਬਾਰੇ ਪੁੱਛਣ 'ਤੇ ਸ੍ਰੀ ਸਿੱਧੂ ਨੇ ਕਿਹਾ ਕਿ ਵਿਰੋਧ ਵਿਚੋਂ ਹੀ ਵਿਕਾਸ ਹੁੰਦਾ ਹੈ। ਉਹ ਕਦੇ ਕਿਸੇ ਵਰਕਰ ਦੀ ਗੱਲ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੀ ਲੜਾਈ ਨਿੱਜੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਵਿਚ ਰਹਿ ਕੇ ਹੀ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਦੇ ਰਹਿਣਗੇ।

## ਪੰਜਾਬ ਦੇ ਕਈ ਸ਼ਹਿਰ ਸ਼ਿਮਲਾ ਨਾਲੋਂ ਠੰਢੇ

**ਚੰਡੀਗੜ੍ਹ:** ਪੰਜਾਬ ਦਾ ਮੈਦਾਨੀ ਇਲਾਕਾ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨਾਲੋਂ ਵੀ ਠੰਢਾ ਰਿਹਾ ਤੇ ਅੱਧਾ ਦਰਜਨ ਸ਼ਹਿਰ ਸ਼ਿਮਲਾ ਨਾਲੋਂ ਵੀ ਠੰਢੇ ਰਹੇ। ਵੇਰਵਿਆਂ ਅਨੁਸਾਰ ਲੁਧਿਆਣਾ ਸ਼ਹਿਰ ਸਭ ਤੋਂ ਠੰਢਾ ਰਿਹਾ ਜਿੱਥੇ ਘੱਟ ਤੋਂ ਘੱਟ ਤਾਪਮਾਨ 2.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕਿ ਆਮ ਨਾਲੋਂ 3.7 ਡਿਗਰੀ ਸੈਲਸੀਅਸ ਤੱਕ ਘੱਟ ਰਿਹਾ। ਦੱਸਣਯੋਗ ਹੈ ਕਿ ਸ਼ਿਮਲਾ ਦਾ ਘੱਟ ਤੋਂ ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਪੰਜਾਬ ਵਿਚ ਅਗਲੇ ਤਿੰਨ ਦਿਨ ਸੰਘਣੀ ਧੁੰਦ ਪੈਣ ਸਬੰਧੀ ਅਲਰਟ ਜਾਰੀ ਕਰ ਦਿੱਤਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਵਾਹਨ ਚਲਾਉਣ ਸਮੇਂ ਚੌਕਸ ਰਹਿਣ ਦੀ ਅਪੀਲ ਕੀਤੀ ਗਈ ਹੈ। ਪਟਿਆਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਜਲੰਧਰ ਤੇ ਮੋਗਾ ਸ਼ਹਿਰਾਂ ਦਾ ਤਾਪਮਾਨ ਸ਼ਿਮਲਾ ਨਾਲੋਂ ਘੱਟ ਰਿਹਾ। ਪਟਿਆਲਾ ਵਿਚ ਘੱਟ ਤੋਂ ਘੱਟ ਤਾਪਮਾਨ 4.8 ਡਿਗਰੀ, ਬਠਿੰਡਾ ਵਿਚ 4.6, ਫਿਰੋਜ਼ਪੁਰ 4.5, ਜਲੰਧਰ 'ਚ 3.7 ਡਿਗਰੀ ਦਰਜ ਕੀਤਾ ਗਿਆ।

# ਸਿਰੜ ਅਤੇ ਸਿਦਕ ਕਾਇਮ ਰੱਖਦਿਆਂ ਚੁਣੌਤੀਆਂ ਦਾ ਸਾਹਮਣਾ ਕੀਤਾ: ਟਰੂਡੋ

**ਵੈਨਕੂਵਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਅਤੇ ਪਾਰਟੀ ਲੀਡਰਸ਼ਿਪ ਤੋਂ ਪਾਸੇ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਵਿਰੋਧੀਆਂ ਵੱਲੋਂ ਦੇਸ਼ ਵਿਚ ਉਸ ਵਿਰੁੱਧ ਹਵਾ ਬਣਾਈ ਜਾ ਰਹੀ ਹੈ। ਮੀਡੀਆ ਨਾਲ ਗੱਲ ਕਰਦਿਆਂ ਟਰੂਡੋ ਨੇ ਕਿਹਾ ਕਿ ਬੇਸ਼ੱਕ 2023 ਦਾ ਸਾਲ ਉਨ੍ਹਾਂ ਦੀ ਸਰਕਾਰ ਲਈ ਚੁਣੌਤੀਆਂ ਭਰਿਆ ਸੀ, ਪਰ ਉਨ੍ਹਾਂ ਨੇ ਸਿਰੜ ਤੇ ਸਿਦਕ ਕਾਇਮ ਰੱਖਦਿਆਂ ਚੁਣੌਤੀਆਂ ਸਹਿਣ ਦੇ ਨਾਲ ਨਾਲ ਵੱਡੇ ਕੰਮ ਵੀ ਕੀਤੇ, ਜਿਨ੍ਹਾਂ ਵਿਚ ਚੋਣਾਂ 'ਚ ਵਿਦੇਸ਼ੀ ਦਖਲ ਦੀ ਜਾਂਚ ਤੇ ਮਿੱਤਰ ਦੇਸ਼ਾਂ ਨਾਲ ਸਾਂਝ ਨੂੰ ਮਜ਼ਬੂਤ ਕਰਨਾ ਪ੍ਰਮੁੱਖ ਹਨ। ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਮੰਦੀ ਦੇ ਜਿਸ ਦੌਰ 'ਚੋਂ ਦੁਨੀਆਂ ਲੰਘ ਰਹੀ ਹੈ, ਉਹ ਸੁਖਾਲਾ ਨਹੀਂ, ਪਰ ਉਨ੍ਹਾਂ ਦੀ ਸਰਕਾਰ ਹਰ ਕਦਮ ਫੂਕ ਫੂਕ ਕੇ ਕੇ ਧਰ ਕੇ ਅੱਗੇ ਜਾ ਰਹੀ ਹੈ; ਆਰਥਿਕਤਾ ਦੀ ਰਫਤਾਰ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤੀ ਮੱਠੀ ਨਹੀਂ ਪੈਣ ਦਿੱਤੀ।

ਇਕ ਸਵਾਲ ਦੇ ਜਵਾਬ 'ਚ ਜਸਟਿਨ ਟਰੂਡੋ ਨੇ ਕਿਹਾ ਕਿ ਬੇਸ਼ੱਕ ਵਿਰੋਧੀ ਆਗੂ ਪੀਅਰ ਪੋਲਿਵਰ ਵੱਲੋਂ ਕਾਰਬਨ ਟੈਕਸ ਨੂੰ ਵੱਡਾ ਮੁੱਦਾ ਬਣਾ ਕੇ ਪਾਰਲੀਮੈਂਟ ਅਤੇ ਹੋਰ ਥਾਵਾਂ ਤੇ ਪੇਸ਼ ਕਰਨ ਵਿਚ ਕਸਰ ਨਹੀਂ ਛੱਡੀ ਗਈ, ਪਰ ਉਨ੍ਹਾਂ ਦੀ ਸਰਕਾਰ ਨੇ ਸਮਾਜ ਦੇ ਹਰ ਵਰਗ ਅਤੇ ਖੇਤਰੀ ਲੋੜਾਂ ਵੱਲ ਉਚੇਚਾ ਧਿਆਨ ਦਿੰਦੇ ਹੋਏ ਕਾਰਗਰ ਕਦਮ ਪੁੱਟੇ ਹਨ।

# ਜਥੇਦਾਰ ਗੁਰਦੇਵ ਸਿੰਘ ਕਾਉਂਕੇ ਬਾਰੇ ਪੁਲਿਸ ਰਿਪੋਰਟ ਨਸ਼ਰ

*(ਪਹਿਲੇ ਸਫੇ ਦੀ ਬਾਕੀ)*

ਕੀਤੀ ਕਾਰਵਾਈ ਦਾ ਖੁਲਾਸਾ ਹੋਇਆ। ਰਿਪੋਰਟ ਮੁਤਾਬਕ ਦਸੰਬਰ 1992 ਵਿਚ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਨ੍ਹਾਂ ਦੇ ਪਿੰਡ ਤੋਂ ਥਾਣੇ ਲੈ ਕੇ ਗਈ ਸੀ ਪਰ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਹੈ।

ਮਨੁੱਖੀ ਅਧਿਕਾਰ ਕਾਰਕੁਨ ਵੱਲੋਂ ਇਹ ਰਿਪੋਰਟ ਅਕਾਲ ਤਖਤ ਵਿਖੇ ਸੌਂਪਣ ਮਗਰੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਇਸ ਮਾਮਲੇ ਵਿਚ ਢੁਕਵੀਂ ਕਾਰਵਾਈ ਕਰਨ। ਮਨੁੱਖੀ ਅਧਿਕਾਰ ਕਾਰਕੁਨ ਨੇ ਇਸ ਨਾਲ ਜੋੜੀ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ ਸੀ ਕਿ ਭਾਈ ਕਾਉਂਕੇ ਨੂੰ ਪੁਲਿਸ ਤਸ਼ੱਦਦ ਦੌਰਾਨ ਕਤਲ ਕਰ ਦਿੱਤਾ ਗਿਆ ਸੀ ਅਤੇ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ।

ਰਿਪੋਰਟ ਵਿਚ ਸਾਫ ਲਿਖਿਆ ਗਿਆ ਹੈ ਕਿ ਇਹ ਗੱਲ ਵਿਸ਼ਵਾਸਯੋਗ ਨਹੀਂ ਹੈ ਕਿ ਗੁਰਦੇਵ ਸਿੰਘ ਕਾਉਂਕੇ ਪਿੰਡ ਕੰਨੀਆਂ ਦੀ ਹੱਦ ਉੱਤੇ ਖਾੜਕੂਆਂ ਅਤੇ ਪੁਲਿਸ ਪਾਰਟੀ ਦਰਮਿਆਨ ਹੋਈ ਗੋਲੀਬਾਰੀ ਦੌਰਾਨ ਬੈਲਟ ਤੋੜ ਕੇ ਭੱਜ ਗਏ ਸਨ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਾਰੇ ਬਿਆਨਾਂ ਦੀ ਘੋਖ ਕਰਨ ਤੋਂ ਬਾਅਦ ਲੱਗਦਾ ਹੈ ਕਿ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚ ਰੱਖ ਕੇ ਝੂਠਾ ਕੇਸ ਬਣਾਉਣ ਦੀ ਕਹਾਣੀ ਦਾ ਸਾਰੇ ਛੋਟੇ ਅਤੇ ਵੱਡੇ ਅਫਸਰਾਂ ਨੂੰ ਪਤਾ ਸੀ ਪਰ ਉਸ ਸਮੇਂ ਪੁਲਿਸ ਅੰਦਰ ਜੋ ਮਾਹੌਲ ਸੀ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਅਧਿਕਾਰੀ ਜਾਂ ਤਾਂ ਜ਼ਿਮਨੀਆਂ ਲਿਖਦੇ ਹੀ ਨਹੀਂ ਸਨ ਜਾਂ ਛੋਟੇ ਅਫਸਰਾਂ ਦੁਆਰਾ ਲਿਖੀ ਜ਼ਿਮਨੀ ਉੱਤੇ ਬਿਨਾਂ ਪੜ੍ਹੇ ਦਸਤਖ਼ਤ ਕਰਦੇ ਰਹੇ ਸਨ। ਇਸ ਰਿਪੋਰਟ ਵਿਚ ਲਿਖਿਆ ਹੈ ਕਿ ਪੰਜਾਬ ਪੁਲਿਸ ਨੇ ਸਿਪਾਹੀ ਤਰਸੇਮ ਸਿੰਘ ਨੂੰ ਤਰੱਕੀ ਦੇ ਦਿੱਤੀ ਸੀ ਜਿਸ ਦੀ ਹਿਰਾਸਤ ਤੋਂ ਪੁਲਿਸ ਦੀ ਕਹਾਣੀ ਦੇ ਅਨੁਸਾਰ ਗੁਰਦੇਵ ਸਿੰਘ ਕਾਉਂਕੇ ਫਰਾਰ ਹੋ ਗਿਆ ਸੀ। ਚੇਤੇ ਰਹੇ ਕਿ ਉਸ ਦੌਰ ਵਿਚ ਝੂਠੇ ਮੁਕਾਬਲੇ ਬਣਾ ਕੇ ਸਿੱਖ ਨੌਜਵਾਨਾਂ ਨੂੰ ਮਾਰਨ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ। ਇਸ ਵਰ੍ਹੇ ਹੀ ਅਦਾਲਤ ਨੇ ਤਕਰੀਬਨ ਅੱਧੀ ਦਰਜਨ ਅਜਿਹੇ ਮਾਮਲਿਆਂ ਵਿਚ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਸੁਣਾਈ ਹੈ। ਇਨਸਾਫ ਲਈ ਸੈਂਕੜੇ ਕੇਸ ਅਜੇ ਉਡੀਕ ਵਿਚ ਹਨ।

ਇਸੇ ਦੌਰਾਨ, ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਰਿਪੋਰਟ ਭੇਜ ਕੇ ਇਸ ਦੀ ਕਾਨੂੰਨੀ ਪੱਖਾਂ ਤੋਂ ਘੋਖ ਕਰਦਿਆਂ ਢੁਕਵੀਂ ਕਾਰਵਾਈ ਕਰਨ ਅਤੇ ਕਾਤਲਾਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕਰਵਾਉਣ ਲਈ ਆਦੇਸ਼ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਕੇਂਦਰੀ ਖੇਡ ਮੰਤਰਾਲੇ ਵੱਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਮੁਅੱਤਲ



**ਨਵੀਂ ਦਿੱਲੀ:** ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊ.ਐਫ.ਆਈ.) ਨੂੰ ਅਗਲੇ ਹੁਕਮਾਂ ਤੱਕ ਮੁਅੱਤਲ ਕਰ ਦਿੱਤਾ ਹੈ ਕਿਉਂਕਿ ਨਵੀਂ ਚੁਣੀ ਸੰਸਥਾ ਨੇ ਢੁਕਵੀਂ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਅਤੇ ਪਹਿਲਵਾਨਾਂ ਨੂੰ ਤਿਆਰੀ ਲਈ ਢੁਕਵਾਂ ਸਮਾਂ ਦਿੱਤੇ ਬਿਨਾਂ ਅੰਡਰ-15 ਤੇ ਅੰਡਰ-20 ਕੌਮੀ ਚੈਂਪੀਅਨਸ਼ਿਪ ਕਰਾਉਣ ਦਾ ਜਲਦਬਾਜ਼ੀ ਨਾਲ ਐਲਾਨ ਕਰ ਦਿੱਤਾ ਸੀ।

ਮੰਤਰਾਲੇ ਨੇ ਨਾਲ ਹੀ ਕਿਹਾ ਕਿ ਨਵੀਂ ਸੰਸਥਾ ਪੂਰੀ ਤਰ੍ਹਾਂ ਨਾਲ ਸਾਬਕਾ ਅਹੁਦੇਦਾਰਾਂ ਦੇ ਕੰਟਰੋਲ ਹੇਠ ਕੰਮ ਕਰ ਰਹੀ ਸੀ। ਖੇਡ ਮੰਤਰਾਲੇ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ.ਓ.ਏ.) ਨੂੰ ਪੱਤਰ ਲਿਖ ਕੇ ਡਬਲਿਊ.ਐਫ.ਆਈ. ਦੇ ਮਾਮਲਿਆਂ ਦੇ ਪ੍ਰਬੰਧਨ ਤੇ ਕੰਟਰੋਲ ਲਈ ਐਡਹਾਕ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਡਬਲਿਊ.ਐਫ.ਆਈ. ਦੀਆਂ ਚੋਣਾਂ 21 ਦਸੰਬਰ ਨੂੰ ਹੋਈਆਂ ਸਨ ਜਿਸ ਵਿਚ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਨਜਦੀਕੀ ਸੰਜੈ ਸਿੰਘ ਤੇ ਉਸ ਦੇ ਪੈਨਲ ਨੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਸੀ।

ਖੇਡ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ, 'ਨਵੀਂ ਸੰਸਥਾ ਨੇ ਡਬਲਿਊ.ਐਫ.ਆਈ. ਦੇ ਸੰਵਿਧਾਨ ਦਾ ਪਾਲਣ ਨਹੀਂ ਕੀਤਾ। ਫੈਡਰੇਸ਼ਨ ਅਗਲੇ ਹੁਕਮਾਂ ਤੱਕ ਮੁਅੱਤਲ ਰਹੇਗੀ। ਡਬਲਿਊ.ਐਫ.ਆਈ. ਕੁਸ਼ਤੀ ਦਾ ਰੋਜ਼ਾਨਾ ਦਾ ਕੰਮਕਾਰ ਨਹੀਂ ਦੇਖੇਗੀ। ਉਨ੍ਹਾਂ ਨੂੰ ਢੁਕਵੀਂ ਪ੍ਰਕਿਰਿਆ ਤੇ ਨਿਯਮਾਂ ਦਾ ਪਾਲਣ ਕਰਨ ਦੀ ਲੋੜ ਹੈ।' ਵਿਨੇਸ਼ ਫੋਗਾਟ ਤੇ ਸਾਕਸ਼ੀ ਮਲਿਕ ਨਾਲ ਬ੍ਰਿਜਭੂਸ਼ਨ ਖਿਲਾਫ ਸੰਘਰਸ਼ ਦੀ ਅਗਵਾਈ ਕਰਨ ਵਾਲੇ ਚੋਟੀ ਦੇ ਪਹਿਲਵਾਨ ਬਜਰੰਗ ਪੂਨੀਆ ਨੇ ਸਾਬਕਾ ਪ੍ਰਧਾਨ ਦੇ ਨਜਦੀਕੀ ਸੰਜੈ ਸਿੰਘ ਦੇ ਡਬਲਿਊ.ਐਫ.ਆਈ. ਪ੍ਰਧਾਨ ਬਣਨ ਦੇ ਵਿਰੋਧ 'ਚ ਆਪਣਾ ਪਦਮਸ੍ਰੀ ਪੁਰਸਕਾਰ ਸਰਕਾਰ ਨੂੰ ਮੋੜ ਦਿੱਤਾ ਸੀ। ਇਸ ਤੋਂ ਇਕ ਦਿਨ ਪਹਿਲਾਂ ਸਾਕਸ਼ੀ ਨੇ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਸੀ।

ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਨਜਦੀਕੀ ਸੰਜੈ ਸਿੰਘ ਦੇ ਦੇ ਪ੍ਰਧਾਨ ਬਣਨ ਦੇ ਵਿਰੋਧ ਵਿਚ ਪਦਮਸ੍ਰੀ ਪੁਰਸਕਾਰ ਸਰਕਾਰ ਨੂੰ ਮੋੜਨ ਵਾਲੇ ਬਜਰੰਗ ਪੂਨੀਆ ਨੇ ਕਿਹਾ ਕਿ ਉਹ ਇਸ ਨੂੰ ਵਾਪਸ ਨਹੀਂ ਲੈਣਗੇ। ਟੋਕੀਓ ਓਲੰਪਿਕਸ 'ਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਬਜਰੰਗ ਨੇ ਕਿਹਾ, 'ਹੁਣ ਮੈਂ ਆਪਣਾ ਪੁਰਸਕਾਰ ਵਾਪਸ ਕਰ ਦਿੱਤਾ ਹੈ ਅਤੇ ਮੈਂ ਉਸ ਨੂੰ ਵਾਪਸ ਲੈਣ ਨਹੀਂ ਜਾ ਰਿਹਾ। ਸਾਡੀਆਂ ਭੈਣਾਂ ਤੇ ਧੀਆਂ ਦਾ ਸਨਮਾਨ ਕਿਸੇ ਵੀ ਪੁਰਸਕਾਰ ਤੋਂ ਵੱਡਾ ਹੈ। ਸਾਰਿਆਂ ਨੇ ਦੇਖਿਆ ਹੋਵੇਗਾ ਕਿ ਕੀ ਹੋ ਰਿਹਾ ਹੈ। ਨਿਆਂ ਮਿਲਣ ਮਗਰੋਂ ਹੀ ਮੈਂ ਇਸ ਨੂੰ ਵਾਪਸ ਲੈਣ ਬਾਰੇ ਵਿਚਾਰ ਕਰਾਂਗਾ। ਮਾਮਲਾ ਅਦਾਲਤ ਵਿਚ ਹੈ ਅਤੇ ਅਸੀਂ ਨਿਆਂ ਦੀ ਉਡੀਕ ਕਰ ਰਹੇ ਹਾਂ।'

## ਮੇਰਾ ਕੁਸ਼ਤੀ ਨਾਲ ਕੋਈ ਲੈਣ-ਦੇਣ ਨਹੀਂ: ਬ੍ਰਿਜ ਭੂਸ਼ਨ

**ਨਵੀਂ ਦਿੱਲੀ:** ਭਾਜਪਾ ਦੇ ਸੰਸਦ ਮੈਂਬਰ ਅਤੇ ਕੁਸ਼ਤੀ ਮਹਾਸੰਘ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਖੇਡ ਤੋਂ ਸਾਰੇ ਸਬੰਧ ਤੋੜ ਲਏ ਹਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੀ ਹੋਣ ਵਾਲੀ ਮੁਲਾਕਾਤ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪੱਤਰਕਾਰਾਂ ਅੱਗੇ ਉਸ ਨੇ ਪੁਸ਼ਟੀ ਕੀਤੀ ਕਿ ਉਸ ਨੇ ਖੇਡ ਨਾਲੋਂ ਸਾਰੇ ਸਬੰਧ ਤੋੜ ਲਏ ਹਨ ਅਤੇ ਖੇਡ ਨਾਲ ਸਬੰਧਤ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੋਵੇਗਾ। ਉਸ ਨੇ ਕਿਹਾ ਕਿ ਨਵਾਂ ਪ੍ਰਧਾਨ ਸੰਜੈ ਸਿੰਘ ਆਪਣਾ ਕੰਮ ਕਰ ਰਿਹਾ ਹੈ ਤੇ ਮੈਂ ਆਪਣਾ ਕਰ ਰਿਹਾ ਹਾਂ। ਕੁਸ਼ਤੀ ਦਾ ਮੁੱਦਾ ਸਰਕਾਰ ਅਤੇ ਚੁਣੇ ਹੋਏ ਫੈਡਰੇਸ਼ਨ ਵਿਚਕਾਰ ਹੈ, ਮੇਰਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।'

## ਫੈਡਰੇਸ਼ਨ ਮਾਮਲੇ 'ਚ ਕੇਂਦਰ ਦੇਰ ਨਾਲ ਜਾਗਿਆ: ਸੰਧਵਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖੇਡ ਮੰਤਰਾਲੇ ਵੱਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊ.ਐਫ.ਆਈ.) ਨੂੰ ਮੁਅੱਤਲ ਕਰਨ ਦੇ ਫੈਸਲੇ ਨੂੰ ਕੇਂਦਰ ਵੱਲੋਂ ਭਾਰੀ ਜਨਤਕ ਦਬਾਅ ਹੇਠ ਦੇਰੀ ਨਾਲ ਲਿਆ ਗਿਆ ਫੈਸਲਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਬ੍ਰਿਜ ਭੂਸ਼ਣ ਸਿੰਘ 'ਤੇ ਲੱਗੇ ਜਬਰ-ਜਨਾਹ ਅਤੇ ਛੇੜਛਾੜ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੀ ਨਵੀਂ ਚੁਣੀ ਹੋਈ ਬਾਡੀ ਨੂੰ ਤੁਰਤ ਪ੍ਰਭਾਵ ਤੋਂ ਖਾਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਪਾਰਦਰਸ਼ੀ ਢੰਗ ਨਾਲ ਨਵੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

# ਜਸਟਿਨ ਟਰੂਡੋ ਦੇ ਸਿਆਸੀ ਭਵਿੱਖ ਲਈ ਵੱਡੀ ਚੁਣੌਤੀ

**ਵਿਨੀਪੈੱਗ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਆਪਣੇ ਦੇਸ ਦੇ ਲੋਕ ਹੀ ਉਨ੍ਹਾਂ ਦੇ ਹੱਕ ਵਿਚ ਨਹੀਂ ਹਨ। ਇਹ ਗੱਲ ਇਕ ਸਰਵੇਖਣ 'ਚ ਸਾਹਮਣੇ ਆਈ ਹੈ। ਸਰਵੇਖਣ ਮੁਤਾਬਕ ਦੋ ਤਿਹਾਈ ਕੈਨੇਡੀਅਨ ਵੋਟਰ ਚਾਹੁੰਦੇ ਹਨ ਕਿ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ।

ਰਿਪੋਰਟ ਅਨੁਸਾਰ ਕਰੀਬ 60 ਫੀਸਦ ਲੋਕਾਂ ਦਾ ਮੰਨਣਾ ਹੈ ਕਿ ਦੇਸ ਵਿਚ ਅਗਲੇ ਸਾਲ ਫੈੱਡਰਲ ਚੋਣਾਂ ਹੋਣੀਆਂ ਚਾਹੀਦੀਆਂ ਹਨ, ਜਦਕਿ ਕੈਨੇਡਾ ਵਿਚ 2025 ਵਿਚ ਚੋਣਾਂ ਕਰਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ 69 ਫੀਸਦੀ ਲੋਕ ਚਾਹੁੰਦੇ ਹਨ ਕਿ ਟਰੂਡੋ ਚੋਣਾਂ ਤੋਂ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣ। ਇਕ ਦਿਲਚਸਪ ਗੱਲ ਇਹ ਹੈ ਕਿ 63 ਫੀਸਦੀ ਲੋਕ ਇਹ ਵੀ ਮੰਨਦੇ ਹਨ ਕਿ ਜਸਟਿਨ ਟਰੂਡੋ ਅਸਤੀਫਾ ਨਹੀਂ ਦੇਣਗੇ। ਦਰਅਸਲ ਜਸਟਿਨ ਟਰੂਡੋ ਨੇ ਵੀ ਹਾਲ ਹੀ 'ਚ ਇਕ ਇੰਟਰਵਿਊ ਵਿਚ ਸਪਸ਼ਟ ਕੀਤਾ



ਸੀ ਕਿ ਉਹ ਕਿਤੇ ਨਹੀਂ ਜਾ ਰਹੇ ਹਨ। ਉਨ੍ਹਾਂ ਕੈਨੇਡੀਅਨ ਪ੍ਰੈੱਸ ਨਿਊਜ਼ ਏਜੰਸੀ ਨੂੰ ਕਿਹਾ, 'ਤੁਸੀਂ ਇਸ 'ਤੇ ਵਿਸ਼ਵਾਸ ਨਹੀਂ ਕਰੋਗੇ, ਪਰ ਮੈਂ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੁੰਦਾ।'

ਇਹ ਵੀ ਚਰਚਾ ਹੈ ਕਿ ਕੀ ਜਸਟਿਨ ਟਰੂਡੋ ਦਾ ਅਹੁਦੇ ਤੋਂ ਅਸਤੀਫਾ ਉਨ੍ਹਾਂ ਦੀ ਲਿਬਰਲ ਪਾਰਟੀ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਇਕ ਤਾਜ਼ਾ ਸਰਵੇਖਣ 'ਚ ਲਿਬਰਲ ਪਾਰਟੀ ਚੋਣਾਂ ਦੇ ਮਾਮਲੇ 'ਚ ਕੰਜ਼ਰਵੇਟਿਵ ਪਾਰਟੀ ਤੋਂ ਪਛੜਦੀ ਨਜ਼ਰ ਆ ਰਹੀ ਹੈ। ਇਸ ਸਥਿਤੀ ਨੇ ਲਿਬਰਲ ਪਾਰਟੀ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ। ਜੇਕਰ ਉਹ ਟਰੂਡੋ ਦੀ ਥਾਂ ਕੋਈ ਹੋਰ ਚਿਹਰਾ ਅੱਗੇ ਰੱਖਦੀ ਹੈ ਤਾਂ ਉਸ ਲਈ ਇਸ ਨੂੰ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਇਸ ਤੋਂ ਇਲਾਵਾ ਜੇਕਰ ਟਰੂਡੋ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਤਾਂ ਜਨਤਾ ਦੀ ਰਾਏ ਨੂੰ ਦੇਖਦੇ ਹੋਏ ਸੰਕਟ ਦੀ ਸਥਿਤੀ ਬਣ ਜਾਵੇਗੀ। ਇਸ ਤਰ੍ਹਾਂ ਟਰੂਡੋ ਨੂੰ ਲੈ ਕੇ ਲਿਬਰਲ ਪਾਰਟੀ ਦੁਚਿੱਤੀ ਵਿਚ ਹੈ।

ਟਰੂਡੋ ਦੀ ਥਾਂ ਲੈਣ ਦੀ ਦੌੜ ਵਿਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਕੈਬਨਿਟ ਮੰਤਰੀਆਂ ਮੇਲਾਨੀਆ ਜੌਲੀ, ਫਰਾਂਸਿਸ ਫਿਲਿਪ ਸੈਂਪੇਨ ਤੇ ਭਾਰਤੀ-ਕੈਨੇਡੀਅਨ ਅਨੀਤਾ ਆਨੰਦ ਦੇ ਨਾਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਦੋ ਬੈਂਕਾਂ ਦੇ ਗਵਰਨਰ ਮਾਰਕ ਕਾਰਨੇ ਦਾ ਨਾਂ ਵੀ ਪੇਸ਼ ਕੀਤਾ ਜਾ ਰਿਹਾ ਹੈ।

## ਭਾਰਤ ਵਿਰੋਧੀ ਕੱਟੜਪੰਥੀਆਂ ਨੂੰ ਵਿਦੇਸ਼ਾਂ 'ਚ ਥਾਂ ਨਹੀਂ ਮਿਲਣੀ ਚਾਹੀਦੀ: ਜੈਸ਼ੰਕਰ

**ਗਾਂਧੀਨਗਰ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਮਰੀਕਾ ਵਿਚ ਮੰਦਰ ਦੀਆਂ ਕੰਧਾਂ 'ਤੇ ਭਾਰਤ ਵਿਰੋਧੀ ਨਾਅਰੇ ਲਿਖਣ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਭਾਰਤ ਤੋਂ ਬਾਹਰ ਕੱਟੜਪੰਥੀਆਂ ਅਤੇ ਵੱਖਵਾਦੀ ਤਾਕਤਾਂ ਨੂੰ ਅਜਿਹੀ ਜਗ੍ਹਾ ਨਹੀਂ ਮਿਲਣੀ ਚਾਹੀਦੀ। ਉਹ ਇੱਥੇ ਰਾਸ਼ਟਰੀ ਰਕਸਾ ਯੂਨੀਵਰਸਿਟੀ ਦੀ ਤੀਜੀ ਕਨਵੋਕੇਸ਼ਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ,'ਮੈਂ ਖਬਰ ਦੇਖੀ ਹੈ, ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਇਸ ਬਾਰੇ ਚਿੰਤਤ ਹਾਂ। ਭਾਰਤ ਤੋਂ ਬਾਹਰ ਕੱਟੜਪੰਥੀ ਅਤੇ ਵੱਖਵਾਦੀ ਤਾਕਤਾਂ ਨੂੰ ਜਗ੍ਹਾ ਨਹੀਂ ਮਿਲਣੀ ਚਾਹੀਦੀ। ਸਾਡੇ ਵਣਜ ਦੂਤਘਰ ਨੇ ਜੋ ਵੀ ਹੋਇਆ, ਉਸ ਬਾਰੇ (ਯੂ.ਐਸ.) ਸਰਕਾਰ ਅਤੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਮੈਨੂੰ ਵਿਸ਼ਵਾਸ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।'

## ਪੇਟੀਐੱਮ ਵੱਲੋਂ ਸੈਂਕੜੇ ਮੁਲਾਜ਼ਮਾਂ ਦੀ ਛਾਂਟੀ

**ਨਵੀਂ ਦਿੱਲੀ:** ਪੇਟੀਐਮ ਨੇ ਨਵਾਂ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਕਰਮਚਾਰੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਰਿਪੋਰਟਾਂ ਦੇ ਅਨੁਸਾਰ ਪੇਟੀਐਮ ਦੀ ਮੂਲ ਕੰਪਨੀ ਵਨ97 ਕਮਿਊਨੀਕੇਸ਼ਨਸ ਨੇ 1000 ਤੋਂ ਵੱਧ ਕਰਮਚਾਰੀਆਂ ਨੂੰ ਕੱਢ ਦਿੱਤਾ ਹੈ। ਰਿਪੋਰਟ ਦੇ ਅਨੁਸਾਰ ਪੇਟੀਐਮ ਵੱਖ-ਵੱਖ ਕਾਰੋਬਾਰਾਂ ਨੂੰ ਮੁੜ ਸੰਗਠਿਤ ਕਰਨ ਦੀ ਪ੍ਰਕਿਰਿਆ ਵਿਚ ਹੈ ਅਤੇ ਇਸ ਤਰ੍ਹਾਂ ਕੰਪਨੀ ਨੇ ਲਾਗਤ ਨੂੰ ਘਟਾਉਣ ਲਈ ਵੱਡੀ ਛਾਂਟੀ ਕੀਤੀ ਹੈ। ਕੰਪਨੀ ਦੀ ਇਸ ਛਾਂਟੀ ਕਾਰਨ ਉਸ ਦੇ ਕੁੱਲ ਮੁਲਾਜ਼ਮਾਂ ਦੇ 10 ਫੀਸਦ ਪ੍ਰਭਾਵਿਤ ਹੋਣਗੇ। ਲੇ-ਆਫ ਤੋਂ ਇਲਾਵਾ ਕੰਪਨੀ ਨੇ ਸਮਾਲ ਟਿਕਟ ਕੰਜ਼ਿਊਮਰ ਲੈਂਡਿੰਗ ਅਤੇ ਬਾਇ ਨਾਓ ਪੇਅ ਲੇਟਰ ਵਰਗੀਆਂ ਸੇਵਾਵਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ।

## ਸੁਪਰੀਮ ਕੋਰਟ ਨੇ ਇਮਰਾਨ ਦੀ ਸਜ਼ਾ ਵਿਰੁੱਧ ਦਾਇਰ ਅਪੀਲ ਮੋੜੀ

**ਇਸਲਾਮਾਬਾਦ:** ਪਾਕਿਸਤਾਨ 'ਚ ਸੁਪਰੀਮ ਕੋਰਟ ਦੇ ਰਜਿਸਟਰਾਰ ਦਫਤਰ ਨੇ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਿੰਨ ਸਾਲ ਦੀ ਸਜ਼ਾ ਰੱਦ ਕਰਨ ਦੀ ਅਪੀਲ ਵਾਪਸ ਕਰ ਦਿੱਤੀ ਹੈ। ਦਫਤਰ ਨੇ ਸੰਵਿਧਾਨ ਦੀ ਧਾਰਾ 185 ਤਹਿਤ ਇਹ ਅਪੀਲ ਵਾਪਸ ਕਰ ਕੀਤੀ। ਖਾਨ ਨੇ ਆਪਣੇ ਵਕੀਲ ਰਾਹੀਂ ਅਪੀਲ ਕਰਦਿਆਂ ਇਸਲਾਮਾਬਾਦ ਹਾਈ ਕੋਰਟ ਦੇ 11 ਦਸੰਬਰ, 2023 ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਮਾਮਲਾ ਸਰਕਾਰੀ ਤੋਹਫੇ ਵੇਚਣ ਨਾਲ ਸਬੰਧਿਤ ਹੈ। ਰਜਿਸਟਰਾਰ ਦਫਤਰ ਨੇ ਕਿਹਾ ਕਿ ਅਪੀਲ ਵਿਚ ਕਈ ਕਮੀਆਂ ਹਨ ਤੇ ਇਹ ਅਧੂਰੀ ਹੈ। ਇਸ ਲਈ ਇਸ ਨੂੰ ਮੋੜ ਦਿੱਤਾ ਗਿਆ ਹੈ। ਇਮਰਾਨ ਨੂੰ 5 ਅਗਸਤ ਨੂੰ ਦੋਸ਼ੀ ਠਹਿਰਾਇਆ ਤੇ ਗ੍ਰਿਫਤਾਰ ਕੀਤਾ ਸੀ ਪਰ ਇਸਲਾਮਾਬਾਦ ਹਾਈ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਹੋਰਨਾਂ ਕੇਸਾਂ ਵਿਚ ਗ੍ਰਿਫਤਾਰੀ ਕਾਰਨ ਉਹ ਰਿਹਾਅ ਨਹੀਂ ਹੋ ਸਕੇ ਹਨ।

## ਅਦਾਕਾਰ ਅਰਬਾਜ਼ ਖ਼ਾਨ ਤੇ ਸ਼ੌਰਾ ਖਾਨ ਨੇ ਨਿਕਾਹ ਕੀਤਾ

**ਮੁੰਬਈ:** ਅਭਿਨੇਤਾ ਅਤੇ ਨਿਰਮਾਤਾ ਅਰਬਾਜ਼ ਖਾਨ ਅਤੇ ਮੇਕਅੱਪ ਆਰਟਿਸਟ ਸ਼ੌਰਾ ਖਾਨ ਦਾ ਵਿਆਹ ਬਹੁਤ ਹੀ ਨਿੱਜੀ ਸਮਾਰੋਹ ਵਿਚ ਹੋਇਆ। ਇਹ ਸਮਾਰੋਹ ਅਰਬਾਜ਼ ਦੀ ਭੈਣ ਅਰਪਿਤਾ ਖਾਨ ਸ਼ਰਮਾ ਦੇ ਘਰ ਕੀਤਾ ਗਿਆ ਸੀ। ਅਰਬਾਜ਼ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ਉਤੇ ਵਿਆਹ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ। ਸ਼ੌਰਾ ਨਾਲ ਤਸਵੀਰ ਸੇਅਰ ਕਰਦੇ ਹੋਏ ਅਦਾਕਾਰ ਨੇ ਲਿਖਿਆ, 'ਸਾਡੇ ਨਜਦੀਕੀਆਂ ਦੀ ਮੌਜੂਦਗੀ ਵਿਚ ਮੈਂ ਅਤੇ ਮੇਰਾ ਪਿਆਰ ਅੱਜ ਤੋਂ ਇਕ ਦੂਜੇ ਨਾਲ ਇਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਦੇ ਹਾਂ। ਸਾਡੇ ਇਸ ਖਾਸ ਦਿਨ 'ਤੇ ਸਾਨੂੰ ਤੁਹਾਡੇ ਆਸ਼ੀਰਵਾਦ ਅਤੇ ਦੁਆਵਾਂ ਦੀ ਲੋੜ ਹੈ।' ਵਿਆਹ ਸਮਾਰੋਹ 'ਚ ਅਰਬਾਜ਼ ਦੇ ਬੇਟੇ ਅਰਹਾਨ ਤੋਂ ਇਲਾਵਾ ਉਸ ਦੇ ਮਾਤਾ-ਪਿਤਾ ਸਲੀਮ ਖਾਨ ਅਤੇ ਸਲਮਾ ਖਾਨ, ਉਸ ਦੀ ਮਤਰੇਈ ਮਾਂ ਹੈਲਨ, ਉਸ ਦੇ ਭਰਾ ਸਲਮਾਨ ਖਾਨ ਅਤੇ ਸੋਹੇਲ ਖਾਨ, ਭਤੀਜੇ ਨਿਰਵਾਨ ਖਾਨ, ਭੈਣ ਅਲਵੀਰਾ ਖਾਨ ਅਗਨੀਹੋਤਰੀ ਅਤੇ ਜੀਜਾ ਅਤੁਲ ਅਗਨੀਹੋਤਰੀ ਨੇ ਵੀ ਸ਼ਿਰਕਤ ਕੀਤੀ। ਲੂਲੀਆ ਵੰਤੂਰ ਅਤੇ ਰਵੀਨਾ ਟੰਡਨ ਨੇ ਵੀ ਵਿਆਹ ਸਮਾਰੋਹ 'ਚ ਸ਼ਿਰਕਤ ਕੀਤੀ। ਅਰਬਾਜ਼ ਦੀ ਸਾਬਕਾ ਪਤਨੀ ਮਾਡਲ ਅਤੇ ਅਦਾਕਾਰਾ ਮਲਾਇਕਾ ਅਰੋੜਾ ਹੈ। ਦੋਹਾਂ ਨੇ ਵਿਆਹ ਦੇ 19 ਸਾਲ ਬਾਅਦ ਵੱਖ ਹੋਣ ਦਾ ਫੈਸਲਾ ਕੀਤਾ ਸੀ। ਦੋਵਾਂ ਦਾ ਬੇਟਾ ਅਰਹਾਨ ਖਾਨ ਹੈ।



# ਸਲਾਮਤੀ ਕੌਂਸਲ ਵੱਲੋਂ ਮਾਨਵੀ ਸਹਾਇਤਾ ਵਧਾਉਣ ਦੀ ਮੰਗ ਵਾਲਾ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਨੇ ਗਾਜ਼ਾ 'ਚ ਮਾਨਵੀ ਸਹਾਇਤਾ ਵਧਾਉਣ ਦੀ ਮੰਗ ਸਬੰਧੀ ਇਕ ਮਤਾ ਪਾਸ ਕਰ ਦਿੱਤਾ ਹੈ ਪਰ ਇਸ 'ਚ ਜੰਗਬੰਦੀ ਦਾ ਕੋਈ ਜ਼ਿਕਰ ਨਹੀਂ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਕਿਹਾ ਕਿ ਸਹਾਇਤਾ ਅਸਰਦਾਰ ਢੰਗ ਨਾਲ ਪ੍ਰਦਾਨ ਕਰਨ ਲਈ ਜੰਗਬੰਦੀ ਬਹੁਤ ਜਰੂਰੀ ਹੈ। ਸੰਯੁਕਤ ਅਰਬ ਅਮੀਰਾਤ ਵੱਲੋਂ ਤਿਆਰ ਕੀਤੇ ਗਏ ਮਤੇ 'ਤੇ ਕਈ ਦਿਨਾਂ ਤੱਕ ਵਿਚਾਰ ਵਟਾਂਦਰਾ ਹੋਇਆ ਸੀ। ਮਤੇ ਦੇ ਪੱਖ 'ਚ 13 ਵੋਟ ਪਏ ਜਦਕਿ ਰੂਸ ਅਤੇ ਅਮਰੀਕਾ ਵੋਟਿੰਗ 'ਚ ਸ਼ਾਮਲ ਨਹੀਂ ਹੋਏ। ਇਸ ਤੋਂ ਪਹਿਲਾਂ ਦੇ ਮਤਿਆਂ ਨੂੰ ਕਦੇ ਅਮਰੀਕਾ ਅਤੇ ਕਦੇ ਰੂਸ ਵੀਟੋ ਕਰਦੇ ਆਏ ਸਨ। ਮਾਹਿਰਾਂ ਨੇ ਕਿਹਾ ਕਿ ਜੰਗਬੰਦੀ ਦਾ ਕੋਈ ਜ਼ਿਕਰ ਨਾ ਹੋਣ ਕਾਰਨ ਮਤਾ ਕਮਜ਼ੋਰ ਹੈ। ਮਤੇ 'ਚ ਕਿਹਾ ਗਿਆ ਹੈ ਕਿ ਜੰਗ ਵਾਲੀਆਂ ਧਿਰਾਂ ਫਲਸਤੀਨੀ ਲੋਕਾਂ ਲਈ ਗਾਜ਼ਾ ਪੱਟੀ ਰਾਹੀਂ ਫੌਰੀ ਅਤੇ ਸੁਰੱਖਿਅਤ ਮਾਨਵੀ ਸਹਾਇਤਾ ਯਕੀਨੀ ਬਣਾਉਣ। ਮਤੇ ਮਗਰੋਂ ਗੁਟੇਰੇਜ ਨੇ ਸੰਯੁਕਤ ਰਾਸ਼ਟਰ ਹੈੱਡਕੁਆਰਟਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗਾਜਾ 'ਚ ਲੋਕਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਮਾਨਵੀ ਜੰਗਬੰਦੀ ਹੀ ਇਕੋ ਇਕ ਹੱਲ ਹੈ। ਸੰਯੁਕਤ ਰਾਸ਼ਟਰ 'ਚ ਅਮਰੀਕੀ ਸਫੀਰ ਲਿੰਡਾ ਥੌਮਸ-ਗਰੀਨਫੀਲਡ ਨੇ ਕਿਹਾ ਕਿ ਕੌਂਸਲ ਦੇ ਮਤੇ ਨੇ ਕੁਝ ਆਸ ਦੀ ਕਿਰਨ ਜਗਾਈ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਹੈ ਜਦੋਂ ਮਤੇ ਦੀ ਭਾਸ਼ਾ ਕੁਝ ਸੰਜਮੀ ਸੀ ਜਿਸ ਕਾਰਨ ਉਨ੍ਹਾਂ ਮਤੇ 'ਚ ਅੜਿੱਕਾ ਨਹੀਂ ਪਾਇਆ। ਮਤੇ 'ਚ ਗੁਟੇਰੇਜ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਗਾਜਾ 'ਚ ਮਾਨਵੀ ਸਹਾਇਤਾ ਦੀ ਦੇਖ-ਰੇਖ ਲਈ ਤੁਰਤ ਸੀਨੀਅਰ ਅਧਿਕਾਰੀ ਦੀ ਤਾਇਨਾਤੀ ਕਰਨ। ਯੂ.ਏ.ਈ. ਦੇ ਸੰਯੁਕਤ ਰਾਸ਼ਟਰ 'ਚ ਸਥਾਈ ਨੁਮਾਇੰਦੇ ਲਾਨਾ ਨੁਸੇਈਬੇਹ ਨੇ ਕਿਹਾ ਕਿ ਜੇਕਰ ਸਖਤ ਕਦਮ ਨਾ ਚੁੱਕੇ ਗਏ ਤਾਂ ਗਾਜ਼ਾ 'ਚ ਅਕਾਲ ਪੈ ਜਾਵੇਗਾ।



## ਗਾਜ਼ਾ ਵਿਚਲੇ ਸ਼ਰਨਾਰਥੀ ਕੈਂਪ 'ਤੇ ਇਜ਼ਰਾਇਲੀ ਹਮਲੇ ਨਾਲ 70 ਮੌਤਾਂ

**ਦੀਰ ਅਲ-ਬਲਾਹ:** ਕੇਂਦਰੀ ਗਾਜ਼ਾ ਵਿਚ ਇਜ਼ਰਾਇਲੀ ਹਮਲੇ ਵਿਚ ਘੱਟੋ-ਘੱਟ 70 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਤੋਂ ਇਲਾਵਾ ਗਾਜ਼ਾ ਪੱਟੀ 'ਚ ਹੋਈਆਂ ਝੜਪਾਂ 'ਚ ਘੱਟੋ-ਘੱਟ 15 ਇਜ਼ਰਾਇਲੀ ਫੌਜੀ ਮਾਰੇ ਗਏ। ਦੀਰ ਅਲ-ਬਲਾਹ ਦੇ ਪੂਰਬ ਵਿਚ ਅਲ ਮਗਾਜੀ ਸਰਨਾਰਥੀ ਕੈਂਪ 'ਤੇ ਹਮਲੇ ਤੋਂ ਬਾਅਦ ਐਸੋਸੀਏਟਿਡ ਪ੍ਰੈਸ ਦੇ ਪੱਤਰਕਾਰਾਂ ਨੇ ਡਰੇ ਹੋਏ ਫਿਲਸਤੀਨੀਆਂ ਨੂੰ ਨਵਜੰਮੇ ਬੱਚੇ ਸਮੇਤ ਮ੍ਰਿਤਕਾਂ ਅਤੇ ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ਲਿਜਾਂਦੇ ਦੇਖਿਆ। ਹਸਪਤਾਲ ਤੋਂ ਪ੍ਰਾਪਤ ਸ਼ੁਰੂਆਤੀ ਅੰਕੜਿਆਂ ਅਨੁਸਾਰ ਇਸ ਹਮਲੇ ਵਿਚ ਮਾਰੇ ਗਏ 70 ਵਿਅਕਤੀਆਂ ਵਿਚ ਘੱਟੋ-ਘੱਟ 12 ਔਰਤਾਂ ਅਤੇ ਸੱਤ ਬੱਚੇ ਸ਼ਾਮਲ ਹਨ। ਇਜ਼ਰਾਇਲੀ ਫੌਜ ਨੇ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਮੁੜ ਦਿੱਲੀ ਘੇਰਨ ਦੀ ਤਿਆਰੀ

**ਬੰਗਲੂਰੂ:** ਕਿਸਾਨਾਂ ਦੀ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਨੇ 7 ਮੁੱਖ ਮੰਗਾਂ ਨੂੰ ਲੈ ਕੇ 26 ਫਰਵਰੀ ਨੂੰ 'ਦਿੱਲੀ ਚੱਲੋ' ਦਾ ਸੱਦਾ ਦਿੱਤਾ ਹੈ। ਇਸ ਦੇ ਮੱਦੇਨਜ਼ਰ ਅਗਲੇ ਡੇਢ ਮਹੀਨੇ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 15 ਹੋਰ 'ਕਿਸਾਨ ਮਹਾਪੰਚਾਇਤਾਂ' ਕਰਵਾਈਆਂ ਜਾਣਗੀਆਂ।

ਬੀਤੇ 15 ਦਿਨਾਂ ਵਿਚ ਛੇ ਕਿਸਾਨ ਮਹਾਪੰਚਾਇਤਾਂ ਪਹਿਲਾਂ ਹੀ ਕੀਤੀਆਂ ਜਾ ਚੁੱਕੀਆਂ ਹਨ। ਆਪਣੇ ਅਗਲੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਸਾਨ ਆਗੂਆਂ ਨੇ ਦੇਸ਼ ਦੀਆਂ ਜਮਹੂਰੀ ਅਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਦੀ ਰਾਖੀ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਦੋਵਾਂ ਸਦਨਾਂ 'ਚ ਵਿਰੋਧੀ ਧਿਰਾਂ ਦੇ ਆਗੂਆਂ ਦੀ ਮੁਅੱਤਲੀ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਨੂੰ 'ਬਚਾਉਣ' ਲਈ ਓਲੰਪੀਅਨ ਪਹਿਲਵਾਨਾਂ ਪ੍ਰਤੀ ਸਰਕਾਰ ਦਾ ਕਥਿਤ 'ਮਾੜਾ ਰਵੱਈਆ' ਸਾਡੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੈ।

ਇਸ ਦੌਰਾਨ ਜਗਜੀਤ ਸਿੰਘ ਡੱਲੇਵਾਲ (ਪੰਜਾਬ), ਕੇ. ਸ਼ਾਂਤਾਕੁਮਾਰ (ਕਰਨਾਟਕ), ਕੇਵੀ



ਬੀਜੂ (ਕੇਰਲਾ), ਅਭਿਮੰਨਿਊ ਕੋਹਾੜ ਅਤੇ ਲਖਵਿੰਦਰ ਸਿੰਘ ਔਲਖ (ਹਰਿਆਣਾ), ਸਚਿਨ ਮਹਾਪਾਤਰਾ (ਉੜੀਸਾ), ਅਰੁਣ ਸਿਨਹਾ (ਬਿਹਾਰ), ਰਵੀਦੱਤ ਸਿੰਘ (ਮੱਧ ਪ੍ਰਦੇਸ), ਸ਼ੰਕਰ (ਮਹਾਰਾਸ਼ਟਰ), ਨਾਰਾਇਣ ਰੈੱਡੀ, ਬਸਵਰਾਜ ਪਾਟਿਲ, ਅਤੇ ਦੇਵਾ ਕੁਮਾਰ (ਕਰਨਾਟਕ) ਨੇ ਕਿਹਾ ਕਿ ਮੋਰਚੇ ਦੀਆਂ ਮੰਗਾਂ ਵਿਚ ਸੀ2+50 ਫੀਸਦੀ ਫਾਰਮੂਲੇ ਤਹਿਤ ਐਮ.ਐਸ.ਪੀ. ਦੀ ਗਾਰੰਟੀ, ਸਾਰੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨਾ ਅਤੇ ਸਾਰੇ ਖੇਤੀ ਕਰਜ਼ੇ ਮੁਆਫ ਕਰਨੇ ਸ਼ਾਮਲ ਹਨ। ਇਸੇ ਤਰ੍ਹਾਂ ਉਨ੍ਹਾਂ ਸਾਰੇ ਖੇਤੀਬਾੜੀ ਉਤਪਾਦਾਂ 'ਤੇ ਦਰਾਮਦ ਦਰਾਂ ਵਿਚ ਵਾਧਾ ਕਰਨ, ਡਬਲਿਊ.ਟੀ.ਓ. 'ਚੋਂ ਭਾਰਤ ਨੂੰ ਬਾਹਰ ਆਉਣ ਅਤੇ ਬਿਜਲੀ ਬੋਰਡਾਂ ਦਾ ਨਿੱਜੀਕਰਨ ਨਾ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਮੰਤਰਾਲੇ ਵੱਲੋਂ 9 ਦਸੰਬਰ 2021 ਨੂੰ ਸੰਯੁਕਤ ਕਿਸਾਨ ਮੋਰਚਾ ਨਾਲ ਕੀਤੇ ਗਏ ਸਮਝੌਤੇ ਮਗਰੋਂ ਕਿਸਾਨਾਂ ਨੇ ਉਸੇ ਸਾਲ 11 ਦਸੰਬਰ ਨੂੰ ਦਿੱਲੀ ਦੀਆਂ ਬਰੂਹਾਂ ਤੋਂ ਧਰਨਾ ਚੁੱਕ ਲਿਆ ਸੀ ਪਰ ਸਰਕਾਰ ਨੇ ਹਾਲੇ ਤੱਕ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਪੰਜਾਬ, ਦਿੱਲੀ, ਹਰਿਆਣਾ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਖ਼ਿਲਾਫ਼ ਦਰਜ ਕੇਸ ਹਾਲੇ ਰੱਦ ਨਹੀਂ ਕੀਤੇ ਗਏ। ਇਸੇ ਤਰ੍ਹਾਂ ਜ਼ਖ਼ਮੀ ਹੋਏ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਹਾਲੇ ਮੁਆਵਜ਼ਾ ਵੀ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਦੇ ਮੁੱਖ ਮੁਲਜ਼ਮ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਵੀ ਹਾਲੇ ਗ੍ਰਿਫਤਾਰੀ ਨਹੀਂ ਹੋਈ ਹੈ।

## ਉਗਰਾਹਾਂ ਵੱਲੋਂ 'ਖੇਤੀ ਨੀਤੀ' 21 ਤੱਕ ਐਲਾਨਣ ਦਾ ਅਲਟੀਮੇਟਮ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪੰਜਾਬ ਸਰਕਾਰ ਵੱਲੋਂ ਕੀਤਾ ਵਾਅਦਾ ਚੇਤੇ ਕਰਾਉਂਦਿਆਂ ਪੰਜਾਬ ਲਈ ਨਵੀਂ 'ਕਿਸਾਨ ਪੱਖੀ ਖੇਤੀ ਨੀਤੀ' 21 ਜਨਵਰੀ ਤੱਕ ਐਲਾਨਣ ਲਈ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੇਕਰ 21 ਜਨਵਰੀ ਤੱਕ ਨੀਤੀ ਜਾਰੀ ਨਾ ਕੀਤੀ ਗਈ ਤਾਂ ਪੰਜਾਬ ਸਰਕਾਰ ਕਿਸਾਨ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਉਨ੍ਹਾਂ ਐਲਾਨ ਕੀਤਾ ਕਿ ਨੀਤੀ ਸਮੇਤ ਹੋਰ ਮੰਗਾਂ ਦੀ ਪੂਰਤੀ ਲਈ 22 ਜਨਵਰੀ ਤੋਂ ਡੀਸੀ ਦਫਤਰਾਂ ਅੱਗੇ ਪੰਜ ਰੋਜ਼ਾ ਧਰਨੇ ਸ਼ੁਰੂ ਕੀਤੇ ਜਾਣਗੇ।

## 'ਆਪ' ਵਿਧਾਇਕ ਦੇ ਪਰਿਵਾਰ ਨੂੰ ਲੁੱਟਣ ਦੀ ਕੋਸ਼ਿਸ਼

**ਜਲੰਧਰ:** ਜਲੰਧਰ (ਪੱਛਮੀ) ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਦੇ ਪਰਿਵਾਰ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਸਬੰਧੀ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਵਿਧਾਇਕ ਨੇ ਕਿਹਾ ਕਿ ਰਾਤ ਨੂੰ ਉਸ ਦੇ ਬੱਚੇ ਤੇ ਪਰਿਵਾਰ ਇਕ ਪਾਰਟੀ ਤੋਂ ਘਰ ਪਰਤ ਰਹੇ ਸਨ। ਇਸ ਦੌਰਾਨ ਕਰੀਬ ਛੇ ਵਿਅਕਤੀਆਂ ਨੇ ਬਸਤੀ ਦਾਨਿਸ਼ਮੰਦਾ ਨੇੜੇ ਉਨ੍ਹਾਂ ਦੀ ਕਾਰ ਰੋਕ ਲਈ। ਵਿਧਾਇਕ ਦਾ ਦੋਸ਼ ਹੈ ਕਿ ਮੁਲਜ਼ਮਾਂ ਨੇ ਉਨ੍ਹਾਂ ਨੂੰ ਲੁੱਟਣ ਦੀ ਨੀਅਤ ਨਾਲ ਰੋਕਿਆ ਸੀ, ਮਗਰੋਂ ਜਦੋਂ ਵਿਧਾਇਕ ਦਾ ਭਰਾ ਲਾਲੀ ਅੰਗੁਰਾਲ ਕਾਰ 'ਚੋਂ ਬਾਹਰ ਆਇਆ ਤਾਂ ਮੁਲਜ਼ਮ ਉਸ ਨੂੰ ਦੇਖਦੇ ਹੀ ਫਰਾਰ ਹੋ ਗਏ। ਉਨ੍ਹਾਂ ਕਿਹਾ ਕਿ ਘਟਨਾ ਸਮੇਂ ਸਾਰੇ ਮੁਲਜ਼ਮ ਨਸ਼ੇ 'ਚ ਸਨ। ਵਿਧਾਇਕ ਨੇ ਕਿਹਾ ਕਿ ਬਾਅਦ ਦੁਪਹਿਰ ਕਰੀਬ 3.30 ਵਜੇ ਕੁਝ ਮੁਲਜ਼ਮਾਂ ਦਾ ਪਤਾ ਲਾਇਆ ਗਿਆ ਅਤੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ।

# ਬਲਕੌਰ ਸਿੰਘ ਵੱਲੋਂ ਲੋਕ ਸਭਾ ਚੋਣਾਂ ਲੜਨ ਤੋਂ ਕੋਰਾ ਜਵਾਬ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਲੋਕ ਸਭਾ ਚੋਣ ਲੜਨ ਦੇ ਮੁੱਦੇ 'ਤੇ ਉਨ੍ਹਾਂ ਨੇ ਕਾਂਗਰਸ ਨੂੰ ਜਵਾਬ ਦੇ ਦਿੱਤਾ ਹੈ ਤੇ ਕਿਹਾ ਹੈ ਕਿ ਕੁਝ ਲੋਕ ਉਨ੍ਹਾਂ ਨੂੰ ਵਰਤਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਸਿੱਧੂ ਮੂਸੇਵਾਲਾ ਨੂੰ ਉਤਪਾਦ ਵਾਂਗ ਵਰਤਿਆ ਅਤੇ ਉਸ ਦੇ ਕਤਲ ਮਗਰੋਂ ਵੀ ਫਾਇਦਾ ਲੈਣਾ ਚਾਹੁੰਦੇ ਹਨ। ਬਲਕੌਰ ਸਿੰਘ ਨੇ ਆਖਿਆ ਕਿ ਜੇਕਰ ਚੋਣ ਲੜਨੀ ਹੋਈ ਤਾਂ ਉਨ੍ਹਾਂ ਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ। ਉਹ ਪਿੰਡ ਮੂਸਾ ਵਿਚ ਆਪਣੇ ਬੇਟੇ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਜੇਕਰ ਸਿੱਧੂ ਮੂਸੇਵਾਲਾ ਦੇ ਪਿਤਾ ਲੋਕ ਸਭਾ ਚੋਣ ਲੜਨੀ ਚਾਹੁਣਗੇ ਤਾਂ ਪਾਰਟੀ ਵੱਲੋਂ ਉਨ੍ਹਾਂ ਨੂੰ ਉਮੀਦਵਾਰ ਬਣਾਇਆ ਜਾਵੇਗਾ। ਬਲਕੌਰ ਸਿੰਘ ਨੇ ਸਿਆਸੀ ਆਗੂਆਂ 'ਤੇ ਵਰ੍ਹਦਿਆਂ ਕਿਹਾ, "ਤੁਸੀਂ ਜਿੱਥੋਂ ਵੀ



ਸੰਸਦ ਮੈਂਬਰ ਜਾਂ ਵਿਧਾਇਕ ਦੀ ਚੋਣ ਲੜਨੀ ਹੋਵੇ ਲੜ ਸਕਦੇ ਹੋ ਪਰ ਮੈਨੂੰ ਮੇਰੇ ਹਾਲ 'ਤੇ ਛੱਡ ਦਿਓ।"

ਉਨ੍ਹਾਂ ਕਿਹਾ, "ਮੇਰਾ ਪਰਿਵਾਰ, ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਦੇ ਜਿਉਂਦੇ ਹੁੰਦੇ ਹੋਏ ਵੀ ਇਕ ਉਤਪਾਦ ਵਜੋਂ ਵਰਤਿਆ ਜਾਂਦਾ ਸੀ ਅਤੇ ਹੁਣ ਵੀ ਇਕ ਉਤਪਾਦ ਵਜੋਂ ਵਰਤਿਆ ਜਾ ਰਿਹਾ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਸਾਨੂੰ ਕੌਣ ਵਰਤਣਾ ਚਾਹੁੰਦਾ ਹੈ।" ਉਨ੍ਹਾਂ ਆਖਿਆ ਕਿ ਮੂਸੇਵਾਲਾ ਨੂੰ ਇਨਸਾਫ਼ ਦੇਣ ਲਈ ਪੰਜਾਬ ਅਤੇ ਕੇਂਦਰ ਸਰਕਾਰ ਦੇ ਦਰਵਾਜ਼ੇ ਬੰਦ ਹੋ ਚੁੱਕੇ ਹਨ। ਕਿਸੇ ਵਿਧਾਇਕ, ਵਜ਼ੀਰ ਜਾਂ ਮੁੱਖ ਮੰਤਰੀ ਵੱਲੋਂ ਇਸ ਮਾਮਲੇ ਲਈ ਆਵਾਜ਼ ਨਹੀਂ ਉਠਾਈ ਜਾ ਰਹੀ ਹੈ। ਉਨ੍ਹਾਂ ਸੂਬੇ ਵਿਚ ਹੋ ਰਹੇ ਪੁਲਿਸ ਮੁਕਾਬਲਿਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੂਬੇ ਵਿਚ ਵੱਡੇ ਗੈਂਗਸਟਰਾਂ ਦੀ ਕਥਿਤ ਆਓ-ਭਗਤ ਹੋ ਰਹੀ ਹੈ ਜਦੋਂ ਕਿ ਛੋਟਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹਾਲੇ ਤੱਕ ਪੰਜਾਬ ਪੁਲਿਸ ਤੇ ਗੈਂਗਸਟਰ ਕਥਿਤ ਤੌਰ 'ਤੇ ਇਕਮਿਕ ਹੀ ਹਨ ਅਤੇ ਹਾਲੇ ਤੱਕ ਪੁਲਿਸ ਮੁਕਾਬਲੇ ਨਹੀਂ ਹੋਣ ਲੱਗੇ ਹਨ। ਸਿਰਫ ਲੀਹ ਤੋਂ ਭਟਕੇ ਹੋਏ ਜਵਾਕਾਂ ਦੇ ਗੋਡੇ ਗਿੱਟਿਆਂ 'ਚ ਗੋਲੀਆਂ ਮਾਰੀਆਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪੰਜਾਬ ਦੀਆਂ ਜੇਲ੍ਹਾਂ ਗੈਂਗਸਟਰਾਂ ਲਈ ਹੋਸਟਲ ਬਣੀਆਂ ਹੋਈਆਂ ਹਨ।

## ਮੂਸੇਵਾਲਾ ਕਤਲ: ਸ਼ੂਟਰਾਂ ਨੂੰ ਪਨਾਹ ਵਾਲੇ ਕੇਸ ਦੀ ਸੁਣਵਾਈ 5 ਨੂੰ

**ਚੰਡੀਗੜ੍ਹ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਗਾਇਕ ਦੀ ਹੱਤਿਆ ਕਰਨ ਵਾਲੇ ਹਰਿਆਣਾ ਦੇ ਸ਼ੂਟਰਾਂ ਨੂੰ ਪਨਾਹ ਦੇਣ ਵਾਲੇ ਮੁਲਜ਼ਮ ਜੋਗਿੰਦਰ ਸਿੰਘ ਜੋਗਾ ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੇ ਜਾਣ ਤੋਂ ਕਰੀਬ ਤਿੰਨ ਮਹੀਨੇ ਬਾਅਦ ਮਾਨਸਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਇਸ ਮਾਮਲੇ ਨੂੰ ਸੈਸ਼ਨ ਅਦਾਲਤ ਵਿਚ ਪੇਸ਼ ਕੀਤਾ। ਜੋਗਾ ਨੂੰ ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰੀਤ ਸਾਹਨੀ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਅਦਾਲਤ ਨੇ ਦੋਸ਼ ਤੈਅ ਕਰਨ ਸਬੰਧੀ ਬਹਿਸ ਲਈ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਹੈ ਅਤੇ ਇਸ ਨੂੰ ਮੁੱਖ ਚਾਰਜਸ਼ੀਟ ਸਮੇਤ 5 ਜਨਵਰੀ ਨੂੰ ਸੁਣਵਾਈ ਲਈ ਸੂਚੀਬੱਧ ਕਰ ਦਿੱਤਾ ਹੈ।

# ਪ੍ਰਨੀਤ ਕੌਰ ਵੱਲੋਂ ਗਡਕਰੀ ਨਾਲ ਮੁਲਾਕਾਤ

**ਨਵੀਂ ਦਿੱਲੀ:** ਪਟਿਆਲਾ ਤੋਂ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਨੇ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ। ਸੰਸਦ ਮੈਂਬਰ ਨੇ ਦੱਸਿਆ ਕਿ ਪਟਿਆਲਾ ਦੀਆਂ ਕੁਝ ਮੰਗਾਂ ਸਬੰਧੀ ਉਨ੍ਹਾਂ ਕੇਂਦਰੀ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲੀ ਮੰਗ ਪਟਿਆਲਾ ਦੇ ਨਵੇਂ ਬੱਸ ਅੱਡੇ ਨੇੜੇ ਦੀ ਮਾਰਗੀ ਫਲਾਈਓਵਰ ਦੀ ਉਸਾਰੀ ਦੇ ਨਵੇਂ ਪ੍ਰੋਜੈਕਟ ਦੀ ਹੈ।

ਉਨ੍ਹਾਂ ਦੱਸਿਆ ਕਿ ਰਾਜਪੁਰਾ ਰੋਡ 'ਤੇ ਨਵੇਂ ਅੰਤਰ-ਰਾਜੀ ਬੱਸ ਟਰਮੀਨਲ ਦੇ ਨਿਰਮਾਣ ਨਾਲ ਸਰਹਿੰਦ ਬਾਈਪਾਸ ਤੋਂ ਪੰਜਾਬੀ ਯੂਨੀਵਰਸਿਟੀ



ਤੱਕ ਦੀ ਆਵਾਜਾਈ ਵਿਚ ਕਈ ਗੁਣਾ ਵਾਧਾ ਹੋਇਆ ਹੈ। ਇਸ ਸਬੰਧੀ ਐਨ.ਐਚ-7 ਦੇ ਬਾਈਪਾਸ ਜੰਕਸ਼ਨ ਦੇ ਸੁਧਾਰ ਦੀ ਸਖ਼ਤ ਲੋੜ ਹੈ। ਉਨ੍ਹਾਂ ਕੇਂਦਰੀ ਮੰਤਰੀ ਕੋਲ 593.25 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲਾ ਵਿਸਥਾਰਤ ਪ੍ਰਸਤਾਵ ਪੇਸ਼ ਕੀਤਾ ਹੈ।

ਇਸ ਵਿਚ ਪਟਿਆਲਾ ਸ਼ਹਿਰ ਵਾਲੇ ਪਾਸੇ ਤੋਂ ਇਕ ਫਲਾਈਓਵਰ ਬਣਾਉਣ ਅਤੇ ਇਸ ਜੰਕਸ਼ਨ 'ਤੇ ਨਵੇਂ ਬਣੇ ਫਲਾਈਓਵਰ ਨਾਲ ਟਰੈਫਿਕ ਨੂੰ ਪਟਿਆਲਾ ਵਾਲੇ ਪਾਸਿਓਂ ਪੰਜਾਬੀ ਯੂਨੀਵਰਸਿਟੀ ਨੇੜੇ ਵਹੀਕਲ ਅੰਡਰਪਾਸ ਤੱਕ ਜੋੜਨ ਲਈ ਕਿਹਾ ਹੈ। ਨਾਲ ਹੀ ਸਾਈਡ ਡਰੇਨ ਦੇ ਨਾਲ-ਨਾਲ ਸੱਤ ਮੀਟਰ ਚੌੜੀ ਸਰਵਿਸ ਰੋਡ ਅਤੇ ਪਟਿਆਲਾ ਨੂੰ ਜਾਣ ਵਾਲੀ ਅਰਬਨ ਅਸਟੇਟ ਦੀ ਆਵਾਜਾਈ ਲਈ ਨਵੇਂ ਅੰਡਰਪਾਸ ਦੇ ਨਿਰਮਾਣ ਦੀ ਮੰਗ ਰੱਖੀ ਗਈ ਹੈ।

## ਕੈਨੇਡਾ 'ਚ ਭਾਰਤੀਆਂ ਲਈ ਸੰਘਰਸ਼ ਕਰਨ ਵਾਲੇ ਡਾ. ਗੁਰਦੇਵ ਸਿੰਘ ਗਿੱਲ ਦਾ ਦੇਹਾਂਤ

**ਚੰਡੀਗੜ੍ਹ:** ਕੈਨੇਡਾ ਵਿਚ ਮੈਡੀਕਲ ਪ੍ਰੈਕਟਿਸ ਕਰਨ ਵਾਲੇ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਡਾ. ਗੁਰਦੇਵ ਸਿੰਘ ਗਿੱਲ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ 40 ਸਾਲਾਂ ਦਾ ਲੰਬਾ ਅਰਸਾ ਮੈਡੀਕਲ ਪ੍ਰੈਕਟਿਸ ਕੀਤੀ। ਉਹ 1949 ਵਿਚ ਕਿਸ਼ਤੀ 'ਤੇ ਸਵਾਰ ਹੋ ਕੇ ਕੈਨੇਡਾ ਪੁੱਜੇ ਸਨ। ਉਸ ਵੇਲੇ ਭਾਰਤੀ ਮੂਲ ਦੇ ਲੋਕਾਂ ਨਾਲ ਭੇਦਭਾਵ ਕੀਤਾ ਜਾਂਦਾ ਸੀ। ਉਨ੍ਹਾਂ ਇਹ ਹੱਕ ਲੈਣ ਲਈ ਸੰਘਰਸ਼ ਕੀਤਾ। ਉਹ 1954 ਵਿਚ ਕੈਨੇਡਾ ਦੇ ਸਿਟੀਜ਼ਨ ਬਣੇ। ਉਨ੍ਹਾਂ ਨੇ ਕੈਨੇਡਾ ਇਮੀਗਰੇਸ਼ਨ ਵਿਚ ਭਾਰਤ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਅਹਿਮ ਯੋਗਦਾਨ ਪਾਇਆ। ਗੁਰਦੇਵ ਸਿੰਘ ਗਿੱਲ ਦਾ ਜਨਮ ਖੜੌਦੀ (ਹੁਸ਼ਿਆਰਪੁਰ) ਵਿਚ 1931 ਵਿਚ ਹੋਇਆ ਸੀ। ਉਹ ਕਿਸ਼ਤੀ ਵਿਚ ਸਵਾਰ ਹੋ ਕੇ 1949 ਵਿਚ ਕੈਨੇਡਾ ਪੁੱਜੇ। ਉਨ੍ਹਾਂ 1956 ਵਿਚ ਯੂ.ਬੀ.ਸੀ. ਤੋਂ ਗਰੈਜੂਏਸ਼ਨ ਕੀਤੀ ਤੇ ਬ੍ਰਿਟਿਸ਼ ਕੋਲੰਬੀਆ ਦੇ ਵੈਸਟ ਮਿੰਸਟਰ ਵਿਚ ਆ ਕੇ ਵਸ ਗਏ ਤੇ ਇਥੇ ਹੀ ਮੈਡੀਕਲ ਪ੍ਰੈਕਟਿਸ ਸ਼ੁਰੂ ਕੀਤੀ। ਉਨ੍ਹਾਂ ਇਮੀਗਰੇਸ਼ਨ ਸਬੰਧੀ ਭਾਰਤੀਆਂ ਨੂੰ ਆ ਰਹੀ ਸਮੱਸਿਆ ਨੂੰ ਹੱਲ ਕਰਨ ਵਿਚ ਈਸਟ ਇੰਡੀਅਨ ਵੈਲਫੇਅਰ ਸੁਸਾਇਟੀ ਬਣਾਈ ਤੇ ਓਟਵਾ ਜਾ ਕੇ ਤੱਤਕਾਲੀ ਪ੍ਰਧਾਨ ਮੰਤਰੀ ਡਾਇਫੇਨਬੇਕਰ ਨਾਲ ਰਾਬਤਾ ਬਣਾਇਆ।

# ਮੁਫਤ ਬਿਜਲੀ ਦੇ ਬਾਵਜੂਦ 'ਕੁੰਡੀ' ਨੇ ਪਾਵਰਕੌਮ ਦਾ ਧੂੰਆਂ ਕੱਢਿਆ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਖਪਤਕਾਰਾਂ ਨੂੰ ਦੋ ਮਹੀਨਿਆਂ ਦੇ ਹਰੇਕ ਬਿੱਲ ਵਿਚ 600 ਯੂਨਿਟ ਮੁਫ਼ਤ ਬਿਜਲੀ ਮੁਹੱਈਆ ਕੀਤੇ ਜਾਣ ਦੇ ਬਾਵਜੂਦ ਖਪਤਕਾਰਾਂ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਨੂੰ ਸਾਲਾਨਾ ਇਕ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਰਗੜਾ ਲਗਾਇਆ ਜਾ ਰਿਹਾ ਹੈ। ਸੂਬੇ ਦੇ ਸਰਹੱਦੀ ਖੇਤਰਾਂ ਵਿਚ ਬਿਜਲੀ ਚੋਰੀ ਦਾ ਰੁਝਾਨ ਪਹਿਲਾਂ ਨਾਲੋਂ ਵਧਿਆ ਹੈ।

ਤਰਨ ਤਾਰਨ, ਭਿੱਖੀਵਿੰਡ ਤੇ ਅੰਮ੍ਰਿਤਸਰ ਖੇਤਰ ਦੇ ਖਪਤਕਾਰਾਂ ਵੱਲੋਂ ਬਿਜਲੀ ਚੋਰੀ ਕੀਤੇ ਜਾਣ ਨਾਲ ਪੀ.ਐਸ.ਪੀ.ਸੀ.ਐਲ. (ਪਾਵਰਕੌਮ) ਦਾ ਘਾਟਾ ਵਧਦਾ ਜਾ ਰਿਹਾ ਹੈ। ਪੀ.ਐਸ.ਪੀ.ਸੀ.ਐਲ. ਤੋਂ ਹਾਸਲ ਕੀਤੇ ਅੰਕੜਿਆਂ ਅਨੁਸਾਰ ਸੂਬੇ ਵਿਚ ਸਤੰਬਰ 2023 ਤੱਕ ਬਿਜਲੀ ਚੋਰੀ ਦੀ ਸਮੱਸਿਆ ਦਾ ਸਾਹਮਣਾ ਕਰਨ ਵਾਲੇ ਫੀਡਰਾਂ ਦੀ ਗਿਣਤੀ 2980 ਤੋਂ ਘਟ ਕੇ 2714 ਰਹਿ ਗਈ ਹੈ ਜਦਕਿ 80 ਤੋਂ 90 ਫੀਸਦੀ ਘਾਟੇ ਵਾਲੇ ਫੀਡਰਾਂ ਦੀ ਗਿਣਤੀ ਇਕ ਤੋਂ ਵੱਧ ਕੇ 11 ਹੋ ਗਈ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਜ਼ੋਨ ਵਿਚ ਬਿਜਲੀ ਚੋਰੀ ਸਭ ਤੋਂ ਘੱਟ ਹੈ ਅਤੇ ਇੱਥੇ 43 ਫੀਡਰ ਹੀ 15 ਤੋਂ 25 ਫੀਸਦੀ ਘਾਟੇ ਵਿਚ ਚੱਲ ਰਹੇ ਹਨ। ਇਸ ਤੋਂ ਇਲਾਵਾ ਪੱਛਮੀ ਜ਼ੋਨ ਵਿਚ ਘਾਟੇ ਵਾਲੇ ਫੀਡਰਾਂ ਦੀ ਗਿਣਤੀ ਸਰਹੱਦੀ ਜ਼ੋਨ ਨਾਲੋਂ ਜ਼ਿਆਦਾ ਹੈ। ਆਲ ਇੰਡੀਆ ਪਾਵਰ ਇੰਜੀਨੀਅਰਜ਼ ਫੈਡਰੇਸ਼ਨ ਦੇ ਬੁਲਾਰੇ ਵੀ.ਕੇ. ਗੁਪਤਾ ਨੇ ਦੱਸਿਆ ਕਿ ਪੰਜਾਬ ਵਿਚ ਸਾਲਾਨਾ ਇਕ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ ਬਿਜਲੀ ਚੋਰੀ ਕੀਤੀ ਜਾ



ਰਹੀ ਹੈ। ਪਾਵਰਕੌਮ ਦਾ ਸਟਾਫ ਜਦੋਂ ਬਿਜਲੀ ਚੋਰੀ ਦੀ ਜਾਂਚ ਕਰਨ ਲਈ ਸਰਹੱਦੀ ਖੇਤਰਾਂ ਤੇ ਪੱਛਮੀ ਜ਼ੋਨ ਵਿਚ ਜਾਂਦਾ ਹੈ ਤਾਂ ਉਨ੍ਹਾਂ ਨੂੰ ਆਮ ਲੋਕਾਂ ਤੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਬਿਜਲੀ ਦੇ ਮੀਟਰ ਘਰਾਂ ਤੋਂ ਬਾਹਰ ਖੰਭਿਆਂ 'ਤੇ ਨਹੀਂ ਲਾਉਣ ਦਿੱਤੇ ਜਾਂਦੇ ਹਨ ਅਤੇ ਨਾ ਹੀ ਬਿਜਲੀ ਦੇ ਮੀਟਰ ਬਦਲਣ ਦਿੱਤੇ ਜਾ ਰਹੇ ਹਨ। ਇੱਥੇ ਵੱਡੀ ਪੱਧਰ 'ਤੇ ਮੀਟਰਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ।

ਪੀ.ਐਸ.ਪੀ.ਸੀ.ਐਲ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਜ਼ਾਰਾਂ ਖਪਤਕਾਰ ਆਪਣੇ ਬਿੱਲਾਂ ਦੀ ਰੀਡਿੰਗ 600 ਯੂਨਿਟ ਤੋਂ ਹੇਠਾਂ ਲਿਆਉਣ ਲਈ ਬਿਜਲੀ ਚੋਰੀ ਕਰ ਰਹੇ ਹਨ। ਇਸ ਤੋਂ ਇਲਾਵਾ ਸਰਹੱਦੀ ਖੇਤਰਾਂ ਵਿਚ ਸਿਆਸੀ ਸਰਪ੍ਰਸਤੀ ਹੇਠ ਬਿਜਲੀ ਚੋਰੀ ਕਰਨਾ ਆਮ ਗੱਲ ਹੋ ਗਈ ਹੈ। ਪੀ.ਐਸ.ਪੀ.ਸੀ.ਐਲ. ਤੋਂ ਹਾਸਲ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ 50 ਫੀਸਦੀ ਤੋਂ ਵੱਧ ਘਾਟੇ ਵਾਲੇ ਫੀਡਰਾਂ ਦੀ ਗਿਣਤੀ ਵੀ 362 ਤੋਂ ਵਧ ਕੇ 414 ਹੋ ਗਈ ਹੈ। ਸਰਹੱਦੀ ਤੇ ਪੱਛਮੀ ਜ਼ੋਨ ਹੀ ਅਜਿਹੇ ਦੋ ਜ਼ੋਨ ਹਨ ਜਿਨ੍ਹਾਂ ਵਿਚ 158 ਫੀਡਰਾਂ ਵਿਚ ਘਾਟਾ 60 ਫੀਸਦੀ ਤੋਂ ਜ਼ਿਆਦਾ ਹੈ ਜਦਕਿ ਸੈਂਟਰਲ, ਉਤਰੀ ਤੇ ਦੱਖਣੀ ਜ਼ੋਨਾਂ ਵਿਚ ਕਿਸੇ ਵੀ ਫੀਡਰ ਵਿਚ ਘਾਟਾ 60 ਫੀਸਦੀ ਤੋਂ ਜ਼ਿਆਦਾ ਨਹੀਂ ਹੈ। ਇਸ ਤੋਂ ਇਲਾਵਾ ਗਿਆਰਾਂ ਫੀਡਰਾਂ ਵਿਚ 80 ਫੀਸਦੀ ਤੋਂ ਜ਼ਿਆਦਾ ਘਾਟਾ ਹੈ ਜਿਨ੍ਹਾਂ ਵਿਚੋਂ 10 ਫੀਡਰ ਸਰਹੱਦੀ ਖੇਤਰਾਂ ਤੇ ਇਕ ਫੀਡਰ ਪੱਛਮੀ ਜ਼ੋਨ ਵਿਚ ਹੈ।

ਪਾਵਰਕੌਮ ਵਿਚ ਬਿਜਲੀ ਚੋਰੀ ਦੇ ਮਾਮਲੇ ਸਭ ਤੋਂ ਵੱਧ ਬਠਿੰਡਾ ਸਰਕਲ ਵਿਚ ਹਨ। ਇੱਥੋਂ ਦੇ ਪੱਛਮੀ ਜ਼ੋਨ ਦੀ ਭਗਤਾ ਭਾਈ ਸਬ-ਡਿਵੀਜ਼ਨ ਵਿਚ ਫੀਡਰਾਂ ਦਾ ਘਾਟਾ 87.37 ਫੀਸਦੀ ਹੈ। ਬਠਿੰਡਾ, ਫਿਰੋਜ਼ਪੁਰ ਤੇ ਸ੍ਰੀ ਮੁਕਤਸਰ ਸਾਹਿਬ ਵਿਚ ਬਿਜਲੀ ਚੋਰੀ ਅੱਗੇ ਨਾਲੋਂ ਵਧੀ ਹੈ। ਬਾਦਲ ਡਿਵੀਜ਼ਨ ਦੇ 17 ਫੀਡਰਾਂ ਵਿਚ ਘਾਟਾ 50 ਤੋਂ 60 ਫੀਸਦੀ ਦਰਮਿਆਨ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਵਿਚ ਮੋਰਚਾ ਲਾਉਣ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਾਣੀਆਂ ਦੇ ਮੁੱਦੇ 'ਤੇ 18 ਜਨਵਰੀ ਨੂੰ ਚੰਡੀਗੜ੍ਹ ਵਿਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ ਚੰਡੀਗੜ੍ਹ ਵਿਚ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੇ ਨਾਲ-ਨਾਲ ਦਰਿਆਈ ਪਾਣੀ ਦੇ ਵਿਵਾਦ, ਵਾਤਾਵਰਨ ਪ੍ਰਦੂਸ਼ਣ ਅਤੇ ਜਮਹੂਰੀਅਤ 'ਤੇ ਹੋ ਰਹੇ ਹਮਲਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਦੇ ਨਾਲ ਹੀ 18 ਜਨਵਰੀ ਨੂੰ ਚੰਡੀਗੜ੍ਹ ਵਿਚ ਲਾਏ ਜਾਣ ਵਾਲੇ ਮੋਰਚੇ ਦੀ ਰੂਪ-ਰੇਖਾ ਤਿਆਰ ਕੀਤੀ ਗਈ।

ਕਿਸਾਨ ਆਗੂਆਂ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਮੋਰਚੇ ਲਈ ਚੰਡੀਗੜ੍ਹ ਵਿਚ ਢੁਕਵੀਂ ਥਾਂ ਅਲਾਟ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਯੂਟੀ ਪ੍ਰਸ਼ਾਸਨ ਨਾਲ 13 ਦਸੰਬਰ ਨੂੰ ਹੋਈ ਮੀਟਿੰਗ ਬੇਸਿੱਟਾ ਰਹੀ ਸੀ। ਉਸ ਸਮੇਂ ਪ੍ਰਸ਼ਾਸਨ ਨੇ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਜਥੇਬੰਦੀਆਂ ਨਾਲ ਅਗਲੀ ਮੀਟਿੰਗ ਸੱਦਣ ਵਾਸਤੇ ਸਮਾਂ ਮੰਗਿਆ ਸੀ ਪਰ ਹਾਲੇ ਤੱਕ ਨਾ ਤਾਂ ਪ੍ਰਸ਼ਾਸਨ ਨੇ ਕੋਈ ਜਾਣਕਾਰੀ ਦਿੱਤੀ ਹੈ ਤੇ ਨਾ ਹੀ ਕੋਈ ਜਗ੍ਹਾ ਅਲਾਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਯੂਟੀ ਪ੍ਰਸ਼ਾਸਨ ਨੇ ਖੁਦ ਥਾਂ ਅਲਾਟ ਨਾ ਕੀਤੀ ਤਾਂ ਕਿਸਾਨਾਂ ਵੱਲੋਂ 6 ਜਨਵਰੀ ਨੂੰ ਮੀਟਿੰਗ ਕਰ ਕੇ ਖੁਦ ਹੀ ਚੰਡੀਗੜ੍ਹ ਵਿਚ ਮੋਰਚੇ ਵਾਲੀ ਥਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

# ਹਰਿਆਣਾ ਦੇ ਕੁਝ ਕਾਲਜ ਪੰਜਾਬ 'ਵਰਸਿਟੀ ਨਾਲ ਜੋੜਨ ਦੀ ਵਕਾਲਤ



**ਚੰਡੀਗੜ੍ਹ:** ਉਪ ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਜਗਦੀਪ ਧਨਖੜ ਨੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਜੋੜਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਕਾਲਜਾਂ ਨੂੰ ਯੂਨੀਵਰਸਿਟੀ ਦੀ ਮਾਨਤਾ ਦਿਵਾਉਣ ਲਈ ਉਹ ਪੰਜਾਬ ਦੇ ਮੁੱਖ ਮੰਤਰੀ ਨਾਲ ਵੀ ਗੱਲਬਾਤ ਕਰਨਗੇ ਅਤੇ ਉਮੀਦ ਜਤਾਈ ਕਿ ਉਹ ਹਾਂ-ਪੱਖੀ ਹੁੰਗਾਰਾ ਭਰਨਗੇ।

ਸ੍ਰੀ ਧਨਖੜ ਇੱਥੇ ਪੰਜਾਬ ਯੂਨੀਵਰਸਿਟੀ ਵਿਖੇ ਐਲੂਮਨੀ ਐਸੋਸੀਏਸ਼ਨ ਵੱਲੋਂ ਕਰਵਾਈ ਗਈ ਚੌਥੀ ਗਲੋਬਲ ਐਲੂਮਨੀ ਮੀਟ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਆਏ ਹੋਏ ਸਨ। ਸ੍ਰੀ ਧਨਖੜ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਸੈਂਟਰਲ ਯੂਨੀਵਰਸਿਟੀ ਬਣਾਉਣ ਦੀਆਂ ਕੁਝ ਅਫਵਾਹਾਂ ਚੱਲ ਰਹੀਆਂ ਹਨ ਜਦਕਿ ਕੇਂਦਰ ਸਰਕਾਰ ਦੀ ਅਜਿਹੀ ਕੋਈ ਮਨਸ਼ਾ ਨਹੀਂ ਹੈ। ਉਨ੍ਹਾਂ ਸਾਬਕਾ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਵਿੱਤੀ ਸਹਾਇਤਾ ਲਈ ਅੱਗੇ ਆਉਣ ਵਾਸਤੇ ਕਿਹਾ। ਉਨ੍ਹਾਂ ਕਿਹਾ,''ਸੋਨੇ ਦੀ ਚਿੜੀ ਅਖਵਾਉਣ ਵਾਲੇ ਦੇਸ਼ ਦਾ ਸਰਮਾਇਆ ਹਵਾਈ ਜਹਾਜ਼ਾਂ ਰਾਹੀਂ ਵਿਦੇਸ਼ੀ ਬੈਂਕਾਂ ਵਿਚ ਜਾਂਦਾ ਦੇਖਿਆ ਹੈ ਅਤੇ ਹੁਣ ਮੌਜੂਦਾ ਦੌਰ ਵਿਚ ਦੇਸ਼ ਦਾ ਹੋ ਰਿਹਾ ਵੱਡੇ ਪੱਧਰ 'ਤੇ ਵਿਕਾਸ ਵੀ ਅਸੀਂ ਆਪਣੀ ਅੱਖੀਂ ਦੇਖ ਰਹੇ ਹਾਂ।'' ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਗੌਰਵਮਈ ਇਤਿਹਾਸ ਰਿਹਾ ਹੈ।

# ਮਾਨਸਾ ਦੇ ਜ਼ਿਲ੍ਹਾ ਸਿੱਖਿਆ ਦਫਤਰ ਦੀ ਜਾਇਦਾਦ ਨਿਲਾਮ ਕਰਨ ਦੇ ਹੁਕਮ

**ਮਾਨਸਾ:** ਅਦਾਲਤ ਨੇ ਜ਼ਿਲ੍ਹਾ ਸਿੱਖਿਆ ਦਫਤਰ ਦੀ ਜਾਇਦਾਦ ਨਿਲਾਮ ਕਰਨ ਦਾ ਨੋਟਿਸ ਸਿੱਖਿਆ ਵਿਭਾਗ ਦੇ ਦਫਤਰ ਦੇ ਬਾਹਰ ਲਗਾਇਆ ਹੈ। ਸਿੱਖਿਆ ਵਿਭਾਗ ਵੱਲੋਂ ਇਸ ਮਾਮਲੇ ਵਿਚ ਹਾਈ ਕੋਰਟ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਦੂਜੇ ਪਾਸੇ ਪੀੜਤ ਧਿਰ ਨੇ ਅਦਾਲਤ ਦੇ ਫੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ 35 ਸਾਲਾਂ ਬਾਅਦ ਇਨਸਾਫ ਮਿਲਿਆ ਹੈ। ਸੇਵਾਮੁਕਤ ਅਧਿਆਪਕ ਤਰਸੇਮ ਚੰਦ ਗੋਇਲ ਨੇ ਦੱਸਿਆ ਕਿ ਉਨ੍ਹਾਂ ਨੂੰ ਬਣਦੇ ਸਮੇਂ ਵਿਚ ਰੈਗੂਲਰ ਨਹੀਂ ਕੀਤਾ ਗਿਆ। ਸਾਢੇ ਪੰਜ ਸਾਲਾਂ ਤੋਂ ਲਾਭ ਨਾ ਮਿਲਣ ਤੋਂ ਬਾਅਦ ਉਸ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਅਤੇ ਅਦਾਲਤ ਨੇ ਜ਼ਿਲ੍ਹਾ ਸਿੱਖਿਆ ਦਫਤਰ ਦੀ ਜਾਇਦਾਦ 5 ਜਨਵਰੀ ਨੂੰ ਨਿਲਾਮ ਕਰਨ ਦੇ ਹੁਕਮ ਦਿੱਤੇ ਹਨ। ਉਧਰ, ਮਾਨਸਾ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਹਰਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਅਦਾਲਤ ਦਾ ਫੈਸਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ।

# ਖਣਨ: ਕਾਂਗਰਸ ਵੱਲੋਂ ਮਾਨ ਸਰਕਾਰ ਨੂੰ ਤਿੱਖੇ ਸਵਾਲ



**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ ਵਿਚ ਗੈਰਕਾਨੂੰਨੀ ਮਾਈਨਿੰਗ ਨੂੰ ਰੋਕਣ ਵਿਚ 'ਆਪ' ਸਰਕਾਰ ਵੱਲੋਂ ਕਥਿਤ ਤੌਰ 'ਤੇ ਲਾਪਰਵਾਹੀ ਵਰਤੇ ਜਾਣ ਦੀ ਨਿਖੇਧੀ ਕੀਤੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਸੂਬਾ ਸਰਕਾਰ ਗੈਰਕਾਨੂੰਨੀ ਮਾਈਨਿੰਗ ਰੋਕਣ ਵਿਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਸੂਬੇ ਵਿਚ ਚੱਲ ਰਹੀ ਗੈਰਕਾਨੂੰਨੀ ਮਾਈਨਿੰਗ ਕਰਕੇ ਨੰਗਲ ਨੂੰ ਗੜ੍ਹਸ਼ੰਕਰ ਤੇ ਨੂਰਪੁਰ ਬੇਦੀ ਨਾਲ ਜੋੜਨ ਵਾਲਾ ਪੁਲ ਢਹਿਣ ਦੀ ਕਗਾਰ 'ਤੇ ਪਹੁੰਚ ਗਿਆ ਹੈ। ਅਧਿਕਾਰੀਆਂ ਨੇ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਆਵਾਜਾਈ ਬੰਦ ਕਰ ਦਿੱਤੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਸਵਾਂ ਨਦੀ ਵਿਚ ਗੈਰਕਾਨੂੰਨੀ ਮਾਈਨਿੰਗ ਹੋਣ ਕਾਰਨ 30 ਸਾਲ ਪੁਰਾਣੇ ਪੁਲ ਦੀ ਹਾਲਤ ਖਸਤਾ ਹੋ ਗਈ ਹੈ। ਇਹ ਪੁਲ ਬੰਦ ਹੋਣ ਕਾਰਨ ਨੰਗਲ ਤੇ ਨੂਰਪੁਰ ਬੇਦੀ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਗੈਰਕਾਨੂੰਨੀ ਮਾਈਨਿੰਗ ਨੂੰ ਖਤਮ ਕਰਕੇ ਪੰਜਾਬ ਦੇ ਮਾਲੀਆ 'ਚ 20 ਹਜ਼ਾਰ ਕਰੋੜ ਰੁਪਏ ਦਾ ਵਾਧਾ ਕਰਨ ਦਾ ਵਾਅਦਾ ਕੀਤਾ ਸੀ। ਇਸ ਦੌਰਾਨ ਮਾਈਨਿੰਗ ਤੋਂ ਪੰਜਾਬ ਦੇ ਖ਼ਜ਼ਾਨੇ 'ਚ ਸਿਰਫ 125 ਕਰੋੜ ਰੁਪਏ ਹੀ ਆਏ ਹਨ।

# ਭਾਰਤ ਸਿਰਫ ਕਾਗ਼ਜ਼ਾਂ 'ਚ ਸਭ ਤੋਂ ਵੱਡਾ ਲੋਕਤੰਤਰ: ਰਾਜਾ ਵੜਿੰਗ



**ਚੰਡੀਗੜ੍ਹ:** ਕਾਂਗਰਸ ਪਾਰਟੀ ਨੇ ਸੰਸਦ ਮੈਂਬਰਾਂ ਦੀ ਮੁਅੱਤਲੀ 'ਤੇ ਆਪਣਾ ਇਤਰਾਜ਼ ਦਾਇਰ ਕਰਨ ਲਈ ਪੰਜਾਬ ਭਰ ਵਿਚ ਰੋਸ ਪ੍ਰਦਰਸ਼ਨ ਕੀਤੇ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਵੀ ਸਾੜੇ ਗਏ। ਸੂਬੇ ਵਿਚ 29 ਥਾਵਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ, ਜਿਨ੍ਹਾਂ ਵਿਚ ਵੱਡੀ ਗਿਣਤੀ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਕਪੂਰਥਾਲਾ ਵਿਚ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਰਤ ਆਪਣੇ-ਆਪ ਵਿਚ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਪਰ ਇਹ ਦਾਅਵਾ ਸਿਰਫ ਕਾਗ਼ਜ਼ਾਂ ਵਿਚ ਹੀ ਜਾਪਦਾ ਹੈ, ਕਿਉਂਕਿ ਠੋਸ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਸੰਸਦ ਜਿੱਥੇ ਕਿ ਸੰਸਦ ਮੈਂਬਰ ਭਾਰਤੀ ਲੋਕਤੰਤਰ ਦੇ ਅਸਲ ਸਰੂਪ ਨੂੰ ਉਜਾਗਰ ਕਰਦੇ ਹਨ, ਵਿਚ ਵਿਚਾਰਾਂ ਤੇ ਆਲੋਚਨਾ ਦੇ ਪ੍ਰਗਟਾਵੇ ਨੂੰ ਦਬਾਇਆ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਕਈ ਆਗੂਆਂ ਨੇ ਕਿਹਾ ਕਿ ਭਾਜਪਾ ਦੀਆਂ ਕਾਰਵਾਈਆਂ ਨਾਲ ਲੋਕਤੰਤਰ ਨੂੰ ਭਾਰੀ ਸੱਟ ਵੱਜੀ ਹੈ।

ਸ੍ਰੀ ਵੜਿੰਗ ਨੇ ਕਿਹਾ ਕਿ ਸੰਸਦ ਮੈਂਬਰਾਂ ਦੀ ਇਸ ਮੁਅੱਤਲੀ ਦਾ ਮਕਸਦ ਵਿਰੋਧੀ ਧਿਰ ਦੇ ਕਿਸੇ ਵੀ ਭਾਸ਼ਣ ਜਾਂ ਬਹਿਸ ਤੋਂ ਬਿਨਾਂ ਸਖ਼ਤ ਬਿੱਲਾਂ ਨੂੰ ਲਾਗੂ ਕਰਨ ਲਈ ਰਾਹ ਪੱਧਰਾ ਕਰਨਾ ਹੈ। ਉਨ੍ਹਾਂ ਸੰਸਦ ਵਿਚ ਸੁਰੱਖਿਆ 'ਚ ਸੰਨ੍ਹ ਲੱਗਣ ਦੇ ਸਬੰਧ ਵਿਚ ਜਵਾਬ ਮੰਗਣ ਲਈ 146 ਤੋਂ ਵੱਧ ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਦੀ ਨਿਖੇਧੀ ਕੀਤੀ।

# ਕਿਸਾਨੀ ਮਸਲਿਆਂ ਲਈ ਕਮੇਟੀ ਕਾਇਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨੀ ਮਸਲਿਆਂ ਦੇ ਹੱਲ ਲਈ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿਚ ਕਮੇਟੀ ਬਣਾਈ ਹੈ ਜਿਸ ਵਿਚ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸੀਨੀਅਰ ਆਈ.ਏ.ਐੱਸ. ਅਧਿਕਾਰੀ ਸ਼ਾਮਲ ਹੋਣਗੇ। ਸੰਯੁਕਤ ਕਿਸਾਨ ਮੋਰਚਾ ਇਸ ਕਮੇਟੀ ਲਈ ਪੰਜ ਕਿਸਾਨ ਆਗੂਆਂ ਦੇ ਨਾਂ ਦੇਵੇਗਾ। ਕਮੇਟੀ ਖੇਤੀ ਕਾਨੂੰਨਾਂ ਵਿਰੁੱਧ ਹੋਏ ਸੰਘਰਸ਼ ਦੌਰਾਨ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ੇ ਤੇ ਨੌਕਰੀਆਂ ਸਮੇਤ ਹੋਰ ਲਟਕਦੇ ਮਸਲਿਆਂ ਦੇ ਹੱਲ ਲਈ 31 ਮਾਰਚ 2024 ਤੱਕ ਆਪਣੀ ਰਿਪੋਰਟ ਦੇਵੇਗੀ। ਮੁੱਖ ਮੰਤਰੀ ਨੇ ਇਹ ਵਾਅਦਾ ਵੀ ਕੀਤਾ ਹੈ ਕਿ ਵਿੱਤੀ ਸਾਲ ਦੇ ਅੰਤ ਤੱਕ ਕਿਸਾਨਾਂ ਦੇ ਸਾਰੇ ਬਕਾਇਆ ਮੁਆਵਜ਼ਿਆਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ ਅਤੇ ਸਰਕਾਰ ਪਿੰਡਾਂ ਵਿਚ ਸਹਿਕਾਰੀ ਸਭਾਵਾਂ ਵਿਚ ਨਵੇਂ ਖਾਤੇ ਖੋਲ੍ਹਣ 'ਤੇ ਲੱਗੀ ਰੋਕ ਹਟਾ ਲਵੇਗੀ। ਇਹ ਭਰੋਸਾ ਵੀ ਦਿੱਤਾ ਗਿਆ ਕਿ ਬਿਜਲੀ ਦੀ ਵੰਡ ਦਾ ਕੰਮ ਕਿਸੇ ਪ੍ਰਾਈਵੇਟ ਏਜੰਸੀ ਨੂੰ ਨਹੀਂ ਦਿੱਤਾ ਜਾਵੇਗਾ।

# ਦੇਵੇਂਦਰ ਯਾਦਵ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ

**ਚੰਡੀਗੜ੍ਹ:** ਅਗਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਨੇ ਕਈ ਸੂਬਾ ਇੰਚਾਰਜ ਬਦਲ ਦਿੱਤੇ ਹਨ। ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਦਿੱਲੀ ਦੇ ਸੀਨੀਅਰ ਕਾਂਗਰਸੀ ਆਗੂ ਦੇਵੇਂਦਰ ਯਾਦਵ ਨੂੰ ਇੰਚਾਰਜ ਲਾਇਆ ਹੈ। ਇਹ ਹੁਕਮ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਜਾਰੀ ਕੀਤੇ। ਦੇਵੇਂਦਰ ਯਾਦਵ ਪਹਿਲਾਂ ਉਤਰਾਖੰਡ ਦੇ ਇੰਚਾਰਜ ਦੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਕਾਂਗਰਸ ਪਾਰਟੀ ਨੇ ਇਹ ਫੇਰਬਦਲ ਅਜਿਹੇ ਸਮੇਂ ਕੀਤਾ ਹੈ ਜਦੋਂ ਦੇਸ਼ ਵਿਚ ਭਾਜਪਾ ਨੂੰ ਰੋਕਣ ਲਈ ਵਿਰੋਧੀ ਪਾਰਟੀਆਂ ਵੱਲੋਂ 'ਇੰਡੀਆ' ਗੱਠਜੋੜ ਤਹਿਤ ਮਿਲ ਕੇ ਚੱਲਣ ਲਈ ਕਦਮ ਚੁੱਕੇ ਜਾ ਰਹੇ ਹਨ। ਉਧਰ 'ਇੰਡੀਆ' ਗੱਠਜੋੜ ਸਬੰਧੀ ਪੰਜਾਬ ਕਾਂਗਰਸ ਦੇ ਕਈ ਆਗੂ 'ਆਪ' ਨਾਲ ਮਿਲ ਕੇ ਚੋਣਾਂ ਲੜਨ ਦੇ ਵਿਰੁੱਧ ਹਨ। ਪੰਜਾਬ ਕਾਂਗਰਸ ਦੇ ਕੁਝ ਆਗੂਆਂ ਵਿਚਕਾਰ ਅੰਦਰੂਨੀ ਮਤਭੇਦ ਵੀ ਹਨ।

# ਆਬਕਾਰੀ ਤੇ ਕਰ ਅਫਸਰਾਂ ਦੀਆਂ ਅਸਾਮੀਆਂ ਭਰਨ ਲਈ ਰਾਹ ਪੱਧਰਾ

**ਚੰਡੀਗੜ੍ਹ:** ਪੰਜਾਬ ਦੇ ਆਬਕਾਰੀ ਵਿਭਾਗ ਵਿਚ ਆਬਕਾਰ ਆਬਕਾਰੀ ਤੇ ਕਰ ਅਫਸਰਾਂ ਦੀਆਂ 144 ਅਸਾਮੀਆਂ ਭਰਨ ਲਈ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਇਨ੍ਹਾਂ ਅਸਾਮੀਆਂ ਵਿਚੋਂ 115 ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਆਬਕਾਰੀ ਅਤੇ ਕਰ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਦੀ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਪੰਜਾਬ ਸਰਕਾਰ ਸਿੱਧੀ ਭਰਤੀ ਨਾਲ ਅੱਗੇ ਵਧਣ ਅਤੇ ਅਸਾਮੀਆਂ ਨੂੰ ਤੇਜ਼ੀ ਨਾਲ ਭਰਨ ਲਈ ਸੁਤੰਤਰ ਹੋਵੇਗੀ। ਕੁੱਲ ਪ੍ਰਵਾਨਿਤ ਗਿਣਤੀ ਵਿਚੋਂ 14 ਅਸਾਮੀਆਂ ਰਜਿਸਟਰੇਸ਼ਨ ਇੰਸਪੈਕਟਰਾਂ ਨੂੰ ਈਟੀਓਜ਼ ਵਜੋਂ ਤਰੱਕੀ ਦੇ ਕੇ ਭਰਨ ਲਈ ਉਪਲਬਧ ਹੋਣਗੀਆਂ। ਇਸ ਨਾਲ ਅਸਾਮੀਆਂ ਨੂੰ ਭਰਨ ਵਿਚ ਕੋਟਾ ਬਰਕਰਾਰ ਰੱਖਣ ਵਿਚ ਮਦਦ ਮਿਲੇਗੀ।

# ਅਮਰੀਕਾ 'ਚ ਮੰਦਰ ਦੀਆਂ ਕੰਧਾਂ 'ਤੇ ਭਾਰਤ ਵਿਰੋਧੀ ਨਾਅਰੇ ਲਿਖੇ




**ਨਿਊ ਯਾਰਕ:** ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਇਕ ਮੰਦਰ 'ਚ ਦੀਆਂ ਕੰਧਾਂ ਉਤੇ ਭਾਰਤ ਵਿਰੋਧੀ ਨਾਅਰੇ ਲਿਖੇ ਗਏ। ਪੁਲਿਸ ਇਸ ਮਾਮਲੇ ਦੀ ਜਾਂਚ ਸੰਭਾਵੀ ਨਫਰਤੀ ਅਪਰਾਧ ਦੇ ਪੱਖ ਤੋਂ ਕਰ ਰਹੀ ਹੈ।

ਕੈਲੀਫੋਰਨੀਆ ਦੇ ਨੇਵਾਰਕ 'ਚ ਸਿਟੀ ਆਫ ਨੇਵਾਰਕ ਪੁਲਿਸ ਵਿਭਾਗ ਨੇ ਈ-ਮੇਲ ਰਾਹੀਂ ਖ਼ਬਰ ਏਜੰਸੀ ਨੂੰ ਦੱਸਿਆ ਕਿ ਸਵੇਰੇ ਕਰੀਬ 8.35 ਵਜੇ ਉਨ੍ਹਾਂ ਨੂੰ ਸ੍ਰੀ ਸਵਾਮੀਨਾਰਾਇਣ ਮੰਦਰ 'ਚ ਭਾਰਤ ਵਿਰੋਧੀ ਨਾਅਰੇ ਲਿਖੇ ਜਾਣ ਦੀ ਜਾਣਕਾਰੀ ਮਿਲੀ ਸੀ। ਇਸ ਮਗਰੋਂ ਅਧਿਕਾਰੀਆਂ ਨੇ ਕਾਰਵਾਈ ਕਰਦਿਆਂ ਮੰਦਰ ਦੇ ਪ੍ਰਬੰਧਕਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਇਸ ਨੂੰ ਡਰਾਉਣ ਦੇ ਉਦੇਸ਼ ਨਾਲ ਕੀਤੀ ਗਈ ਘਟਨਾ ਕਰਾਰ ਦਿੱਤਾ। ਸਿਟੀ ਆਫ ਨੇਵਾਰਕ ਪੁਲਿਸ ਵਿਭਾਗ ਨੇ ਇਕ ਬਿਆਨ 'ਚ ਕਿਹਾ, ''ਕੰਧਾਂ 'ਤੇ ਮੌਜੂਦ ਨਾਅਰਿਆਂ ਦੀ ਸਮੱਗਰੀ ਦੇ ਆਧਾਰ ਉਤੇ ਇਹ ਮੰਨਿਆ ਜਾ ਰਿਹਾ ਹੈ ਕਿ ਮੰਦਰ ਦੀ ਦਿੱਖ ਖਰਾਬ ਕਰਨ ਦੀ ਸਾਜ਼ਿਸ਼ ਘੜੀ ਗਈ ਸੀ ਅਤੇ ਭੰਨ-ਤੋੜ ਦੀ ਘਟਨਾ ਦੀ ਸੰਭਾਵੀ ਨਫਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ।''

ਭਾਰਤ ਦੇ ਸਾਂ ਫਰਾਂਸਿਸਕੋ ਸਥਿਤ ਕੌਂਸੁਲੇਟ ਜਨਰਲ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕੌਂਸੁਲੇਟ ਨੇ 'ਐਕਸ' ਉਤੇ ਪੋਸਟ 'ਚ ਕਿਹਾ,''ਅਸੀਂ ਕੈਲੀਫੋਰਨੀਆ ਦੇ ਨੇਵਾਰਕ 'ਚ ਐਸ.ਐਮ.ਵੀ.ਐਸ. ਸ੍ਰੀ ਸਵਾਮੀਨਾਰਾਇਣ ਮੰਦਰ ਨੂੰ ਭਾਰਤ ਵਿਰੋਧੀ ਨਾਅਰਿਆਂ ਨਾਲ ਵਿਗਾੜਨ ਦੀ ਸਖ਼ਤ ਨਿੰਦਾ ਕਰਦੇ ਹਾਂ। ਇਸ ਘਟਨਾ ਨਾਲ ਭਾਰਤੀ ਫਿਰਕੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਅਸੀਂ ਇਸ ਮਾਮਲੇ 'ਚ ਅਮਰੀਕੀ ਅਧਿਕਾਰੀਆਂ ਵੱਲੋਂ ਫੌਰੀ ਜਾਂਚ ਅਤੇ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਛੇਤੀ ਕਾਰਵਾਈ ਲਈ ਦਬਾਅ ਪਾਇਆ ਹੈ।'' ਸੋਸ਼ਲ ਮੀਡੀਆ 'ਤੇ ਇਸ ਘਟਨਾ ਨਾਲ ਜੁੜੀਆਂ ਤਸਵੀਰਾਂ ਪੋਸਟ ਕੀਤੀਆਂ ਗਈਆਂ ਹਨ।

# ਪੰਜਾਬ ਕਾਂਗਰਸ ਅੰਦਰ ਖਾਨਾਜੰਗੀ ਹੋਰ ਤਿੱਖੀ ਹੋਈ

**ਚੰਡੀਗੜ੍ਹ:** ਕਾਂਗਰਸ ਵਿਚ ਦਿਨੋ-ਦਿਨ ਵਧ ਰਹੀ ਖਾਨਾਜੰਗੀ ਰੁਕਣ ਦਾ ਨਾਮ ਨਹੀਂ ਲੈ ਰਹੀ। ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਦੇਵੇਂਦਰ ਯਾਦਵ ਲਈ ਪੰਜਾਬ ਇਕ ਵੱਡੀ ਪ੍ਰੀਖਿਆ ਬਣੇਗਾ। ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਯਾਦਵ ਨੂੰ ਪੰਜਾਬ ਕਾਂਗਰਸ ਦੇ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਦੇਵੇਂਦਰ ਯਾਦਵ ਨੂੰ ਇਹ ਜ਼ਿੰਮੇਵਾਰੀ ਉਸ ਮੌਕੇ ਮਿਲੀ ਹੈ ਜਦੋਂ ਪੰਜਾਬ ਕਾਂਗਰਸ ਅੰਦਰੂਨੀ ਕਲੇਸ਼ 'ਚੋਂ ਗੁਜ਼ਰ ਰਹੀ ਹੈ। ਪੰਜ ਸਾਲ ਸੂਬਾ ਇੰਚਾਰਜ ਰਹੇ ਹਰੀਸ਼ ਚੌਧਰੀ ਪੰਜਾਬ ਕਾਂਗਰਸ ਵਿਚਲੇ ਕਾਟੋ-ਕਲੇਸ਼ ਨੂੰ ਖਤਮ ਕਰਵਾਉਣ ਵਿਚ ਨਾਕਾਮ ਰਹੇ ਹਨ। ਪਾਰਟੀ ਵਿਚ ਅਨੁਸ਼ਾਸਨ ਕਾਇਮ ਰੱਖਣਾ ਉਨ੍ਹਾਂ ਅੱਗੇ ਇਕ ਵੱਡੀ ਚੁਣੌਤੀ ਹੋਵੇਗੀ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਸੋਸ਼ਲ ਮੀਡੀਆ 'ਤੇ ਚੱਲੀ ਗੱਲਬਾਤ ਨੂੰ ਕਈ ਕਾਂਗਰਸੀ ਵਿਧਾਇਕਾਂ ਨੇ ਚਰਚਾ ਵਿਚ ਲਿਆਂਦਾ ਹੈ। ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਰਾਜਿੰਦਰ ਸਿੰਘ ਸਮਾਣਾ,



ਮਹੇਸ਼ਇੰਦਰ ਸਿੰਘ, ਰਾਮਿੰਦਰ ਆਮਲਾ, ਜਗਦੇਵ ਸਿੰਘ ਕਮਾਲੂ, ਹਲਕਾ ਇੰਚਾਰਜ ਗੁਰੂਹਰਸਹਾਏ ਵਿਜੈ ਕਾਲੜਾ, ਹਲਕਾ ਇੰਚਾਰਜ ਬਠਿੰਡਾ (ਦਿਹਾਤੀ) ਹਰਵਿੰਦਰ ਸਿੰਘ ਲਾਡੀ ਅਤੇ ਹੋਰ ਸੀਨੀਅਰ ਆਗੂਆਂ ਤੇ ਵਰਕਰ ਨਵਜੋਤ ਸਿੱਧੂ ਦੇ ਹੱਕ ਵਿਚ ਆ ਗਏ ਹਨ। ਇਨ੍ਹਾਂ ਆਗੂਆਂ ਨੇ ਸੋਸ਼ਲ ਮੀਡੀਆ 'ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਸਵਾਲਾਂ ਦੀ ਝੜੀ ਲਗਾ ਦਿੱਤੀ ਹੈ। ਸਵਾਲ ਪੁੱਛਣ ਵਾਲਿਆਂ ਵਿਚ ਸਾਬਕਾ ਮੰਤਰੀ ਲਾਲ ਸਿੰਘ ਦੇ ਪੁੱਤਰ ਅਤੇ ਸਾਬਕਾ ਵਿਧਾਇਕ ਕਾਕਾ ਰਾਜਿੰਦਰ ਸਿੰਘ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਨਵਜੋਤ ਸਿੱਧੂ ਵੱਲੋਂ ਕੀਤੀ ਗਈ ਇਕ ਰੈਲੀ ਸਬੰਧੀ ਕਿਹਾ ਸੀ ਕਿ ਉਹ ਵੱਖਰੀਆਂ ਰੈਲੀਆਂ ਕਰਨ ਦੀ ਬਜਾਏ ਸਾਂਝੇ ਮੰਚ 'ਤੇ ਆਉਣ ਅਤੇ 21 ਤੇ 22 ਨੂੰ ਜਗਰਾਉਂ ਵਿਚ ਹੋ ਰਹੇ ਕਾਂਗਰਸ ਦੇ ਪ੍ਰਦਰਸ਼ਨ ਵਿਚ ਸ਼ਾਮਲ ਹੋ ਕੇ ਆਪਣੀ ਗੱਲ ਰੱਖਣ। ਸ੍ਰੀ ਬਾਜਵਾ ਨੇ ਇਹ ਵੀ ਕਿਹਾ ਸੀ ਕਿ ਸਿੱਧੂ ਦੀ ਪ੍ਰਧਾਨਗੀ ਹੇਠ ਕਾਂਗਰਸ 78 ਵਿਧਾਇਕਾਂ ਤੋਂ 18 'ਤੇ ਸਿਮਟ ਗਈ ਹੈ। ਹੁਣ ਸਿੱਧੂ ਦਾ ਫਰਜ਼ ਬਣਦਾ ਹੈ ਕਿ ਉਹ ਪਾਰਟੀ ਨਾਲ ਚੱਲਣ।

ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਨਵਜੋਤ ਸਿੱਧੂ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਬਾਜਵਾ ਨੂੰ ਪੁੱਛਿਆ, "ਤੁਸੀਂ ਇੰਡੀਆ ਗੱਠਜੋੜ ਦੀ ਸਿਆਸਤ ਨੂੰ ਨਕਾਰੋ ਤੇ ਬੋਲੋ ਕਿ ਅਸੀਂ ਕਾਂਗਰਸ ਹਾਈਕਮਾਂਡ ਵੱਲੋਂ ਇਸ ਗੱਠਜੋੜ ਦੇ ਸਿਆਸੀ ਫੈਸਲਿਆਂ ਨੂੰ ਲਾਗੂ ਨਹੀਂ ਕਰਾਂਗੇ ਤਾਂ ਇਹ ਵੱਖਰਾ ਅਖਾੜਾ ਨਹੀਂ ਹੈ? ਪਰ ਜੇ ਕੋਈ ਹੋਰ ਇਹ ਆਖੇ ਕਿ ਹਾਈਕਮਾਂਡ ਨਾਲ ਖੜ੍ਹਾਂਗਾ ਅਤੇ ਪੰਜਾਬ ਲਈ ਲੜਾਂਗਾ ਤਾਂ ਇਹ ਵੱਖਰਾ ਅਖਾੜਾ ਕਿਵੇਂ ਹੋ ਗਿਆ?" ਸਿੱਧੂ ਦੀ ਹਮਾਇਤ ਵਿਚ ਆਏ ਸਾਬਕਾ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੇ ਕਿਹਾ, "ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਨਾ ਸਾਨੂੰ ਅਤੇ ਨਾ ਹੀ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਸਮਾਗਮਾਂ ਵਿਚ ਸੱਦਿਆ ਜਾਂਦਾ ਹੈ ਅਤੇ ਜੇ ਅਸੀਂ ਕਾਂਗਰਸ ਦੀ ਬਿਹਤਰੀ ਲਈ ਪਾਰਟੀ ਵਰਕਰਾਂ ਦੇ ਸੱਦੇ 'ਤੇ ਰੈਲੀ ਰੱਖ ਕੇ ਅੱਠ ਹਜ਼ਾਰ ਤੋਂ ਵੱਧ ਦਾ ਇਕੱਠ ਕੀਤਾ ਤਾਂ ਸਾਡਾ ਹੌਸਲਾ ਵਧਾਉਣ ਦੀ ਬਜਾਏ ਸਾਨੂੰ ਮਾੜਾ ਕਿਹਾ ਜਾ ਰਿਹਾ ਹੈ।" ਉਨ੍ਹਾਂ ਕਿਹਾ, "ਨਵਜੋਤ ਸਿੱਧੂ ਨਾਲ ਨੇੜਤਾ ਕਰ ਕੇ ਸਾਡੇ ਨਾਲ ਪਾਰਟੀ ਵਿਚ ਪੱਖਪਾਤ ਕਿਉਂ ਕੀਤਾ ਜਾ ਰਿਹਾ ਹੈ।" ਕਾਂਗਰਸੀ ਆਗੂਆਂ ਨੇ ਕਿਹਾ ਕਿ ਪਿਛਲੇ ਲਗਭਗ ਇਕ ਮਹੀਨੇ ਤੋਂ ਪ੍ਰਤਾਪ ਬਾਜਵਾ ਨੇ ਵਿਰੋਧੀ ਧਿਰ ਵਜੋਂ ਕੋਈ ਵੱਡਾ ਸਮਾਗਮ ਨਹੀਂ ਕੀਤਾ ਜਦਕਿ ਉਹ ਖੁੱਲ੍ਹੀ ਰੈਲੀ ਰਾਹੀਂ ਲੋਕਾਂ ਦੇ ਸਵਾਲ ਸਰਕਾਰ ਅੱਗੇ ਰੱਖ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸੀ ਕਾਰਕੁਨਾਂ ਨੂੰ ਮਾਣ-ਸਤਿਕਾਰ ਤੇ ਨੁਮਾਇੰਦਗੀ ਨਹੀਂ ਮਿਲ ਰਹੀ।

# ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ '84 ਕਤਲੇਆਮ ਪੀੜਤ ਪਰਿਵਾਰਾਂ ਨੂੰ ਇਨਸਾਫ ਦਾ ਭਰੋਸਾ

**ਲੁਧਿਆਣਾ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ '84 ਕਤਲੇਆਮ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਘੱਟ ਗਿਣਤੀ ਕਮਿਸ਼ਨ ਵਚਨਬੱਧ ਹੈ ਅਤੇ ਪੂਰੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਉਹ ਇਥੇ ਸੀ.ਆਰ.ਪੀ. ਕਲੋਨੀ ਦੁੱਗਰੀ ਵਿਚ 1984 ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਵੱਲੋਂ ਰੱਖੇ ਗਏ ਇਕ ਸਮਾਗਮ ਉਪਰੰਤ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਤਲੇਆਮ ਪੀੜਤ ਪਰਿਵਾਰਾਂ ਦੇ ਦੁੱਖੜੇ ਵੀ ਸੁਣੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਸਾਰੇ ਸੂਬਿਆਂ ਨੂੰ '84 ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ




ਇਨਸਾਫ ਦੇਣ ਸਬੰਧੀ ਉਠਾਏ ਗਏ ਕਦਮਾਂ ਅਤੇ ਕੀਤੀਆਂ ਗਈਆਂ ਕਾਰਵਾਈਆਂ ਬਾਰੇ 15 ਜਨਵਰੀ 2024 ਤੱਕ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਪੂਰੀ ਵਾਹ ਲਗਾਈ ਜਾਵੇਗੀ ਕਿਉਂਕਿ 39 ਸਾਲ ਬੀਤਣ ਤੋਂ ਬਾਅਦ ਵੀ ਸਬੰਧਤ ਪਰਿਵਾਰਾਂ ਨੂੰ ਨਾ ਤਾਂ ਸਰਕਾਰ ਵੱਲੋਂ ਐਲਾਨੀਆਂ ਗਈਆਂ ਸਹੂਲਤਾਂ ਮਿਲੀਆਂ ਹਨ ਅਤੇ ਨਾ ਹੀ ਇਨਸਾਫ ਮਿਲਿਆ ਹੈ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਨੇ ਸ੍ਰੀ ਲਾਲਪੁਰਾ ਨੂੰ ਇਕ ਮੰਗ ਪੱਤਰ ਵੀ ਸੌਂਪਿਆ। ਇਸ ਰਾਹੀਂ ਮੰਗ ਕੀਤੀ ਗਈ ਕਿ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ ਅਤੇ ਜਿਨ੍ਹਾਂ ਪਰਿਵਾਰਾਂ ਨੂੰ ਹੁਣ ਤੱਕ ਸਰਕਾਰ ਵੱਲੋਂ ਕੋਈ ਰਿਆਇਤ ਨਹੀਂ ਮਿਲੀ ਹੈ, ਉਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਜਾਣ।

# ਪੰਜਾਬ ਮਸਲਿਆਂ ਦੇ ਹੱਲ ਲਈ ਅਕਾਲੀ ਦਲ ਨੂੰ ਤਕੜਾ ਕਰਨ ਦਾ ਸੱਦਾ




**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਖੇਤਰੀ ਪਾਰਟੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਮੁੱਦਿਆਂ ਨੂੰ ਸੰਜੀਦਗੀ ਨਾਲ ਹੱਲ ਕਰਵਾਉਣ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਮਾਨ ਸਰਕਾਰ ਦੀ ਨਾਲਾਇਕੀ ਅਤੇ ਬੇਸਮਝੀ ਕਾਰਨ ਸੂਬਾ ਵੱਡੇ ਆਰਥਿਕ ਸੰਕਟ ਵਿਚ ਫਸਦਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਕੇਂਦਰ ਵੱਲੋਂ ਦਿਹਾਤੀ ਵਿਕਾਸ ਅਤੇ ਕੌਮੀ ਸਿਹਤ ਮਿਸ਼ਨ (ਐਨ.ਐਚ.ਐਮ.) ਤਹਿਤ ਆਦਿ ਮਿਲਣ ਵਾਲੇ ਫੰਡਾਂ ਦੀ ਰੋਕ ਪਿੱਛੇ 'ਆਪ' ਸਰਕਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਦੇ ਮਨਸੂਬੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਅੰਦਰ 'ਦਿ ਸਿੱਖ ਗੁਰਦੁਆਰਾ (ਸੋਧ) ਬਿੱਲ-2023 ਪਾਸ ਕਰ ਕੇ ਸਿੱਧੇ ਤੌਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਗਈ ਜੋ ਕਿ ਅਤਿ ਨਿੰਦਣਯੋਗ ਵਰਤਾਰਾ ਸੀ। ਉਨ੍ਹਾਂ ਪੰਜਾਬ ਦੇ ਵਿੱਤੀ ਸੰਕਟ ਤੋਂ ਇਲਾਵਾ ਸੂਬੇ ਵਿਚ ਵਧ ਰਹੀ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਖ, ਨਸ਼ਿਆਂ ਦੀ ਬਹੁਤਾਤ ਅਤੇ ਪੰਜਾਬ ਅੰਦਰ ਦਿਨੋ-ਦਿਨ ਵਧ ਰਹੇ ਡਰ ਤੇ ਸਹਿਮ 'ਤੇ ਵੀ ਚਿੰਤਾ ਪ੍ਰਗਟ ਕੀਤੀ।

# ਸਿੱਧੂ ਖਿਲਾਫ ਚੋਣ ਜ਼ਾਬਤੇ ਦੀ ਉਲੰਘਣਾ ਦਾ ਕੇਸ ਰੱਦ

**ਪਟਨਾ:** ਪਟਨਾ ਹਾਈ ਕੋਰਟ ਨੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੂੰ ਰਾਹਤ ਦਿੰਦਿਆਂ ਪਿਛਲੀਆਂ ਆਮ ਚੋਣਾਂ ਦੌਰਾਨ ਉਨ੍ਹਾਂ ਖਿਲਾਫ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਦਰਜ ਕੇਸ ਨੂੰ ਰੱਦ ਕਰ ਦਿੱਤਾ ਹੈ। ਸਿੱਧੂ ਨੇ 12 ਅਕਤੂਬਰ, 2020 ਨੂੰ ਕਟਿਹਾਰ ਜ਼ਿਲ੍ਹੇ ਦੀ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਦੇ ਇਕ ਹੁਕਮ ਨੂੰ ਚੁਣੌਤੀ ਦਿੰਦਿਆਂ ਹਾਈ ਕੋਰਟ ਦਾ ਰੁਖ ਕੀਤਾ ਸੀ। ਹੇਠਲੀ ਅਦਾਲਤ ਨੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਬਾਰਸੋਈ ਥਾਣਾ ਵਿਚ ਉਨ੍ਹਾਂ ਖ਼ਿਲਾਫ਼ ਦਰਜ ਇਕ ਐਫ.ਆਈ.ਆਰ. ਦਾ ਨੋਟਿਸ ਲਿਆ ਸੀ। ਇਕ ਚੋਣ ਰੈਲੀ ਵਿਚ ਸਿੱਧੂ ਦੇ ਭਾਸ਼ਨ ਸਬੰਧੀ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਹਾਈ ਕੋਰਟ ਦੇ ਜਸਟਿਸ ਸੰਦੀਪ ਕੁਮਾਰ ਨੇ 19 ਦਸੰਬਰ ਨੂੰ ਦਿੱਤੇ ਹੁਕਮ ਵਿਚ ਕਿਹਾ ਕਿ ਹੇਠਲੀ



ਅਦਾਲਤ ਨੇ 'ਮਕੈਨੀਕਲੀ' ਹੁਕਮ ਜਾਰੀ ਕੀਤੇ ਅਤੇ ਪਟੀਸ਼ਨਕਰਤਾ ਨੂੰ 'ਬਿਨਾਂ ਸੋਚੇ-ਸਮਝੇ' ਸੰਮਨ ਜਾਰੀ ਕਰ ਦਿੱਤਾ। ਅਦਾਲਤ ਨੇ ਫੈਸਲੇ ਵਿਚ ਕਿਹਾ, ''ਇਸ ਲਈ ਇਹ ਅਪੀਲ ਮਨਜ਼ੂਰ ਕੀਤੀ ਜਾਂਦੀ ਹੈ ਅਤੇ ਸਿੱਟੇ ਵਜੋਂ ਨੋਟਿਸ ਦੇ ਹੁਕਮ ਅਤੇ ਪੂਰੇ ਮਾਮਲੇ ਨੂੰ ਰੱਦ ਕੀਤਾ ਜਾਂਦਾ ਹੈ।''

# ਮਿਸ਼ਨ 2024: ਪੰਜਾਬ 'ਚ 'ਆਪ' ਤੇ ਕਾਂਗਰਸ ਵਿਚਕਾਰ ਤਾਲਮੇਲ ਦੇ ਆਸਾਰ ਘੱਟ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਦਰਮਿਆਨ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਗੱਠਜੋੜ ਹੋਣ ਦੇ ਆਸਾਰ ਮੱਠੇ ਪੈ ਗਏ ਹਨ। 'ਇੰਡੀਆ' ਗੱਠਜੋੜ ਦੀ ਲੰਘੇ ਦਿਨੀਂ ਦਿੱਲੀ ਵਿਚ ਹੋਈ ਮੀਟਿੰਗ 'ਚ 31 ਦਸੰਬਰ ਤੱਕ ਸੀਟਾਂ ਦੇ ਵੰਡ ਨੂੰ ਲੈ ਕੇ ਰਣਨੀਤੀ ਵਿਉਂਤੇ ਜਾਣ ਦੀ ਗੱਲ ਤੁਰੀ ਸੀ, ਜਿਸ ਤੋਂ ਪੰਜਾਬ ਵਿਚ 'ਆਪ' ਤੇ ਕਾਂਗਰਸ 'ਚ ਸਿਆਸੀ ਗੱਠਜੋੜ ਹੋਣ ਦੇ ਆਸਾਰ ਜਾਪਦੇ ਸਨ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲੇ ਚੋਣ ਲੜ ਸਕਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਲੀਡਰਸ਼ਿਪ ਨੂੰ ਪੰਜਾਬ ਦੇ ਸਿਆਸੀ ਮਾਹੌਲ ਤੋਂ ਜਾਣੂ ਕਰਵਾਉਂਦਿਆਂ 'ਆਪ' ਦੇ ਇਕੱਲੇ ਚੋਣ ਮੈਦਾਨ ਵਿਚ ਉੱਤਰਨ ਦੇ ਆਪਣੇ ਪੈਂਤੜੇ ਬਾਰੇ ਵੀ ਦੱਸ ਦਿੱਤਾ ਹੈ। ਉਧਰ, ਹਰਿਆਣਾ ਵਿਚ 'ਆਪ' ਖ਼ੁਦ ਉੱਤਰਨ ਦੀ ਥਾਂ ਕਾਂਗਰਸ ਨੂੰ ਸਾਰੀਆਂ ਸੀਟਾਂ ਛੱਡਣ ਦੀ ਪੇਸ਼ਕਸ਼ ਕਰ ਸਕਦੀ ਹੈ। ਹਰਿਆਣਾ ਵਿਚ 'ਆਪ' ਦੋ ਲੋਕ ਸਭਾ ਸੀਟਾਂ ਕੁਰੂਕਸ਼ੇਤਰ ਅਤੇ ਹਿਸਾਰ ਤੋਂ ਚੋਣ ਲੜਨਾ ਚਾਹੁੰਦੀ ਸੀ, ਪਰ ਸੀਟਾਂ ਦੀ ਵੰਡ ਤਹਿਤ ਪਾਰਟੀ ਹੁਣ ਕਾਂਗਰਸ ਲਈ ਸਮੁੱਚਾ ਹਰਿਆਣਾ ਅਤੇ ਦਿੱਲੀ ਵਿਚ ਤਿੰਨ ਸੀਟਾਂ ਛੱਡ ਸਕਦੀ ਹੈ। 'ਆਪ'



ਵੱਲੋਂ ਗੁਜਰਾਤ ਵਿਚ ਵੀ ਇਕ ਸੀਟ 'ਤੇ ਦਾਅਵੇਦਾਰੀ ਜਤਾਈ ਗਈ ਹੈ। ਸੂਤਰ ਦੱਸਦੇ ਹਨ ਕਿ 'ਆਪ' ਲਈ ਦਿੱਲੀ ਤੇ ਪੰਜਾਬ ਸਭ ਤੋਂ ਅਹਿਮ ਹਨ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪਿਛਲੇ ਦਿਨੀਂ ਮੌੜ ਮੰਡੀ ਵਿਚ ਜਨਤਕ ਤੌਰ 'ਤੇ ਪੰਜਾਬ ਦੀਆਂ 13 ਸੀਟਾਂ 'ਆਪ' ਦੀ ਝੋਲੀ ਪਾਉਣ ਦੀ ਅਪੀਲ ਕੀਤੀ ਸੀ, ਜੋ ਇਸ ਗੱਲ ਦਾ ਇਸ਼ਾਰਾ ਸੀ ਕਿ 'ਆਪ' ਪੰਜਾਬ ਵਿਚ ਆਪਣੇ ਦਮ 'ਤੇ ਲੋਕ ਸਭਾ ਚੋਣਾਂ ਲੜਨ ਦੀ ਇੱਛੁਕ ਹੈ। ਉਧਰ, ਪੰਜਾਬ ਦੀ ਕਾਂਗਰਸ ਲੀਡਰਸ਼ਿਪ ਵੀ 'ਆਪ' ਨਾਲ ਕੋਈ ਗੱਠਜੋੜ ਨਾ ਕਰਨ ਦੀ ਗੱਲ ਆਖ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿਚ 'ਆਪ' ਤੇ ਕਾਂਗਰਸ ਦਰਮਿਆਨ ਗੱਠਜੋੜ ਨੂੰ ਲੈ ਕੇ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਹੈ। ਵੜਿੰਗ ਨੇ ਕਿਹਾ ਕਿ ਹਾਈਕਮਾਨ ਨੇ ਪੰਜਾਬ ਕਾਂਗਰਸ ਨੂੰ 13 ਸੀਟਾਂ 'ਤੇ ਤਿਆਰੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਗੱਠਜੋੜ ਤੇ ਸੀਟਾਂ ਆਦਿ ਦੀ ਵੰਡ ਬਾਰੇ ਫੈਸਲਾ ਪਾਰਟੀ ਹਾਈਕਮਾਨ ਨੇ ਲੈਣਾ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਪਹਿਲਾਂ ਹੀ ਆਖ ਚੁੱਕੇ ਹਨ ਕਿ ਕਾਂਗਰਸ 13 ਸੀਟਾਂ 'ਤੇ ਆਪਣੇ ਤੌਰ 'ਤੇ ਚੋਣ ਲੜੇਗੀ। ਸਾਬਕਾ ਮੰਤਰੀ ਸੁਖਵਿੰਦਰ ਸਿੰਘ ਰੰਧਾਵਾ ਵੀ ਪੰਜਾਬ ਵਿਚ 'ਆਪ' ਨਾਲ ਗੱਠਜੋੜ ਦਾ ਵਿਰੋਧ ਜਤਾ ਚੁੱਕੇ ਹਨ। ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਨੂੰ ਲੈ ਕੇ ਸਰਵੇ ਵੀ ਕਰਾਏ ਹਨ ਜਿਨ੍ਹਾਂ ਦੇ ਆਧਾਰ 'ਤੇ 'ਆਪ' ਕਿਸੇ ਨਾਲ ਗੱਠਜੋੜ ਦੇ ਰੌਂਅ ਵਿਚ ਨਹੀਂ ਹੈ। ਹਾਲਾਂਕਿ ਕਾਂਗਰਸ ਦੇ ਕਈ ਸੰਸਦ ਮੈਂਬਰ, ਜਿਨ੍ਹਾਂ ਨੂੰ ਆਪਣਾ ਭਵਿੱਖ ਹਵਾ ਵਿਚ ਲਟਕਦਾ ਨਜ਼ਰ ਆ ਰਿਹਾ ਹੈ, 'ਆਪ' ਨਾਲ ਸਿਆਸੀ ਗੱਠਜੋੜ ਕਰਨ ਬਾਰੇ ਤਰਲੋਮੱਛੀ ਹਨ। 'ਆਪ' ਸਰਕਾਰ ਇਸ ਗੱਲੋਂ ਵੀ ਖ਼ਫ਼ਾ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਪੰਜਾਬ ਵਿਚ ਸਰਕਾਰ ਖ਼ਿਲਾਫ਼ ਧਰਨਿਆਂ ਮੁਜ਼ਾਹਰਿਆਂ ਦੇ ਰਾਹ ਪਈ ਹੋਈ ਹੈ। ਕਾਂਗਰਸ ਦੀ ਸੂਬਾਈ ਲੀਡਰਸ਼ਿਪ ਇਹੋ ਤਰਕ ਦੇ ਰਹੀ ਹੈ ਕਿ 'ਆਪ' ਸਰਕਾਰ ਵੱਲੋਂ ਕਾਂਗਰਸੀ ਨੇਤਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਅਸੀਂ ਹਾਈਕਮਾਨ ਦਾ ਹਰ ਫੈਸਲਾ ਮੰਨਾਂਗੇ : ਕੰਗ

**ਚੰਡੀਗੜ੍ਹ:** 'ਆਪ' ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਸਮੇਤ 14 ਸੀਟਾਂ 'ਤੇ ਚੋਣਾਂ ਲੜਨ ਦੀ ਪੂਰੀ ਤਿਆਰੀ ਹੈ। 'ਆਪ' ਕੌਮੀ ਪੱਧਰ 'ਤੇ 'ਇੰਡੀਆ' ਬਲਾਕ ਦਾ ਹਿੱਸਾ ਹੈ ਅਤੇ ਪੰਜਾਬ ਬਾਰੇ ਆਖਰੀ ਫੈਸਲਾ 'ਆਪ' ਦੀ ਕੌਮੀ ਲੀਡਰਸ਼ਿਪ ਨੇ ਕਰਨਾ ਹੈ। ਹਾਈਕਮਾਨ ਦਾ ਜੋ ਵੀ ਫੈਸਲਾ ਹੋਵੇਗਾ, ਉਸ ਦੀ ਪਾਲਣਾ ਕੀਤੀ ਜਾਵੇਗੀ।

# ਬਹਿਬਲ-ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਇਨਸਾਫ ਦੀ ਆਸ ਬੱਝੀ



**ਫਰੀਦਕੋਟ:** ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਸਬੰਧੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਸੀਲਬੰਦ ਸਟੇਟਸ ਰਿਪੋਰਟ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਇਹ ਰਿਪੋਰਟ 20 ਜਨਵਰੀ ਨੂੰ ਅਦਾਲਤ ਵਿਚ ਖੋਲ੍ਹੇ ਜਾਣ ਦੀ ਸੰਭਾਵਨਾ ਹੈ।

ਅਦਾਲਤ ਵਿਚ ਕੇਸ ਦੀ ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਤਤਕਾਲੀ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਹੋਏ ਜਦੋਂ ਕਿ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਸੁਹੇਲ ਸਿੰਘ ਬਰਾੜ ਅਤੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਨਿੱਜੀ ਤੌਰ 'ਤੇ ਅਦਾਲਤ ਵਿਚ ਹਾਜ਼ਰ ਸਨ। ਅਦਾਲਤ ਨੇ ਕਿਹਾ ਕਿ ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ 20 ਜਨਵਰੀ ਨੂੰ ਬਹਿਸ ਸੁਣੀ ਜਾਵੇਗੀ। ਅਦਾਲਤ 'ਚ ਸਟੇਟਸ ਰਿਪੋਰਟ ਪੇਸ਼ ਹੋਣ ਤੋਂ ਬਾਅਦ ਪਿਛਲੇ ਦੋ ਸਾਲਾਂ ਤੋਂ ਗੋਲੀ ਕਾਂਡ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੱਗੇ ਇਨਸਾਫ ਮੋਰਚੇ ਨੂੰ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਸ ਮੋਰਚੇ ਦੀ ਅਗਵਾਈ ਕਰ ਰਹੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਨੇ ਬਹਿਬਲ ਗੋਲੀ ਕਾਂਡ ਬਾਰੇ ਆਪਣੀ ਸਟੇਟਸ ਰਿਪੋਰਟ ਸੀਲਬੰਦ ਲਿਫਾਫੇ ਵਿਚ ਅਦਾਲਤ ਸਾਹਮਣੇ ਪੇਸ਼ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਦੀ ਕਾਰਵਾਈ ਤੋਂ ਸੰਤੁਸ਼ਟ ਹਨ।

ਡੀ.ਐਸ.ਪੀ. ਆਸਵੰਤ ਸਿੰਘ ਨੇ ਕਿਹਾ ਕਿ ਜਾਂਚ ਟੀਮ ਨੇ ਆਪਣੀ ਸਟੇਟਸ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਇਨ੍ਹਾਂ ਕੇਸਾਂ ਵਿਚ ਨਾਮਜ਼ਦ ਮੁਲਜ਼ਮਾਂ ਨੇ ਜਾਂਚ ਟੀਮ ਦੀ ਰਿਪੋਰਟ ਨੂੰ ਨਿਰਆਧਾਰ ਕਹਿੰਦਿਆਂ ਖਾਰਜ ਕਰਨ ਦੀ ਮੰਗ ਕੀਤੀ ਸੀ। ਇਸ ਦੇ ਨਾਲ ਹੀ ਸਾਬਕਾ ਜਾਂਚ ਅਧਿਕਾਰੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਵੀ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਕਿ ਉਨ੍ਹਾਂ ਖ਼ਿਲਾਫ਼ ਕੋਈ ਵੀ ਟਿੱਪਣੀ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਜ਼ਰੂਰ ਸੁਣਿਆ ਜਾਵੇ। ਗੋਲੀ ਕਾਂਡ ਦੇ ਗਵਾਹਾਂ ਨੇ ਪਿਛਲੇ ਸਮੇਂ ਆਈ.ਜੀ. ਕੁੰਵਰ ਵਿਜੈ ਪ੍ਰਤਾਪ 'ਤੇ ਵੀ ਦੋਸ਼ ਲਾਏ ਸਨ।

ਜ਼ਿਕਰਯੋਗ ਹੈ ਕਿ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤਾਂ 'ਤੇ ਚੱਲੀਆਂ ਗੋਲੀਆਂ ਦੌਰਾਨ ਬਹਿਬਲ ਕਲਾਂ ਦੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਸਰਾਵਾਂ ਦੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਮਰਹੂਮ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਵੱਲੋਂ ਦੋ ਸਾਲ ਪਹਿਲਾਂ ਘਟਨਾ ਵਾਲੀ ਥਾਂ 'ਤੇ ਇਨਸਾਫ ਮੋਰਚਾ ਸ਼ੁਰੂ ਕੀਤਾ ਗਿਆ ਸੀ। ਮੋਰਚੇ ਵੱਲੋਂ ਲਗਾਤਾਰ ਇਨਸਾਫ ਦੀ ਮੰਗ ਕੀਤੀ ਜਾ ਰਹੀ ਸੀ। ਸੁਖਰਾਜ ਸਿੰਘ ਨੇ ਆਖਿਆ ਕਿ ਪਿਛਲੇ ਲੰਬੇ ਸਮੇਂ ਤੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲਿਆਂ ਦਾ ਟਰਾਇਲ ਕੋਰਟ ਵਿਚ ਨਹੀਂ ਚੱਲ ਰਿਹਾ ਸੀ ਜਿਸ ਕਰ ਕੇ ਉਨ੍ਹਾਂ ਨੂੰ ਇਨਸਾਫ ਮਿਲਣ ਦੀ ਆਸ ਮੱਧਮ ਪੈਂਦੀ ਦਿਖਾਈ ਦੇ ਰਹੀ ਸੀ। ਹੁਣ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਸਬੰਧੀ ਬਣੀ ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ ਵਿਚ ਇਸ ਮਾਮਲੇ ਸਬੰਧੀ ਸਟੇਟਸ ਰਿਪੋਰਟ ਦਾਖਲ ਕਰ ਦਿੱਤੀ ਗਈ ਸੀ ਅਤੇ ਅਦਾਲਤ ਵੱਲੋਂ ਹੁਣ ਇਸ ਮਾਮਲੇ ਦੀ ਸੁਣਵਾਈ ਜਨਵਰੀ ਮਹੀਨੇ 'ਤੇ ਪਾ ਦਿੱਤੀ ਗਈ ਹੈ। ਅਦਾਲਤ ਵਿਚ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਨਾਲ ਇਨਸਾਫ ਮੋਰਚੇ ਦੀ ਮੰਗ ਪ੍ਰਵਾਨ ਚੜ੍ਹ ਗਈ ਹੈ।

## ਧੰਨਵਾਦੀ ਸਮਾਗਮ ਨਾਲ ਬੇਅਦਬੀ ਇਨਸਾਫ ਮੋਰਚਾ ਚੁੱਕਿਆ

**ਫਰੀਦਕੋਟ:** ਬਠਿੰਡਾ-ਸ੍ਰੀ ਅੰਮ੍ਰਿਤਸਰ ਸਾਹਿਬ ਕੌਮੀ ਮਾਰਗ 'ਤੇ ਪਿਛਲੇ ਦੋ ਸਾਲ ਤੋਂ ਚੱਲ ਰਿਹਾ ਬੇਅਦਬੀ ਇਨਸਾਫ ਮੋਰਚਾ ਸਮਾਪਤ ਕਰ ਦਿੱਤਾ ਗਿਆ। ਬਹਿਬਲ ਕਲਾਂ ਦੀ ਅਨਾਜ ਮੰਡੀ ਵਿਚ ਇਨਸਾਫ ਮੋਰਚੇ ਦੇ ਆਗੂਆਂ ਵੱਲੋਂ ਧੰਨਵਾਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਗਈ ਅਤੇ ਮੋਰਚੇ ਦੀ ਅਗਲੀ ਲੜਾਈ ਅਦਾਲਤ ਵਿਚ ਕਾਨੂੰਨੀ ਚਾਰਾਜੋਈ ਨਾਲ ਲੜੇ ਜਾਣ ਦਾ ਐਲਾਨ ਕਿਆ ਗਿਆ। ਇਸ ਮੌਕੇ ਪੰਜਾਬ ਸਰਕਾਰ ਦੇ ਨੁਮਾਇੰਦੇ ਵਜੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਅੰਮ੍ਰਿਤਸਰ ਦੱਖਣੀ ਤੋਂ 'ਆਪ' ਵਿਧਾਇਕ ਇੰਦਰਜੀਤ ਸਿੰਘ ਨਿੱਜਰ ਸ਼ਾਮਲ ਹੋਏ।

# ਇਤਿਹਾਸਕ ਰਾਮ ਬਾਗ ਗੇਟ ਨੂੰ ਮਿਲਿਆ ਯੂਨੈਸਕੋ ਏਸ਼ੀਆ ਪੈਸੇਫਿਕ ਐਵਾਰਡ

**ਅੰਮ੍ਰਿਤਸਰ:** ਇਤਿਹਾਸਕ ਰਾਮ ਬਾਗ ਗੇਟ ਨੂੰ ਯੂਨੈਸਕੋ ਏਸ਼ੀਆ ਪੈਸੇਫਿਕ ਐਵਾਰਡ ਤਹਿਤ 'ਐਵਾਰਡ ਆਫ ਐਕਸੀਲੈਂਸ' ਲਈ ਚੁਣਿਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਰਾਮਬਾਗ ਗੇਟ ਦੀ ਮੁਰੰਮਤ ਅਤੇ ਸੰਭਾਲ ਦਾ ਕੰਮ ਕੁਝ ਸਾਲ ਪਹਿਲਾਂ ਕਰਵਾਇਆ ਗਿਆ ਸੀ। ਇਸ ਨੂੰ ਇਤਿਹਾਸਕ ਅਤੇ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਦੀ ਯੋਜਨਾ ਤਹਿਤ ਨਵਿਆਇਆ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਵੇਲੇ ਦਾ ਬਣਿਆ ਇਹ ਗੇਟ ਤਕਰੀਬਨ 200 ਸਾਲ ਪੁਰਾਣਾ ਹੈ। ਮਹਾਰਾਜਾ ਰਣਜੀਤ ਸਿੰਘ ਵੇਲੇ ਸ਼ਹਿਰ ਦੇ ਆਲੇ-ਦੁਆਲੇ ਚਾਰਦੀਵਾਰੀ ਕਰਦਿਆਂ ਵੱਡੀ ਤੇ ਮਜ਼ਬੂਤ ਕੰਧ ਬਣਾਈ ਗਈ ਸੀ ਅਤੇ ਸ਼ਹਿਰ ਵਿਚ ਦਾਖਲ ਹੋਣ ਲਈ 12 ਦਰਵਾਜ਼ੇ ਬਣਾਏ ਗਏ ਸਨ ਜਿਨ੍ਹਾਂ ਵਿਚੋਂ ਰਾਮਬਾਗ ਗੇਟ ਵੀ ਇਕ ਸੀ।

ਯਾਦ ਰਹੇ ਕਿ ਪੁਰਾਤਨ ਸ਼ਹਿਰ ਦੀ ਚਾਰਦੀਵਾਰੀ ਵਾਲੀ ਕੰਧ ਆਪਣੀ ਹੋਂਦ ਗੁਆ ਚੁੱਕੀ ਹੈ ਪਰ ਕਈ ਪੁਰਾਤਨ ਦਰਵਾਜ਼ੇ ਅਜੇ ਵੀ ਬਰਕਰਾਰ ਹਨ। ਲੋਕਾਂ ਨੇ ਰਾਮਬਾਗ ਗੇਟ ਦੇ ਆਲੇ-ਦੁਆਲੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ, ਜਿਨ੍ਹਾਂ ਨੂੰ ਹਾਲੇ ਤੱਕ ਛੁਡਵਾਇਆ ਨਹੀਂ ਜਾ ਸਕਿਆ ਹੈ। ਇਸ ਤੋਂ ਇਲਾਵਾ ਗੁਰਦਾਸਪੁਰ ਜ਼ਿਲ੍ਹੇ ਦੇ ਨਵਾਂ ਪਿੰਡ ਸਰਦਾਰਾਂ ਵਿਚ ਸਥਿਤ ਮਸ਼ਹੂਰ ਵਿਰਾਸਤੀ ਕੋਠੀ-ਪਿੱਪਲ ਹਵੇਲੀ ਨੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ 2023 ਦਾ ਯੂਨੈਸਕੋ ਏਸ਼ੀਆ-ਪੈਸੇਫਿਕ ਪੁਰਸਕਾਰ ਜਿੱਤਿਆ ਹੈ।



ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਰਾਜ ਮਾਰਗ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਅੱਪਰਬਾਰੀ ਦੁਆਬ ਨਹਿਰ ਕੰਢੇ ਇਕ ਸਾਧਾਰਨ ਪਿੰਡ ਵਿਚ 125 ਸਾਲ ਪੁਰਾਣੀ ਪਿੱਪਲ ਹਵੇਲੀ ਹੈ। ਇਸ ਦੀ ਮਾਲਕਣ ਗੁਰਮੀਤ ਸੰਘਾ ਰਾਏ ਹਨ ਜੋ ਕਿ ਇਸ ਦੀ ਸੰਭਾਲ ਕਰ ਰਹੇ ਹਨ।

ਦੱਸਣਯੋਗ ਤੱਥ ਇਹ ਵੀ ਹੈ ਕਿ ਇਸ ਪਿੰਡ ਨੂੰ ਕੁਝ ਮਹੀਨੇ ਪਹਿਲਾਂ ਦਿੱਲੀ ਦੇ ਪ੍ਰਗਤੀ ਮੈਦਾਨ ਵਿਚ ਕੇਂਦਰੀ ਸੈਰ-ਸਪਾਟਾ ਮੰਤਰਾਲੇ ਵੱਲੋਂ ਸਰਬੋਤਮ ਸੈਰ-ਸਪਾਟਾ ਪੁਰਸਕਾਰ ਮਿਲਿਆ ਸੀ। ਪਿੰਡ ਦੀ ਦੂਸਰੀ ਵਿਰਾਸਤੀ ਕੋਠੀ ਵੀ ਹੈ ਜੋ ਕਿ ਪਿੱਪਲ ਹਵੇਲੀ ਨਾਲ ਲੱਗਦੀ ਹੈ। ਇਨ੍ਹਾਂ ਦੋਵੇਂ ਹਵੇਲੀਆਂ ਦੀ ਉਸਾਰੀ 125 ਸਾਲ ਪਹਿਲਾਂ ਸਰਦਾਰ ਨਰਾਇਣ ਸਿੰਘ ਤੇ ਪਰਿਵਾਰ ਵੱਲੋਂ ਕਰਵਾਈ ਗਈ ਸੀ।

# ਸਿੱਖ ਪਤਵੰਤਿਆਂ ਨੇ ਸੁਖਬੀਰ ਵੱਲੋਂ ਮੰਗੀ ਮੁਆਫੀ ਦੇ ਤਰੀਕੇ 'ਤੇ ਇਤਰਾਜ਼ ਜਤਾਇਆ

**ਅੰਮ੍ਰਿਤਸਰ:** ਅਕਾਲੀ ਦਲ ਸੰਯੁਕਤ ਦੇ ਭਾਈ ਮੋਹਕਮ ਸਿੰਘ, ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਪੰਜਾਬ ਇਕਾਈ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਅਤੇ ਸਾਬਕਾ ਪੰਜ ਪਿਆਰਿਆਂ ਵਿਚੋਂ ਭਾਈ ਮੇਜਰ ਸਿੰਘ ਨੇ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੇਅਦਬੀਆਂ ਦੇ ਮਾਮਲੇ ਵਿਚ ਸਿੱਖ ਕੌਮ ਕੋਲੋਂ ਮੁਆਫੀ ਮੰਗਣ ਦੇ ਤਰੀਕੇ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਇਸ ਮੁਆਫੀ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਥੇ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਜਦੋਂ ਤੱਕ ਸ੍ਰੀ ਅਕਾਲ ਤਖਤ ਦੇ ਵਿਧੀ ਵਿਧਾਨ ਤੇ ਮਰਿਆਦਾ ਅਨੁਸਾਰ ਲਿਖਤੀ ਤੌਰ 'ਤੇ ਆਪਣੇ ਜੁਰਮਾਂ ਦਾ ਕਬੂਲਨਾਮਾ ਲੈ ਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲ ਪੇਸ਼ ਨਹੀਂ ਹੁੰਦੇ ਅਤੇ ਪੰਜ ਸਿੰਘ ਸਾਹਿਬਾਨ ਉਸ ਨੂੰ ਬਣਦੀ ਧਾਰਮਿਕ ਤਨਖਾਹ ਨਹੀਂ ਲਾਉਂਦੇ, ਉਨੀ ਦੇਰ ਖਾਲਸਾ ਪੰਥ ਉਸ ਨੂੰ ਕਦੇ ਮੁਆਫ ਨਹੀਂ ਕਰ ਸਕਦਾ।

ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਵੱਲੋਂ ਜੋ ਪੰਥਕ ਏਕਤਾ ਦੀ ਅਪੀਲ ਕੀਤੀ ਗਈ ਹੈ, ਉਹ ਵੀ ਉਦੋਂ ਤੱਕ ਨਹੀਂ ਹੋ ਸਕਦੀ, ਜਦੋਂ ਤਕ ਭੂੰਦੜਾਂ ਕਮੇਟੀ ਦੀ ਰਿਪੋਰਟ ਅਨੁਸਾਰ ਉਹ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਨਹੀਂ ਦਿੰਦੇ ਅਤੇ ਅਕਾਲ ਤਖਤ ਤੋਂ ਵਿਧੀ ਵਿਧਾਨ ਅਨੁਸਾਰ ਮੁਆਫੀ ਨਹੀਂ ਮੰਗਦੇ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਅਤੇ ਹਰਸਿਮਰਤ ਕੌਰ ਨੇ ਕੇਂਦਰ ਸਰਕਾਰ ਵਿਚ ਕੈਬਨਿਟ ਮੰਤਰੀ ਹੁੰਦਿਆਂ ਨਾ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕੀਤੀ, ਨਾ ਹੀ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਇਆ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਇਨ੍ਹਾਂ ਦੀ ਸਰਕਾਰ ਸੀ, ਉਸ ਸਮੇਂ ਬੰਦੀ ਸਿੰਘਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇਸ ਨਾਲ ਪੰਜਾਬ ਦੀ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ।

# ਜਥੇਦਾਰ ਕਾਉਂਕੇ ਗੁੰਮਸ਼ੁਦਗੀ ਮਾਮਲੇ ਦੀ ਜਾਂਚ ਰਿਪੋਰਟ ਜਨਤਕ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਰਹੱਸਮਈ ਗੁੰਮਸ਼ੁਦਗੀ ਅਤੇ ਕਥਿਤ ਕਤਲ ਦੇ 31 ਸਾਲਾਂ ਬਾਅਦ ਪਹਿਲੀ ਵਾਰ ਇਸ ਮਾਮਲੇ ਦੀ ਜਾਂਚ ਰਿਪੋਰਟ ਜਨਤਕ ਹੋਈ ਹੈ। ਇਹ ਰਿਪੋਰਟ ਇਕ ਗੈਰ ਸਰਕਾਰੀ ਸੰਸਥਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀ.ਐਚ.ਆਰ.ਓ.) ਵੱਲੋਂ ਜਾਰੀ ਕੀਤੀ ਗਈ ਹੈ ਅਤੇ ਇਸ ਤੋਂ ਪਹਿਲਾਂ ਇਹ ਰਿਪੋਰਟ ਕਾਰਵਾਈ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੌਂਪੀ ਗਈ ਸੀ।

ਇਹ ਰਿਪੋਰਟ ਪਹਿਲਾਂ ਜੁਲਾਈ 1999 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਸੌਂਪੀ ਗਈ ਸੀ। ਕਾਉਂਕੇ ਦੀ ਨਿਆਇਕ ਹਿਰਾਸਤ ਵਿਚ ਹੱਤਿਆ ਦੇ ਦੋਸ਼ਾਂ ਤੋਂ ਬਾਅਦ 1998 ਵਿਚ ਪੰਜਾਬ ਸਰਕਾਰ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਸਨ ਜਿਸ ਦੀ ਜਾਂਚ ਉਸ ਵੇਲੇ ਏ.ਡੀ.ਜੀ.ਪੀ. (ਸੁਰੱਖਿਆ) ਬੀਪੀ ਤਿਵਾੜੀ ਵੱਲੋਂ ਕੀਤੀ ਗਈ ਸੀ। ਇਸ ਰਿਪੋਰਟ ਨੇ ਪੁਲਿਸ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਇਹ ਰਿਪੋਰਟ ਇੱਥੇ ਵਕੀਲ ਅਤੇ ਪੀ.ਐਚ.ਆਰ.ਓ. ਦੇ ਜਾਂਚਕਰਤਾ ਸਰਬਜੀਤ ਸਿੰਘ ਵੇਰਕਾ ਵੱਲੋਂ ਜਾਰੀ ਕੀਤੀ ਗਈ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿਆਸੀ ਦਬਾਅ ਨੂੰ ਨਜ਼ਰ-ਅੰਦਾਜ਼ ਕਰਕੇ ਇਸ ਮਾਮਲੇ 'ਚ ਸਿੱਖ ਰਵਾਇਤਾਂ ਅਨੁਸਾਰ ਬਣਦੀ ਕਾਰਵਾਈ ਕਰਨ।

# ਬੰਦੀ ਸਿੰਘਾਂ ਦੀ ਰਿਹਾਈ: ਪੰਜ ਮੈਂਬਰੀ ਕਮੇਟੀ ਦੇ ਵਖਰੇਵੇਂ ਦੂਰ ਹੋਏ



**ਅੰਮ੍ਰਿਤਸਰ:** ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਨੂੰ ਸਰਕਾਰ ਨਾਲ ਅਗਾਂਹ ਤੋਰਨ ਵਾਸਤੇ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਿਚ ਪੈਦਾ ਹੋਏ ਵਖਰੇਵੇਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਦਖਲ ਮਗਰੋਂ ਦੂਰ ਹੋ ਗਏ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੋਹਾਂ ਨੂੰ ਪੱਤਰ ਲਿਖ ਕੇ ਆਪਣੇ ਵਖਰੇਵੇਂ ਦੂਰ ਕਰਨ ਅਤੇ ਕਮੇਟੀ ਦੇ ਗਠਨ ਦੇ ਮੰਤਵ 'ਤੇ ਧਿਆਨ ਕੇਂਦਰਿਤ ਕਰਨ ਦੇ ਨਿਰਦੇਸ਼ ਦਿੱਤੇ ਸਨ। ਜ਼ਿਕਰਯੋਗ ਹੈ ਕਿ ਇਸ ਕਮੇਟੀ ਦੇ ਮੈਂਬਰਾਂ ਵਿਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਆਪਸੀ ਵਖਰੇਵੇਂ ਉੱਭਰੇ ਸਨ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੋਹਾਂ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ, ਜਿਨ੍ਹਾਂ ਵਿਚ ਉਨ੍ਹਾਂ ਵੱਲੋਂ ਇਕ-ਦੂਜੇ ਖ਼ਿਲਾਫ਼ ਦੋਸ਼ ਲਾਏ ਗਏ ਸਨ। ਕਮੇਟੀ ਮੈਂਬਰਾਂ ਦਾ ਇਹ ਮਾਮਲਾ ਜਨਤਕ ਹੋਣ ਮਗਰੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਦੋਹਾਂ ਮੈਂਬਰਾਂ ਨਾਲ ਗੱਲਬਾਤ ਕਰ ਕੇ ਇਸ ਮਾਮਲੇ ਨੂੰ ਸ਼ਾਂਤ ਕੀਤਾ ਗਿਆ। ਇਸ ਦੀ ਪੁਸ਼ਟੀ ਕਰਦਿਆਂ ਦਿੱਲੀ ਕਮੇਟੀ ਦੇ ਪ੍ਰਧਾਨ ਸ੍ਰੀ ਕਾਲਕਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਫੋਨ ਆਇਆ ਸੀ ਅਤੇ ਪੱਤਰ ਵੀ ਭੇਜਿਆ ਗਿਆ ਸੀ। ਇਸੇ ਤਰ੍ਹਾਂ ਦਾ ਪੱਤਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਵੀ ਭੇਜਿਆ ਗਿਆ। ਉਨ੍ਹਾਂ ਜਥੇਦਾਰ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਪੰਥ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਆਪਸੀ ਵਖਰੇਵੇਂ ਦੂਰ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਰਾਜੋਆਣਾ ਦਾ ਮਾਮਲਾ ਤੇ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਸਿੱਖ ਕੌਮ ਦੇ ਅਹਿਮ ਅਤੇ ਸੰਵੇਦਨਸ਼ੀਲ ਮਾਮਲੇ ਹਨ। ਇਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਸੇ ਤਰ੍ਹਾਂ ਸ੍ਰੀ ਵਲਟੋਹਾ ਨੇ ਵੀ ਜਥੇਦਾਰ ਦੇ ਦਖਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਇਸ ਮਾਮਲੇ ਵਿਚ ਆਪਸੀ ਸਾਰੇ ਵਖਰੇਵੇਂ ਛੱਡ ਦਿੱਤੇ ਹਨ ਤੇ ਇਸ ਸਬੰਧੀ ਸ੍ਰੀ ਕਾਲਕਾ ਨੂੰ ਵੀ ਜਾਣੂ ਕਰਵਾ ਦਿੱਤਾ ਹੈ। ਇਸ ਮਾਮਲੇ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਮੇਂ ਸਿਰ ਕੀਤੀ ਗਈ ਇਸ ਕਾਰਵਾਈ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਗਈ ਕਮੇਟੀ ਦਾ ਕੰਮ ਮੁੜ ਲੀਹ 'ਤੇ ਆ ਗਿਆ ਹੈ।

## ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਵਾਂਗੇ: ਸੁਖਬੀਰ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵੱਲੋਂ ਦਿੱਤੇ ਜਾਣ ਵਾਲੇ ਹਰੇਕ ਪ੍ਰੋਗਰਾਮ ਵਿਚ ਪੂਰੀ ਸਰਗਰਮੀ ਨਾਲ ਸ਼ਮੂਲੀਅਤ ਕਰੇਗਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਈ ਜਾਵੇਗੀ। ਸ੍ਰੀ ਬਾਦਲ ਨੇ ਕਿਹਾ ਕਿ ਬੰਦੀ ਸਿੰਘਾਂ ਨੇ ਉਸ ਸਮੇਂ ਦੌਰਾਨ ਸਿੱਖ ਪੰਥ ਦੀਆਂ ਭਾਵਨਾਵਾਂ ਅਨੁਸਾਰ ਜੋ ਵੀ ਕਾਰਵਾਈਆਂ ਕੀਤੀਆਂ ਸਨ, ਉਹ ਕਾਨੂੰਨ ਅਨੁਸਾਰ ਉਸ ਦੀ ਸਜ਼ਾ ਭੁਗਤ ਚੁੱਕੇ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 30 ਦਸੰਬਰ, 2023

# ਧਰਮ ਦੀ ਸਿਆਸਤ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲ ਮੌਕੇ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਆਖਰਕਾਰ ਵਾਪਸ ਲੈ ਲਿਆ। ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਵੱਲੋਂ ਇਸ ਫੈਸਲੇ ਦਾ ਬੜਾ ਤਿੱਖਾ ਵਿਰੋਧ ਹੋਇਆ ਸੀ। ਮੁੱਖ ਮੰਤਰੀ ਕੋਲ ਆਪਣੀ ਸਰਕਾਰ ਦਾ ਇਹ ਫੈਸਲਾ ਵਾਪਸ ਲੈਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਸੀ। ਅਸਲ ਵਿਚ ਉਨ੍ਹਾਂ ਇਹ ਫੈਸਲਾ ਸਿੱਖਾਂ ਅੰਦਰ ਆਪਣੀ ਭੱਲ ਬਣਾਉਣ ਲਈ ਕੀਤਾ ਸੀ। ਜਦੋਂ ਤੋਂ ਉਨ੍ਹਾਂ ਸੂਬੇ ਦੀ ਵਾਗਡੋਰ ਸੰਭਾਲੀ ਹੈ, ਉਹ ਇਸੇ ਪਹੁੰਚ ਅਨੁਸਾਰ ਚੱਲ ਰਹੇ ਹਨ। ਪੰਜਾਬ ਅਤੇ ਸਿੱਖਾਂ ਦੇ ਇਤਿਹਾਸ ਵਿਚ ਪੋਹ ਦੇ ਪਹਿਲੇ ਪੰਦਰਵਾੜੇ ਦਾ ਖਾਸ ਮਹੱਤਵ ਹੈ। ਇਸ ਅਰਸੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਬੇਅੰਤ ਕੁਰਬਾਨੀਆਂ ਦੇਣੀਆਂ ਪਈ। ਪੰਜਾਬ ਦੇ ਲੋਕ ਇਹ ਪੰਦਰਵਾੜਾ ਆਪਣੇ ਹਿਸਾਬ ਨਾਲ ਮਨਾਉਂਦੇ ਆਏ ਹਨ। ਪਿਛਲੇ ਸਮੇਂ ਦੌਰਾਨ ਇਸ ਜੋੜ ਮੇਲ ਵਿਚ ਵੱਡੀਆਂ ਤਬਦੀਲੀਆਂ ਹੋਈਆਂ ਹਨ। ਜੋੜ ਮੇਲ 'ਤੇ ਹੁੰਦੀਆਂ ਸਿਆਸੀ ਕਾਨਫਰੰਸਾਂ ਇਸ ਖਿਆਲ ਨਾਲ ਬੰਦ ਹੋ ਗਈਆਂ ਕਿ ਇਹ ਦਿਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਹਨ। ਉਂਝ ਵੀ ਇਨ੍ਹਾਂ ਸਿਆਸੀ ਕਾਨਫਰੰਸਾਂ ਵਿਚ ਸਿਆਸੀ ਦੂਸ਼ਣਬਾਜ਼ੀ ਤੋਂ ਸਿਵਾ ਹੋਰ ਕੁਝ ਹੁੰਦਾ ਵੀ ਨਹੀਂ ਸੀ। ਉਂਝ, ਸਿਆਸੀ ਧਿਰਾਂ ਇਸ ਜੋੜ ਮੇਲ ਮੌਕੇ ਸਿਆਸਤ ਕਰਨ ਤੋਂ ਅਜੇ ਵੀ ਹਟਦੀਆਂ ਨਹੀਂ। ਇਸੇ ਕਰ ਕੇ ਹੀ ਮੁੱਖ ਮੰਤਰੀ ਦੇ ਬਿਆਨ ਵਰਗੇ ਬਿਆਨ ਅਕਸਰ ਆਉਂਦੇ ਰਹਿੰਦੇ ਹਨ।

ਪੰਜਾਬ ਇਸ ਵਕਤ ਜਿਨ੍ਹਾਂ ਹਾਲਾਤ ਵਿਚੋਂ ਲੰਘ ਰਿਹਾ ਹੈ ਅਤੇ ਜਿਸ ਤਰ੍ਹਾਂ ਦੀ ਪਛਾੜ ਇਸ ਨੂੰ ਝੱਲਣੀ ਪੈ ਰਹੀ ਹੈ, ਉਸ ਦੇ ਮੱਦੇਨਜ਼ਰ ਪੰਜਾਬ ਨੂੰ ਖਾਸ ਨੀਤੀਆਂ ਘੜਨ ਦੀ ਲੋੜ ਹੈ ਤਾਂ ਕਿ ਵੱਖ-ਵੱਖ ਖੇਤਰਾਂ ਵਿਚ ਲੀਹੋਂ ਲਹਿ ਚੁੱਕੇ ਪੰਜਾਬ ਨੂੰ ਲੀਹ 'ਤੇ ਪਾਇਆ ਜਾ ਸਕੇ। ਮੁੱਖ ਮੰਤਰੀ ਆਪਣੇ ਭਾਸ਼ਣਾਂ ਵਿਚ ਇਹ ਤਾਂ ਜ਼ਰੂਰ ਕਹਿੰਦੇ ਹਨ ਅਤੇ ਸੱਚ ਹੀ ਕਹਿੰਦੇ ਹਨ ਕਿ ਪੰਜਾਬ ਦਾ ਇਹ ਹਾਲ ਪਹਿਲੀਆਂ ਸਰਕਾਰਾਂ ਚਲਾਉਂਦੀਆਂ ਰਹੀਆਂ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਨੇ ਕੀਤਾ ਹੈ ਪਰ ਉਹ ਆਪਣੀ ਸਰਕਾਰ ਬਾਰੇ ਕੁਝ ਦੱਸਦੇ ਹੀ ਨਹੀਂ ਕਿ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਲਈ ਉਨ੍ਹਾਂ ਦੀ ਸਰਕਾਰ ਨੇ ਪਿਛਲੇ ਡੇਢ ਸਾਲ ਦੌਰਾਨ ਕੀ ਕੀਤਾ ਹੈ। ਸ਼ਾਇਦ ਇਸੇ ਕਰ ਕੇ ਹੀ ਖਾਨਾਪੂਰਤੀ ਲਈ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਬਿਆਨ ਦੇਣੇ ਪੈ ਰਹੇ ਹਨ। ਸਪਸ਼ਟ ਹੈ ਕਿ ਉਹ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਲਈ ਤਾਂ ਕੁਝ ਨਹੀਂ ਕਰ ਰਹੇ ਪਰ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਦੱਬੀ ਰੱਖਣ ਲਈ ਉਨ੍ਹਾਂ ਦਾ ਸਾਰਾ ਜ਼ੋਰ ਲੱਗਿਆ ਹੋਇਆ ਹੈ। ਇਸੇ ਕਰ ਕੇ ਹੀ ਡੇਢ ਸਾਲ ਬਾਅਦ ਵੀ ਉਨ੍ਹਾਂ ਦੀ ਸਰਕਾਰ ਦੀ ਗੱਡੀ ਲੀਹੇ ਨਹੀਂ ਪੈ ਸਕੀ ਹੈ ਅਤੇ ਉਹ ਵਿਰੋਧੀ ਧਿਰ ਦੀ ਨੁਕਤਾਚੀਨੀ ਕਰ ਕੇ ਹੀ ਬੁੱਤਾ ਸਾਰ ਰਹੇ ਹਨ। ਅੱਜ ਪੰਜਾਬ ਦਾ ਸਿੱਖਿਆ ਅਤੇ ਸਿਹਤ ਢਾਂਚਾ ਬੁਰੀ ਤਰ੍ਹਾਂ ਉਖੜ ਚੁੱਕਾ ਹੈ। ਅਸਲ ਵਿਚ ਜਦੋਂ ਤੋਂ ਇਨ੍ਹਾਂ ਖੇਤਰਾਂ ਵਿਚ ਵਧੇਰੇ ਤਵੱਜੋ ਪ੍ਰਾਈਵੇਟ ਅਦਾਰਿਆਂ ਵੱਲ ਦੇਣੀ ਆਰੰਭ ਹੋਈ ਹੈ, ਸਰਕਾਰੀ ਅਦਾਰੇ ਹਾਸ਼ੀਏ 'ਤੇ ਚਲੇ ਗਏ ਹਨ। ਸੂਬਾਈ ਅਤੇ ਕੌਮੀ ਪੱਧਰ 'ਤੇ ਨੀਤੀਆਂ ਹੀ ਅਜਿਹੀਆਂ ਤਿਆਰ ਹੋ ਰਹੀਆਂ ਹਨ ਕਿ ਇਹ ਭਾਣਾ ਵਾਪਰਨਾ ਹੀ ਸੀ। ਸੰਜੀਦਾ ਕੋਸ਼ਿਸ਼ਾਂ ਨਾਲ ਇਸ ਗਿਰਾਵਟ ਨੂੰ ਰੋਕਿਆ ਜਾ ਸਕਦਾ ਸੀ ਪਰ ਸਬੰਧਿਤ ਧਿਰਾਂ ਇਨ੍ਹਾਂ ਮਸਲਿਆਂ 'ਤੇ ਕੋਈ ਪਹਿਲਕਦਮੀ ਕਰਨ ਤੋਂ ਉੱਕ ਗਈਆਂ ਅਤੇ ਹੁਣ ਨਤੀਜੇ ਸਭ ਦੇ ਸਾਹਮਣੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ 'ਬਦਲਾਅ ਵਾਲੀ ਸਿਆਸਤ' ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਸੀ। ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਤੋਂ ਅੱਕੇ ਪੰਜਾਬ ਦੇ ਬਹੁਗਿਣਤੀ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਸ ਆਸ ਨਾਲ ਮਿਸਾਲੀ ਜਿੱਤ ਦਿਵਾਈ ਕਿ ਇਹ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਕੁਝ ਸੰਵਾਰੇਗੀ ਪਰ ਡੇਢ ਸਾਲ ਬਾਅਦ ਵੀ ਪਰਨਾਲਾ ਉਥੇ ਦਾ ਉਥੇ ਹੈ।

ਇਹ ਹਾਲ ਇਕੱਲੀ ਆਮ ਆਦਮੀ ਪਾਰਟੀ ਦਾ ਨਹੀਂ, ਸਭ ਧਿਰਾਂ ਦਾ ਹੈ। ਜਿਹੜੇ ਪੰਜਾਬ ਦੇ ਮਸਲੇ ਹਨ, ਉਨ੍ਹਾਂ ਬਾਰੇ ਕੋਈ ਨੀਤੀ-ਰਣਨੀਤੀ ਨਹੀਂ ਬਣਾਈ ਜਾ ਰਹੀ ਅਤੇ ਜਿਹੜੇ ਪੰਜਾਬ ਦੇ ਮਸਲੇ ਫਿਲਹਾਲ ਹਨ ਹੀ ਨਹੀਂ, ਉਨ੍ਹਾਂ 'ਤੇ ਜ਼ੋਰ ਲਾਇਆ ਜਾ ਰਿਹਾ ਹੈ। ਇਨ੍ਹੀਂ ਦਿਨੀਂ ਕੁਝ ਥਾਈਂ ਕ੍ਰਿਸਮਸ ਮੌਕੇ ਕੀਤੇ ਜਾ ਰਹੇ ਸਮਾਗਮਾਂ ਵਿਚ ਵਿਘਨ ਪਾਉਣ ਦੀਆਂ ਖਬਰਾਂ ਆਈਆਂ ਹਨ। ਵਿਰੋਧ ਕਰਨ ਵਾਲਿਆਂ ਦੀ ਦਲੀਲ ਸੀ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਇਹ ਦਿਨ ਸੋਗ ਦੇ ਹਨ, ਇਸ ਲਈ ਕ੍ਰਿਸਮਸ ਮੌਕੇ ਜਸ਼ਨ ਵਾਲੇ ਸਮਾਗਮ ਕਿਉਂ ਕੀਤੇ ਜਾ ਰਹੇ ਹਨ। ਇਹ ਦਿਨ ਈਸਾ ਮਸੀਹ ਦੇ ਜਨਮ ਦਿਨ ਮੌਕੇ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਸਵਾਲ ਹੈ: ਕੀ ਪੰਜਾਬ ਵਿਚ ਸਿੱਖਾਂ ਅਤੇ ਇਸਾਈਆਂ ਵਿਚਕਾਰ ਕੋਈ ਧਾਰਮਿਕ ਤਕਰਾਰ ਹੈ? ਕੁਝ ਸਿੱਖ ਜਥੇਬੰਦੀਆਂ ਕਹਿ ਰਹੀਆਂ ਹਨ ਕਿ ਗਰੀਬ ਸਿੱਖਾਂ ਨੂੰ ਲਾਲਚ ਦੇ ਕੇ ਇਸਾਈ ਬਣਾਇਆ ਜਾ ਰਿਹਾ ਹੈ। ਕੌਮੀ ਪੱਥਰ 'ਤੇ ਕੱਟੜ ਹਿੰਦੂ ਜਥੇਬੰਦੀਆਂ ਦੇ ਇਸਾਈ ਵਿਰੋਧੀ ਪ੍ਰਚਾਰ ਦਾ ਨੁਕਤਾ ਵੀ ਇਹੀ ਹੈ। ਧਰਮ ਦੀ ਇਸੇ ਸਿਆਸਤ ਵਿਚੋਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਬੀਰ ਬਾਲ ਦਿਵਸ' ਬਣਾ ਕੇ ਮਨਾਉਣਾ ਸ਼ੁਰੂ ਕੀਤਾ ਹੈ। ਜਾਪਦਾ ਹੈ, ਉਨ੍ਹਾਂ ਦਾ ਮਕਸਦ ਵੀ ਕ੍ਰਿਸਮਸ ਦਿਵਸ ਦੇ ਮੁਕਾਬਲੇ ਅਜਿਹੇ ਦਿਵਸ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਉਣਾ ਹੈ। ਕੁਝ ਹੋਰ ਕਾਰਨਾਂ ਕਰ ਕੇ ਕੁਝ ਸਿੱਖ ਜਥੇਬੰਦੀਆਂ ਨੇ 'ਬੀਰ ਬਾਲ ਦਿਵਸ' ਬਾਰੇ ਇਤਰਾਜ਼ ਪ੍ਰਗਟਾਇਆ ਸੀ ਪਰ ਮੋਦੀ ਸਰਕਾਰ ਨੂੰ ਇਸ ਇਤਰਾਜ਼ ਦਾ ਕੋਈ ਫਰਕ ਨਹੀਂ ਪਿਆ। ਅਸਲ ਵਿਚ ਕੱਟੜਪੰਥੀ ਭਾਵੇਂ ਕਿਸੇ ਵੀ ਧਰਮ ਨਾਲ ਜੁੜੇ ਹੋਣ, ਉਹ ਇਸੇ ਤਰ੍ਹਾਂ ਦੀ ਸਿਆਸਤ ਕਰ ਕੇ ਸਮਾਜ ਅੰਦਰ ਪਾੜਾ ਪਾਉਣ ਦਾ ਯਤਨ ਕਰਦੇ ਹਨ। ਸਾਨੂੰ ਧਰਮ ਦੀ ਅਜਿਹੀ ਸਿਆਸਤ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਘਰ ਵਾਪਸੀ ਗਲ਼ਤ

ਦਲ ਬਦਲਦੇ ਨਿੱਜ ਦੇ ਲਾਭ ਕਰਕੇ ਲੇਕਨ 'ਹੋਰ' ਬਹਾਨੇ ਹੀ ਦੱਸਦੇ ਨੇ।
ਪਾਣੀ ਵਾਂਗ ਪੀ ਜਾਣ ਬੇਸ਼ਰਮ ਹੋ ਕੇ ਲੋਕੀਂ 'ਤਿੱਖੇ ਵਿਅੰਗ' ਜੋ ਕੱਸਦੇ ਨੇ।
ਕਹਿੰਦੇ ਹੁੰਦੇ 'ਮੁਕਾਣੇ ਵੀ ਨਹੀਂ ਜਾਣਾ' ਫੇਰ ਉਹਦੀਆਂ ਤਲ਼ੀਆਂ ਜਾ ਝੱਸਦੇ ਨੇ।
ਸ਼ਕਲਾਂ ਬੀਬੀਆਂ ਅੰਦਰੋਂ ਨਾਗ ਕਾਲ਼ੇ ਵਿਰਸੇ ਅਤੇ ਸਿਧਾਂਤਾਂ ਨੂੰ 'ਡੱਸਦੇ' ਨੇ।
ਇੱਕ ਦੂਜੇ ਦੀ 'ਰੀਸ-ਘੜੀਸ' ਕਰਕੇ ਪੱਤਰਕਾਰਾਂ ਨੇ ਗਲ਼ਤ ਹੀ ਰੱਟਿਆ ਐ।
ਸਹੀ ਸ਼ਬਦ ਨੀ ਹੈਗਾ ਘਰ ਵਾਪਸੀ ਦਾ ਕਹਿਣਾ ਚਾਹੀਦਾ ਥੁੱਕਿਆ ਚੱਟਿਆ ਐ!

# ਕੁਸ਼ਤੀ ਖਿਡਾਰੀਆਂ ਦਾ ਸੰਘਰਸ਼ ਅਤੇ ਮੋਦੀ ਸਰਕਾਰ

*ਭਾਜਪਾ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਇੰਨੀ ਮਿਹਰਬਾਨ ਕਿਉਂ ਹੈ। ਦਰਅਸਲ ਬ੍ਰਿਜ ਭੂਸ਼ਣ ਆਰ.ਐਸ.ਐਸ. ਦੇ ਉਨ੍ਹਾਂ ਚਿਹਰਿਆਂ ਵਿਚੋਂ ਇਕ ਹੈ ਜਿਨ੍ਹਾਂ ਸੰਘ ਦੀ ਨੀਤੀ ਤਹਿਤ ਉੱਤਰ ਪ੍ਰਦੇਸ਼ ਵਿਚ ਫਿਰਕੂ ਤਣਾਅ ਪੈਦਾ ਕਰਨ ਵਿਚ ਭੂਮਿਕਾ ਨਿਭਾਈ ਸੀ। 1992 'ਚ ਅਯੁੱਧਿਆ ਵਿਚ ਬਾਬਰੀ ਮਸਜਿਦ ਦਾ ਢਾਂਚਾ ਢਾਹੁਣ ਲਈ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਜ਼ਿੰਮੇਵਾਰ ਮੰਨੇ ਗਏ ਪ੍ਰਮੁੱਖ 40 ਆਗੂਆਂ ਵਿਚੋਂ ਬ੍ਰਿਜ ਭੂਸ਼ਣ ਇੱਕ ਹੈ। ਅਦਾਲਤ ਨੇ ਭਾਵੇਂ ਇਨ੍ਹਾਂ ਸਾਰਿਆਂ ਨੂੰ ਬਰੀ ਕਰ ਦਿੱਤਾ ਪਰ ਜੋ ਉਸ ਸਮੇਂ ਵਾਪਰਿਆ, ਉਹ ਕਿਸੇ ਨੂੰ ਭੁੱਲਿਆ ਨਹੀਂ। ਬ੍ਰਿਜ ਭੂਸ਼ਣ 1999 ਤੋਂ ਬਾਅਦ ਕੋਈ ਚੋਣ ਨਹੀਂ ਹਾਰਿਆ, ਹੁਣ ਜਦ ਭਾਜਪਾ 2024 ਦੇ ਚੜ੍ਹਦੇ ਵਰ੍ਹੇ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਕਰ ਰਹੀ ਹੈ ਤਾਂ ਬ੍ਰਿਜ ਭੂਸ਼ਣ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ।*

ਕੇਂਦਰ ਸਰਕਾਰ ਦੇ ਖੇਡ ਮੰਤਰਾਲੇ ਨੂੰ ਭਲਵਾਨਾਂ ਦੇ ਸੰਘਰਸ਼ ਅੱਗੇ ਝੁਕਦਿਆਂ ਨਵੀਂ ਬਣੀ ਭਾਰਤੀ ਕੁਸ਼ਤੀ ਸੰਘ ਦੀ ਟੀਮ ਤਿੰਨ ਦਿਨ ਵਿਚ ਹੀ ਸਸਪੈਂਡ ਕਰ ਕੇ ਨਵੀਂ ਟੀਮ ਦੇ ਸਾਰੇ ਫ਼ੈਸਲੇ ਵੀ ਰੱਦ ਕਰਨੇ ਪਏ। ਭਾਜਪਾ ਵਰਗੀ ਕੱਟੜ ਪਾਰਟੀ ਦਾ ਅਜਿਹਾ ਪਿਛਲ-ਮੋੜਾ ਸੌਖਿਆਂ ਹੀ ਨਹੀਂ ਲਿਆ ਗਿਆ ਬਲਕਿ ਇਸ ਪਿੱਛੇ ਮਹਿਲਾ



ਭਲਵਾਨਾਂ ਦਾ ਉਹ ਹੱਕੀ ਸੰਘਰਸ਼ ਹੈ ਜੋ ਕਿਸਾਨ ਅੰਦੋਲਨ ਵਾਂਗ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ।

ਭਾਜਪਾ ਨੇ ਨਰਿੰਦਰ ਮੋਦੀ ਦੀ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਅਗਵਾਈ ਹੇਠ ਕੇਂਦਰੀ ਸੱਤਾ ਹਾਸਲ ਕਰਨ ਤੋਂ ਬਾਅਦ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦੇ ਕੇ ਔਰਤ ਪੱਖੀ ਹੋਣ ਦਾ ਦਾਅਵਾ ਕੀਤਾ ਸੀ ਪਰ ਭਾਜਪਾ ਦਾ ਇਹ ਦਾਅਵਾ ਪਹਿਲਾਂ ਕੁਲਦੀਪ ਸੇਂਗਰ ਵਰਗੇ ਭਾਜਪਾ ਵਿਧਾਇਕਾਂ ਦੀਆਂ 'ਕਰਤੂਤਾਂ' ਅਤੇ ਫਿਰ ਮਹਿਲਾ ਕੁਸ਼ਤੀ ਖਿਡਾਰੀਆਂ ਦੇ ਹੱਕੀ ਸੰਘਰਸ਼ ਪ੍ਰਤੀ ਸਰਕਾਰ ਦੇ ਰਵੱਈਏ ਨਾਲ ਲੀਰੋ-ਲੀਰ ਹੋ ਗਿਆ। ਇਸੇ ਸਾਲ ਦੀ ਸ਼ੁਰੂਆਤ ਦੌਰਾਨ (18 ਜਨਵਰੀ 2023 ਨੂੰ) ਕੌਮਾਂਤਰੀ ਪੱਧਰ ਦੀਆਂ ਖਿਡਾਰੀਆਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਸਣੇ ਕਈ ਹੋਰਾਂ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਉੱਤੇ ਮਹਿਲਾ ਖਿਡਾਰੀਆਂ ਦੇ ਜਿਨਸੀ ਸ਼ੋਸ਼ਣ ਜਿਹੇ ਗੰਭੀਰ ਇਲਜ਼ਾਮ ਲਗਾਏ। ਬਣਦਾ ਤਾਂ ਇਹ ਸੀ ਕਿ ਸਰਕਾਰ ਖਿਡਾਰੀਆਂ ਦੇ ਇਲਜ਼ਾਮਾਂ ਤੋਂ ਤੁਰੰਤ ਬਾਅਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਪ੍ਰਧਾਨਗੀ ਤੋਂ ਮੁਅੱਤਲ ਕਰ ਕੇ ਨਿਰਪੱਖ ਜਾਂਚ ਕਰਵਾਉਂਦੀ ਪਰ ਸਰਕਾਰ ਨੇ ਉਲਟਾ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਹਰ ਪੱਖੋਂ ਬਚਾਅ ਕੀਤਾ।

ਦਿੱਲੀ ਦੀਆਂ ਸੜਕਾਂ 'ਤੇ ਲੰਮੇ ਸੰਘਰਸ਼ ਦੌਰਾਨ ਕੇਂਦਰੀ ਹਕੂਮਤ ਨੇ ਖਿਡਾਰੀਆਂ ਦਾ ਧਰਨਾ ਚੁਕਵਾਉਣ ਲਈ ਹਰ ਹਰਬਾ ਵਰਤਿਆ ਪਰ ਇਨ੍ਹਾਂ ਖਿਡਾਰੀਆਂ ਨੇ ਐਡੇ ਜੇਰੇ ਨਾਲ ਸੰਘਰਸ਼ ਲੜਿਆ ਕਿ ਜਿਸ ਦਿਨ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਹੋ ਰਿਹਾ ਸੀ, ਉਸ ਦਿਨ ਵੀ ਰੋਸ ਪ੍ਰਦਰਸ਼ਨ ਕਰਦੀਆਂ ਮਹਿਲਾ ਭਲਵਾਨ ਉਦਘਾਟਨ ਵਾਲੀ ਥਾਂ ਤੋਂ ਮਹਿਜ਼ ਡੇਢ ਕਿਲੋਮੀਟਰ ਦੂਰ ਤੱਕ ਪਹੁੰਚ ਗਈਆਂ ਸਨ। ਇੱਕ ਮਹੀਨੇ ਬਾਅਦ 28 ਮਈ ਨੂੰ ਧਰਨਾ ਦੇ ਰਹੇ ਭਲਵਾਨਾਂ ਨੂੰ ਜੰਤਰ-ਮੰਤਰ ਤੋਂ ਜ਼ਬਰਦਸਤੀ ਹਟਾ ਕੇ ਧਰਨਾ ਚੁੱਕ ਦਿੱਤਾ ਗਿਆ ਸੀ।

ਭਲਵਾਨਾਂ ਦੀ ਖੇਡ ਮੰਤਰੀ ਅਨੁਰਾਗ ਠਾਕੁਰ ਨਾਲ ਹੋਈ ਗੱਲਬਾਤ ਵਿਚ ਤੈਅ ਹੋਇਆ ਸੀ ਕਿ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ਼ ਜਾਂਚ 15 ਜੂਨ ਤੱਕ ਪੂਰੀ ਕਰ ਲਈ ਜਾਵੇਗੀ, ਇਸ ਤੋਂ ਇਲਾਵਾ ਇਹ ਚਰਚਾ ਵੀ ਚੱਲੀ ਕਿ ਗ੍ਰਹਿ ਮੰਤਰੀ ਨੇ ਭਲਵਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਬ੍ਰਿਜ ਭੂਸ਼ਣ ਅਤੇ ਉਨ੍ਹਾਂ ਦੇ ਕਰੀਬੀਆਂ ਨੂੰ ਫੈਡਰੇਸ਼ਨ ਤੋਂ ਬਾਹਰ ਕਰ ਦੇਣਗੇ। ਇਸ ਤੋਂ ਇਲਾਵਾ ਖਿਡਾਰੀਆਂ ਵੱਲੋਂ ਸੁਪਰੀਮ ਕੋਰਟ ਵਿਚ ਅਪੀਲਾਂ ਕਰਨ ਤੋਂ ਬਾਅਦ ਦਿੱਲੀ ਪੁਲਿਸ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ਼ ਦੋ ਐੱਫ.ਆਈ.ਆਰ. ਵੀ ਦਰਜ ਕੀਤੀਆਂ ਪਰ 21 ਦਸੰਬਰ ਨੂੰ ਭਾਰਤੀ ਕੁਸ਼ਤੀ ਮਹਾਸੰਘ ਦੇ ਚੋਣ ਨਤੀਜਿਆਂ 'ਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਅਤਿ ਕਰੀਬੀ ਸੰਜੇ ਸਿੰਘ ਦੇ ਕੁਸ਼ਤੀ ਸੰਘ ਦੇ ਪ੍ਰਧਾਨ ਚੁਣੇ ਜਾਣ ਨਾਲ ਇਹ ਸਾਫ ਹੋ ਗਿਆ ਕਿ ਭਾਜਪਾ ਹਕੂਮਤ ਖਿਡਾਰੀਆਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੀ ਹੈ।

ਸੰਘਰਸ਼ਸ਼ੀਲ ਮਹਿਲਾ ਖਿਡਾਰੀਆਂ ਦੀ ਮੰਗ ਸੀ ਕਿ ਪ੍ਰਧਾਨ ਦੇ ਅਹੁਦੇ ਉੱਤੇ ਕੋਈ ਔਰਤ ਹੋਣੀ ਚਾਹੀਦੀ ਹੈ ਪਰ ਭਾਜਪਾ ਨੇ



ਆਰ.ਐਸ.ਐਸ. ਨਾਲ ਸਬੰਧਿਤ ਸੰਜੇ ਸਿੰਘ ਵਰਗੇ ਵਿਅਕਤੀ ਨੂੰ ਚੋਣਾਂ ਜਿਤਵਾ ਕੇ ਮਹਿਲਾ ਖਿਡਾਰੀਆਂ ਨੂੰ 'ਚਿੜਾਉਣ' ਦਾ ਕੰਮ ਕੀਤਾ। ਫਾਸ਼ੀਵਾਦੀ ਹਕੂਮਤ ਦਾ ਵਿਹਾਰ ਇਸੇ ਤਰ੍ਹਾਂ ਦਾ ਹੀ ਹੁੰਦਾ ਹੈ। ਭਾਜਪਾ ਸਰਕਾਰ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਨੇੜਲੇ ਸੰਜੇ ਸਿੰਘ ਨੂੰ ਫੈਡਰੇਸ਼ਨ ਦਾ ਪ੍ਰਧਾਨ ਥਾਪ ਕੇ ਖਿਡਾਰੀਆਂ ਨੂੰ ਵੀ ਇਹੋ ਸੰਦੇਸ਼ ਦਿੱਤਾ। ਨਵੀਂ ਟੀਮ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਤੋਂ ਆਸ਼ੀਰਵਾਦ ਲੈਣ ਲਈ ਅੰਡਰ-15 ਅਤੇ ਅੰਡਰ-20 ਵਰਗ ਦੇ ਖਿਡਾਰੀਆਂ ਲਈ ਨੈਸ਼ਨਲ ਮੁਕਾਬਲਿਆਂ ਲਈ ਜਿਸ ਥਾਂ ਨੰਦਨੀ ਨਗਰ, ਗੋਂਡਾ ਦਾ ਐਲਾਨ ਕੀਤਾ, ਉਹ ਥਾਂ ਬ੍ਰਿਜ ਭੂਸ਼ਣ ਦੇ ਪਰਿਵਾਰ ਦੀ ਮਲਕੀਅਤ ਵਾਲੇ ਵਿਦਿਅਕ ਸੰਸਥਾਵਾਂ ਨਾਲ ਜੁੜੀ ਹੋਈ ਹੈ ਅਤੇ ਉਸ ਦੇ ਸੰਸਦੀ ਹਲਕੇ ਵਿਚ ਹੀ ਪੈਂਦੀ ਹੈ। ਮਹਿਲਾ ਖਿਡਾਰੀ ਆਪਣੇ ਸੰਘਰਸ਼ ਦੌਰਾਨ ਨੈਸ਼ਨਲ ਮੁਕਾਬਲਿਆਂ ਲਈ ਗੋਂਡਾ ਨੂੰ ਸਥਾਨ ਵਜੋਂ ਚੁਣਨ ਦਾ ਵਿਰੋਧ ਕਰਦੇ ਰਹੇ ਸਨ। ਇਸ ਲਈ ਵਿਰੋਧ ਕਰਨ ਵਾਲੇ ਪਹਿਲਵਾਨਾਂ ਨੂੰ ਭਾਜਪਾ ਨੇ ਇਹ ਸਪਸ਼ਟ ਸੁਨੇਹਾ ਦਿੱਤਾ ਕਿ ਭਾਰਤੀ ਕੁਸ਼ਤੀ ਸੰਘ ਦਾ ਕੰਟਰੋਲ ਅੱਜ ਵੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਕੋਲ ਰਹੇਗਾ। ਮਹਿਲਾ ਖਿਡਾਰੀਆਂ ਨੇ ਪਹਿਲਾਂ ਵੀ ਕਿਹਾ ਸੀ ਕਿ ਉਨ੍ਹਾਂ ਦਾ ਕੌਮੀ ਕੈਂਪ ਹਰ ਵਰ੍ਹੇ ਲਖਨਊ ਵਿਚ ਲਾਇਆ ਜਾਂਦਾ ਹੈ ਕਿਉਂਕਿ ਉੱਥੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਆਲੀਸ਼ਾਨ ਮਹਿਲ ਹੈ ਜਿੱਥੇ ਔਰਤ ਪਹਿਲਵਾਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਖਿਡਾਰੀਆਂ ਦਾ ਇਲਜ਼ਾਮ ਹੈ ਕਿ ਫੈਡਰੇਸ਼ਨ ਪ੍ਰਧਾਨ ਕਈ ਕੁੜੀਆਂ ਦਾ ਸ਼ੋਸ਼ਣ ਕਰ ਚੁੱਕਾ ਹੈ। ਇਸ ਸੂਰਤ ਵਿਚ ਮੁੜ ਨੈਸ਼ਨਲ ਮੁਕਾਬਲਿਆਂ ਲਈ ਬ੍ਰਿਜ ਭੂਸ਼ਣ ਦੇ ਇਲਾਕੇ ਗੋਂਡਾ ਨੂੰ ਮੁੜ ਚੁਣਨਾ ਕੀ ਸੰਕੇਤ ਦਿੰਦਾ ਹੈ?

ਉਂਝ, ਸਰਕਾਰ ਦੇ ਇਸ ਰਵੱਈਏ ਤੋਂ ਖਫਾ ਕੌਮਾਂਤਰੀ ਪੱਧਰ ਦੀ ਵੱਕਾਰੀ ਖਿਡਾਰੀ ਸਾਕਸ਼ੀ ਮਲਿਕ ਵੱਲੋਂ ਬਜਰੰਗ ਪੂਨੀਆ ਤੇ ਵਿਨੇਸ਼ ਫੋਗਾਟ ਵੀ ਮੌਜੂਦਗੀ ਵਿਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੁਸ਼ਤੀ ਨੂੰ ਅਲਵਿਦਾ ਆਖਣ ਦਾ ਫੈਸਲਾ ਕਰਨ ਅਤੇ ਚੋਟੀ ਦੇ ਭਲਵਾਨ ਬਜਰੰਗ ਪੂਨੀਆ ਵੱਲੋਂ 2019 ਵਿਚ ਮਿਲਿਆ ਆਪਣਾ ਪਦਮਸ੍ਰੀ ਸਨਮਾਨ ਸਰਕਾਰ ਨੂੰ ਵਾਪਸ ਦੇਣ ਨਾਲ ਪੂਰੇ ਦੇਸ਼ ਵਿਚ ਭਾਜਪਾ ਖਿਲਾਫ ਲੋਕਾਂ ਵਿਚ ਰੋਹ ਨਜ਼ਰ ਆਇਆ। ਇਸ ਤੋਂ ਬਾਅਦ ਓਲੰਪਿਕ ਦੇ ਗੁੰਗਾ ਪਹਿਲਵਾਨ ਨਾਮ ਨਾਲ ਜਾਣੇ ਜਾਂਦੇ ਗੋਲਡ ਮੈਡਲ ਜੇਤੂ ਪਹਿਲਵਾਨ ਵਿਰੇਂਦਰ ਸਿੰਘ ਨੇ ਵੀ ਮਹਿਲਾ ਭਲਵਾਨਾਂ ਦੇ ਸਮਰਥਨ ਵਿਚ ਪਦਮਸ੍ਰੀ ਸਨਮਾਨ ਵਾਪਸ ਕਰਨ ਦਾ ਐਲਾਨ ਕੀਤਾ। ਇਸ ਤੋਂ ਬਾਅਦ ਹੀ ਭਾਜਪਾ ਸਰਕਾਰ ਨੂੰ ਆਪਣੇ ਪੈਰ ਪਿਛਾਂਹ ਪੁੱਟਣ ਲਈ ਮਜਬੂਰ ਹੋਣਾ ਪਿਆ।

ਇਸ ਦੌਰਾਨ ਇਕ ਸਵਾਲ ਕਿਸਾਨ ਆਗੂ ਟਿਕੈਤ ਭਰਾਵਾਂ ਤੋਂ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦ ਮਈ ਮਹੀਨੇ ਇਹ ਖਿਡਾਰੀ ਆਪਣੇ ਮੈਡਲ ਹੱਥਾਂ ਵਿਚ ਲੈ ਕੇ ਗੰਗਾ ਵਿਚ ਵਹਾਉਣ ਲਈ 'ਹਰ ਕੀ ਪੌੜੀ' ਪਹੁੰਚੇ ਸਨ ਤਾਂ ਕਿਸਾਨ ਆਗੂ ਨਰੇਸ਼ ਟਿਕੈਤ ਅਤੇ ਰਾਕੇਸ਼ ਟਿਕੈਤ ਨੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਲਿਆ ਗਿਆ ਸੀ। ਉਨ੍ਹਾਂ ਖਿਡਾਰੀਆਂ ਦੇ ਗੁੱਸੇ ਨੂੰ ਤਾਂ ਟਿਕੈਤ ਭਰਾਵਾਂ ਨੇ ਇੱਕ ਵਾਰ ਸ਼ਾਂਤ ਕਰ ਦਿੱਤਾ ਸੀ ਪਰ ਬਾਅਦ ਵਿਚ ਉਨ੍ਹਾਂ ਦੀਆਂ ਮੰਗਾਂ ਬਾਰੇ ਕੀ ਉਨ੍ਹਾਂ ਨੇ ਕਦਮ ਉਠਾਏ?

ਅਸਲ ਵਿਚ ਖੇਡ ਫੈਡਰੇਸ਼ਨਾਂ ਦੇ ਅਹੁਦੇਦਾਰ ਕੌਮਾਂਤਰੀ ਪੱਧਰ ਦੇ ਸਾਬਕਾ ਖਿਡਾਰੀ ਹੀ ਹੋਣੇ ਚਾਹੀਦੇ ਹਨ ਪਰ ਭਾਰਤ ਵਿਚ ਇਹ ਫੈਡਰੇਸ਼ਨਾਂ ਰਾਜਨੀਤਕ ਆਗੂਆਂ ਦੇ ਅੱਡੇ ਬਣੀਆਂ ਹੋਈਆ ਹਨ। ਇਨ੍ਹਾਂ ਫੈਡਰੇਸ਼ਨਾਂ ਨੂੰ ਸੱਤਾ ਦੀ ਇਸ ਕਦਰ ਸਰਪ੍ਰਸਤੀ ਹਾਸਲ ਹੈ ਕਿ ਖਿਡਾਰੀਆਂ ਦਾ ਖੇਡ ਕਰੀਅਰ ਮੁੱਖ ਰੂਪ ਵਿਚ ਇਨ੍ਹਾਂ ਸੰਸਥਾਵਾਂ ਦੇ ਪ੍ਰਧਾਨਾਂ ਦੇ ਹੱਥ-ਵੱਸ ਹੁੰਦਾ ਹੈ। ਇਸੇ ਕਰ ਕੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਰਗੇ ਔਰਤ ਖਿਡਾਰੀਆਂ ਦਾ ਸ਼ੋਸ਼ਣ ਕਰਦੇ ਹਨ। ਸੱਤਾ ਦੀ ਸਰਪ੍ਰਸਤੀ ਹਾਸਲ ਹੋਣ ਕਰ ਕੇ ਆਮ ਕਰ ਕੇ ਖਿਡਾਰੀ ਆਪਣੀ ਕੌਮੀ ਫੈਡਰੇਸ਼ਨ ਨੂੰ ਚੁਣੌਤੀ ਦੇਣ ਦੀ ਬਜਾਇ ਸਭ ਕੁਝ ਚੁੱਪ-ਚਾਪ ਸਹਿ ਜਾਂਦੇ ਹਨ। ਸਰਕਾਰ ਨੇ ਨਿਯਮ ਇਸ ਤਰ੍ਹਾਂ ਦੇ ਬਣਾਏ ਹੋਏ ਹਨ ਕਿ ਖਿਡਾਰੀਆਂ ਲਈ ਕੌਮਾਂਤਰੀ ਮੁਕਾਬਲਿਆਂ ਵਿਚ ਜਾਣ ਦਾ ਰਾਹ ਇਨ੍ਹਾਂ ਅਖੌਤੀ ਪ੍ਰਧਾਨਾਂ ਰਾਹੀਂ ਹੀ ਹੋ ਕੇ ਲੰਘਦਾ ਹੈ।

ਵੈਸੇ ਇਹ ਵੀ ਪਹਿਲੀ ਵਾਰ ਨਹੀਂ ਜਦ ਖਿਡਾਰੀਆਂ ਨੇ ਖੇਡ ਫੈਡਰੇਸ਼ਨ ਖਿਲਾਫ ਝੰਡਾ ਚੁੱਕਿਆ ਹੋਵੇ। ਕੁਸ਼ਤੀ ਤੋਂ ਪਹਿਲਾਂ 2010 ਵਿਚ ਭਾਰਤੀ ਹਾਕੀ ਟੀਮ ਨੇ ਕ੍ਰਿਕਟ ਖਿਡਾਰੀਆਂ ਵਾਂਗ ਹੀ ਮੈਚ ਫੀਸ ਦੀ ਮੰਗ ਲਈ 'ਹਾਕੀ ਇੰਡੀਆ' ਨਾਲ ਮੱਥਾ ਲਾਇਆ ਸੀ ਅਤੇ 'ਤਨਖਾਹ ਨਹੀਂ ਤਾਂ ਖੇਡ ਨਹੀਂ' ਦੀ ਮੰਗ 'ਤੇ ਹੜਤਾਲ ਕਰ ਦਿੱਤੀ ਸੀ। ਉਸ ਸਮੇਂ ਮਸਲੇ ਦੇ ਹੱਲ ਲਈ ਮਰਦਾਂ ਅਤੇ ਔਰਤਾਂ ਦੀ ਹਾਕੀ ਟੀਮ ਦੇ ਨੁਮਾਇੰਦਿਆਂ ਦੀ ਕਮੇਟੀ ਬਣਾ ਦਿੱਤੀ ਗਈ ਸੀ ਤੇ ਕਮੇਟੀ ਨੇ ਖਿਡਾਰੀ ਦੇ ਕੌਮਾਂਤਰੀ ਮੈਚਾਂ ਦੇ ਤਜਰਬੇ ਮੁਤਾਬਕ ਖਿਡਾਰੀਆਂ ਲਈ ਕੰਟਰੈਕਟ ਅਤੇ ਮੈਚ ਫੀਸ ਦੀ ਤਜਵੀਜ਼ ਕੀਤੀ ਸੀ ਪਰ ਤੱਥ ਇਹ ਹੈ ਕਿ ਅੱਜ ਤੱਕ ਭਾਰਤੀ ਹਾਕੀ ਟੀਮ ਨੂੰ ਵਾਅਦੇ ਮੁਤਾਬਕ ਮਿਲਣਾ ਤਾਂ ਦੂਰ ਦੀ ਗੱਲ ਬਲਕਿ ਫੈਡਰੇਸ਼ਨ ਖਿਲਾਫ ਸੰਘਰਸ਼ ਕਰਨ ਵਾਲੇ ਸੀਨੀਅਰ ਹਾਕੀ ਖਿਡਾਰੀ ਰਾਜਪਾਲ ਸਿੰਘ ਨੂੰ ਹਾਕੀ ਇੰਡੀਆ ਦੇ ਰਵੱਈਏ ਕਾਰਨ ਹਾਕੀ ਛੱਡਣੀ ਪਈ ਸੀ।

ਇਹ ਸਮਝਣਾ ਜ਼ਰੂਰੀ ਹੈ ਕਿ ਭਾਜਪਾ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਇੰਨੀ ਮਿਹਰਬਾਨ ਕਿਉਂ ਹੈ। ਦਰਅਸਲ ਬ੍ਰਿਜ ਭੂਸ਼ਣ ਆਰ.ਐਸ.ਐਸ. ਦੇ ਉਨ੍ਹਾਂ ਚਿਹਰਿਆਂ ਵਿਚੋਂ ਇਕ ਹੈ ਜਿਨ੍ਹਾਂ ਸੰਘ ਦੀ ਨੀਤੀ ਤਹਿਤ ਉੱਤਰ ਪ੍ਰਦੇਸ਼ ਵਿਚ ਫਿਰਕੂ ਤਣਾਅ ਪੈਦਾ ਕਰਨ ਵਿਚ ਭੂਮਿਕਾ ਨਿਭਾਈ ਸੀ। 1992 'ਚ ਅਯੁੱਧਿਆ ਵਿਚ ਬਾਬਰੀ ਮਸਜਿਦ ਦਾ ਢਾਂਚਾ ਢਾਹੁਣ ਲਈ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਜ਼ਿੰਮੇਵਾਰ ਮੰਨੇ ਗਏ ਪ੍ਰਮੁੱਖ 40 ਆਗੂਆਂ ਵਿਚੋਂ ਬ੍ਰਿਜ ਭੂਸ਼ਣ ਇੱਕ ਹੈ। ਬਾਅਦ ਵਿਚ ਅਦਾਲਤ ਨੇ ਭਾਵੇਂ ਇਨ੍ਹਾਂ ਸਾਰਿਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਪਰ ਜੋ ਉਸ ਸਮੇਂ ਵਾਪਰਿਆ, ਉਹ ਕਿਸੇ ਨੂੰ ਭੁੱਲਿਆ ਨਹੀਂ ਹੈ। ਬ੍ਰਿਜ ਭੂਸ਼ਣ 1999 ਤੋਂ ਬਾਅਦ ਕੋਈ ਚੋਣ ਨਹੀਂ ਹਾਰਿਆ, ਹੁਣ ਜਦ ਭਾਜਪਾ 2024 ਦੇ ਚੜ੍ਹਦੇ ਵਰ੍ਹੇ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਕਰ ਰਹੀ ਹੈ ਤਾਂ ਬ੍ਰਿਜ ਭੂਸ਼ਣ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ।

# ਕਾਨੂੰਨੀ ਰੱਦੋਬਦਲ ਨਾਲ ਤਾਕਤਾਂ ਹਥਿਆ ਰਹੀ ਮੋਦੀ ਹਕੂਮਤ


ਆਰ.ਐਸ.ਐਸ.-ਭਾਜਪਾ ਸਰਕਾਰ ਨੇ ਤਿੰਨ ਨਵੇਂ ਬਿੱਲ ਪਾਸ ਕਰ ਕੇ ਵਿਚਾਰ ਅਤੇ ਪ੍ਰਗਟਾਵੇ ਦਾ ਹੱਕ ਖੋਹਣ ਅਤੇ ਸੈਂਸਰਸ਼ਿਪ ਦਾ ਸ਼ਿਕੰਜਾ ਕੱਸਣ ਦੇ ਇਰਾਦੇ ਸਾਫ਼ ਜ਼ਾਹਿਰ ਕਰ ਦਿੱਤੇ ਹਨ। ਟੈਲੀਕਮਿਊਨੀਕੇਸ਼ਨਜ਼ ਬਿੱਲ-2023, ਬਰਾਡਕਾਸਟਿੰਗ ਸਰਵਿਸਿਜ਼ ਰੈਗੂਲੇਸ਼ਨ ਬਿੱਲ-2023 ਅਤੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ-2023 ਦਾ ਮਨੋਰਥ ਭਾਵੇਂ 'ਵੇਲਾ ਵਿਹਾ ਚੁੱਕੇ ਕਾਨੂੰਨਾਂ ਨੂੰ ਬਦਲਣਾ' ਦੱਸਿਆ ਜਾ ਰਿਹਾ ਹੈ ਪਰ ਇਸ ਕਵਾਇਦ ਦਾ ਅਸਲ ਮਨੋਰਥ ਤਾਨਾਸ਼ਾਹ ਹਕੂਮਤ ਵੱਲੋਂ ਪੱਤਰਕਾਰੀ ਅਤੇ ਪ੍ਰਗਟਾਵੇ ਦੇ ਹੱਕ ਨੂੰ ਕੰਟਰੋਲ ਕਰਨ ਲਈ ਨਵੇਂ ਸੰਦ ਈਜਾਦ ਕਰਨਾ ਹੈ। 60 ਮੀਡੀਆ ਸਮੂਹਾਂ/ਪੱਤਰਕਾਰਾਂ ਦੀ ਨੁਮਾਇੰਦਗੀ ਕਰਦੀ ਡਿਜੀਪਬ ਡਿਬੇਟ 'ਚ ਪੱਤਰਕਾਰੀ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੇ ਇਨ੍ਹਾਂ ਬਿੱਲਾਂ ਬਾਰੇ ਬਾਰੀਕੀ 'ਚ ਚਰਚਾ ਕਰਦਿਆਂ ਇਨ੍ਹਾਂ 'ਚ ਸਮੋਏ ਖ਼ਤਰਿਆਂ ਦੀ ਨਿਸ਼ਾਨਦੇਹੀ ਕੀਤੀ ਹੈ। ਉਨ੍ਹਾਂ ਦੇ ਸਰੋਕਾਰਾਂ ਅਤੇ ਸਵਾਲਾਂ ਨੂੰ ਭੰਡਣ ਲਈ ਭਗਵਾ ਪ੍ਰਚਾਰਤੰਤਰ ਪ੍ਰਚਾਰ ਕਰ ਰਿਹਾ ਹੈ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਕਿ ਇਹ ਤਾਂ ਐਵੇਂ 'ਦਿ ਵਾਇਰ' ਵਰਗੇ ਜਾਅਲੀ ਰਿਪੋਰਟਿੰਗ ਕਰਨ ਵਾਲੇ ਸਮੂਹਾਂ ਅਤੇ ਦਹਿਸ਼ਤਵਾਦ ਦੇ ਹਮਾਇਤੀਆਂ ਵੱਲੋਂ ਆਪਣੀ ਪੋਲ ਖੁੱਲ੍ਹਣ ਦੇ ਡਰ 'ਚੋਂ ਖੜ੍ਹਾ ਕੀਤਾ ਵਾਵੇਲਾ ਹੈ।

ਤਿੰਨਾਂ ਹੀ ਬਿੱਲਾਂ ਦਾ ਮਨੋਰਥ ਇੱਕੋ ਹੋਣ ਕਾਰਨ ਇੱਥੇ ਮੁੱਖ ਤੌਰ 'ਤੇ ਟੈਲੀਕਾਮ ਅਤੇ ਬਰਾਡਕਾਸਟਿੰਗ ਬਿੱਲਾਂ ਉੱਪਰ ਹੀ ਚਰਚਾ ਕੀਤੀ ਜਾਵੇਗੀ। 20 ਤੇ 21 ਦਸੰਬਰ ਨੂੰ ਸੰਸਦ ਦੇ ਦੋਹਾਂ ਸਦਨਾਂ ਵੱਲੋਂ ਪਾਸ ਕੀਤਾ ਟੈਲੀਕਾਮ ਬਿੱਲ-2023 ਰਾਸ਼ਟਰਪਤੀ ਦੀ ਰਸਮੀ ਮਨਜ਼ੂਰੀ ਨਾਲ ਕਾਨੂੰਨ ਬਣ ਜਾਵੇਗਾ। ਟੈਲੀਕਾਮ ਬਿੱਲ 'ਇੰਡੀਅਨ ਟੈਲੀਗ੍ਰਾਫ਼ ਐਕਟ-1885, ਇੰਡੀਅਨ ਵਾਇਰਲੈੱਸ ਟੈਲੀਗ੍ਰਾਫ਼ੀ ਐਕਟ-1933 ਅਤੇ ਦੀ ਟੈਲੀਗ੍ਰਾਫ਼ ਵਾਇਰ ਐਕਟ (ਅਨਲਾਅਫੁੱਲ ਪੋਜੈਸ਼ਨ) ਐਕਟ-1950 ਦੀ ਥਾਂ ਲਿਆਂਦਾ ਗਿਆ ਹੈ ਜਿਸ ਉੱਪਰ ਜਨਤਕ ਤੌਰ 'ਤੇ ਕੋਈ ਚਰਚਾ ਨਹੀਂ ਕਰਵਾਈ ਗਈ। ਬੇਸ਼ੱਕ ਪੁਰਾਣੇ ਕਾਨੂੰਨਾਂ ਵਿਚ ਵੀ ਹਕੂਮਤ ਕੋਲ ਸੰਚਾਰ ਦੀ ਨਿਗਰਾਨੀ ਕਰਨ ਅਤੇ ਇੰਟਰਨੈੱਟ ਬੰਦ ਕਰਨ ਵਰਗੀਆਂ ਮਨਮਾਨੀਆਂ ਕਰਨ ਦੀਆਂ ਬਥੇਰੀਆਂ ਤਾਕਤਾਂ ਸਨ। ਇਸ ਦੇ ਬਾਵਜੂਦ ਉਹ ਮਨਮਾਨੀਆਂ ਇਕ ਦਾਇਰੇ ਦੇ ਅੰਦਰ ਹੁੰਦੀਆਂ ਸਨ। ਉਦੋਂ ਤਾਨਾਸ਼ਾਹ ਹਕੂਮਤ ਸੰਚਾਰ 'ਚ ਸੰਨ੍ਹ ਲਾਉਣ ਵਾਲੇ ਪੈਗਾਸਸ ਵਰਗੇ ਮਹਿੰਗੇ ਸਾਫਟਵੇਅਰ ਵਰਤ ਕੇ ਪੱਤਰਕਾਰਾਂ ਅਤੇ ਹੋਰ ਆਲੋਚਕ ਆਵਾਜ਼ਾਂ ਦੀ ਜਾਸੂਸੀ ਕਰਾਉਂਦੀ ਰਹੀ ਹੈ। ਨਵਾਂ ਟੈਲੀਕਾਮ ਬਿੱਲ ਨਾਗਰਿਕਾਂ ਦੀ ਨਿੱਜਤਾ ਲਈ ਬੇਹੱਦ ਖ਼ਤਰਨਾਕ ਹੈ ਕਿਉਂਕਿ ਇਸ ਨਾਲ ਹਕੂਮਤ ਨੇ ਸਰਕਾਰੀ ਕੰਟਰੋਲ ਦਾ ਘੇਰਾ ਬੇਹੱਦ ਵਸੀਹ ਕਰ ਲਿਆ ਹੈ ਅਤੇ ਨਾਗਰਿਕਾਂ ਦੀ ਨਿਗਰਾਨੀ/ਜਾਸੂਸੀ ਕਰਨ ਦੀਆਂ ਬੇਲਗਾਮ ਤਾਕਤਾਂ ਆਪਣੇ ਹੱਥ ਹੇਠ ਕਰ ਲਈਆਂ ਹਨ। ਇਸ ਰਾਹੀਂ ਸੱਤਾ ਨੇ ਪੂਰੇ ਸੰਚਾਰ ਨੂੰ ਹੀ ਨਿਰੰਕੁਸ਼ ਰੂਪ 'ਚ ਕੰਟਰੋਲ ਕਰਨ ਦਾ ਰਾਹ ਪੱਧਰਾ ਕਰ ਲਿਆ ਹੈ।

'ਟੈਲੀਕਮਿਊਨੀਕੇਸ਼ਨ ਸੇਵਾਵਾਂ' ਦੀ ਪਰਿਭਾਸ਼ਾ ਐਨੀ ਖੁੱਲ੍ਹੀ ਰੱਖੀ ਗਈ ਹੈ ਕਿ ਵੱਟਸਐਪ, ਪੇਅਟੀਐੱਮ ਅਤੇ ਗੂਗਲਪੇਅ ਵਰਗੀਆਂ ਸੇਵਾਵਾਂ ਵੀ ਇਸ ਦੇ ਘੇਰੇ 'ਚ ਲਿਆਂਦੀਆਂ ਜਾ ਸਕਣਗੀਆਂ। ਦਰਅਸਲ, ਇਹ ਬਿੱਲ ਇੰਟਰਨੈੱਟ ਦੀ ਵਰਤੋਂ ਕਰਨ ਵਾਲੀਆਂ ਸਾਰੀਆਂ ਸੇਵਾਵਾਂ ਨੂੰ ਇਸ ਕਾਨੂੰਨ ਦੇ ਘੇਰੇ 'ਚ ਲਿਆਉਣ ਲਈ ਹੀ ਬਣਾਇਆ ਗਿਆ ਹੈ ਜਿਵੇਂ ਮੈਸੇਜਿੰਗ, ਕਾਲਾਂ, ਵੀਡੀਓ ਕਾਨਫਰੰਸਿੰਗ ਵਗੈਰਾ; ਭਾਵ ਵਾਇਰ, ਰੇਡੀਓ ਜਾਂ ਆਪਟੀਕਲ ਫਾਈਬਰ ਦੁਆਰਾ ਟੈਕਸਟ, ਆਡੀਓ ਅਤੇ ਵੀਡੀਓ ਦੇ ਪੂਰੇ ਸੰਚਾਰ ਨੂੰ ਕੰਟਰੋਲ ਕਰਨਾ ਇਸ ਕਾਨੂੰਨ ਨੂੰ ਬਣਾਉਣ ਦਾ ਮਨੋਰਥ ਹੈ। ਟੈਲੀਕਾਮ ਬਿੱਲ ਵਿਚ ਟੈਲੀਕਾਮ ਸੇਵਾਵਾਂ ਲੈਣ ਵਾਲੇ ਵਰਤੋਂਕਾਰਾਂ ਦੇ ਬਾਇਓਮੀਟਰਿਕ ਸ਼ਨਾਖ਼ਤੀਕਰਨ ਦੀ ਲਾਜ਼ਮੀ ਵਿਵਸਥਾ ਹੈ। ਤਸਦੀਕ ਕਰਨ ਯੋਗ ਡੇਟਾ ਦਾ ਭਾਵ ਹੈ ਕਿ ਆਧਾਰ ਕਾਰਡ ਆਧਾਰਿਤ ਬਾਇਓਮੈਟਰਿਕ ਸ਼ਨਾਖ਼ਤ ਰਾਹੀਂ ਸਰਕਾਰ ਕਿਸੇ ਵੀ ਨਾਗਰਿਕ ਨੂੰ ਆਪਣੀ ਮਰਜ਼ੀ ਨਾਲ ਨਿਸ਼ਾਨਾ ਬਣਾ ਸਕੇਗੀ।



ਵੱਟਸਐਪ, ਸਿਗਨਲ, ਟੈਲੀਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ 'ਐਂਡ ਟੂ ਐਂਡ ਇਨਕ੍ਰਿਪਸ਼ਨ ਮੁਹੱਈਆ ਕਰਨ ਦਾ ਦਾਅਵਾ ਕਰਦੇ ਹਨ ਜਿਸ ਦਾ ਭਾਵ ਇਹ ਹੈ ਕਿ ਇਨ੍ਹਾਂ ਪਲੇਟਫਾਰਮ ਉੱਪਰ ਹੋਣ ਵਾਲੇ ਇਲੈਕਟ੍ਰਾਨਿਕ ਸੰਦੇਸ਼ਾਂ ਨੂੰ ਸਿਰਫ਼ ਭੇਜਣ ਅਤੇ ਪ੍ਰਾਪਤ ਕਰਨ ਵਾਲਾ ਹੀ ਪੜ੍ਹ ਸਕਦਾ ਹੈ; ਇਹ ਪਲੇਟਫਾਰਮ ਵੀ ਇਹ ਸੰਦੇਸ਼ ਨਹੀਂ ਪੜ੍ਹ ਸਕਦੇ। ਨਵਾਂ ਬਿੱਲ ਇਨ੍ਹਾਂ ਪਲੇਟਫਾਰਮਾਂ ਤੋਂ 'ਡੀਕ੍ਰਿਪਸ਼ਨ' (ਨਿੱਜਤਾ ਦੀ ਇਸ ਵਿਵਸਥਾ 'ਚ ਘੁਸਣ ਦਾ ਹੱਕ ਸਰਕਾਰ ਵੱਲੋਂ ਨਿਯੁਕਤ ਨਿਗਰਾਨ ਅਥਾਰਟੀ ਨੂੰ ਦੇਣ ਦਾ ਪਾਬੰਦ ਹੋਣ) ਦੀ ਮੰਗ ਕਰਦਾ ਹੈ। ਨਵੇਂ ਕਾਨੂੰਨ ਦੇ ਤਹਿਤ 'ਐਂਡ ਟੂ ਐਂਡ' ਇਨਕ੍ਰਿਪਸ਼ਨ' ਦੀ ਕੋਈ ਤੁਕ ਨਹੀਂ ਰਹੇਗੀ। ਪੱਤਰਕਾਰ ਵੀ ਆਪਣੀਆਂ ਰਿਪੋਰਟਾਂ ਦੀ ਸੂਚਨਾ ਦੇ ਸਰੋਤ ਵੀ ਗੁਪਤ ਨਹੀਂ ਰੱਖ ਸਕਣਗੇ।

ਪਹਿਲੇ ਡਰਾਫਟ ਵਿਚ ਸਰਕਾਰ ਨੇ ਓ.ਟੀ.ਟੀ. (ਓਵਰ-ਦੀ-ਟਾਪ) ਸੇਵਾਵਾਂ ਨੂੰ ਟੈਲੀਕਮਿਊਨੀਕੇਸ਼ਨ ਸੇਵਾਵਾਂ ਦੀ ਸ਼੍ਰੇਣੀ ਵਿਚ ਰੱਖ ਲਿਆ ਸੀ ਪਰ ਰੌਲਾ ਪੈਣ ਤੋਂ ਬਾਅਦ ਨਵੇਂ ਬਿੱਲ 'ਚ 'ਸਮਾਵੇਸ਼ੀ ਪਹੁੰਚ' ਦੇ ਨਾਂ ਹੇਠ ਇਸ ਨੂੰ ਸਰਕਾਰ ਦੀ ਇੱਛਾ 'ਤੇ ਛੱਡ ਦਿੱਤਾ ਗਿਆ ਹੈ। ਇਸ ਦਾ ਮਨੋਰਥ ਡਿਜੀਟਲ ਫਰਾਡ ਅਤੇ ਸੰਚਾਰ ਪਲੇਟਫਾਰਮਾਂ ਦੀ ਦੁਰਵਰਤੋਂ ਨੂੰ ਰੋਕਣਾ ਦੱਸਿਆ ਗਿਆ ਹੈ; ਅਸਲ ਮਨੋਰਥ ਬ੍ਰਾਡਕਾਸਟਿੰਗ ਨੂੰ ਸਰਕਾਰੀ ਕੰਟਰੋਲ 'ਚ ਲੈਣਾ ਹੈ।

ਟੈਲੀਕਾਮ ਬਿੱਲ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਅਧਿਕਾਰੀ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ 'ਅਣਅਧਿਕਾਰਕ' ਟੈਲੀਕਾਮ ਸਾਜ਼ੋ-ਸਮਾਨ ਵਾਲੀ ਕਿਸੇ ਜਗ੍ਹਾ ਦੀ ਤਲਾਸ਼ੀ ਲੈ ਸਕਦਾ ਹੈ ਅਤੇ ਸੰਚਾਰ ਕੰਪਨੀ ਦੇ ਬੁਨਿਆਦੀ ਢਾਂਚੇ ਜਾਂ ਸਰਵਿਸ ਨੂੰ ਕਬਜ਼ੇ 'ਚ ਲੈ ਸਕਦਾ ਹੈ। ਅਧਿਕਾਰੀ ਸੰਚਾਰ ਵਿਚ ਸੰਨ੍ਹ ਲਾ ਸਕਦਾ ਹੈ। ਅਜਿਹਾ ਇਸ ਬਹਾਨੇ ਵੀ ਕੀਤਾ ਜਾ ਸਕੇਗਾ ਕਿ ਇੱਥੋਂ 'ਟੈਲੀਕਮਿਊਨੀਕੇਸ਼ਨ ਨੈੱਟਵਰਕ ਨੂੰ ਨੁਕਸਾਨ ਪਹੁੰਚਾਇਆ' ਜਾ ਰਿਹਾ ਹੈ। ਸਰਕਾਰ ਇਸ ਬਹਾਨੇ ਕਿਸੇ ਵੀ ਸੰਚਾਰ 'ਚ ਸੰਨ੍ਹ ਲਾ ਸਕੇਗੀ ਅਤੇ ਇਹ ਕੁਤਰਕ ਦੇ ਕੇ ਉਨ੍ਹਾਂ ਸੰਦੇਸ਼ਾਂ ਨੂੰ ਰੋਕ ਦੇਵੇਗੀ ਕਿ 'ਜਨਤਕ ਐਮਰਜੈਂਸੀ' ਦੀ ਹਾਲਤ 'ਚ ਜਾਂ 'ਜਨਤਕ ਸੁਰੱਖਿਆ ਦੇ ਹਿਤ ਵਿਚ' ਸਰਕਾਰ ਲਈ ਅਜਿਹਾ ਕਰਨਾ ਜ਼ਰੂਰੀ ਹੈ ਜਦਕਿ ਨਿੱਜਤਾ 'ਚ ਸਰਕਾਰ ਦੀ ਅਣਉਚਿਤ ਅਤੇ ਨਜਾਇਜ਼ ਸੰਨ੍ਹ ਨੂੰ ਰੋਕਣ ਦੀ ਕੋਈ ਵਿਵਸਥਾ ਇਸ ਵਿਚ ਨਹੀਂ ਹੈ।

ਨਵੇਂ ਬਰਾਡਕਾਸਟਿੰਗ ਬਿੱਲ ਪਿੱਛੇ ਵੀ ਇਸੇ ਤਰ੍ਹਾਂ ਦਾ ਮਨੋਰਥ ਕੰਮ ਕਰਦਾ ਹੈ। ਇਸ ਦੁਆਰਾ ਹੁਕਮਰਾਨ ਟੈਲੀਵਿਜ਼ਨ, ਇੰਟਰਨੈੱਟ ਅਤੇ ਰੇਡੀਓ ਉੱਪਰ ਬਰਾਡਕਾਸਟਿੰਗ ਨੂੰ ਆਪਣੇ ਅਨੁਸਾਰ ਰੈਗੂਲੇਟ ਕਰਨਾ ਚਾਹੁੰਦੇ ਹਨ ਤਾਂ ਜੋ ਸਰਕਾਰ ਨੂੰ ਸਮੱਗਰੀ ਨੂੰ ਰੈਗੂਲੇਟ ਜਾਂ ਸੈਂਸਰ ਕਰਨ ਦੀ ਬੇਰੋਕ-ਟੋਕ ਤਾਕਤ ਮਿਲ ਜਾਵੇ। ਇਹ ਬਿੱਲ ਕਿਸੇ ਵੀ ਪ੍ਰੋਗਰਾਮ ਨੂੰ ਹਟਾਉਣ ਜਾਂ ਬਦਲਣ ਦੀ ਤਾਕਤ ਸਰਕਾਰ ਨੂੰ ਦਿੰਦਾ ਹੈ। ਇਸ ਨੂੰ ਇਸ ਤਰੀਕੇ ਨਾਲ ਅਤਿਅੰਤ ਖੁੱਲ੍ਹਾ ਅਤੇ ਅਸਪਸ਼ਟ ਰੱਖਿਆ ਗਿਆ ਹੈ ਕਿ ਇਸ ਕਾਨੂੰਨ ਨੂੰ ਸਰਕਾਰ ਕਿਸੇ ਨੂੰ ਨਿਸ਼ਾਨਾ ਬਣਾਉਣ, ਉਸ ਦੇ ਸੰਚਾਰ 'ਚ ਸੰਨ੍ਹ ਲਾਉਣ, ਤਫ਼ਤੀਸ਼ ਜਾਂ ਸੈਂਸਰ ਕਰਨ ਲਈ ਆਪਣੀ ਮਨ ਮਰਜ਼ੀ ਅਨੁਸਾਰ ਵਰਤ ਸਕੇਗੀ। ਇਸ ਵਿਚ 'ਕੰਟੈਂਟ ਮੁਲਾਂਕਣ ਕਮੇਟੀਆਂ' ਦੀ ਵਿਵਸਥਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਇਹ ਮੌਜੂਦਾ ਸੈਂਸਰਸ਼ਿਪ ਦੇ ਉੱਪਰ ਸੈਂਸਰਸ਼ਿਪ ਦੀ ਇਕ ਨਵੀਂ ਤਹਿ ਬਣਾਉਣਾ ਹੈ। ਖ਼ਬਰਾਂ, ਰਿਪੋਰਟਾਂ ਬਰਾਡਕਾਸਟ ਕਰਨ ਵਾਲੇ ਉਹੀ ਪ੍ਰੋਗਰਾਮ ਪ੍ਰਸਾਰਤ ਕਰ ਸਕਣਗੇ ਜੋ ਇਸ ਕਮੇਟੀ ਵੱਲੋਂ 'ਸਰਟੀਫਾਈ ਕੀਤੇ' ਹੋਣਗੇ। ਨਿਊਜ਼ ਸੰਸਥਾਵਾਂ ਕੋਲ ਆਪਣੀਆਂ ਰਿਪੋਰਟਾਂ, ਨਿਊਜ਼ ਵਗੈਰਾ ਦੀ ਛਾਣਬੀਣ ਕਰਨ ਲਈ ਸੰਪਾਦਕਾਂ ਦੀ ਆਪਣੀ ਵਿਵਸਥਾ ਹੈ। ਫਿਰ ਅਜਿਹੀਆਂ ਕਮੇਟੀਆਂ ਦੀ ਕੀ ਤੁਕ ਹੈ? ਸਿਵਾਏ ਇਸ ਦੇ ਇਹ ਸੈਂਸਰਸ਼ਿਪ ਵਧਾਉਣ ਲਈ ਹੈ?

ਇਹ ਫ਼ਿਕਰਮੰਦੀ ਵੀ ਨਿਰਆਧਾਰ ਨਹੀਂ ਹੈ ਕਿ ਨਵੇਂ ਬਰਾਡਕਾਸਟਿੰਗ ਬਿੱਲ ਵਿਚ ਪੱਤਰਕਾਰਾਂ ਅਤੇ ਸਮੱਗਰੀ ਰਚਨਾਕਾਰਾਂ ਦਰਮਿਆਨ ਫ਼ਰਕ ਵੀ ਧੁੰਦਲਾ ਕਰ ਦਿੱਤਾ ਗਿਆ ਹੈ। ਨਵੇਂ ਮੀਡੀਆ ਲਈ ਜੋ ਰੋਕਾਂ ਤਜਵੀਜ਼ ਕੀਤੀਆਂ ਗਈਆਂ ਹਨ, ਉਨ੍ਹਾਂ ਤੋਂ ਉਹ ਵੀ ਨਹੀਂ ਬਚ ਸਕਣਗੇ ਜੋ ਆਨਲਾਈਨ ਸੋਸ਼ਲ ਤਬਸਰਾਕਾਰੀ ਕਰਦੇ ਹਨ। ਕਮੇਡੀਅਨ, ਇਸਟਾਗ੍ਰਾਮ ਮੀਮ (ਹਾਸਰਸ) ਪੇਜ, ਵੱਟਸਐਪ ਗਰੁੱਪ ਚਲਾਉਣ ਵਾਲੇ ਵੀ ਇਸ ਦੇ ਘੇਰੇ ਵਿਚ ਆ ਜਾਣਗੇ। ਇਸ ਬਿੱਲ ਵਿਚ 'ਨਿਊਜ਼ ਐਂਡ ਕਰੰਟ ਅਫੇਅਰਜ਼ ਪ੍ਰੋਗਰਾਮਜ਼' ਦੀ ਜੋ ਪਰਿਭਾਸ਼ਾ ਦਿੱਤੀ ਗਈ ਹੈ, ਉਸ ਮੁਤਾਬਿਕ ਅਜਿਹੇ ਪ੍ਰੋਗਰਾਮਾਂ ਨੂੰ ਸਰਕਾਰ ਵੱਲੋਂ ਸੁਝਾਏ ਇਸ਼ਤਿਹਾਰਬਾਜ਼ੀ ਅਤੇ ਪ੍ਰੋਗਰਾਮ ਕੋਡਾਂ ਦੀ ਪਾਲਣਾ ਕਰਨੀ ਪਵੇਗੀ। ਜੇ ਸਰਕਾਰ ਨੂੰ ਇਹ ਲੱਗਦਾ ਹੈ ਕਿ ਕਿਸੇ ਮੁੱਦੇ ਉੱਪਰ ਚਰਚਾ ਨਾ ਹੋਣ ਦੇਣਾ ਉਸ ਦੇ ਹਿਤ 'ਚ ਹੈ ਅਤੇ ਮੁੱਦੇ ਉੱਪਰ ਆਲੋਚਕ ਆਵਾਜ਼ਾਂ ਦੇ ਵਿਚਾਰ ਲੋਕਾਂ 'ਚ ਨਹੀਂ ਜਾਣੇ ਚਾਹੀਦੇ ਤਾਂ ਕਥਿਤ ਕੋਡਾਂ ਦੇ ਬਹਾਨੇ ਸਰਕਾਰ ਉਸ ਸਮੱਗਰੀ ਨੂੰ ਸਹਿਜੇ ਹੀ ਰੋਕ ਸਕਦੀ ਜਾਂ ਹਟਾ ਸਕਦੀ ਹੈ। ਕੀ ਸ਼ਿਸ਼ਟਾਚਾਰੀ ਹੈ, ਕੀ ਅਸਭਿਆ ਵਰਤਾਓ ਹੈ, ਕੀ ਜਨਤਕ ਨੈਤਿਕਤਾ ਹੈ, ਕੀ ਸਹੀ ਹੈ ਤੇ ਕੀ ਗ਼ਲਤ ਹੈ, ਇਹ ਤੈਅ ਕਰਨ ਦੀਆਂ ਤਾਕਤਾਂ ਸਰਕਾਰ ਦੇ ਹੱਥ 'ਚ ਹੋਣਗੀਆਂ। ਮੌਜੂਦਾ ਹੁਕਮਰਾਨ ਧਿਰ ਦੇ ਨੁਮਾਇੰਦੇ ਅਕਸਰ ਹੀ ਝੂਠ ਬੋਲਦੇ, ਗ਼ਲਤ ਬਿਆਨੀ ਕਰਦੇ, ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਦੇਖੇ ਜਾ ਸਕਦੇ ਹਨ। ਉਹ ਕਦੋਂ ਚਾਹੁਣਗੇ ਕਿ ਉਨ੍ਹਾਂ ਦੇ ਇਨ੍ਹਾਂ ਕਾਰਿਆਂ ਦੀ ਪੋਲ ਖੋਲ੍ਹਦੇ ਤਬਸਰੇ, ਪ੍ਰੋਗਰਾਮ ਆਦਿ ਪ੍ਰਸਾਰਿਤ ਹੋਣ। ਇਹ ਬਿੱਲ ਉਨ੍ਹਾਂ ਦੇ ਹੱਥ 'ਚ ਵੱਡਾ ਹਥਿਆਰ ਹੋਵੇਗਾ।

ਪੁਰਾਣੇ ਕਾਨੂੰਨਾਂ ਦੇ ਤਹਿਤ ਨਾਗਰਿਕਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਰੋਕਣ ਲਈ ਇੰਟਰਨੈੱਟ ਬੰਦ ਕਰਨਾ ਹੁਕਮਰਾਨਾਂ ਦੇ ਹੱਥ 'ਚ ਬੇਹੱਦ ਕਾਰਗਰ ਸੰਦ ਰਿਹਾ ਹੈ। ਇਸ ਪੱਖੋਂ ਭਗਵਾ ਹਕੂਮਤ ਨੇ ਆਲਮੀ ਪੱਧਰ 'ਤੇ ਨਵਾਂ ਰਿਕਾਰਡ ਕਾਇਮ ਕੀਤਾ ਹੈ! ਜੰਮੂ ਕਸ਼ਮੀਰ ਅਤੇ ਮਨੀਪੁਰ ਵਿਚ ਆਰ.ਐਸ.ਐਸ.-ਭਾਜਪਾ ਨੇ ਇੰਟਰਨੈੱਟ ਬੰਦ ਰੱਖ ਕੇ ਆਮ ਲੋਕਾਂ ਦਾ ਆਪਣੀ ਗੱਲ ਕਹਿਣ ਅਤੇ ਸੂਚਨਾ ਦੇ ਆਦਾਨ-ਪ੍ਰਦਾਨ ਦਾ ਹੱਕ ਨਿਹਾਇਤ ਬੇਕਿਰਕੀ ਨਾਲ ਕੁਚਲਿਆ। ਇਹ ਨਾਗਰਿਕਾਂ ਦੇ ਬੁਨਿਆਦੀ ਹੱਕ ਉੱਪਰ ਸਿੱਧਾ ਹਮਲਾ ਹੈ। ਇਨ੍ਹਾਂ ਇਲਾਕਿਆਂ ਵਿਚ ਇੰਟਰਨੈੱਟ ਬੰਦ ਰਹਿਣ ਨੇ ਸਮਾਜਿਕ, ਰਾਜਨੀਤਕ ਅਤੇ ਆਰਥਕ ਆਦਾਨ-ਪ੍ਰਦਾਨ ਨੂੰ ਮਹੀਨਿਆਂ ਤੱਕ ਠੱਪ ਰੱਖ ਕੇ ਉੱਥੋਂ ਦੇ ਲੋਕਾਂ ਨੂੰ ਸਮਾਜਿਕ ਅਤੇ ਆਰਥਕ ਤੌਰ 'ਤੇ ਬੇਹੱਦ ਨੁਕਸਾਨ ਪਹੁੰਚਾਇਆ। ਉਸ ਨੁਕਸਾਨ ਦੀ ਕੋਈ ਜਵਾਬਦੇਹੀ ਨਹੀਂ, ਕੋਈ ਮੁਆਵਜ਼ਾ ਨਹੀਂ। ਨਵੇਂ ਬਿੱਲ ਨਾਲ 'ਜਨਤਕ ਸੁਰੱਖਿਆ ਜਾਂ ਜਨਤਕ ਐਮਰਜੈਂਸੀ', 'ਸਟੇਟ ਦੀ ਸੁਰੱਖਿਆ' ਅਤੇ 'ਅਪਰਾਧਾਂ ਲਈ ਉਕਸਾਵੇ ਨੂੰ ਰੋਕਣ' ਦੇ ਬਹਾਨੇ ਇੰਟਰਨੈੱਟ ਨੂੰ ਬੰਦ ਕਰਨਾ ਅਤੇ ਸੰਚਾਰ ਨੂੰ ਰੋਕਣਾ ਬਿਲਕੁਲ ਹੀ ਬੇਰੋਕ-ਟੋਕ ਬਣਾ ਲਿਆ ਗਿਆ ਹੈ ਅਤੇ ਹਕੂਮਤ ਅਜਿਹੀਆਂ ਧੌਂਸਬਾਜ਼ ਕਾਰਵਾਈਆਂ ਦੀ ਜਵਾਬਦੇਹੀ ਤੋਂ ਮੁਕਤ ਹੋ ਗਈ ਹੈ।

'ਮੰਡੀ ਮੁਖੀ ਪਹੁੰਚ' ਤਹਿਤ ਟੈਲੀਕਾਮ ਬਿੱਲ ਵਿਚ ਅਜਿਹੀਆਂ ਮੱਦਾਂ ਹਨ ਜਿਨ੍ਹਾਂ ਦੇ ਤਹਿਤ ਸਰਕਾਰ ਬਹੁਕੌਮੀ ਕੰਪਨੀਆਂ ਅਤੇ ਵੱਡੇ ਕਾਰਪੋਰੇਟਾਂ ਨਾਲ ਸੌਦੇਬਾਜ਼ੀ ਕਰ ਕੇ ਉਨ੍ਹਾਂ ਨੂੰ ਸਪੈਕਟਰਮ ਵਰਗੇ ਕੌਮੀ ਵਸੀਲੇ ਬੇਰੋਕ-ਟੋਕ ਵੰਡ ਸਕਦੀ ਹੈ। ਪਿਛਲੇ ਸਮੇਂ 'ਚ ਟੈਲੀਕਾਮ ਖੇਤਰ 'ਚ ਹੋਏ ਮਹਾਂ ਘੁਟਾਲਿਆਂ ਨੂੰ ਦੇਖਦਿਆਂ ਸੁਪਰੀਮ ਕੋਰਟ ਨੇ ਜੋ ਆਦੇਸ਼ ਜਾਰੀ ਕੀਤੇ ਸਨ, ਇਹ ਬਿੱਲ ਪਾਰਦਰਸ਼ੀ ਬੋਲੀ ਯਕੀਨੀ ਬਣਾਉਣ ਦੇ ਆਦੇਸ਼ਾਂ ਨੂੰ ਦਰਕਿਨਾਰ ਕਰ ਕੇ ਸਪੈਕਟਰਮਾਂ 'ਚ ਘਾਲੇਮਾਲੇ ਦਾ ਰਾਹ ਖੋਲ੍ਹਦੇ ਹਨ।

ਨਿੱਜਤਾ ਦੇ ਹੱਕ ਦਾ ਘਾਣ ਕਰਨ ਪੱਖੋਂ ਨਵੇਂ ਬਿੱਲ ਦੇ 20 ਤੋਂ ਲੈ ਕੇ 23 ਤੱਕ ਦੇ ਸੈਕਸ਼ਨ ਬੇਹੱਦ ਸੰਵੇਦਨਸ਼ੀਲ ਹਨ। ਸੰਸਦ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਇਨ੍ਹਾਂ ਉੱਪਰ ਜਨਤਕ ਤੌਰ 'ਤੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਸੀ। ਸਮਾਜ ਦੇ ਜਾਗਰੂਕ ਹਿੱਸਿਆਂ ਨੂੰ ਇਹ ਘੋਖ-ਪਰਖ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ ਕਿ ਸਰਕਾਰ ਵੱਲੋਂ ਅਜਿਹੇ ਸੈਕਸ਼ਨ ਤਜਵੀਜ਼ ਕਰਨ ਦੀਆਂ ਦਲੀਲਾਂ ਕਿੰਨੀਆਂ ਕੁ ਦਮਦਾਰ ਅਤੇ ਸਹੀ ਹਨ। ਜਨਤਕ ਚਰਚਾ ਤੋਂ ਬਾਅਦ ਹੀ ਇਹ ਸੰਸਦ ਵਿਚ ਪੇਸ਼ ਕੀਤੇ ਜਾਣੇ ਚਾਹੀਦੇ ਸਨ। ਸਰਕਾਰ ਨੇ ਜਨਤਕ ਚਰਚਾ ਤਾਂ ਕੀ ਕਰਾਉਣੀ ਸੀ, ਉਨ੍ਹਾਂ ਨੇ ਤਾਂ ਇਸ ਦੌਰਾਨ ਵਿਰੋਧੀ ਧਿਰ ਨੂੰ ਵੀ ਸੰਸਦ 'ਚੋਂ ਬਾਹਰ ਕੱਢ ਦਿੱਤਾ ਅਤੇ ਬਿੱਲ ਪਾਸ ਕਰ ਲਏ।

ਕਿੰਤੂ-ਪ੍ਰੰਤੂ ਕਰ ਸਕਣ ਵਾਲੇ 143 ਵਿਰੋਧੀ ਧਿਰ ਸੰਸਦ ਮੈਂਬਰਾਂ ਨੂੰ ਮੁਅੱਤਲ ਕਰ ਕੇ ਇਹ ਯਕੀਨੀ ਬਣਾਇਆ ਗਿਆ ਕਿ ਕੋਈ ਵੀ ਐੱਮ.ਪੀ. ਸਵਾਲ ਜਾਂ ਆਲੋਚਨਾ ਕਰਨ ਲਈ ਸਦਨ ਵਿਚ ਮੌਜੂਦ ਨਾ ਹੋਵੇ ਅਤੇ ਸੱਤਾਧਾਰੀ ਧਿਰ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਜੀ ਹਜ਼ੂਰੀਏ ਹੀ ਹੱਥ ਖੜ੍ਹੇ ਕਰਨ ਲਈ ਉੱਥੇ ਹਾਜ਼ਰ ਹੋਣ। ਇੰਝ ਆਪਣੀ ਬਹੁਗਿਣਤੀ ਦੀ ਧੌਂਸ ਜ਼ਰੀਏ ਜ਼ਬਾਨੀ ਮਤੇ ਨਾਲ ਬਿੱਲ ਪਾਸ ਕਰ ਲਏ ਗਏ। ਇਹ ਦਰਸਾਉਂਦਾ ਹੈ ਕਿ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲਾ ਇਹ ਸਟੇਟ ਧੁਰ ਅੰਦਰੋਂ ਕਿੰਨਾ ਘੋਰ ਤਾਨਾਸ਼ਾਹ ਹੈ ਜਿਸ ਵਿਚ ਸਰਕਾਰਾਂ ਨਾਗਰਿਕਾਂ ਦੀ ਜ਼ਿੰਦਗੀ ਨਾਲ ਜੁੜੇ ਵੱਡੇ-ਵੱਡੇ ਫ਼ੈਸਲੇ ਲੈਣ ਲਈ ਰਸਮੀ ਚਰਚਾ ਕਰਨ ਦੀ ਵੀ ਲੋੜ ਨਹੀਂ ਸਮਝਦੀਆਂ।

# ਯੂਕਰੇਨ ਜੰਗ ਦੇ ਸਵਾਲ

ਯੂਕਰੇਨ ਉੱਤੇ ਰੂਸ ਦੇ ਹਮਲੇ ਦੀ ਸਫਲਤਾ ਭਾਵੇਂ ਅੰਸ਼ਕ ਹੀ ਸਹੀ, ਸਥਾਈ ਹੁੰਦੀ ਜਾਪ ਰਹੀ ਹੈ ਅਤੇ ਯੂਕਰੇਨ ਵੱਲੋਂ 2022 ਵਿਚ ਗੁਆਏ ਆਪਣੇ ਪੂਰੇ ਇਲਾਕੇ (2014 ਵਿਚ ਗੁਆਏ ਇਲਾਕੇ ਨੂੰ ਤਾਂ ਭੁੱਲ ਹੀ ਜਾਓ) ਨੂੰ ਮੁੜ ਹਾਸਲ ਕਰਨ ਦੀਆਂ ਆਸਾਂ ਹਰ ਮਹੀਨੇ ਮਾਂਦ ਪੈ ਰਹੀਆਂ

**ਟੀ.ਐੱਨ. ਨੈਨਾਨ**

ਹਨ। ਯੂਕਰੇਨ ਨੂੰ ਅਮਰੀਕਾ ਤੇ ਯੂਰਪੀ ਸੰਘ ਵੱਲੋਂ ਮਿਲਦੀ ਫ਼ੌਜੀ ਇਮਦਾਦ ਬੰਦ ਹੋ ਗਈ ਹੈ ਅਤੇ ਯੂਕਰੇਨ ਨੂੰ ਹੁਣ ਵੱਧ ਤੋਂ ਵੱਧ ਇਹ ਆਸ ਹੈ ਕਿ ਫ਼ੌਜੀ ਅੜਿੱਕੇ ਦੀ ਮੌਜੂਦਾ ਸਥਿਤੀ ਬਣੀ ਰਹੇ। ਜੇ ਹਾਲਾਤ ਵਿਗੜ ਗਏ ਤਾਂ ਰੂਸ ਹੋਰ ਇਲਾਕੇ 'ਤੇ ਵੀ ਕਾਬਜ਼ ਹੋ ਸਕਦਾ ਹੈ। ਯੂਕਰੇਨ ਦੀ ਆਰਥਿਕ ਮੁੜ ਉਸਾਰੀ ਦਾ ਕਾਰਜ ਬਹੁਤ ਔਖਾ ਹੋ ਸਕਦਾ ਹੈ ਜਿਸ ਦੇ ਲਈ ਮਣਾਂ ਮੂੰਹੀਂ ਵਿਦੇਸ਼ੀ ਇਮਦਾਦ ਦੀ ਲੋੜ ਹੈ ਜੋ ਲੋੜ ਮੁਤਾਬਕ ਆ ਵੀ ਸਕਦੀ ਹੈ ਤੇ ਹੋ ਸਕਦਾ ਹੈ, ਨਾ ਵੀ ਆਵੇ।

ਯੂਕਰੇਨ ਨੇ ਉਤਸ਼ਾਹ ਵਿਚ ਆ ਕੇ ਰੂਸ ਦੇ ਮੁਹਾਜ਼ 'ਤੇ ਆਪਣੀ ਫ਼ੌਜੀ ਕਾਰਵਾਈ ਵਿੱਢ ਤਾਂ ਦਿੱਤੀ ਹੈ ਪਰ ਇਸ ਦਾ ਖਰਚਾ ਕੌਣ ਚੁੱਕੇਗਾ? ਇਹ ਗੱਲ ਦਰੁਸਤ ਹੈ ਕਿ ਮਾਸਕੋ ਨੂੰ ਵਪਾਰਕ ਅਤੇ ਵਿੱਤੀ ਪਾਬੰਦੀਆਂ ਦੀ ਮਾਰ ਪਈ ਹੈ ਪਰ ਜਿਸ ਤਰ੍ਹਾਂ ਪੱਛਮੀ ਦੇਸ਼ਾਂ ਨੂੰ ਆਸ ਸੀ ਕਿ ਰੂਸੀ ਅਰਥਚਾਰਾ ਢਹਿ ਢੇਰੀ ਹੋ ਜਾਵੇਗਾ, ਉਵੇਂ ਨਹੀਂ ਹੋਇਆ। ਬਿਨਾਂ ਸ਼ੱਕ, ਨੁਕਸਾਨ ਹੋਇਆ ਹੈ ਪਰ ਇਸ ਦੀ ਰੋਕਥਾਮ ਵੀ ਕਰ ਲਈ ਗਈ ਹੈ। 2022 ਵਿਚ ਰੂਸ ਦਾ ਅਰਥਚਾਰਾ 2.1 ਫ਼ੀਸਦ ਸੁੰਗੜ ਗਿਆ ਸੀ ਪਰ 2023 ਵਿਚ ਇਸ ਵਿਚ 2.8 ਫ਼ੀਸਦ ਵਾਧਾ ਹੋਣ ਦਾ ਅਨੁਮਾਨ ਹੈ; ਹਾਲੀਆ ਤਿਮਾਹੀ ਵਿਚ ਵਾਧੇ ਦੀ ਦਰ 5.5 ਫ਼ੀਸਦ ਰਹਿਣ ਦਾ ਅਨੁਮਾਨ ਹੈ। ਵਪਾਰਕ ਪਾਬੰਦੀਆਂ ਦੇ ਬਾਵਜੂਦ ਚਲੰਤ ਖਾਤੇ ਵਿਚ ਭਰਵਾਂ ਸਰਪਲੱਸ ਦੇਖਣ ਨੂੰ ਮਿਲਿਆ ਹੈ।

ਰੂਸ ਦੇ ਫ਼ੌਜੀ ਖਰਚ ਵਿਚ ਤਿੱਖਾ ਵਾਧਾ ਹੋਇਆ ਹੈ ਅਤੇ 2024 ਤੱਕ ਇਹ ਖਰਚਾ ਜੀ.ਡੀ.ਪੀ. ਦਾ 6 ਫ਼ੀਸਦ ਹੋਣ ਦਾ ਅਨੁਮਾਨ ਹੈ ਜਿਸ ਦਾ ਮਤਲਬ ਹੈ ਕਿ ਬਜਟ ਘਾਟਾ 2.8 ਫ਼ੀਸਦ ਹੋ ਜਾਵੇਗਾ ਪਰ ਸਰਕਾਰੀ ਕਰਜ਼ ਮਹਿਜ਼ ਜੀ.ਡੀ.ਪੀ. ਦਾ 20 ਫ਼ੀਸਦ ਹੋਣ ਕਰ ਕੇ ਬਜਟ ਘਾਟੇ ਨੂੰ ਸਿੱਝਿਆ ਜਾ ਸਕਦਾ ਹੈ। ਜਬਰੀ ਭਰਤੀ, ਵੱਡੇ ਪੱਧਰ 'ਤੇ ਪਰਵਾਸ ਅਤੇ ਫ਼ੌਜੀ ਉਤਪਾਦਨ ਉਪਰ ਸਰਕਾਰੀ ਖਰਚ ਕਾਰਨ ਬੇਰੁਜ਼ਗਾਰੀ ਦੀ ਦਰ 2.9 ਫ਼ੀਸਦ ਰਹਿ ਗਈ ਹੈ। ਮਹਿੰਗਾਈ ਦਰ 7.5 ਫ਼ੀਸਦ ਦੀ ਦਰ ਨਾਲ ਕਾਫ਼ੀ ਉੱਚੀ ਬਣੀ ਹੋਈ ਹੈ ਅਤੇ ਇਵੇਂ ਵਿਆਜ ਦਰ 12.4 ਫ਼ੀਸਦ ਚੱਲ ਰਹੀ ਹੈ ਜਿਸ ਦਾ ਇਕ ਕਾਰਨ ਰੂਬਲ ਦੀ ਕੀਮਤ ਨੂੰ ਠੁੰਮਣਾ ਦੇਣਾ ਹੈ ਜਿਸ ਵਿਚ ਜੰਗ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਪਿਛਲੇ 22 ਮਹੀਨਿਆਂ ਦੌਰਾਨ ਕਰੀਬ 20 ਫ਼ੀਸਦ ਗਿਰਾਵਟ ਆ ਚੁੱਕੀ ਹੈ। ਉਂਝ, ਇਕ ਸਾਲ ਦੇ ਮੁਕਾਬਲੇ ਸ਼ੇਅਰ ਬਾਜ਼ਾਰ ਵਿਚ 7 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ।

ਜੇ ਜੰਗ ਨਾ ਛੇੜੀ ਹੁੰਦੀ ਤਾਂ ਰੂਸ ਦੇ ਅਰਥਚਾਰੇ ਦੇ ਸੂਚਕ ਕਿਤੇ ਬਿਹਤਰ ਹੋਣੇ ਸਨ। ਇਸ ਤੋਂ ਇਲਾਵਾ ਜੋ ਜਾਨੀ ਨੁਕਸਾਨ ਹੋਇਆ, ਉਹ ਵੱਖਰਾ ਹੈ। ਉਂਝ, ਆਰਥਿਕ ਅੰਕੜੇ ਉਹ ਨਹੀਂ ਦਰਸਾਉਂਦੇ ਜਿਸ ਦੀ ਉਮੀਦ ਪੱਛਮੀ ਤਾਕਤਾਂ ਨੇ ਫਰਵਰੀ 2022 ਵਿਚ ਕੀਤੀ ਸੀ ਜਦੋਂ ਪਾਬੰਦੀਆਂ ਆਇਦ ਹੋਣੀਆਂ ਸ਼ੁਰੂ ਹੋਈਆਂ ਸਨ। ਉਦੋਂ ਗੱਲ ਚੱਲਦੀਆਂ ਸਨ ਕਿ 'ਕਿਲ੍ਹੇਬੰਦ ਰੂਸ' ਹੁਣ 'ਰੂਬਲ ਰੂਸ' ਬਣ ਰਿਹਾ ਹੈ ਅਤੇ ਅਰਥਚਾਰੇ ਦੇ ਪਰਖਚੇ ਉਡ ਰਹੇ ਹਨ। ਉਦੋਂ ਹਾਲੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਗੰਭੀਰ ਰੂਪ ਵਿਚ ਬਿਮਾਰ ਹੋਣ ਦੀਆਂ ਰਿਪੋਰਟਾਂ ਨਹੀਂ ਆਈਆਂ ਸਨ। ਹੁਣ ਪੂਤਿਨ ਅਤੇ ਰੂਸ, ਦੋਵੇਂ ਇਸ ਹੱਦ ਤੱਕ ਸਿਹਤਮੰਦ ਨਜ਼ਰ ਆ ਰਹੇ ਹਨ ਕਿ ਜੰਗ ਨੂੰ ਚਲਦਾ ਰੱਖ ਸਕਣ।

ਜੇ ਪਾਬੰਦੀਆਂ ਦਾ ਘਾਤਕ ਅਸਰ ਸਾਹਮਣੇ ਨਹੀਂ ਆ ਸਕਿਆ ਤਾਂ ਇਸ ਦਾ ਕਾਰਨ ਇਹ ਹੈ ਕਿ ਰੂਸ ਨੂੰ ਆਪਣੇ ਤੇਲ ਦੇ ਚੀਨ ਤੇ ਭਾਰਤ ਜਿਹੇ ਗਾਹਕ ਮਿਲ ਗਏ ਸਨ ਅਤੇ ਹਾਲੀਆ ਸਮਿਆਂ ਵਿਚ ਇਹ ਪੱਛਮੀ ਦੇਸ਼ਾਂ ਵਲੋਂ ਆਇਦ ਕੀਤੀ ਫੀ ਬੈਰਲ 60 ਡਾਲਰ ਦੀ ਹੱਦਬੰਦੀ ਨੂੰ ਤੋੜਨ ਵਿਚ ਵੀ ਕਾਮਯਾਬ ਹੋਇਆ। ਜਿਣਸਾਂ ਦੀਆਂ ਕੀਮਤਾਂ ਵਿਚ ਆਏ ਉਛਾਲ ਕਰ ਕੇ ਵੀ ਬਰਾਮਦਾਂ ਨੂੰ ਹੁਲਾਰਾ ਮਿਲਿਆ ਹੈ ਜਦਕਿ ਆਂਢ-ਗੁਆਂਢ ਦੇ ਦੇਸ਼ਾਂ (ਤੁਰਕੀ, ਲਿਥੁਆਨੀਆ, ਮੱਧ ਏਸ਼ੀਆ, ਇਰਾਨ ਤੇ ਚੀਨ) ਰਾਹੀਂ ਦਰਾਮਦਾਂ ਦੀ ਸਪਲਾਈ ਹੋ ਰਹੀ ਹੈ ਜਿਸ ਲਈ ਕਦੇ ਕਦਾਈਂ ਯੁਆਨ (ਚੀਨੀ ਕਰੰਸੀ) ਵਿਚ ਅਦਾਇਗੀ ਕੀਤੀ ਜਾਂਦੀ ਹੈ ਜਿਸ ਸਦਕਾ ਰੂਸ ਨੂੰ ਸਾਜ਼ੋ-ਸਾਮਾਨ ਦੀ ਸਪਲਾਈ ਤੱਕ ਰਸਾਈ ਕਰਨ ਵਿਚ ਮਦਦ ਮਿਲੀ ਹੈ। ਉਂਝ, ਰੂਸ ਨੂੰ ਬਿਨਾਂ ਸ਼ੱਕ ਲੰਮੇ ਦਾਅ ਤੋਂ ਇਸ ਜੰਗ ਦੀ ਕੀਮਤ ਚੁਕਾਉਣੀ ਪੈਣੀ ਹੈ। ਇਸ ਦੀ ਕੁਦਰਤੀ ਗੈਸ ਲਈ ਬਦਲਵੀਆਂ ਮੰਡੀਆਂ (ਜਿਸ ਦਾ ਇਕਮਾਤਰ ਉਮੀਦਵਾਰ ਚੀਨ ਹੀ ਹੈ ਜੋ ਜਚ ਕੇ ਸੌਦੇਬਾਜ਼ੀ ਕਰਨ ਵਿਚ ਉਸਤਾਦ ਹੈ) ਦੀ ਲੋੜ ਹੈ। ਪੱਛਮੀ ਦੇਸ਼ਾਂ ਦੀ ਤਕਨਾਲੋਜੀ ਅਤੇ ਇਸੇ ਤਰ੍ਹਾਂ ਹੁਨਰਮੰਦ ਕਿਰਤ ਸ਼ਕਤੀ ਦੇ ਪਰਵਾਸ ਦੀ ਘਾਟ ਦਾ ਅਸਰ ਸਮਾਂ ਪਾ ਕੇ ਸਾਹਮਣੇ ਆਵੇਗਾ ਜਦਕਿ ਪ੍ਰਾਈਵੇਟ ਸੈਕਟਰ ਦੀ ਸਰਗਰਮੀ ਦੇ ਹਰਜੇ ਕਰ ਕੇ ਅਰਥਚਾਰਾ ਵਧੇਰੇ ਸਟੇਟ (ਰਿਆਸਤ) ਮੁਖੀ ਹੋ ਜਾਵੇਗਾ ਜਿਸ ਕਰ ਕੇ ਇਸ ਦੀ ਕਾਰਜ ਕੁਸ਼ਲਤਾ ਵੀ ਘਟ ਸਕਦੀ ਹੈ।

ਯੂਕਰੇਨ ਆਪਣੇ ਦਮ 'ਤੇ ਕਦੇ ਵੀ ਰੂਸ ਨਾਲ ਮੱਥਾ ਲਾਉਣ ਦੇ ਕਾਬਿਲ ਨਹੀਂ ਹੋ ਸਕਿਆ। ਹੁਣ ਜਦੋਂ ਪੱਛਮੀ ਦੇਸ਼ਾਂ ਦੀ ਅਗਲੇਰੀ ਇਮਦਾਦ ਦਾ ਰਾਹ ਬੰਦ ਹੋ ਗਿਆ ਹੈ ਤਾਂ ਇਹ ਸਵਾਲ ਉੱਠੇਗਾ ਕਿ ਯੂਕਰੇਨ ਦੇ ਮਸਲੇ 'ਤੇ ਟਕਰਾਅ ਨੂੰ ਟਾਲਿਆ ਜਾ ਸਕਦਾ ਸੀ ਅਤੇ ਕੀ ਇੰਨੀ ਜ਼ਿਆਦਾ ਜਾਨੀ ਤੇ ਮਾਲੀ ਬਰਬਾਦੀ ਤੋਂ ਬਚਿਆ ਜਾ ਸਕਦਾ ਸੀ? ਇਸ ਦੇ ਨਾਲ ਹੀ ਪੱਛਮੀ ਦੀ ਆਪਣੀ ਪੈਰੀਫੇਰੀ 'ਤੇ ਲੜਾਈ ਲੜਨ ਦੀ ਇੱਛਾ ਨਾਲ ਵੀ ਕਈ ਸਵਾਲ ਜੁੜੇ ਹੋਏ ਹਨ ਜਿਨ੍ਹਾਂ ਵਿਚ ਰੂਸ ਉਪਰ ਲਾਈਆਂ ਵਿਆਪਕ ਪਾਬੰਦੀਆਂ ਦੇ ਕਾਰਗਰ ਹੋਣ ਦਾ ਵੀ ਸਵਾਲ ਆਉਂਦਾ ਹੈ।

***ਸਿੱਖ ਇਤਿਹਾਸ ਵਿਚ ਪੋਹ ਦਾ ਪਹਿਲਾ ਪੰਦਰਵਾੜਾ ਸ਼ਹਾਦਤਾਂ ਦਾ ਪੰਦਰਵਾੜਾ ਹੈ। ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਾਹਿਬਜ਼ਾਦੇ ਸੂਬਾ ਸਰਹੰਦ ਨੇ ਨੀਂਹਾਂ ਵਿਚ ਚਿਣਾ ਕੇ ਸ਼ਹੀਦ ਕਰ ਦਿੱਤੇ। ਇਸੇ ਦੌਰਾਨ ਮਾਤਾ ਗੁਜਰੀ ਦੀ ਵੀ ਮੌਤ ਹੋ ਗਈ। ਇਸ ਔਖੇ ਹਾਲਾਤ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਵਿਰੁੱਧ ਆਪਣੀ ਲੜਾਈ ਜਾਰੀ ਰੱਖੀ। ਉਸ ਹਾਲਾਤ ਬਾਰੇ ਚਾਨਣਾ ਪਾਉਂਦਾ ਇਹ ਲੇਖ ਉਘੇ ਇਤਿਹਾਸਕਾਰ ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ' ਵਿਚੋਂ ਲਿਆ ਗਿਆ ਹੈ। ਇਸ ਕਿਤਾਬ ਦਾ ਅਨੁਵਾਦ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ।***

# ਆਨੰਦਪੁਰ ਸਾਹਿਬ ਤੋਂ ਨਿੱਕਲਿਦਿਆਂ...





*ਚਮਕੌਰ ਸਾਹਿਬ ਦੀ ਲੜਾਈ ਦਾ ਇਕ ਦ੍ਰਿਸ਼ ਅਤੇ (ਸੱਜੇ) ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣੇ ਜਾਣ ਦਾ ਦ੍ਰਿਸ਼।*

ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਦੇ ਰਾਜ ਵਿਚ ਸਿੱਖਾਂ ਦੀ ਕਮਾਨ ਸੰਭਾਲੀ। ਬਿਲਾਸਪੁਰ ਦੀ ਰਿਆਸਤ ਦੇ ਮਾਖੋਵਾਲ ਨਗਰ ਵਿਚ ਉਨ੍ਹਾਂ ਸਾਰੀਆਂ ਵਿਦਿਆਵਾਂ ਸਿੱਖੀਆਂ। ਇਸ ਥਾਂ ਨੂੰ ਹੁਣ ਆਨੰਦਪੁਰ ਸਾਹਿਬ ਕਿਹਾ ਜਾਂਦਾ ਹੈ। ਉਨ੍ਹਾਂ ਸੰਸਕ੍ਰਿਤ ਤੇ ਫਾਰਸੀ ਸਿੱਖੀ, ਘੋੜ ਸਵਾਰੀ,



**ਰਾਜਮੋਹਨ ਗਾਂਧੀ**
**ਅਨੁਵਾਦ: ਹਰਪਾਲ ਸਿੰਘ ਪੰਨੂ**

ਨੇਜ਼ੇਬਾਜ਼ੀ, ਤੀਰਅੰਦਾਜ਼ੀ ਵਿਚ ਨਿਪੁੰਨਤਾ ਹਾਸਲ ਕੀਤੀ। ਰਿਆਸਤੀ ਇਲਾਕਾ ਹੋਣ ਕਾਰਨ ਮੁਗਲਾਂ ਦੀ ਦਖ਼ਲਅੰਦਾਜ਼ੀ ਨਹੀਂ ਸੀ। ਇਸ ਪਹਾੜੀ ਇਲਾਕੇ ਦੇ ਹਿੰਦੂ, ਦੁਰਗਾ ਜਾਂ ਚੰਡੀ ਦੇ ਉਪਾਸ਼ਕ ਸਨ।

ਪਹਾੜੀ ਰਾਜਿਆਂ ਦੀਆਂ ਆਪਸ ਵਿਚ ਲੜਾਈਆਂ ਝਗੜੇ ਚੱਲਦੇ ਰਹਿੰਦੇ ਸਨ ਪਰ ਉਨ੍ਹਾਂ ਨੇ ਮੁਗਲਾਂ ਦੀ ਮਿਹਰਬਾਨੀ ਹਾਸਲ ਕਰ ਰੱਖੀ ਸੀ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੀ ਚੜ੍ਹਤ ਉਨ੍ਹਾਂ ਨੂੰ ਖ਼ਤਰਨਾਕ ਲੱਗੀ। ਗੁਰੂ ਜੀ ਕਾਰਨ ਔਰੰਗਜ਼ੇਬ ਗੁੱਸੇ ਵਿਚ ਆ ਸਕਦਾ ਸੀ। ਸਿਰਮੌਰ (ਨਾਹਨ) ਰਿਆਸਤ ਦੇ ਨਾਲ ਪਾਉਂਟਾ ਸਾਹਿਬ ਵਿਚ ਗੁਰੂ ਜੀ ਨੇ ਜਮਨਾ ਕਿਨਾਰੇ ਮਜ਼ਬੂਤ ਕਿਲ੍ਹਾ ਉਸਾਰ ਲਿਆ ਤੇ ਜੰਗੀ ਮਸ਼ਕਾਂ ਸ਼ੁਰੂ ਹੋ ਗਈਆਂ। ਇਨ੍ਹਾਂ ਕਾਰਨਾਂ ਕਰ ਕੇ ਭੰਗਾਣੀ ਦਾ ਯੁੱਧ ਹੋਇਆ। ਗੁਰੂ ਜੀ ਦੀਆਂ ਫੌਜਾਂ ਵਿਜਈ ਰਹੀਆਂ।

ਉਪਰੰਤ ਗੁਰੂ ਜੀ ਆਨੰਦਪੁਰ ਸਾਹਿਬ ਚਲੇ ਗਏ। ਇਥੇ ਸਤਲੁਜ ਦੇ ਕਿਨਾਰੇ ਕਿਲ੍ਹੇ ਦੀ ਉਸਾਰੀ ਕੀਤੀ। ਸਾਲ 1688 ਤੱਕ ਔਰੰਗਜ਼ੇਬ ਸਿਆਸੀ ਤਣਾਉ ਵਿਚੋਂ ਲੰਘ ਰਿਹਾ ਸੀ। ਬਗਾਵਤਾਂ ਦੀ ਲੜੀ ਕਾਰਨ ਅਫਸਰਾਂ ਉੱਪਰੋਂ ਯਕੀਨ ਉੱਠ ਰਿਹਾ ਸੀ। ਜੰਗਾਂ ਦੇ ਖਰਚੇ ਕਾਰਨ ਆਰਥਿਕਤਾ ਡਗਮਗਾਉਣ ਲੱਗੀ। ਅਫਸਰ ਪੰਜਾਬ ਦੇ ਕਿਸਾਨਾਂ ਤੋਂ ਕਰ ਨਚੋੜ ਰਹੇ ਸਨ, ਕਿਸਾਨੀ ਵਿਚ ਰੋਸ ਫੈਲ ਰਿਹਾ ਸੀ। ਲੱਖਾਂ ਦੀ ਫੌਜ ਨਾਲ ਜਦੋਂ ਬਾਦਸ਼ਾਹ ਕੂਚ ਕਰਦਾ; ਟੈਂਟ, ਖਾਧ ਪਦਾਰਥ, ਬਾਜ਼ਾਰ ਨਾਲ ਨਾਲ ਤੁਰਦੇ, ਘੋੜਿਆਂ, ਹਾਥੀਆਂ, ਊਠਾਂ ਦਾ ਮੀਲਾਂ ਲੰਮਾ ਕਾਰਵਾਂ ਚਲਦਾ ਰਹਿੰਦਾ।

ਦੱਖਣ ਵਿਚ ਬਾਦਸ਼ਾਹ ਪੰਜਾਬ ਦੀ ਖ਼ਬਰ ਰੱਖਦਾ। ਉਸ ਨੂੰ ਪਤਾ ਲੱਗਾ ਕਿ ਬਾਗੀ ਸਿੱਖ ਆਨੰਦਪੁਰ ਇਕੱਠੇ ਹੋ ਰਹੇ ਹਨ, 1693 ਵਿਚ ਉਸ ਨੇ ਆਪਣੇ ਅਫਸਰਾਂ ਨੂੰ ਕਿਹਾ ਕਿ ਉਥੋਂ ਸਿੱਖਾਂ ਨੂੰ ਖਿੰਡਾਉ। ਕੁਝ ਰਾਜੇ ਵਫਾਦਾਰ ਰਹੇ ਪਰ ਕੁਝ ਬਾਗੀ ਹੋ ਗਏ। ਬਾਗੀ ਰਾਜੇ ਗੁਰੂ ਗੋਬਿੰਦ ਸਿੰਘ ਦੀ ਹਮਾਇਤ ਵਿਚ ਆ ਗਏ। ਇਨ੍ਹਾਂ ਨੂੰ ਦਬਾਉਣ ਵਾਸਤੇ ਤਿੰਨ ਵਾਰ ਫੌਜ ਪਹਾੜੀਆਂ ਵਿਚ ਗਈ ਪਰ ਨਿਰਾਸਤਾ ਪੱਲੇ ਪਈ।

ਗੁਰੂ ਗੋਬਿੰਦ ਸਿੰਘ ਦੀ ਤਾਕਤ ਆਨੰਦਪੁਰ ਸਾਹਿਬ ਵਿਚ ਕੇਂਦਰਿਤ ਹੋ ਰਹੀ ਸੀ ਪਰ ਪ੍ਰਿਥੀ ਚੰਦ ਦਾ ਦੁਆਬ ਵਿਚ ਦਬਦਬਾ ਸੀ। ਪੱਛਮੀ ਪੰਜਾਬ ਦੀ ਥਾਂ ਗੁਰੂ ਜੀ ਨੂੰ ਫੌਜਾਂ ਸਤਲੁਜ ਦੇ ਪੂਰਬ ਵੱਲ ਹਿੰਦੁਸਤਾਨ ਵਿਚੋਂ ਮਿਲ ਰਹੀਆਂ ਸਨ। ਇਕ ਪਾਸੇ ਸਟੇਟ ਦੂਜੇ ਪਾਸੇ ਗੁਰੂ ਘਰ ਵਿਚਲੇ ਬਾਗੀਆਂ ਦਾ ਰਵੱਈਆ ਮਿਲ ਕੇ ਖ਼ਤਰਾ ਖੜ੍ਹਾ ਕਰ ਸਕਦਾ ਸੀ ਜਿਸ ਵਾਸਤੇ ਖਾਲਸਾ ਸਾਜਣ ਦਾ ਅਹਿਮ ਫੈਸਲਾ ਕੀਤਾ।

ਦੂਰ ਦੁਰਾਡੇ ਹੁਕਮਨਾਮੇ ਭੇਜ ਕੇ ਵਿਸਾਖੀ 1699 ਨੂੰ ਸੰਗਤਾਂ ਆਨੰਦਪੁਰ ਸੱਦੀਆਂ। ਭਾਰੀ ਇਕੱਠ ਹੋਇਆ। ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜ ਸਿੱਖਾਂ ਨੂੰ ਛਕਾਇਆ, ਫਿਰ ਉਨ੍ਹਾਂ ਪੰਜਾਂ ਨੂੰ ਅਧਿਕਾਰ ਦਿੱਤਾ ਕਿ ਉਹ ਹੁਣ ਖ਼ੁਦ ਅੰਮ੍ਰਿਤ ਛਕਾ ਸਕਦੇ ਹਨ। ਗੁਰੂ ਜੀ ਨੇ ਆਪ ਇਨ੍ਹਾਂ ਤੋਂ ਅੰਮ੍ਰਿਤ ਛਕਿਆ। ਅੰਮ੍ਰਿਤਧਾਰੀ ਸਿੱਖ ਆਪਣੇ ਨਾਮ ਨਾਲ ਸਿੰਘ ਅਤੇ ਔਰਤਾਂ ਕੌਰ ਲਾਉਣਗੀਆਂ। ਔਰੰਗਜ਼ੇਬ ਦੇ ਰਾਜ ਵਿਚ ਰਾਜਪੂਤ ਮਨਸਬਦਾਰ ਆਪਣੇ ਨਾਮ ਨਾਲ ਸਿੰਘ ਲਿਖਦੇ ਸਨ ਪਰ ਹੁਣ ਧੰਨ ਭਾਗ, ਜਿੰਨੀ ਮਰਜ਼ੀ ਨੀਵੀਂ ਜਾਤ ਹੋਵੇ, ਅੰਮ੍ਰਿਤ ਛਕ ਕੇ ਹਰੇਕ ਮਿੰਟਾਂ ਵਿਚ ਸਿੰਘ ਹੋ ਸਕਦਾ ਸੀ। ਕਿਤੇ ਵੀ ਪੰਜ ਸਿੰਘ ਅੰਮ੍ਰਿਤ ਸੰਚਾਰ ਕਰ ਸਕਦੇ ਸਨ। ਇਹ ਅਧਿਕਾਰ ਰਾਮ ਰਾਇ, ਧੀਰ ਮੱਲ ਜਾਂ ਪ੍ਰਿਥੀ ਚੰਦ ਕੋਲ ਨਹੀਂ ਸੀ। ਇਸ ਇਕ ਘਟਨਾ ਤੋਂ ਬਾਅਦ ਆਮ ਆਦਮੀ ਨੂੰ ਸਵੈਮਾਨ, ਸ਼ਕਤੀ, ਬਰਾਬਰੀ, ਨਵਾਂ ਜਨਮ, ਉੱਚੀ ਹਸਤੀ ਸਭ ਕੁਝ ਮਿਲ ਗਿਆ। ਤੇਤੀ ਸਾਲ ਦੀ ਉਮਰ ਵਿਚ ਏਨੇ ਵੱਡੇ ਹੱਕ ਦੇ ਕੇ ਗੁਰੂ ਜੀ ਨੇ ਲਤਾੜੀ ਮਨੁੱਖਤਾ ਨਾਲ ਪੀਡਾ ਰਿਸ਼ਤਾ ਗੰਢਿਆ।

ਆਨੰਦਪੁਰ ਦੀ ਇਸ ਸੈਨਾ ਤੋਂ ਪਹਾੜੀ ਰਾਜਿਆਂ ਨੂੰ ਖ਼ਤਰਾ ਮਹਿਸੂਸ ਹੋਣਾ ਹੀ ਸੀ। ਉਨ੍ਹਾਂ ਮੁਗਲ ਸਰਕਾਰ ਨੂੰ ਦਖ਼ਲ ਦੇਣ ਲਈ ਕਿਹਾ। ਮੁਗਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਆਨੰਦਪੁਰ ਨੂੰ ਘੇਰਾ ਪਾ ਲਿਆ। ਆਖ਼ਰ ਫੈਸਲਾ ਹੋਇਆ ਕਿ ਗੁਰੂ ਜੀ ਇਹ ਥਾਂ ਛੱਡ ਕੇ ਕਿਸੇ ਹੋਰ ਪਾਸੇ ਚਲੇ ਜਾਣ। ਫੌਜਾਂ ਪਿਛੇ ਹਟ ਗਈਆਂ। ਭੀਮ ਚੰਦ ਨੇ ਜਾਂਦੀ ਸਿੱਖ ਸੈਨਾ ਤੇ ਹਮਲਾ ਕਰ ਦਿੱਤਾ ਤਾਂ ਬੁਰੀ ਤਰ੍ਹਾਂ ਪਛਾੜ ਦਿੱਤਾ ਗਿਆ। ਗੁਰੂ ਜੀ ਫਿਰ ਆਨੰਦਪੁਰ ਪਰਤ ਆਏ। ਸਿੱਖ ਸੈਨਾ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ। ਪਹਾੜੀ ਰਾਜੇ ਫਿਰ ਸਰਕਾਰ ਤੋਂ ਮਦਦ ਮੰਗਣ ਲੱਗੇ।

ਸੈਨਾਵਾਂ ਨੇ ਫਿਰ ਆਨੰਦਪੁਰ ਦੀ ਘੇਰਾਬੰਦੀ ਕਰ ਲਈ। ਆਖ਼ਰ ਦਸੰਬਰ 1704 ਨੂੰ ਜਦੋਂ ਫੌਜਦਾਰਾਂ ਨੇ ਕੁਰਾਨ ਉੱਪਰ ਸਹੁੰ ਲਿਖ ਕੇ ਭੇਜੀ ਕਿ ਤੁਹਾਡਾ ਕੋਈ ਨੁਕਸਾਨ ਨਹੀਂ ਕਰਾਂਗੇ, ਆਨੰਦਪੁਰ ਛੱਡ ਦਿਉ, ਗੁਰੂ ਜੀ ਸੈਨਾ ਸਹਿਤ ਕਿਲ੍ਹੇ ਵਿਚੋਂ ਬਾਹਰ ਆ ਗਏ ਪਰ ਕਸਮਾਂ ਝੂਠੀਆਂ ਸਾਬਤ ਹੋਈਆਂ ਜਦੋਂ ਰੋਪੜ ਲਾਗੇ ਸਰਸਾ ਨਦੀ ਦੇ ਕਿਨਾਰੇ ਮੁਗਲਾਂ ਨੇ ਮੁੜ ਹਮਲਾ ਕਰ ਦਿੱਤਾ।

ਵੱਡੇ ਦੋ ਸਾਹਿਬਜ਼ਾਦੇ ਅਤੇ ਗੁਰੂ ਜੀ ਸੁਰੱਖਿਅਤ ਰਹੇ ਪਰ ਉਹਨਾਂ ਦੇ ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦੇ ਅਤੇ ਮਾਤਾ ਸੁੰਦਰੀ ਜੀ ਵਿਛੜ ਗਏ। ਚਮਕੌਰ ਸਾਹਿਬ ਦੀ ਲੜਾਈ ਵਿਚ ਵੱਡੇ ਸਾਹਿਬਜ਼ਾਦੇ ਅਤੇ ਸਮਰਥਕ ਸਿੰਘ ਸਭ ਸ਼ਹੀਦ ਹੋ ਗਏ। ਗੁਰੂ ਜੀ ਨੇ ਕਿਹਾ- ਮੇਰੇ ਬੇਟੇ ਸ਼ਹਾਦਤ ਤੋਂ ਭੱਜਣਗੇ ਨਹੀਂ।

ਗੁਰੂ ਜੀ ਦੀ ਤਲਾਸ਼ ਵਿਚ ਮੁਗਲ ਫੌਜ ਜਦੋਂ ਪਿੱਛਾ ਕਰ ਰਹੀ ਸੀ, ਨਬੀ ਖਾਨ ਤੇ ਗਨੀ ਖਾਨ ਦੋ ਪਠਾਣਾਂ ਨੇ ਗੁਰੂ ਜੀ ਨੂੰ ਉਚ ਦਾ ਪੀਰ ਕਹਿ ਕੇ ਬਚਾਇਆ। ਇਹ ਤਾਂ ਇਕ ਘਟਨਾ ਹੈ; ਇਹੋ ਜਿਹੀਆਂ ਅਨੇਕ ਘਟਨਾਵਾਂ ਅਣਲਿਖਤ ਹਨ ਜਿੱਥੇ ਮੁਸਲਮਾਨਾਂ ਨੇ ਗੁਰੂਆਂ ਅਤੇ ਸਿੱਖਾਂ ਦੀ ਮਦਦ ਕੀਤੀ। ਉਨ੍ਹਾਂ ਦੀ ਸ਼ਖਸੀਅਤ ਹੀ ਅਜਿਹੀ ਸੀ। ਛੋਟੇ ਸਾਹਿਬਜ਼ਾਦੇ ਅਤੇ ਦਾਦੀ ਮਾਂ ਗੰਗੂ ਦੀ ਗੱਦਾਰੀ ਸਦਕਾ ਗ੍ਰਿਫਤਾਰ ਹੋ ਗਏ। ਕੁਝ ਥਾਵਾਂ 'ਤੇ ਲਿਖਿਆ ਮਿਲਦਾ ਹੈ ਕਿ ਉਹ ਜਿਊਂਦੇ ਨੀਂਹਾਂ ਵਿਚ ਚਿਣੇ ਗਏ। ਕੁਝ ਥਾਵਾਂ 'ਤੇ ਕਤਲ ਕਰ ਦੇਣ ਬਾਰੇ ਲਿਖਿਆ ਹੈ। ਦਾਦੀ ਮਾਂ ਗੁਜਰੀ ਸਦਮਾ ਬਰਦਾਸ਼ਤ ਨਾ ਕਰਦਿਆਂ ਪ੍ਰਾਣ ਛੱਡ ਗਈ।

ਸਰਹਿੰਦ ਨਜ਼ਦੀਕ ਮਲੇਰਕੋਟਲਾ ਸ਼ਹਿਰ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਬੱਚਿਆਂ ਨੂੰ ਕਤਲ ਕਰਨ ਵਿਰੁੱਧ ਇਤਰਾਜ਼ ਕੀਤਾ। ਇਕ ਸਿੱਖ ਨੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਪੁਚਾਇਆ। ਜਦੋਂ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲੀ, ਗੋਡਿਆਂ ਭਾਰ ਹੋ ਕੇ ਹੱਥ ਫੈਲਾ ਕੇ ਉਹਨਾਂ ਰੱਬ ਨੂੰ ਕਿਹਾ- ਤੁਹਾਡੇ ਖਜ਼ਾਨੇ ਤੁਹਾਨੂੰ ਵਾਪਸ ਕੀਤੇ। ਫਿਰ ਕਿਰਪਾਨ ਦੀ ਨੋਕ ਨਾਲ ਘਾਹ ਦੀ ਜੜ੍ਹ ਕੱਢਦਿਆਂ ਕਿਹਾ- ਜ਼ਾਲਮ ਹਕੂਮਤ ਦੀ ਹੁਣ ਇਉਂ ਜੜ੍ਹ ਉੱਖੜੇਗੀ।

ਖਾਲਸਾ ਫਿਰ ਗੁਰੂ ਜੀ ਦੇ ਨਜ਼ਦੀਕ ਜੁੜਨਾ ਸ਼ੁਰੂ ਹੋ ਗਿਆ। ਸਤਲੁਜ ਦੇ ਕਿਨਾਰੇ ਕਿਨਾਰੇ ਲੱਖੀ ਜੰਗਲ ਵਿਚੋਂ ਦੀ ਉਹ ਬਠਿੰਡੇ ਵੱਲ ਵਧੇ। ਇਕ ਰੱਬ, ਇਕ ਗੁਰੂ, ਇਕ ਜ਼ਬਾਨ, ਇਕ ਮਨੋਰਥ, ਊਚ ਨਾ ਨੀਚ, ਜਾਤ ਨਾ ਪਾਤ, ਇਹ ਗਿਣਤੀ ਵਧਦੀ ਰਹੀ ਤੇ ਜੱਟ ਅੰਮ੍ਰਿਤ ਛਕ ਕੇ ਖਾਲਸੇ ਵਿਚ ਸ਼ਾਮਲ ਹੁੰਦੇ ਰਹੇ।

ਕੁਝ ਜੱਟਾਂ ਕੋਲ ਧਨ ਅਤੇ ਜ਼ਮੀਨ ਪਹਿਲੋਂ ਹੀ ਕਾਫੀ ਸੀ। ਮਾਝੇ ਅਤੇ ਮਾਲਵੇ ਵਿਚ ਕਈ ਵੱਡੇ ਜ਼ਿਮੀਂਦਾਰ ਸਨ। ਇਹ ਗੁਰੂ ਜੀ ਲਈ ਸਹਾਇਕ ਹੋਏ। ਪੰਜਾਬ ਦੀ ਬਹੁਗਿਣਤੀ ਮੁਸਲਮਾਨ ਵਸੋਂ ਨੇ ਅਜਿਹੀ ਕੋਈ ਜਥੇਬੰਦੀ ਤਿਆਰ ਨਹੀਂ ਕੀਤੀ ਜੋ ਪੰਜਾਬ ਉੱਪਰ ਰਾਜ ਕਰਨ ਲਈ ਹੰਭਲਾ ਮਾਰੇ। ਮੁਸਲਮਾਨ ਰਈਸ ਵੱਡੇ ਜ਼ਿਮੀਂਦਾਰ ਸਨ, ਸੂਫੀਆਂ ਦੇ ਅਣਗਿਣਤ ਮੁਰੀਦ ਸਨ, ਤਕੜੇ ਮੁਸਲਮਾਨ ਕਬੀਲੇ ਸਨ, ਜੱਟ ਤੇ ਰਾਜਪੂਤ ਵੀ ਸਨ ਪਰ ਕਿਸੇ ਨੇ ਸਵਰਾਜ ਵਾਸਤੇ ਯਤਨ ਨਹੀਂ ਕੀਤਾ।

ਮੁਸਲਮਾਨ ਜਾਂ ਗ਼ੈਰ-ਮੁਸਲਮਾਨ, ਪੰਜਾਬੀਆਂ ਨੂੰ ਤਾਂ ਜਾਨ ਬਚਾਉਣ ਦਾ ਫਿਕਰ ਖਾਈ ਜਾਂਦਾ। ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਵਾਢ ਪਈ ਰਹਿੰਦੀ, ਸੋ ਦਿਨ ਕਟੀ ਕਰੀ ਚਲੋ। ਕਦੀ ਕਦਾਈਂ ਗੱਖੜ, ਜੰਜੂਏ ਤੇ ਭੱਟੀ ਧਾੜਵੀਆਂ ਵਿਰੁੱਧ ਜੂਝਦੇ ਪਰ ਕਿੰਨਾ ਕੁ ਚਿਰ? ਤੁਰਾਨੀ, ਇਰਾਨੀ, ਰਾਜਪੂਤ, ਅਫਗਾਨ ਲੜਨ ਮਰਨ ਜਾਂ ਰਾਜ ਕਰਨ, ਸਾਡੀ ਜਾਨ ਬਚੇ; ਲੱਗਦਾ ਹੈ, ਪੰਜਾਬ ਇਸ ਨੀਤੀ ਵਿਚੋਂ ਲੰਘ ਰਿਹਾ ਸੀ।

ਵੱਡਾ ਜ਼ਿਮੀਂਦਾਰ ਛੋਟੀ ਕਿਸਾਨੀ ਤੋਂ ਕਰ ਉਗਰਾਹ ਕੇ ਹਕੂਮਤ ਹਵਾਲੇ ਕਰ ਦਿੰਦਾ। ਪਰਜਾ ਅਤੇ ਸਰਕਾਰ ਵਿਚਕਾਰ ਇਹੋ ਪੁਲ ਹੁੰਦਾ। ਜ਼ਿਮੀਂਦਾਰ ਅਕਸਰ ਮੁਸਲਮਾਨ ਹੁੰਦਾ, ਅਮੀਰ ਹੋਣ ਕਰ ਕੇ ਰਸੂਖ ਵਾਲਾ ਹੁੰਦਾ। ਉਸ ਕੋਲ ਆਪਣੇ ਸਥਾਨਕ ਲੱਠਮਾਰ ਹੁੰਦੇ ਜ਼ਰੂਰ ਪਰ ਕੁਰਸੀ ਜੰਗ ਵਿਚ ਉਹ ਕਿਸੇ ਧਿਰ ਦਾ ਸਾਥ ਨਾ ਦਿੰਦਾ ਕਿਉਂਕਿ ਅਜਿਹਾ ਕਰਨਾ ਅੱਗ ਨਾਲ ਖੇਡਣਾ ਸੀ।

***ਸਰਹਿੰਦ ਨਜ਼ਦੀਕ ਮਲੇਰਕੋਟਲਾ ਸ਼ਹਿਰ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਬੱਚਿਆਂ ਨੂੰ ਕਤਲ ਕਰਨ ਵਿਰੁੱਧ ਇਤਰਾਜ਼ ਕੀਤਾ। ਇਕ ਸਿੱਖ ਨੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਪੁਚਾਇਆ। ਜਦੋਂ ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲੀ, ਗੋਡਿਆਂ ਭਾਰ ਹੋ ਕੇ ਹੱਥ ਫੈਲਾ ਕੇ ਉਹਨਾਂ ਰੱਬ ਨੂੰ ਕਿਹਾ- ਤੁਹਾਡੇ ਖਜ਼ਾਨੇ ਤੁਹਾਨੂੰ ਵਾਪਸ ਕੀਤੇ। ਫਿਰ ਕਿਰਪਾਨ ਦੀ ਨੋਕ ਨਾਲ ਘਾਹ ਦੀ ਜੜ੍ਹ ਕੱਢਦਿਆਂ ਕਿਹਾ- ਜ਼ਾਲਮ ਹਕੂਮਤ ਦੀ ਹੁਣ ਇਉਂ ਜੜ੍ਹ ਉੱਖੜੇਗੀ। ਖਾਲਸਾ ਫਿਰ ਗੁਰੂ ਜੀ ਦੇ ਨਜ਼ਦੀਕ ਜੁੜਨਾ ਸ਼ੁਰੂ ਹੋ ਗਿਆ। ਸਤਲੁਜ ਦੇ ਕਿਨਾਰੇ ਕਿਨਾਰੇ ਲੱਖੀ ਜੰਗਲ ਵਿਚੋਂ ਦੀ ਉਹ ਬਠਿੰਡੇ ਵੱਲ ਵਧੇ। ਇਕ ਰੱਬ, ਇਕ ਗੁਰੂ, ਇਕ ਜ਼ਬਾਨ, ਇਕ ਮਨੋਰਥ, ਊਚ ਨਾ ਨੀਚ, ਜਾਤ ਨਾ ਪਾਤ, ਇਹ ਗਿਣਤੀ ਵਧਦੀ ਰਹੀ ਤੇ ਜੱਟ ਅੰਮ੍ਰਿਤ ਛਕ ਕੇ ਖਾਲਸੇ ਵਿਚ ਸ਼ਾਮਲ ਹੁੰਦੇ ਰਹੇ।***

ਮੁਗਲ ਪ੍ਰਸ਼ਾਸਨ ਵਿਚ ਉੱਚਾ ਰੁਤਬਾ ਜਾਂ ਫੌਜਾਂ ਦੀ ਕਮਾਨ ਹਾਸਲ ਕਰਨ ਵਿਚ ਖ਼ਤਰੇ ਹੀ ਖ਼ਤਰੇ ਸਨ। ਲੰਮਾ ਸਮਾਂ ਪਰਦੇਸੀ ਫੌਜਾਂ ਪੰਜਾਬ ਉੱਪਰ ਛਾਈਆਂ ਰਹੀਆਂ ਤਾਂ ਪੰਜਾਬੀ ਮੁਸਲਮਾਨਾਂ ਨੂੰ ਅਹਿਸਾਸ ਹੋ ਗਿਆ ਕਿ ਰਾਜ ਭਾਗ ਉਨ੍ਹਾਂ ਦੀ ਕਿਸਮਤ ਵਿਚ ਨਹੀਂ। ਮੁਗਲਾਂ ਨੇ ਪੰਜਾਬੀਆਂ ਨੂੰ ਰਾਜ ਵਿਚ ਭਾਗੀਦਾਰ ਬਣਾਉਣ ਲਈ ਕੋਈ ਰੁਚੀ ਨਹੀਂ ਦਿਖਾਈ। ਮੁਗਲ ਸਰਕਾਰ ਨੂੰ ਇਹ ਫੁਰਨਾ ਫੁਰਿਆ ਹੀ ਨਾ।

ਇਕ ਆਧੁਨਿਕ ਲੇਖਕ ਦਾ ਕਥਨ ਹੈ- ਜਿਹੜਾ ਸਮਰੱਥ ਧੜਾ ਪੰਜਾਬ ਦੀ ਵਾਗਡੋਰ ਫੜੀ ਬੈਠਾ ਹੈ, ਉਸ ਵਿਚ ਪੰਜਾਬੀ ਮੁਸਲਮਾਨ ਨਾਂ-ਮਾਤਰ ਹੈ। ਸਾਲ 1526 ਤੋਂ 1748 ਤੱਕ ਦਿੱਲੀ ਹਕੂਮਤ ਤੁਰਕ, ਇਰਾਨੀ ਜਾਂ ਪਠਾਣ ਨੂੰ ਪੰਜਾਬ ਦਾ ਸੂਬੇਦਾਰ ਥਾਪਦੀ ਜਾਂ ਇਨ੍ਹਾਂ ਦੇਸਾਂ ਦੇ ਭਾਰਤ ਵਸਦੇ ਪੁੱਤਰਾਂ ਨੂੰ। ਕਿਸੇ ਪੰਜਾਬੀ ਨੂੰ ਇਸ ਕਰ ਕੇ ਹਕੂਮਤ ਵਿਚ ਇੱਜ਼ਤ, ਹਿੱਸੇਦਾਰੀ ਨਹੀਂ ਮਿਲ ਸਕਦੀ ਕਿ ਉਹ ਮੁਸਲਮਾਨ ਹੈ।

ਜਿਹੜਾ ਕਾਫਲਾ ਆਨੰਦਪੁਰ ਤੋਂ ਬਠਿੰਡੇ ਵੱਲ ਵਧ ਰਿਹਾ ਸੀ, ਉਸ ਵਿਚ ਚੋਖੀ ਗਿਣਤੀ ਮੁਸਲਮਾਨਾਂ ਦੀ ਵੀ ਸੀ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਮੁਸਲਮਾਨ ਸਿੱਖ ਦੀ ਨਸਲਕੁਸ਼ੀ ਵਕਤ ਮੁਗਲਾਂ ਦਾ ਸਮਰਥਕ ਨਹੀਂ ਰਿਹਾ। ਮੁਗਲ ਹਕੂਮਤ ਧਾੜਵੀਆਂ ਤੋਂ ਬਚਾਉ ਕਰ ਰਹੀ ਹੈ, ਸੋ ਠੀਕ ਪਰ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਪੰਜਾਬੀ ਮੁਸਲਮਾਨ ਸਿੱਖਾਂ ਦਾ ਸ਼ਿਕਾਰ ਕਰਨ ਲੱਗ ਜਾਣ।


ਸਤਾਹਰਵੀਂ ਸਦੀ ਖ਼ਤਮ ਹੋਈ, ਅਠਾਹਰਵੀਂ ਚੜ੍ਹੀ। ਗੁਰੂ ਜੀ ਦੀ ਖਾਲਸਾ ਫੌਜ ਤੋਂ ਇਲਾਵਾ ਪੰਜਾਬ ਵਿਚ ਪੰਜਾਬੀਆਂ ਦਾ ਹੋਰ ਕੋਈ ਜੁਝਾਰੂ ਸੰਗਠਨ ਨਹੀਂ ਸੀ। ਹੁਣ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਇਕੋ-ਇਕ ਨਿਸ਼ਾਨਾ ਬਚਦਾ ਸੀ ਜਿਸ ਨਾਲ ਟੱਕਰ ਯਕੀਨੀ ਹੈ। ਸਿੱਖ ਸਰੋਤ ਦੱਸਦੇ ਹਨ ਕਿ ਮਲੇਰਕੋਟਲੇ ਦਾ ਨਵਾਬ ਅਤੇ ਵਜ਼ੀਰ ਖਾਨ ਰਿਸ਼ਤੇਦਾਰ ਸਨ ਤਾਂ ਅਸੀਂ ਇਸ ਨਤੀਜੇ 'ਤੇ ਅੱਪੜ ਜਾਂਦੇ ਹਾਂ ਕਿ ਇਨ੍ਹਾਂ ਦਾ ਪਿਛੋਕੜ ਅਫਗਾਨ ਹੈ। ਵਜ਼ੀਰ ਖਾਨ ਨੇ ਮੁਕਤਸਰ ਤੱਕ ਗੁਰੂ ਜੀ ਦਾ ਪਿੱਛਾ ਕੀਤਾ ਪਰ ਸਫਲ ਨਹੀਂ ਹੋ ਸਕਿਆ।

ਔਰੰਗਜ਼ੇਬ ਪੰਜਾਬ ਵਿਚਲੀਆਂ ਘਟਨਾਵਾਂ ਦੇਖ ਰਿਹਾ ਸੀ। ਦੱਖਣ ਵਿਚ ਉਲਝਿਆ ਹੋਣ ਕਰ ਕੇ ਉਹ ਨਹੀਂ ਸੀ ਚਾਹੁੰਦਾ ਕਿ ਪੰਜਾਬ ਵਿਚ ਬਗਾਵਤ ਉੱਠੇ। ਉਸ ਨੇ ਆਪਣਾ ਦੂਤ ਖ਼ਤ ਦੇ ਕੇ ਭੇਜਿਆ ਕਿ ਗੁਰੂ ਜੀ ਚਾਹੁਣ ਤਾਂ ਕੋਈ ਇਲਾਕਾ ਲੈ ਲੈਣ। ਗੁਰੂ ਜੀ ਨੇ 'ਜ਼ਫਰਨਾਮਾ' ਲਿਖ ਕੇ ਜਵਾਬ ਭੇਜਿਆ ਜਿਸ ਵਿਚ ਬਾਦਸ਼ਾਹ ਦੀ ਬੇਵਫਾਈ

***(ਬਾਕੀ ਅਗਲੇ ਸਫੇ 'ਤੇ)***

# ਮਨੁੱਖੀ ਅਧਿਕਾਰ ਅਤੇ ਹਾਕਮਾਂ ਦਾ ਅਮਾਨਵੀ ਵਤੀਰਾ

ਅੰਗਰੇਜ਼ਾਂ ਨੇ ਹਿੰਦੋਸਤਾਨ ਉਤੇ ਕਬਜ਼ਾ ਕਰਨ ਤੋਂ ਬਾਅਦ ਸਖਤ ਕਾਨੂੰਨ ਲਾਗੂ ਕੀਤੇ ਤਾਂ ਕਿ ਲੋਕ ਬਰਤਾਨਵੀ ਹਕੂਮਤ ਖਿਲਾਫ਼ ਕਿਸੇ ਵੀ ਤਰ੍ਹਾਂ ਦਾ ਵਿਰੋਧ ਜਾਂ ਬਗ਼ਾਵਤ ਕਰਨ ਦੀ ਜੁਰਅਤ ਨਾ ਦਿਖਾ ਸਕਣ। ਆਜ਼ਾਦੀ ਤੋਂ ਬਾਅਦ ਭਾਰਤੀ ਹੁਕਮਰਾਨਾਂ ਦਾ ਫਰਜ਼ ਸੀ ਕਿ ਅੰਗਰੇਜ਼ਾਂ ਵਾਲੇ ਸਾਰੇ ਲੋਕ ਵਿਰੋਧੀ ਕਾਲੇ ਕਾਨੂੰਨ ਖ਼ਤਮ ਕੀਤੇ ਜਾਂਦੇ ਪਰ ਭਾਰਤੀ ਹੁਕਮਰਾਨਾਂ ਨੇ ਜਨਤਾ ਖਿਲਾਫ਼ ਅਜਿਹੇ ਬਸਤੀਵਾਦੀ ਕਾਨੂੰਨ ਹੋਰ ਵੀ ਵੱਧ ਖ਼ਤਰਨਾਕ ਢੰਗ ਨਾਲ ਲਾਗੂ ਕੀਤੇ ਅਤੇ ਆਮ ਲੋਕਾਂ ਦੀਆਂ ਬੁਨਿਆਦੀ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਹਲ ਕਰਨ ਦੀ ਥਾਂ ਨਾਗਰਿਕਾਂ ਦੇ



ਸੰਵਿਧਾਨਿਕ ਤੇ ਮਨੁੱਖੀ ਅਧਿਕਾਰਾਂ ਨੂੰ ਹੀ ਕੁਚਲਿਆ ਹੈ।

ਹਕੂਮਤਾਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਅਤੇ ਸੰਵਿਧਾਨਿਕ ਹੱਕਾਂ ਦੀ ਉਲੰਘਣਾ

**ਸੁਮੀਤ ਸਿੰਘ**
**ਫੋਨ: +91-76960-30173**

ਖਿਲਾਫ਼ ਸਮੇਂ ਸਮੇਂ ਉਠੀਆਂ ਲੋਕ ਪੱਖੀ ਜਨਤਕ ਲਹਿਰਾਂ ਸਖ਼ਤੀ ਨਾਲ ਦਬਾਉਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੇ ਐਸਮਾ, ਕੌਮੀ ਸੁਰੱਖਿਆ ਐਕਟ, ਪੀ.ਐੱਸ.ਏ., ਮੀਸਾ, ਟਾਡਾ, ਪੋਟਾ, ਅਫਸਪਾ, ਮਕੋਕਾ, ਪੀ.ਐੱਮ.ਐੱਲ.ਏ., ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਆਦਿ ਅੰਗਰੇਜ਼ਾਂ ਤੋਂ ਵੀ ਵਧ ਖ਼ਤਰਨਾਕ ਕਾਨੂੰਨ ਲਾਗੂ ਕੀਤੇ ਗਏ। 2014 ਵਿਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਇਸ ਜਬਰ ਨੂੰ ਹੋਰ ਤਿੱਖਾ ਕੀਤਾ ਜਾ ਰਿਹਾ ਹੈ।

ਭਾਰਤ ਵਲੋਂ ਭਾਵੇਂ ਸੰਯੁਕਤ ਰਾਸ਼ਟਰ ਦੇ 1948 ਵਿਚ ਪੇਸ਼ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਨੂੰ ਸਵੀਕਾਰ ਕਰ ਕੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਅਮਲੀ ਪੱਧਰ 'ਤੇ ਲਾਗੂ ਕਰਨ ਦਾ ਅਹਿਦ ਕੀਤਾ ਗਿਆ ਸੀ ਅਤੇ ਇਸ ਸਬੰਧੀ ਕੌਮੀ ਤੇ ਸੂਬਾਈ ਪੱਧਰੀ ਮਨੁੱਖੀ ਅਧਿਕਾਰ ਕਮਿਸ਼ਨ ਬਣਾਏ ਪਰ ਖੁਦ ਕੇਂਦਰ ਤੇ ਰਾਜ ਸਰਕਾਰਾਂ ਦਮਨਕਾਰੀ ਨੀਤੀਆਂ ਅਤੇ ਫਾਸ਼ੀਵਾਦੀ ਕਾਨੂੰਨ ਲਾਗੂ ਕਰ ਕੇ ਮਨੁੱਖੀ ਹੱਕਾਂ ਦੀ ਲਗਾਤਾਰ ਵੱਡੇ ਪੱਧਰ 'ਤੇ ਉਲੰਘਣਾ ਕਰ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਸਿਆਸੀ ਵਿਰੋਧੀਆਂ ਉਤੇ ਝੂਠੇ ਪੁਲਿਸ ਕੇਸ ਦਰਜ ਕਰਨੇ, ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ, ਗ਼ੈਰ-ਕਾਨੂੰਨੀ ਬੁਲਡੋਜ਼ਰ ਕਾਰਵਾਈ, ਕੇਸਾਂ ਦੇ ਫੈਸਲਿਆਂ ਵਿਚ ਦੇਰੀ, ਪੁਲਿਸ ਹਿਰਾਸਤ ਵਿਚ ਮੌਤਾਂ, ਝੂਠੇ ਪੁਲਿਸ ਮੁਕਾਬਲੇ, ਕੈਦੀਆਂ ਨਾਲ ਕੁੱਟਮਾਰ, ਦਫ਼ਾ 144 ਲਾ ਕੇ ਲੋਕਾਂ ਨੂੰ ਰੋਸ ਪ੍ਰਦਰਸ਼ਨ ਕਰਨ ਤੋਂ ਰੋਕਣਾ, ਅਗਵਾ, ਬਲਾਤਕਾਰ, ਔਰਤਾਂ ਵਿਰੁੱਧ ਹਿੰਸਾ, ਫ਼ਿਰਕੂ ਨਫ਼ਰਤੀ ਭਾਸ਼ਣ, ਹਜੂਮੀ ਫ਼ਿਰਕੂ ਹਿੰਸਾ, ਘੱਟ ਗਿਣਤੀਆਂ, ਖੱਬੇ ਪੱਖੀਆਂ, ਦਲਿਤਾਂ ਅਤੇ ਆਦਿਵਾਸੀਆਂ ਉਤੇ ਯੋਜਨਾਬੱਧ ਹਿੰਸਕ ਹਮਲੇ, ਬਾਲ ਮਜ਼ਦੂਰੀ, ਬੰਧੂਆ ਮਜ਼ਦੂਰੀ, ਮਿਲਾਵਟਖੋਰੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ,



ਡਰੱਗ ਮਾਫ਼ੀਆ, ਗੈਂਗਸਟਰ, ਸਹੀ ਇਲਾਜ ਖੁਣੋਂ ਮੌਤਾਂ, ਜਮਹੂਰੀ ਹੱਕ ਮੰਗਦੇ ਲੋਕਾਂ ਉਤੇ ਲਾਠੀ/ਗੋਲੀ ਦੀ ਵਰਤੋਂ, ਝੂਠੇ ਕੇਸਾਂ ਹੇਠ ਅਣਮਿੱਥੇ ਸਮੇਂ ਲਈ ਨਜ਼ਰਬੰਦੀ, ਜੇਲ੍ਹ ਵਿਚ ਆਂਡਾ ਸੈੱਲ ਦੀ ਕੈਦ ਆਦਿ ਖੇਤਰਾਂ ਵਿਚ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ 'ਤੇ ਲਗਾਤਾਰ ਉਲੰਘਣਾ ਕੀਤੀ ਜਾ ਰਹੀ ਹੈ। ਅਜਿਹਾ ਗ਼ੈਰ-ਮਨੁੱਖੀ ਵਾਂਚਾ ਭਾਰਤੀ ਹਕੂਮਤ ਦੀ ਦਹਿਸ਼ਤਗਰਦੀ ਦਾ ਹੀ ਘਿਨਾਉਣਾ ਰੂਪ ਹੈ।

ਪਿਛਲੇ ਕਈ ਦਹਾਕਿਆਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਛੱਤੀਸਗੜ੍ਹ, ਉੜੀਸਾ, ਝਾਰਖੰਡ, ਬਿਹਾਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਮਹਾਰਾਸ਼ਟਰ ਵਿਚਲੇ ਆਦਿਵਾਸੀ ਇਲਾਕਿਆਂ ਦੇ ਕੁਦਰਤੀ ਸੋਮਿਆਂ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਲੁਟਾ ਕੇ ਪਿਛੜੇ ਆਦਿਵਾਸੀਆਂ ਨੂੰ ਭੁੱਖਿਆਂ ਮਾਰਨ ਅਤੇ ਉਜਾੜਨ 'ਤੇ ਤੁਲੀਆਂ ਹਨ। ਮਾਓਵਾਦ ਖ਼ਤਮ ਕਰਨ ਦੀ ਆੜ ਹੇਠ ਕੇਂਦਰੀ ਸੁਰੱਖਿਆ ਬਲਾਂ, ਪੁਲਿਸ ਅਤੇ ਗ਼ੈਰ-ਕਾਨੂੰਨੀ ਹਥਿਆਰਬੰਦ ਜਥੇਬੰਦੀ ਸਲਵਾ ਜੁਡਮ ਵਲੋਂ ਪਿਛਲੇ ਸਾਲਾਂ ਦੌਰਾਨ ਸੈਂਕੜੇ ਨਿਰਦੋਸ਼ ਆਦਿਵਾਸੀਆਂ ਨੂੰ ਅਪਰੇਸ਼ਨ ਗ੍ਰੀਨ ਹੰਟ ਤਹਿਤ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ, ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਡੱਕਿਆ ਗਿਆ ਹੈ, ਆਦਿਵਾਸੀ ਔਰਤਾਂ ਨਾਲ ਜਬਰ ਜ਼ਨਾਹ ਕੀਤੇ, ਹੱਤਿਆਵਾਂ ਕੀਤੀਆਂ ਅਤੇ 650 ਤੋਂ ਵੱਧ ਪਿੰਡਾਂ ਦੀ ਸਾੜ-ਫੂਕ ਵੀ ਕੀਤੀ ਗਈ। ਜੇਕਰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮਾਜਿਕ ਜਥੇਬੰਦੀਆਂ, ਬੁੱਧੀਜੀਵੀ, ਵਕੀਲ, ਪੱਤਰਕਾਰ ਅਤੇ ਸਮਾਜਿਕ ਕਾਰਕੁਨ ਅਜਿਹੀਆਂ ਲੋਕ ਮਾਰੂ ਨੀਤੀਆਂ ਅਤੇ ਕਾਲੇ ਕਾਨੂੰਨਾਂ ਦਾ ਜਮਹੂਰੀ ਢੰਗ ਨਾਲ ਵੀ ਵਿਰੋਧ ਕਰਦੇ ਹੋਏ ਪੀੜਤਾਂ ਦੇ ਹੱਕ ਵਿਚ ਆਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਨੂੰ ਮਾਓਵਾਦੀ, ਦੇਸ਼ ਧ੍ਰੋਹੀ ਅਤੇ ਅਰਬਨ ਨਕਸਲ ਕਹਿ ਕੇ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਕੀ ਇਸ ਨੂੰ ਲੋਕਤੰਤਰ ਕਿਹਾ ਜਾ ਸਕਦਾ ਹੈ? ਇਹ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸੁਫ਼ਨਿਆਂ ਦਾ ਭਾਰਤ ਨਹੀਂ ਅਤੇ ਨਾ ਹੀ ਇਸ ਨੂੰ ਮੌਜੂਦਾ ਸਰਕਾਰ ਵਲੋਂ ਮਨਾਏ ਜਾ ਰਹੇ ਆਜ਼ਾਦੀ ਦੇ 75ਵੇਂ ਅੰਮ੍ਰਿਤ ਕਾਲ ਦਾ ਮਹਾਂ ਉਤਸਵ ਕਿਹਾ ਜਾ ਸਕਦਾ ਹੈ।

ਇਹ ਹਕੂਮਤੀ ਦਹਿਸ਼ਤਵਾਦ ਹੈ ਕਿ ਭੀਮਾ ਕੋਰੇਗਾਓਂ ਕਥਿਤ ਹਿੰਸਾ ਵਿਚ ਵੀਹ ਤੋਂ ਵੱਧ ਨਾਮਵਰ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਪਿਛਲੇ ਸਾਢੇ ਪੰਜ ਸਾਲ ਤੋਂ ਕੇਸ ਦੀ ਸੁਣਵਾਈ ਬਿਨਾਂ ਯੂਏਪੀਏ ਦੇ ਦੋਸ਼ਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ। ਗੰਭੀਰ ਬਿਮਾਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜ਼ਮਾਨਤ ਤੋਂ ਵਾਰ ਵਾਰ ਇਨਕਾਰ ਕੀਤਾ ਜਾ ਰਿਹਾ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐੱਨ. ਸਾਈ ਬਾਬਾ ਜੋ ਸਰੀਰਕ ਪੱਖੋਂ ਨੱਬੇ ਫੀਸਦੀ ਅਪਾਹਜ ਅਤੇ ਵ੍ਹੀਲ ਚੇਅਰ ਉਤੇ ਹਨ, ਨੂੰ ਇਕ ਝੂਠੇ ਕੇਸ ਵਿਚ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਆਂਡਾ ਸੈੱਲ ਵਿਚ ਕੈਦ ਰੱਖਿਆ ਗਿਆ ਹੈ। ਕਈ ਗੰਭੀਰ ਸਰੀਰਕ ਬਿਮਾਰੀਆਂ ਤੋਂ ਪੀੜਤ ਹੋਣ ਕਰ ਕੇ ਸਰਕਾਰੀ ਡਾਕਟਰਾਂ ਨੇ ਉਨ੍ਹਾਂ ਨੂੰ ਪੂਰਨ ਬਿਸਤਰ ਆਰਾਮ, ਸਰਜਰੀ ਅਤੇ ਫਿਜ਼ਿਓਥਰੈਪੀ ਦੀ ਸਲਾਹ ਦਿਤੀ ਹੈ ਪਰ ਨਾ ਤਾਂ ਜੇਲ੍ਹ ਪ੍ਰਸ਼ਾਸਨ ਵਲੋਂ ਉਨ੍ਹਾਂ ਦਾ ਮਾਹਿਰ ਡਾਕਟਰਾਂ ਤੋਂ ਸਹੀ ਇਲਾਜ ਕਰਵਾਇਆ ਜਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਰਾਈਟਸ ਆਫ ਪਰਸਨਜ਼ ਵਿਦ ਡਿਸਅਬਿਲਟੀ ਐਕਟ-2016 ਤਹਿਤ ਮਿਲੇ ਵਿਸ਼ੇਸ਼ ਮੌਲਿਕ ਅਧਿਕਾਰਾਂ ਤਹਿਤ ਰਿਹਾਅ ਕੀਤਾ ਜਾ ਰਿਹਾ ਹੈ। ਗੰਭੀਰ ਬਿਮਾਰੀ ਅਤੇ ਸਹੀ ਇਲਾਜ ਨਾ ਹੋਣ ਕਾਰਨ 82 ਸਾਲਾ ਪਾਦਰੀ ਸਟੇਨ ਸਵਾਮੀ ਅਤੇ ਸਮਾਜਿਕ ਕਾਰਕੁਨ ਪਾਂਡੂ ਨਰੋਟਾ ਦੀ ਮੌਤ ਨਿਆਂਇਕ ਹਿਰਾਸਤ ਦੌਰਾਨ ਹੋ ਗਈ।

ਕੇਂਦਰੀ ਹਕੂਮਤ ਦਾ ਅਜਿਹਾ ਵਤੀਰਾ ਨਾਗਰਿਕਾਂ ਨੂੰ ਸੰਵਿਧਾਨ ਦੀ ਧਾਰਾ 21 ਤਹਿਤ ਮਿਲੇ ਜਿਊਣ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਹੈ ਪਰ ਕਿਸੇ ਪੱਧਰ ਦੀ ਨਿਆਂਪਾਲਿਕਾ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਅਜਿਹੇ ਸੰਗੀਨ ਅਪਰਾਧ ਲਈ ਦੋਸ਼ੀ ਪੁਲਿਸ ਅਤੇ ਜਾਂਚ ਅਧਿਕਾਰੀਆਂ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਹਰ ਨਾਗਰਿਕ ਨੂੰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਹੱਕ ਦਿੱਤਾ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਪਿਛਲੇ ਸਾਢੇ ਨੌਂ ਸਾਲਾਂ ਤੋਂ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਜਮਹੂਰੀ ਢੰਗ ਨਾਲ ਆਵਾਜ਼ ਉਠਾਉਣ, ਵਿਗਿਆਨਕ ਸੋਚ ਦਾ ਪ੍ਰਗਟਾਵਾ ਕਰਨ ਜਾਂ ਕਿਸੇ ਕੌਮੀ ਮੁੱਦੇ 'ਤੇ ਅਸਹਿਮਤੀ ਦੇ ਵਿਚਾਰ ਪ੍ਰਗਟਾਉਣ ਵਾਲਿਆਂ ਉਤੇ ਯੂ.ਏ.ਪੀ.ਏ. ਲਾ ਕੇ ਉਨ੍ਹਾਂ ਦੀ ਜ਼ਬਾਨਬੰਦੀ ਕੀਤੀ ਜਾ ਰਹੀ ਹੈ। ਇਹ ਅਜਿਹਾ ਖ਼ਤਰਨਾਕ ਕਾਨੂੰਨ ਹੈ ਜਿਸ ਤਹਿਤ ਕੌਮੀ ਜਾਂਚ ਏਜੰਸੀ ਵਲੋਂ ਕਿਸੇ ਵੀ ਸ਼ਖ਼ਸ ਨੂੰ ਸ਼ੱਕ ਦੇ ਆਧਾਰ 'ਤੇ ਅਤਿਵਾਦੀ ਐਲਾਨ ਕੇ ਬਿਨਾਂ ਮੁਕੱਦਮਾ ਚਲਾਏ ਅਣਮਿੱਥੇ ਸਮੇਂ ਲਈ ਕੈਦ ਕੀਤਾ ਜਾ ਸਕਦਾ ਹੈ, ਇਸ ਵਿਚ ਜ਼ਮਾਨਤ ਮਿਲਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਯੂਏਪੀਏ ਤਹਿਤ 2015 ਤੋਂ 2020 ਤਕ 8371 ਲੋਕਾਂ ਉੱਤੇ ਕੇਸ ਦਰਜ ਕੀਤੇ ਗਏ ਅਤੇ ਅਦਾਲਤੀ ਕਾਰਵਾਈ ਵਿਚ 8136 ਲੋਕਾਂ ਨੂੰ ਬੇਗੁਨਾਹ ਹੋਣ ਕਰ ਕੇ ਬਰੀ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਅਜਿਹਾ ਕਾਨੂੰਨ ਹੈ ਜਿਸ ਤਹਿਤ ਅਰਧ ਸੁਰੱਖਿਆ ਬਲਾਂ ਅਤੇ ਫੌਜ ਨੂੰ ਕਿਸੇ ਵੀ ਨਾਗਰਿਕ ਨੂੰ ਸ਼ੱਕ ਦੇ ਆਧਾਰ 'ਤੇ ਬਿਨਾਂ ਵਾਰੰਟ ਗ੍ਰਿਫ਼ਤਾਰ ਕਰਨ, ਅਣਮਿੱਥੇ ਸਮੇਂ ਲਈ ਨਜ਼ਰਬੰਦ ਰੱਖਣ, ਉਸ ਦਾ ਘਰ ਢਾਹੁਣ, ਜਾਇਦਾਦ ਕੁਰਕ ਕਰਨ ਅਤੇ ਗੋਲੀ ਮਾਰ ਕੇ ਜਾਨੋਂ ਮਾਰਨ ਦੇ ਅੰਨ੍ਹੇ ਅਧਿਕਾਰ ਦਿੱਤੇ ਗਏ ਹਨ। ਉਨ੍ਹਾਂ ਖਿਲਾਫ਼ ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਿਨਾਂ ਪੁਲਿਸ ਜਾਂ ਫੌਜ ਵਲੋਂ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਜਾ ਸਕਦਾ। ਜ਼ਿਆਦਾਤਰ ਕੇਸਾਂ ਵਿਚ ਕੇਂਦਰੀ ਗ੍ਰਹਿ ਮੰਤਰਾਲਾ ਮਨਜ਼ੂਰੀ ਦਿੰਦਾ ਹੀ ਨਹੀਂ। ਉਤਰ-ਪੂਰਬੀ ਰਾਜਾਂ ਅਤੇ ਜੰਮੂ ਕਸ਼ਮੀਰ ਵਿਚ ਪਿਛਲੇ 50 ਸਾਲ ਤੋਂ ਲਾਗੂ ਅਫਸਪਾ ਦੀ ਆੜ ਹੇਠ ਸੁਰੱਖਿਆ ਬਲਾਂ ਨੇ ਜਮਹੂਰੀ ਹੱਕ ਮੰਗਦੇ ਹਜ਼ਾਰਾਂ ਨਿਰਦੋਸ਼ਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਹੈ।

ਮਨੀਪੁਰ ਦੀ ਕਾਰਕੁਨ ਇਰੋਮ ਸ਼ਰਮੀਲਾ ਨੇ ਅਫਸਪਾ ਖ਼ਤਮ ਕਰਵਾਉਣ ਲਈ ਪੂਰੇ 16 ਸਾਲ ਭੁੱਖ ਹੜਤਾਲ ਰੱਖੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨ ਅਤੇ ਯੂਰਪੀ ਯੂਨੀਅਨ ਵਲੋਂ ਸਖ਼ਤ ਵਿਰੋਧ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਇਸ ਜਮਹੂਰੀਅਤ ਵਿਰੋਧੀ ਕਾਨੂੰਨ ਨੂੰ ਅਜੇ ਤਕ ਰੱਦ ਨਹੀਂ ਕੀਤਾ ਗਿਆ। ਪੰਜਾਬ ਵਿਚ ਅਤਿਵਾਦ ਵੇਲੇ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਅਤੇ ਜੰਮੂ ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਹਜ਼ਾਰਾਂ ਅਣਪਛਾਤੀਆਂ ਕਬਰਾਂ ਦੀ ਨਿਸ਼ਾਨਦੇਹੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਗੰਭੀਰ ਮਾਮਲੇ ਸਾਹਮਣੇ ਆਏ ਹਨ ਪਰ ਹਕੂਮਤਾਂ ਅਤੇ ਜਾਂਚ ਏਜੰਸੀਆਂ ਨੇ ਜਾਂਚ ਪੜਤਾਲ ਤੋਂ ਇਨਕਾਰ ਕਰ ਕੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ।

ਪੁਲਿਸ, ਜਾਂਚ ਪ੍ਰਣਾਲੀ ਅਤੇ ਨਿਆਇਕ ਢਾਂਚੇ ਵਿਚਲੀਆਂ ਘਾਟਾਂ, ਭ੍ਰਿਸ਼ਟਾਚਾਰ ਅਤੇ ਵਕੀਲਾਂ ਦੀ ਫੀਸ ਨਾ ਦੇਣ ਕਾਰਨ ਮੁਲਜ਼ਮਾਂ ਨੂੰ ਨਿਆਂ ਮਿਲਣ ਵਿਚ ਹੁੰਦੀ ਲੰਮੀ ਦੇਰੀ ਦੇ ਨਤੀਜੇ ਵਜੋਂ ਲੱਖਾਂ ਹੀ ਬੇਗੁਨਾਹ ਕਈ ਕਈ ਸਾਲਾਂ ਤੋਂ ਜੇਲ੍ਹਾਂ ਵਿਚ ਨਾਜਾਇਜ਼ ਸੜ ਰਹੇ ਹਨ। ਇਹ ਬੇਇਨਸਾਫ਼ੀ ਦੀ ਇੰਤਹਾ ਹੀ ਹੈ ਕਿ ਪੰਜਾਬ ਵਿਚ 80ਵਿਆਂ ਦੌਰਾਨ ਕਤਲ ਹਿੰਦੂ ਫਿਰਕੇ ਦੇ ਲੋਕਾਂ, ਝੂਠੇ ਪੁਲਿਸ ਮੁਕਾਬਲਿਆਂ, 1984 ਦੇ ਸਿੱਖ ਵਿਰੋਧੀ ਕਤਲੇਆਮ, 1992 ਵਿਚ ਬਾਬਰੀ ਮਸਜਿਦ ਗਿਰਾਉਣ, 2002 ਦੇ ਮੁਸਲਿਮ ਵਿਰੋਧੀ ਕਤਲੇਆਮ, 2013 ਦੇ ਮੁਜ਼ੱਫਰਪੁਰ ਫ਼ਿਰਕੂ ਫ਼ਸਾਦ, 2020 ਦੇ ਦਿੱਲੀ ਦੰਗੇ ਆਦਿ ਯੋਜਨਾਬੱਧ ਫ਼ਿਰਕੂ ਘਟਨਾਵਾਂ ਲਈ ਜ਼ਿੰਮੇਵਾਰ ਸਿਆਸੀ ਰਸੂਖਵਾਨ ਦੋਸ਼ੀਆਂ ਅਤੇ ਪੁਲਿਸ ਅਧਿਕਾਰੀਆਂ ਨੂੰ ਹਕੂਮਤੀ ਸਰਪ੍ਰਸਤੀ ਕਾਰਨ ਸਜ਼ਾਵਾਂ ਨਹੀਂ ਦਿੱਤੀਆਂ ਜਾ ਸਕੀਆਂ। ਇਸ ਦੇ ਉਲਟ ਉਪਰੋਕਤ ਘਟਨਾਵਾਂ ਦੇ ਪੀੜਤਾਂ ਦੀ ਕਾਨੂੰਨੀ ਮਦਦ ਕਰਨ ਵਾਲੇ ਕਾਰਕੁਨਾਂ ਤੀਸਤਾ ਸੀਤਲਵਾੜ, ਹਿਮਾਂਸ਼ੂ ਕੁਮਾਰ, ਸਿਦੀਕੀ ਕੱਪਨ ਅਤੇ ਹੋਰਨਾਂ ਨੂੰ ਝੂਠੇ ਮੁੱਕਦਮਿਆਂ ਵਿਚ ਫਸਾਇਆ ਗਿਆ ਹੈ। ਦੇਸ਼ ਦੇ ਮੀਡੀਆ ਦਾ ਵੱਡਾ ਹਿੱਸਾ ਸਿੱਖਿਆ, ਸਿਹਤ, ਰੁਜ਼ਗਾਰ, ਭੁੱਖਮਰੀ, ਖੁਦਕਸ਼ੀਆਂ, ਵਿਦੇਸ਼ਾਂ ਨੂੰ ਪਰਵਾਸ, ਭ੍ਰਿਸ਼ਟਾਚਾਰ, ਅਮਨ ਕਾਨੂੰਨ, ਮਨੁੱਖੀ ਅਧਿਕਾਰ ਆਦਿ ਗੰਭੀਰ ਮੁੱਦਿਆਂ ਉਤੇ ਗੱਲ ਕਰਨ ਦੀ ਥਾਂ ਫ਼ਿਰਕੂ ਆਧਾਰ 'ਤੇ ਜਨਤਾ ਨੂੰ ਗੁਮਰਾਹ ਕਰ ਕੇ ਹਕੂਮਤ ਦੇ ਹੱਕ ਵਿਚ ਭੁਗਤ ਰਿਹਾ ਹੈ।

ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਜਿਹਾ ਲੋਕ ਪੱਖੀ ਅਤੇ ਵਿਕਸਤ ਰਾਜ ਪ੍ਰਬੰਧ ਸਥਾਪਿਤ ਕਰਨ ਦੀ ਲੋੜ ਹੈ ਜਿਸ ਵਿਚ ਹਰ ਸ਼ਖ਼ਸ ਲਈ ਬਿਨਾਂ ਕਿਸੇ ਵਿਤਕਰੇ ਦੇ ਪੂਰਨ ਆਜ਼ਾਦੀ, ਬਰਾਬਰੀ, ਸਮਾਜਿਕ ਨਿਆਂ ਅਤੇ ਵਿਕਾਸ ਦੇ ਜਮਹੂਰੀ ਹੱਕਾਂ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਇਆ ਜਾਵੇ। ਸਮੂਹ ਲੋਕ ਪੱਖੀ, ਪ੍ਰਗਤੀਸ਼ੀਲ ਅਤੇ ਜਮਹੂਰੀ ਅਧਿਕਾਰ ਸੰਸਥਾਵਾਂ ਨੂੰ ਆਮ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਸਥਾਨਕ ਅਤੇ ਕੌਮੀ ਪੱਧਰ 'ਤੇ ਜਾਗਰੂਕਤਾ ਲਹਿਰ ਉਸਾਰ ਕੇ ਉਨ੍ਹਾਂ ਨੂੰ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਜਥੇਬੰਦਕ ਸੰਘਰਸ਼ਾਂ ਦੇ ਰਾਹ ਤੋਰਨ ਵਿਚ ਯੋਗ ਅਗਵਾਈ ਕਰਨੀ ਚਾਹੀਦੀ ਹੈ।

## ਆਨੰਦਪੁਰ ਸਾਹਿਬ ਤੋਂ ਨਿੱਕਲਿਦਿਆਂ...

*(ਪਿਛਲੇ ਸਫੇ ਦੀ ਬਾਕੀ)*

ਦਾ ਜ਼ਿਕਰ ਹੈ; ਤਾਂ ਵੀ ਇਕ ਦੂਜੇ ਨੂੰ ਮਿਲਣ ਵਿਚ ਕੋਈ ਹਰਜ ਨਹੀਂ।

1705 ਵਿਚ ਲਿਖੇ ਇਸ ਖ਼ਤ ਵਿਚ ਦਰਜ ਹੈ ਕਿ ਕੁਰਾਨ ਉਪਰ ਸਹੁੰ ਲਿਖ ਕੇ ਸੈਨਾਪਤੀਆਂ ਨੇ ਵਾਅਦਾ-ਖਿਲਾਫੀ ਕੀਤੀ, 'ਮੇਰਾ ਰੱਬ ਜੋ ਦੁਸ਼ਮਣਾਂ ਦਾ ਨਾਸ ਕਰਦਾ ਹੈ, ਮੇਰੇ 'ਤੇ ਮਿਹਰਬਾਨ ਹੈ, ਉਸ ਨੇ ਮੇਰੀ ਰੱਖਿਆ ਕੀਤੀ।' ਇਸ ਖ਼ਤ ਨੇ ਔਰੰਗਜ਼ੇਬ ਨੂੰ ਯਾਦ ਕਰਾਇਆ ਕਿ ਸੰਸਾਰ ਫਾਨੀ ਹੈ, ਰੱਬ ਸਖ਼ਤ ਜੱਜ ਹੈ। ਜਿਨ੍ਹਾਂ ਨੇ ਪੰਜਾਬ ਉਪਰ ਜ਼ੁਲਮ ਢਾਹੇ, ਉਨ੍ਹਾਂ ਨੂੰ ਸਜ਼ਾ ਮਿਲੇਗੀ। ਗੁਰੂ ਜੀ ਨੂੰ ਸ਼ਾਂਤ ਕਰਨ ਲਈ ਔਰੰਗਜ਼ੇਬ ਨੇ ਪੰਜਾਬ ਦੇ ਸੂਬੇਦਾਰ ਮੁਨੀਮ ਖ਼ਾਨ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਮਿਲੇ ਤੇ ਮਨਾਵੇ ਕਿ ਸਾਡਾ ਦੱਖਣ ਵਿਚ ਮੇਲ ਹੋ ਸਕੇ। ਗੁਰੂ ਜੀ ਜੋ ਚਾਹੁਣ, ਦਿੱਤਾ ਜਾਵੇ। ਗੁਰੂ ਜੀ ਨੇ ਕੀ ਲੈਣਾ ਸੀ ਪਰ ਉਹ ਔਰੰਗਜ਼ੇਬ ਨੂੰ ਮਿਲਣ ਵਾਸਤੇ ਰਜ਼ਾਮੰਦ ਹੋ ਗਏ। ਜਦੋਂ ਔਰੰਗਜ਼ੇਬ ਨੂੰ ਮਿਲਣ ਲਈ ਦੱਖਣ ਵੱਲ ਜਾ ਰਹੇ ਸਨ, ਰਾਜਸਥਾਨ ਵਿਚ ਮਾਰਚ 1707 ਨੂੰ ਪਤਾ ਲੱਗਾ ਕਿ ਉਸ (ਔਰੰਗਜ਼ੇਬ) ਦੀ ਮੌਤ ਹੋ ਗਈ ਹੈ।

ਅਠਾਸੀ ਸਾਲਾਂ ਦਾ ਔਰੰਗਜ਼ੇਬ ਫਰਵਰੀ 1707 ਵਿਚ ਮਹਾਰਾਸ਼ਟਰ ਦੇ ਸ਼ਹਿਰ ਔਰੰਗਾਬਾਦ ਵਿਚ ਪੰਜਾਬ ਅਤੇ ਦਿੱਲੀ ਤੋਂ ਦੂਰ ਫੌਜੀ ਕੈਂਪ ਵਿਚ ਬੈਠਾ ਸੀ। ਉਸ ਦਾ ਕੱਦ ਛੋਟਾ, ਨੱਕ ਲੰਮਾ, ਗੋਲ ਦਾੜ੍ਹੀ, ਜ਼ੈਤੂਨੀ ਚਮੜੀ, ਮਖ਼ਮਲ ਦਾ ਲਿਬਾਸ ਪਹਿਨਦਾ ਤੇ ਹਰ ਵਕਤ ਰੁਝਿਆ ਦਿਖਾਈ ਦਿੰਦਾ। ਕਦੀ ਕਦਾਈਂ ਉਸ ਦੇ ਚਿਹਰੇ 'ਤੇ ਮੁਸਕਾਨ ਹੁੰਦੀ। ਉਸ ਦੇ ਰਾਜ ਕਾਲ ਦੌਰਾਨ ਮੁਗ਼ਲ ਹਕੂਮਤ ਦੂਰ ਦੁਰਾਡੀਆਂ ਹੱਦਾਂ ਤੱਕ ਪੁੱਜੀ।

ਇੰਨੇ ਵੱਡੇ ਖਲਾਰੇ ਨੇ ਆਖਰ ਟੁੱਟਣਾ ਸੀ। ਸਿੱਖ, ਜੱਟ, ਮਰਾਠੇ, ਪਖਤੂਨ ਬਗ਼ਾਵਤ ਦੇ ਮੂਡ ਵਿਚ ਸਨ। ਬਾਦਸ਼ਾਹ ਦਾ ਸੰਜਮੀ ਸੁਭਾਅ ਕੀ ਕਰੇ ਜਦੋਂ ਫੌਜਾਂ ਦੇ ਗਤੀਸ਼ੀਲ ਕੈਂਪ ਧਨ ਦਾ ਸਫਾਇਆ ਕਰੀ ਜਾ ਰਹੇ ਹੋਣ। ਔਰੰਗਜ਼ੇਬ ਦਾ ਸੁੰਨੀ ਇਸਲਾਮ ਕੀ ਕਰੇਗਾ ਜੇ ਗੈਰ-ਮੁਸਲਿਮ ਆਬਾਦੀ ਬਾਗੀ ਹੋ ਗਈ। ਮੁਸਲਮਾਨ ਵੀ ਉਸ ਦੇ ਕੱਟੜ ਸੁਭਾਅ ਕਾਰਨ ਬੇਚੈਨ ਸਨ।

ਬੁੱਢੇ ਬਾਦਸ਼ਾਹ ਉਪਰ ਉਦਾਸੀ, ਗਿਲਾਨੀ ਅਤੇ ਡਰ ਦੇ ਬੱਦਲ ਛਾਏ ਹੋਏ ਸਨ। ਛੋਟਾ ਲਾਡਲਾ ਸ਼ਹਿਜ਼ਾਦਾ ਅਕਬਰ ਮਰਾਠਿਆਂ ਨਾਲ ਰਲ ਗਿਆ ਸੀ, ਜਦੋਂ ਬਗ਼ਾਵਤ ਦਬਾਉਣ ਲਈ ਸੈਨਾ ਨੇ ਦੱਖਣ ਕੂਚ ਕੀਤਾ ਤਾਂ ਉਹ ਇਰਾਨ ਵਿਚ ਜਾ ਲੁਕਿਆ। ਦੂਜੇ ਸ਼ਹਿਜ਼ਾਦੇ ਨੂੰ ਔਰੰਗਜ਼ੇਬ ਨੇ ਕੈਦ ਵਿਚ ਸੁੱਟ ਦਿੱਤਾ ਸੀ ਜਿਥੇ ਉਹ ਮਰ ਗਿਆ। ਮੌਤ ਵੇਲੇ ਜਿਹੜੇ ਨੇੜੇ ਤੇੜੇ ਸਨ, ਮੁਅੱਜ਼ਮ ਸਭ ਤੋਂ ਵੱਡਾ ਵੀ ਪਿਤਾ ਦੇ ਹੁਕਮ ਮੁਜਬ ਕੈਦ ਭੁਗਤ ਚੁੱਕਾ ਸੀ, ਹੁਣ ਕਾਬਲ ਵਿਖੇ ਵਾਇਸਰਾਇ ਸੀ। ਆਜ਼ਮ ਕੈਂਪ ਵਿਚ ਨਾਲ ਹੀ ਸੀ। ਛੋਟਾ ਕਾਮਬਖ਼ਸ਼ ਦੱਖਣ ਵਿਚ ਬੀਜਾਪੁਰ ਰਿਆਸਤ ਵਿਚ ਸੀ।

ਕਾਮਬਖ਼ਸ਼ ਬੇਗਮ ਉਦੇਪੁਰੀ ਵਿਚੋਂ ਸੀ। ਬੇਹੱਦ ਖ਼ੂਬਸੂਰਤ ਇਹ ਬੇਗਮ ਕਾਕੇਸ਼ੀਆ ਦੀ ਸੀ, ਇਸਾਈ ਸੀ, ਨਿੱਕੀ ਉਮਰੇ ਕਿਸੇ ਨੇ ਦਾਰਾ ਸ਼ਿਕੋਹ ਕੋਲ ਵੇਚ ਦਿੱਤੀ ਸੀ। ਦਾਰਾ ਦੀ ਮੌਤ ਪਿਛੋਂ ਔਰੰਗਜ਼ੇਬ ਉਸ ਨੂੰ ਆਪਣੇ ਹਰਮ ਵਿਚ ਲੈ ਆਇਆ ਸੀ। ਇਸ ਬੰਦੇ ਨੂੰ ਇਕ ਖ਼ਤ ਵਿਚ ਲਿਖਦਾ ਹੈ: ਜਾਨ ਤੋਂ ਪਿਆਰੇ, ਹੁਣ ਮੈਂ ਇਕੱਲਤਾ ਦਾ ਸ਼ਿਕਾਰ ਹਾਂ। ਮੈਨੂੰ ਤੇਰੀ ਲਾਚਾਰੀ ਦਾ ਦੁੱਖ ਹੈ ਪਰ ਕੀ ਫਾਇਦਾ? ਵੱਡੇ ਗੁਨਾਹ ਕੀਤੇ ਹਨ, ਮੈਨੂੰ ਨਹੀਂ ਪਤਾ ਮੇਰੇ ਨਾਲ ਕੀ ਬੀਤੇਗੀ। ਮੇਰੇ ਬੇਕਾਰ ਦਿਮਾਗ਼ ਕਾਰਨ ਕਿਤੇ ਮੁਸਲਮਾਨਾਂ ਦਾ ਵਢਾਂਗਾ ਸ਼ੁਰੂ ਨਾ ਹੋ ਜਾਏ। ਰੱਬ ਤੇਰਾ ਤੇ ਤੇਰੇ ਬੱਚਿਆਂ ਦਾ ਭਲਾ ਕਰੇ। ਮੈਂ ਬਹੁਤ ਦੁਖ ਵਿਚ ਹਾਂ।

ਬਾਦਸ਼ਾਹ ਦੀ ਇਸ ਗਿਲਾਨੀ ਵਿਚ ਜ਼ਫਰਨਾਮੇ ਦਾ ਕਿੰਨਾ ਕੁ ਹੱਥ ਹੈ, ਪਤਾ ਨਹੀਂ। ਏਨਾ ਜ਼ਰੂਰ ਪਤਾ ਹੈ ਕਿ ਪੰਜਾਬ ਵੱਲ ਬਾਦਸ਼ਾਹ ਧਿਆਨ ਨਹੀਂ ਦੇ ਸਕਿਆ, ਇਥੇ ਖੇਤੀ ਅਤੇ ਵਪਾਰ ਵਿਚ ਮੰਦਾ ਆਇਆ। ਤਾਂਬੇ ਦਾ ਪੈਸਾ ਤੇ ਚਾਂਦੀ ਦਾ ਰੁਪਈਆ ਡਿਗ ਪਏ।

ਤਾਂ ਵੀ ਪੰਜਾਬ ਨੇ ਦੇਰ ਤੱਕ ਸ਼ਾਂਤੀ ਦੇਖੀ।

# ਇਸ਼ਕ ’ਚ ਨਿੱਤ ਮਰ ਕੇ ਜਿਊਣ ਵਾਲਾ ਇਮਰੋਜ਼

ਪਿਛਲੇ ਦਿਨੀਂ ਇਮਰੋਜ਼ ਦੇ ਸਦਾ ਲਈ ਤੁਰ ਜਾਣ ਦੀ ਖਬਰ ਪੜ੍ਹੀ ਤਾਂ ਮੈਨੂੰ ਮਹੀਨਾ ਕੁ ਪਹਿਲਾਂ ਪੜ੍ਹੀ ਹੋਈ ਓਮਾ ਤ੍ਰਿਲੋਕ ਦੀ ਪੁਸਤਕ ‘ਅੰਮ੍ਰਿਤਾ ਇਮਰੋਜ਼-ਇਕ ਪਿਆਰ ਕਹਾਣੀ’ ਯਾਦ ਆ ਗਈ। ਅੰਮ੍ਰਿਤਾ ਪ੍ਰੀਤਮ ਦੇ ਜੀਵਨ ਦੇ ਆਖ਼ਰੀ ਪੜਾਅ ਵਿਚ ਬਹੁਤ ਨਿਕਟਵਰਤੀ ਬਣੀ ਓਮਾ ਨੇ ਆਪਸੀ ਸਾਂਝ, ਦੋਹਾਂ ਨਾਲ ਹੋਈਆਂ ਮਿਲਣੀਆਂ ਅਤੇ ਆਪਸੀ ਗੁਫ਼ਤਗੂ ਦੇ ਆਧਾਰ ’ਤੇ ਇਸ ਪਿਆਰ ਕਹਾਣੀ ਦੀਆਂ ਕਈ ਪਰਤਾਂ ਫਰੋਲੀਆਂ ਹਨ ਜਿਸਦਾ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


ਅਨੁਵਾਦ ਜਸਬੀਰ ਭੁੱਲਰ ਨੇ ਕੀਤਾ ਹੈ। ਅੱਜ ਤੋਂ 45 ਵਰ੍ਹੇ ਪਹਿਲਾਂ ਅੰਮ੍ਰਿਤਾ ਪ੍ਰੀਤਮ ਵਲੋਂ ਵਿਆਹ ਦੀ ਪ੍ਰੰਪਰਾ ਨੂੰ ਉਲੰਘ ਕੇ ਆਖਰੀ ਸਾਹ ਤੀਕ ਇਮਰੋਜ਼ ਦਾ ਸਾਥ ਨਿਭਾਉਣ ਦਾ ਪ੍ਰਣ ਕਰਨਾ ਅਤੇ ਪਿਆਰ ਨੂੰ ਨਵੇਂ ਅਰਥ ਦੇਣੇ, ਇਸ ਨਾਵਲ ਦਾ ਮੂਲ ਆਧਾਰ ਜਾਪਦਾ ਹੈ।

ਪਰ ਕੀ ਇਹ ਸੱਚ ਹੈ ਜਾਂ ਇਹ ਸਿਰਫ਼ ਇਮਰੋਜ਼ ਦੀ ਅੰਮ੍ਰਿਤਾ ਪ੍ਰਤੀ ਪਿਆਰ ਦੀ ਇੰਤਹਾ ਹੀ ਸੀ ਕਿ ਉਸਨੇ ਖ਼ੁਦ ਨੂੰ ਮਨਫ਼ੀ ਕਰ ਕੇ, ਆਪਣੇ ਆਪ ਨੂੰ ਤਾਅ ਉਮਰ ਅੰਮ੍ਰਿਤਾ ਪ੍ਰਤੀ ਅਰਪਿਤ ਕਰ ਦਿਤਾ? ਜਦ ਮੈਂ ਇਹ ਨਾਵਲ ਪੜ੍ਹਿਆ ਤਾਂ ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਹੋਏ ਜਿਹੜੇ ਇਸ ਪਿਆਰ-ਕਥਾ ਵਿਚਲੀਆਂ ਕੁਝ ਕੁ ਘਟਨਾਵਾਂ ਦੀਆਂ ਪਰਤਾਂ ਵਿਚੋਂ ਸਾਹਮਣੇ ਆਉਂਦੇ ਨੇ। ਇਨ੍ਹਾਂ ਨੂੰ ਫਰੋਲਿਆਂ ਬਹੁਤ ਕੁਝ ਅਣਦਿਸਦਾ ਵੀ ਉਜਾਗਰ ਹੁੰਦਾ ਹੈ।

ਸਾਹਿਰ ਲੁਧਿਆਣਵੀ ਦੇ ਬੰਬਈ ਜਾਣ ਤੋਂ ਬਾਅਦ ਇਮਰੋਜ਼ ਵੀ ਬੰਬਈ ਨੂੰ ਜਾਣ ਬਾਰੇ ਕਹਿੰਦਾ ਤਾਂ ਅੰਮ੍ਰਿਤਾ ਨੂੰ ਇਉਂ ਲੱਗਦਾ ਜਿਵੇਂ ਉਸਨੂੰ ਜੋ ਕੁਝ ਹੁਣ ਮਿਲਿਆ ਏ, ਉਹ ਵੀ ਸਾਹਿਰ ਵਾਂਗ ਸਦਾ ਲਈ ਗਵਾਚ ਜਾਵੇਗਾ। ਉਹ ਇਮਰੋਜ਼ ਨੂੰ ਪਿਆਰ ਦਾ ਵਾਸਤਾ ਪਾ ਕੇ ਭਾਵਨਾਤਮਕ ਤੌਰ ‘ਤੇ ਇੰਨਾ ਉਤੇਜਿਤ ਕਰਦੀ ਹੈ ਕਿ ਇਮਰੋਜ਼ ਤੀਸਰੇ ਦਿਨ ਹੀ ਬੰਬਈ ਤੋਂ ਵਾਪਸ ਦਿੱਲੀ ਆ ਕੇ ਸਦਾ ਲਈ ਅੰਮ੍ਰਿਤਾ ਦਾ ਹੋ ਜਾਂਦਾ ਜਿਹੜਾ ਸਾਥ ਲਗਭਗ ਅੱਧੀ ਸਦੀ ਤੀਕ ਚੱਲਿਆ। ਉਹ ਆਪਣਾ ਸਮੁੱਚਾ ਕੈਰੀਅਰ ਵੀ ਦਾਅ ‘ਤੇ ਲਾਉਂਦਾ ਹੈ। ਕਮਾਲ ਇਸ ਗੱਲ ਦਾ ਕਿ ਉਹ ਅੰਮ੍ਰਿਤਾ ਪ੍ਰੀਤਮ ਦੀ ਸ਼ੁਹਰਤ ਵਿਚ ਆਪਣੇ ਆਪ ਨੂੰ ਬਿਲਕੁਲ ਹੀ ਜ਼ੀਰੋ ਕਰ ਲੈਂਦਾ ਹੈ ਭਾਵੇਂ ਕਿ ਜਦ ਉਹ ਮਿਲੇ ਸਨ ਤਾਂ ਇਮਰੋਜ਼ ਦਾ ਬਤੌਰ ਕਲਾਕਾਰ ਫਿਲਮ ਇੰਡਸਟਰੀ ਵਿਚ ਵੱਡਾ ਨਾਮ ਸੀ। ਸਵਾਲ ਇਹ ਹੈ ਕਿ ਕਿਉਂ ਨਾ ਅੰਮ੍ਰਿਤਾ ਨੇ ਇਮਰੋਜ਼ ਨੂੰ ਆਪਣੀ ਛਾਂ ਵਿਚੋਂ ਬਾਹਰ ਨਿਕਲ ਕੇ ਆਪਣੀ ਵਿਲੱਖਣ ਪ੍ਰਤਿਭਾ ਨੂੰ ਸੰਸਾਰ ਸਾਹਮਣੇ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ? ਕੀ ਅੰਮ੍ਰਿਤਾ ਨੂੰ ਇਮਰੋਜ਼ ਦੀ ਪ੍ਰਤਿਭਾ ਤੋਂ ਈਰਖ਼ਾ ਸੀ? ਕੀ ਉਸਦੀ ਪ੍ਰਤਿਭਾ ਦੱਬੀ ਰਹਿ ਕੇ ਹੌਕੇ ਨਾ ਭਰਦੀ ਹੋਵੇਗੀ ਜਿਸਨੇ ਸੰਸਾਰ ਵਿਚ ਕਈ ਹੋਰ ਪ੍ਰਤਿਭਾਵਾਂ ਨੂੰ ਪ੍ਰਭਾਵਤ ਵੀ ਕਰਨਾ ਸੀ ਅਤੇ ਇਸਦੇ ਕਲਾਮਈ ਰੰਗ ਵਿਚ ਸਮੁੱਚੇ ਕਲਾ-ਜਗਤ ਨੇ ਨਵੀਆਂ ਪੇਸ਼ਬੰਦੀਆਂ ਕਰਨੀਆਂ ਸਨ? ਕਿੰਨਾ ਔਖਾ ਹੁੰਦਾ ਕਿਸੇ ਇਨਸਾਨ ਲਈ ਆਪਣੇ ਆਪ ਨੂੰ ਆਪੇ ਤੋਂ ਹੀ ਬੇਮੁੱਖ ਕਰ ਲੈਣਾ ਅਤੇ ਕਿਸੇ ਦੀ ਅਰਪਿਤਾ ਵਿਚ ਬੇਆਸਿਆਂ ਵਾਂਗ ਜਿਊਣਾ। ਕਲਾ ਨੂੰ ਜਿਊਣ, ਸਿਰਜਣ ਅਤੇ ਜੱਗ-ਜ਼ਾਹਰ ਹੋਣ ਲਈ ਇਕ ਮਾਹੌਲ ਦੀ ਲੋੜ ਹੁੰਦੀ, ਪਰ ਅਜੇਹਾ ਮਾਹੌਲ ਅੰਮ੍ਰਿਤਾ ਨੇ ਇਮਰੋਜ਼ ਨੂੰ ਕਿਉਂ ਨਾ ਦਿਤਾ?

ਇਕ ਬਿਰਤਾਂਤ ਹੈ, “ਇਮਰੋਜ਼ ਸਕੂਟਰ ਚਲਾ ਰਿਹਾ ਅਤੇ ਉਸਦੇ ਪਿੱਛੇ ਬੈਠੀ ਅੰਮ੍ਰਿਤਾ, ਇਮਰੋਜ਼ ਦੀ ਪਿੱਠ ’ਤੇ ਉਂਗਲ ਨਾਲ ਸਾਹਿਰ ਦਾ ਨਾਮ ਲਿਖ ਰਹੀ ਹੈ”। ਇਸਦੇ ਮਾਇਨੇ ਬਹੁਤ ਵਸੀਹ ਨੇ। ਕੀ ਅੰਮ੍ਰਿਤਾ, ਇਮਰੋਜ਼ ਨਾਲ ਬਾਹਰੀ ਸੰਸਾਰ ਵਿਚ ਵਿਚਰਦਿਆਂ ਹੋਇਆਂ, ਅੰਦਰੋਂ ਸਿਰਫ਼ ਤੇ ਸਿਰਫ਼ ਸਾਹਿਰ ਨਾਲ ਹੀ ਜੁੜੀ ਰਹੀ? ਕੀ ਇਹ ਇਮਰੋਜ਼ ਦੇ ਸੁੱਚੇ ਪਿਆਰ ਦੀ ਤੌਹੀਨ ਤਾਂ ਨਹੀਂ? ਕਿੰਝ ਅੰਦਰੋਂ ਤਿੜਕਿਆ ਹੋਵੇਗਾ ਇਮਰੋਜ਼ ਜਦ ਉਸਨੂੰ ਆਪਣੀ ਪਿੱਠ ’ਤੇ ਸਾਹਿਰ ਦੇ ਅੱਖਰਾਂ ਦਾ ਅਹਿਸਾਸ ਹੋਇਆ ਹੋਵੇਗਾ? ਕਿੰਝ ਉਹ ਜਿਉਂਦੇ ਜੀਅ ਮਰਿਆ ਹੋਵੇਗਾ ਪਰ ਜਿਊਣ ਦਾ ਭਰਮ ਪਾਲਿਆ ਹੋਵੇਗਾ? ਕੀ ਗੁਜ਼ਰੀ ਹੋਵੇਗੀ ਉਸਦੇ ਮਨ ’ਤੇ ਕਿ ਅੰਮ੍ਰਿਤਾ ਦੇ ਪਿਆਰ ਦੀ ਪਾਕੀਜ਼ਗੀ ਕਿਥੇ ਗਈ? ਕਿਥੇ ਹੈ ਅੰਮ੍ਰਿਤਾ ਦੀ ਇਮਰੋਜ਼ ਪ੍ਰਤੀ ਪਿਆਰ ਦੀ ਭਾਵਨਾ? ਇਸ ਮਾਨਸਿਕ ਹਲਚਲ ਤੋਂ ਬਾਅਦ ਕਿਵੇਂ ਸ਼ਾਂਤ ਹੋਇਆ ਹੋਵੇਗਾ ਇਮਰੋਜ਼? ਕੀ ਅੰਮ੍ਰਿਤਾ ਸੱਚੀਂ ਹੀ ਇਮਰੋਜ਼ ਪ੍ਰਤੀ ਦਿਆਨਤਦਾਰ ਸੀ?

ਇਮਰੋਜ਼ ਦੀ ਅੰਮ੍ਰਿਤਾ ਪ੍ਰਤੀ ਸਮਰਪਣ ਤੇ ਪਿਆਰ ਦਾ ਕੇਹਾ ਕਮਾਲ ਸੀ ਕਿ ਜਦ ਵੀ ਅੰਮ੍ਰਿਤਾ ਨੂੰ ਕਿਸੇ ਸਨਮਾਨ ਸਮਾਰੋਹ ਜਾਂ ਖਾਣੇ ‘ਤੇ ਬੁਲਾਇਆ ਜਾਂਦਾ ਤਾਂ ਇਮਰੋਜ਼ ਬਾਹਰ ਕਾਰ ਵਿਚ ਬੈਠਾ ਅੰਮ੍ਰਿਤਾ ਦੀ ਉਡੀਕ ਕਰਦਾ, ਘਰੋਂ ਡੱਬੇ ਵਿਚ ਲਿਆਂਦੀ ਰੋਟੀ ਖਾਂਦਾ ਅਤੇ ਸਮਾਗਮ ਜਾਂ ਖਾਣੇ ਤੋਂ ਬਾਅਦ ਅੰਮ੍ਰਿਤਾ ਨਾਲ ਘਰ ਪਰਤ ਆਉਂਦਾ। ਕੀ ਅੰਮ੍ਰਿਤਾ ਨੇ ਇੰਨੀ ਵੀ ਜੁਅਰਤ ਨਾ ਕੀਤੀ ਕਿ ਜਿਸਨੂੰ ਉਸਨੇ ਆਪਣਾ ਸਭ ਕੁਝ ਮੰਨਿਆ ਹੋਵੇ ਅਤੇ ਉਸ ਸੰਗ ਪ੍ਰੇਮ ਦੇ ਹਰ ਰੰਗ ਨੂੰ ਮਾਣਿਆ ਹੋਵੇ, ਉਹ ਕਿਸੇ ਸਮਾਗਮ ਜਾਂ ਖਾਣੇ ‘ਤੇ ਉਸ ਦੇ ਨਾਲ ਕਿਉਂ ਨਹੀਂ ਸੀ ਜਾ ਸਕਦਾ? ਜਾਂ ਅੰਮ੍ਰਿਤਾ ਮਾਣ-ਸਨਮਾਨ ਜਾਂ ਮਿਲ ਰਹੇ ਉਚੇਚ ਨੂੰ ਸਿਰਫ਼ ਆਪਣੇ ਤੀਕ ਹੀ ਸੀਮਤ ਰੱਖਣਾ



ਚਾਹੁੰਦੀ ਸੀ? ਕੀ ਇਮਰੋਜ਼ ਉਸ ਲਈ ਸਿਰਫ਼ ਉਸ ਦੀਆਂ ਭਾਵਨਾਤਮਕ, ਸਰੀਰਕ ਅਤੇ ਘਰੋਗੀ ਲੋੜਾਂ ਦੀ ਪੂਰਤੀ ਦਾ ਹੀ ਸਬੱਬ ਸੀ? ਕੀ ਇਹ ਪੜ੍ਹ ਕੇ ਸਮਾਜ ਨਾਲ ਮੱਥਾ ਲਾਉਣ ਵਾਲੀ ਅੰਮ੍ਰਿਤਾ ਦਾ ਇਮੇਜ਼ ਪਾਠਕ ਸਾਹਵੇਂ ਤਿੜਕ ਤਾਂ ਨਹੀਂ ਜਾਂਦਾ? ਕੀ ਉਸਦੇ ਕਈ ਰੂਪ ਸਨ ਜਿਨ੍ਹਾਂ ਨੂੰ ਉਹ ਆਪਣੀ ਲੋੜ ਜਾਂ ਸੁਵਿਧਾ ਅਨੁਸਾਰ ਧਾਰਨ ਕਰ ਲੈਂਦੀ ਸੀ?

ਇਕ ਹੋਰ ਬਿਰਤਾਂਤ ਹੈ, “ਕਿਸੇ ਸਨਮਾਨ ਸਮਾਰੋਹ ਵਿਚ ਅੰਮ੍ਰਿਤਾ ਦੇ ਸਾਹਮਣੇ ਹੀ ਕੋਈ ਵਿਅਕਤੀ-ਵਿਸ਼ੇਸ਼, ਇਮਰੋਜ਼ ਨੂੰ ‘ਅੰਮ੍ਰਿਤਾਜ਼ ਕੈਪਟ ਮੈਨ’ ਕਹਿ ਕੇ ਸੰਬੋਧਨ ਕਰਦਾ ਹੈ।” ਜ਼ਰਾ ਸੋਚਣਾ! ਕੀ ਬੀਤੀ ਹੋਵੇਗੀ ਇਮਰੋਜ਼ ਦੇ ਮਨ ’ਤੇ ਜਿਹੜਾ ਪਹਿਲੀ ਮਿਲਣੀ ਸਮੇਂ ਹੀ ਆਰਥਿਕ ਅਤੇ ਮਸ਼ਹੂਰੀ ਪੱਖੋਂ ਅੰਮ੍ਰਿਤਾ ਨਾਲੋਂ ਵੱਡਾ ਸੀ ਅਤੇ ਉਹ ਅੰਮ੍ਰਿਤਾ ਦੇ ਗੁਲਾਮ ਦੀ ਤਸ਼ਬੀਹ ਨਾਲ ਨਿਵਾਜਿਆ ਗਿਆ ਹੋਵੇ? ਕੀ ਅੰਮ੍ਰਿਤਾ ਨੇ ਇਸ ਗੱਲ ਨੂੰ ਸਹਿਜ ਨਾਲ ਹੀ ਲਿਆ? ਉਸਦੀ ਪ੍ਰਤੀਕਿਰਿਆ ਕਿਥੇ ਗਈ? ਕਿੰਨਾ ਟੁੱਟਿਆ ਹੋਵੇਗਾ ਉਸ ਵੇਲੇ ਇਮਰੋਜ਼ ਭਾਵੇਂ ਕਿ ਉਸਨੇ ਲੋਕਾਂ ਦੇ ਇਕੱਠ ਵਿਚ ਪਤਾ ਨਾ ਵੀ ਲੱਗਣ ਦਿਤਾ ਹੋਵੇ? ਪਰ ਮਨ ਵਿਚ ਉਠੀ ਚੀਸ ਤਾਂ ਬੇਕਾਬੂ ਜ਼ਰੂਰ ਹੋਈ ਹੋਵੇਗੀ? ਪਾਠਕ ਨੂੰ ਬਹੁਤ ਪੀੜਤ ਕਰਦਾ ਹੈ ਇਮਰੋਜ਼ ਦਾ ਵਾਰ ਵਾਰ ਮਰਨਾ ਅਤੇ ਜਿਊਣਾ। ਪਰ ਪਿਆਰ-ਪਾਕੀਜ਼ਗੀ ਲਈ ਸਭ ਕੁਝ ਨਿਸ਼ਾਵਰ ਕਰਨ ਦੀ ਇਮਰੋਜ਼ ਦੀ ਆਰਜ਼ਾ ਨੂੰ ਸਲਾਮ।

ਅੰਮ੍ਰਿਤਾ ਪ੍ਰੀਤਮ ਦੇ ਬੇਟੇ ਦੀ ਬਰਾਤ ਜਾਣ ਵੇਲੇ ਇਮਰੋਜ਼ ਨੂੰ ਕਿਹਾ ਗਿਆ ਕਿ ਉਹ ਬਰਾਤ ਨਾਲ ਨਹੀਂ ਜਾ ਸਕਦਾ। ਕਿਉਂ? ਕਿੰਨੀ ਨਮੋਸ਼ੀ ਹੋਈ ਹੋਵੇਗੀ ਇਮਰੋਜ਼ ਨੂੰ ਉਸ ਵਕਤ? ਕੀ ਇਹੀ ਸਿਲਾਅ ਸੀ ਉਮਰਾਂ ਜੇਡ ਯਾਰੀ ਦਾ? ਅੰਮ੍ਰਿਤਾ ਦੇ ਬੱਚਿਆਂ ਨੂੰ ਸਕੂਟਰ ‘ਤੇ ਬੈਠਾ ਕੇ ਸਕੂਲ ਛੱਡਣਾ, ਤਾਮੀਰਦਾਰੀ ਕਰਨ ਅਤੇ ਪ੍ਰਵਰਿਸ਼ ਕਰਨ ਦਾ ਕੀ ਮਿਲਿਆ ਇਮਰੋਜ਼ ਨੂੰ? ਉਸ ਪਲ ਅੰਮ੍ਰਿਤਾ ਦਾ ਰੋਲ ਕੀ ਸੀ? ਕੀ ਉਹ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ? ਕੀ ਉਹ ਆਪਣੇ ਬੇਟੇ ਸਾਹਵੇਂ ਲਾਚਾਰ ਸੀ ਜਾਂ ਸਮਾਜ ਦੀ ਨਮੋਸ਼ੀ ਤੋਂ ਡਰ ਗਈ ਸੀ? ਉਸਦੀ ਧੌਂਸ ਅਤੇ ਪਿਆਰ ਨੂੰ ਨਿਭਾਉਣ ਦੀ ਕਸਮ ਕਿਧਰ ਗਈ? ਕੀ ਇੰਨੇ ਸਾਲਾਂ ਦਾ ਸਾਥ ਸਿਰਫ਼ ਦਿਖਾਵਾ ਹੀ ਸੀ? ਕੀ ਉਸ ਲਈ ਇਮਰੋਜ਼ ਦੇ ਪਿਆਰ ਦੇ ਅਰਥ ਪੁੱਤਰ ਸਾਹਮਣੇ ਨਿਗੂਣੇ ਸਨ? ਜਦ ਇਮਰੋਜ਼ ਨੂੰ ਮਨ੍ਹਾਂ ਕੀਤਾ ਗਿਆ ਤਾਂ ਕੀ ਅੰਮ੍ਰਿਤਾ ਨੇ ਖ਼ੁਦ ਵੀ ਬਰਾਤ ਨਾਲ ਨਾ ਜਾਣ ਦਾ ਡਰਾਵਾ ਦਿਤਾ ਜਾਂ ਦਿਖਾਵਾ ਕੀਤਾ ਸੀ? ਕੁਝ ਵੀ ਜ਼ਾਹਰ ਨਹੀਂ ਹੁੰਦਾ।

ਇਮਰੋਜ਼ ਸਾਰੀ ਉਮਰ ਅੰਮ੍ਰਿਤਾ ਦੀ ਤਾਮੀਰਦਾਰੀ ਵਿਚੋਂ ਹੀ ਖ਼ੁਸ਼ੀ ਲੱਭਦਾ ਰਿਹਾ। ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਜਾਂ ਮਾਣ-ਸਤਿਕਾਰ ਤੋਂ ਬਹੁਤ ਉਪਰ ਉਠ ਚੁੱਕਾ ਸੀ। ਪਰ ਅਜੇਹੀ ਅਵਸਥਾ ਅੰਮ੍ਰਿਤਾ ਦੀ ਕਿਉਂ ਨਹੀਂ ਸੀ? ਅੰਮ੍ਰਿਤਾ ਪ੍ਰੀਤਮ ਨੇ ਸਾਹਿਤ ਜਗਤ ਵਿਚ ਬਹੁਤ ਸਾਰੇ ਮਾਣ-ਸਨਮਾਨ ਅਤੇ ਉਪਾਧੀਆਂ ਤਾਂ ਪ੍ਰਾਪਤ ਕਰ ਲਈਆਂ ਪਰ ਕਦੇ ਉਸਨੇ ਇਮਰੋਜ਼ ਦੇ ਮਨ ਵਿਚ ਝਾਕ ਕੇ ਕਿਉਂ ਨਾ ਦੇਖਿਆ ਕਿ ਉਸਦੀ ਪ੍ਰਤਿਭਾ ਨੂੰ ਵੀ ਮਾਣ ਮਿਲਣਾ ਚਾਹੀਦਾ? ਉਹ ਵੀ ਸਮਾਜ ਵਿਚ ਸਤਿਕਾਰ ਦਾ ਪਾਤਰ ਬਣੇ? ਉਸਨੂੰ ਲੋਕ ਹੱਥੀਂ ਛਾਂਵਾਂ ਕਰਨ ਅਤੇ ਉਸ ਲਈ ਸਨਮਾਨ ਸਮਾਰੋਹ ਆਯੋਜਤ ਕੀਤੇ ਜਾਣ? ਕੀ ਇਹ ਅੰਮ੍ਰਿਤਾ ਦੀ ਸਵਾਰਥੀ ਸੋਚ ਦਾ ਪ੍ਰਗਟਾਵਾ ਤਾਂ ਨਹੀਂ?

ਅੰਮ੍ਰਿਤਾ ਦੀ ਮੌਤ ਤੋਂ ਬਾਅਦ ਇਮਰੋਜ਼ ਨੂੰ ਹੌਜ਼ ਖਾਸ ਵਾਲੇ ਘਰ ਵਿਚੋਂ ਬੇਦਖ਼ਲ ਕਰ ਦਿਤਾ ਗਿਆ। ਉਹ ਘਰ ਜਿਸ ਵਿਚ ਉਸਦੀਆਂ ਬਹੁਤ ਹੀ ਪਿਆਰੀਆਂ ਅਤੇ ਸਦੀਵ ਯਾਦਾਂ ਅੰਮ੍ਰਿਤਾ ਨਾਲ ਜੁੜੀਆਂ ਹੋਈਆਂ ਸਨ, ਇਕ ਦਮ ਖੋਹ ਲਈਆਂ ਗਈਆਂ। ਕੀ ਇਸ ਗੱਲ ਦਾ ਅੰਮ੍ਰਿਤਾ ਨੂੰ ਅਹਿਸਾਸ ਨਹੀਂ ਸੀ ਕਿ ਮੇਰੀ ਮੌਤ ਤੋਂ ਬਾਅਦ ਇਮਰੋਜ਼ ਦਾ ਕੀ ਹੋਵੇਗਾ? ਕੀ ਉਹ ਘਰ ਦਾ ਕੁਝ ਹਿੱਸਾ ਇਮਰੋਜ਼ ਦੇ ਨਾਮ ਨਹੀਂ ਸੀ ਲਗਵਾ ਸਕਦੀ ਤਾਂ ਕਿ ਇਮਰੋਜ਼ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਨੂੰ ਆਪਣੀ ਮਹਿਬੂਬਾ ਦੀਆਂ ਯਾਦਾਂ ਸੰਗ ਜਿਊਂਦਾ, ਆਖਰੀ ਸਾਹ ਲੈਂਦਾ? ਕੀ ਅੰਮ੍ਰਿਤਾ ਦੇ ਮਨ ਵਿਚ ਪੁੱਤਰ ਮੋਹ ਹੀ ਮੁੱਖ ਕਾਰਨ ਸੀ ਕਿ ਉਸਨੇ ਆਪਣੇ ਘਰ ਵਿਚੋਂ ਕੁਝ ਵੀ ਇਮਰੋਜ਼ ਨੂੰ ਨਾ ਦਿਤਾ ਜਿਸਨੇ ਆਪਣੀ ਜ਼ਿੰਦਗੀ ਦਾ ਸਭ ਕੁਝ ਅੰਮ੍ਰਿਤਾ ਲਈ ਕੁਰਬਾਨ ਕਰ ਕੇ ਪਿਆਰ ਦੇ ਨਵੇਂ ਮਾਪਦੰਡ ਸਥਾਪਤ ਕੀਤੇ ਸਨ?

ਇਸ ਪਿਆਰ ਕਹਾਣੀ ਵਿਚੋਂ ਅੰਮ੍ਰਿਤਾ ਪ੍ਰੀਤਮ ਦੀਆਂ ਕੁਝ ਅਜੇਹੀਆਂ ਪਰਤਾਂ ਸਾਹਮਣੇ ਆ ਜਾਂਦੀਆਂ ਨੇ ਕਿ ਉਹ ਇਮਰੋਜ਼ ਦੀ ਪ੍ਰਤੀਬੱਧਤਾ ਨੂੰ ਪੂਰਨ ਰੂਪ ਵਿਚ ਸਮਝ ਨਾ ਸਕੀ। ਉਸਦੇ ਅੰਦਰ ਬੈਠਾ ਸਾਹਿਰ, ਹਾਊਂ ਅਤੇ ਨਿੱਜ ਅਕਸਰ ਹੀ ਉਸ ‘ਤੇ ਭਾਰੂ ਰਹੇ, ਜਿਸ ਕਰਕੇ ਅਕਸਰ ਹੀ ਇਮਰੋਜ਼ ਪਤਾ ਨਹੀਂ ਦਿਨ ਵਿਚ ਕਿੰਨੀ ਵਾਰ ਮਰਦਾ ਅਤੇ ਜਿਊਂਦਾ ਰਿਹਾ, ਪਰ ਉਹ ਸੱਚਾ ਪਿਆਰ ਨਿਭਾਉਂਦਾ ਰਿਹਾ।

ਸਦਾ ਲਈ ਤੁਰ ਗਏ ਇਮਰੋਜ਼ ਦੇ ਪਿਆਰ-ਪਾਕੀਜ਼ਗੀ ਅਤੇ ਪੂਰਨ ਸਮਰਪਿਤਾ ਨੂੰ ਸਲਾਮ।

# ਅੰਮ੍ਰਿਤਾ ਤੇ ‘ਇਮਰੋਜ਼’ ਦੀ ਇਕ ਅਭੁੱਲ ਯਾਦ

ਕਲਾਕਾਰ ਇਮਰੋਜ਼ 97 ਸਾਲ ਦੀ ਉਮਰੇ ਸਦੀਵੀ ਵਿਛੋੜਾ ਦੇ ਗਿਆ। ਉਸ ਦਾ ਅਸਲੀ ਨਾਂ ਇੰਦਰਜੀਤ ਸਿੰਘ ਸੀ। ਉਹ ਜ਼ਿਲ੍ਹਾ ਲਾਇਲਪੁਰ ਦੇ ਚੱਕ 36 ਦਾ ਜੰਮਪਲ ਸੀ ਤੇ ਗੁੱਜਰਾਂਵਾਲੇ ਦੀ ਜੰਮੀ ਅੰਮ੍ਰਿਤਾ ਤੋਂ ਸੱਤ ਸਾਲ ਛੋਟਾ ਸੀ। ਅੰਮ੍ਰਿਤਾ ਪ੍ਰੀਤਮ ਤੇ ਜਸਵੰਤ ਸਿੰਘ ਕੰਵਲ ਜਲ੍ਹਿਆਂਵਾਲੇ ਬਾਗ ਦੇ ਸਾਕੇ ਵਾਲੇ ਸਾਲ 1919 ‘ਚ ਜਨਮੇ ਸਨ। ਮੈਂ ਨਾਵਲ ‘ਪੂਰਨਮਾਸ਼ੀ’ ਪੜ੍ਹ ਕੇ 1958 ਤੋਂ ਕੰਵਲ ਦਾ ਮੁਰੀਦ ਬਣ ਗਿਆ ਸਾਂ। ਅੰਮ੍ਰਿਤਾ ਪ੍ਰੀਤਮ ਨੇ ‘ਪੂਰਨਮਾਸ਼ੀ’ ਦੇ ਮੁੱਢ ਵਿਚ ਨਾਵਲ ਦੀ ਤਾਰੀਫ਼ ਕਰਦਿਆਂ ਕੰਵਲ ਨੂੰ ਸਲਾਹਿਆ ਸੀ ਜਿਸ ਕਰਕੇ ਮੈਂ ਅੰਮ੍ਰਿਤਾ ਪ੍ਰੀਤਮ ਦੀਆਂ ਲਿਖਤਾਂ ਵੀ ਪੜ੍ਹਨ ਲੱਗ ਪਿਆ ਸਾਂ। ਉਹਦੀ ਕਵਿਤਾ ‘ਅੱਜ ਆਖਾਂ ਵਾਰਸ ਸ਼ਾਹ ਨੂੰ’ ਮੈਨੂੰ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮੂੰਹ ਜ਼ਬਾਨੀ ਯਾਦ ਸੀ। ਕੰਵਲ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਟੂਕਾਂ ਮੈਂ ਡਾਇਰੀ ਵਿਚ ਨੋਟ ਕਰਦਾ ਰਹਿੰਦਾ। 1962 ‘ਚ ਜਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਤੋਂ ਪੰਜਾਬੀ ਦੀ ਐਮ ਏ ਕਰਨ ਲੱਗਾ ਤਾਂ ਮੈਨੂੰ ਅੰਮ੍ਰਿਤਾ/ਇਮਰੋਜ਼ ਹੋਰਾਂ ਨੂੰ ਵੇਖਣ ਦੇ ਮੌਕੇ ਵੀ ਮਿਲਣ ਲੱਗੇ। ਮੈਂ 1967 ਤਕ ਦਿੱਲੀ ਰਿਹਾ ਜਿਥੇ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੂੰ ਮਿਲਣ ਗਿਲਣ ਦੇ ਸਬੱਬ ਬਣਦੇ ਰਹੇ ਅਤੇ ਮੈਂ ਵੀ ਲੇਖਕ ਬਣਨ ਦੇ ਰਾਹ ਪੈ ਗਿਆ।

ਦਿੱਲੀ ਦੀਆਂ ਯਾਦਾਂ ਤਾਂ ਬਹੁਤ ਹਨ ਪਰ ਇੱਥੇ ਇਮਰੋਜ਼ ਦੀ ਇਕੋ ਯਾਦ ਦੀ ਗੱਲ ਕਰਦਾ ਹਾਂ। ਇਹ ਗੱਲ 1966-67 ਦੀ ਹੈ। ਮੈਂ ਕਾਵਿਮਈ ਵਾਰਤਕ ਸ਼ੈਲੀ ‘ਚ ਲਿਖੀ ਕਹਾਣੀ ‘ਉਡਦੀ ਧੂੜ ਦਿਸੇ’ ਆਪਣੇ ਜਾਣੂੰ ਬਲਵੰਤ ਗਾਰਗੀ ਨੂੰ ਸੁਣਾਉਣ ਲਈ ਉਸ ਨੂੰ ਫੋਨ ਕੀਤਾ। ਉਸ ਨੇ ਕਿਹਾ, “ਇੰਡੀਅਨ ਕਾਫੀ ਹਾਊਸ ਆ ਜਾ, ਮੈਂ ਵੀ ਓਥੇ ਆ ਜਾਂਨਾ।” ਉਹਦਾ ਟਿਕਾਣਾ ਕਾਫੀ ਹਾਊਸ ਦੇ ਨੇੜੇ ਹੀ ਸੀ। ਇਕ ਖੂੰਜੇ ਵੱਖਰੇ ਬਹਿ ਕੇ ਮੈਂ ਗਾਰਗੀ ਨੂੰ ਕਹਾਣੀ ਸੁਣਾਈ ਜੋ ਗੱਡੀਆਂ ਵਾਲੀ ਤੇ ਵਾਗੀ ਦੇ ਪਹਿਲੀ ਤੱਕਣੀ ਦੇ ਹੋਏ ਪਿਆਰ ਤੇ ਗੱਡੀਆਂ ਤੁਰ ਜਾਣ ਨਾਲ ਅਚਾਨਕ ਪਏ ਵਿਛੋੜੇ ਬਾਰੇ ਸੀ। ਉਹ ਮੈਂ ਕੰਵਲ ਦੀ ਟੂਕ ‘ਗੱਡੀਆਂ ਵਾਲਿਆਂ ਨਾਲ ਯਰਾਨਾ ਕਾਹਦਾ, ਭਲਕੇ ਤੁਰ ਜਾਣਗੇ’ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਗਾਰਗੀ ਨੇ ਕਹਾਣੀ ਦੀ ਰਸਮੀ ਸਲਾਹੁਤ ਕੀਤੀ ਤੇ ਨਾਲ ਹੀ ਮੱਤ ਵੀ ਦਿੱਤੀ, “ਗੱਡੀਆਂ ਵਾਲੀ ਤੇ ਵਾਗੀ ਨੇ ਇਕੋ ਗਲਾਸ ‘ਚੋਂ ਘੁੱਟਾਂ-ਬਾਟੀ ਚਾਹ ਤਾਂ ਪੀ ਲਈ। ਸੁਆਦ ਵੀ ਆ ਗਿਆ। ਤੇਰਾ ਫਿਕਰਾ, ‘ਚਾਹ ਮੁੱਕਦੀ ਗਈ ਪਿਆਰ ਵਧਦਾ ਗਿਆ’ ਬਿਲਕੁਲ ਠੀਕ ਐ। ਪਰ ਕਹਾਣੀ ਪੜ੍ਹਨ ਵਾਲੀ ਤਦ ਬਣੂੰ ਜੇ ਉਨ੍ਹਾਂ ਤੋਂ ਕੁਛ ਕਲੋਲਾਂ ਵੀ ਕਰਾਵੇਂ!” ਅਸਲ ਵਿਚ ਗਾਰਗੀ ਖ਼ੁਦ ਕਲੋਲਾਂ ਕਰਨ ਕਰਾਉਣ ਵਾਲਾ ਲੇਖਕ ਸੀ। ਪਰ ਮੈਨੂੰ ਅਜਿਹਾ ਕਰਨ ਤੋਂ ਸੰਗ ਆਉਂਦੀ ਸੀ ਬਈ ਪਾਠਕ ਕੀ ਕਹਿਣਗੇ? ਇਸ ਲਈ ਮੈਂ ਗਾਰਗੀ ਵਾਂਗ ਆਪਣੀਆਂ ਲਿਖਤਾਂ ‘ਚ ਕਲੋਲਾਂ ਤੇ ਚੋਹਲ ਮੋਹਲ ਕਰਨ ਕਰਾਉਣ ਤੋਂ ਬਚਿਆ ਹੀ ਰਿਹਾ। ਇਸੇ ਕਰਕੇ ਮੈਨੂੰ ਸਿੱਧਾ-ਸਾਦਾ, ਸਾਊ ਤੇ ਸ਼ਰਮਾਊ ਲੇਖਕ ਸਮਝਿਆ ਜਾਂਦਾ ਹੈ। ਉਂਜ ਕਲੋਲਾਂ-ਕਲਾਲਾਂ ਕੀਹਨੂੰ ਨਹੀਂ ਕਰਾਉਣੀਆਂ ਆਉਂਦੀਆਂ? ਕਈ ਤਾਂ ਖੱਟੀ ਹੀ ਕਲੋਲਾਂ ਦੀ ਖਾਂਦੇ ਹਨ ਤੇ ਬੜੇ ਵੱਡੇ ਅਵਾਰਡ ਮਾਠ ਜਾਂਦੇ ਹਨ।

ਗਾਰਗੀ ਕਹਾਣੀ ਬਾਰੇ ਕੁਮੈਂਟ ਕਰ ਕੇ ਕਾਫੀ ਹਾਊਸ ‘ਚੋਂ ਗਿਆ ਤਾਂ ਪੰਜਾਬੀ ਸਾਹਿਤ ਅਕਾਡਮੀ ਵਾਲੇ ਪ੍ਰੋ. ਪ੍ਰਮਿੰਦਰ ਸਿੰਘ ਦਾ ਭਰਾ ਦਲਜੀਤ ਸਿੰਘ ਆ ਗਿਆ। ਉਹ ਦਿੱਲੀ ‘ਚ ਲੈਕਚਰਾਰ ਲੱਗਾ ਹੀ ਸੀ। ਅਸੀਂ ਗਾਰਗੀ ਦੀਆਂ ਗੱਲਾਂ ਕਰ ਰਹੇ ਸਾਂ ਕਿ ਆਲੋਚਕ ਅਤਰ ਸਿੰਘ ਤੇ ਕਹਾਣੀਕਾਰ ਜਸਟਿਸ ਮਹਿੰਦਰ ਸਿੰਘ ਜੋਸ਼ੀ ਹੋਰੀਂ ਆ ਗਏ। ਉਹ ਬੰਦੇ ਲੱਭਦੇ ਫਿਰਦੇ ਸਨ ਜਿਨ੍ਹਾਂ ਨੂੰ ਅੰਮ੍ਰਿਤਾ ਪ੍ਰੀਤਮ ਦੇ ਘਰ ਲਿਜਾਇਆ ਜਾ ਸਕੇ। ਅੰਮ੍ਰਿਤਾ ਦੇ ਘਰ ਅਚਾਨਕ ਉਜ਼ਬੇਕਸਤਾਨ ਦੇ ਲੇਖਕਾਂ ਦਾ ਡੈਲੀਗੇਸ਼ਨ ਆ ਰਿਹਾ ਸੀ ਜਿਨ੍ਹਾਂ ਦੀ ਆਓ ਭਗਤ ‘ਚ ਕੁਝ ਪੜ੍ਹੇ-ਲਿਖੇ ਬੰਦਿਆਂ ਨੂੰ ਸੱਦਣ ਦੀ ਲੋੜ ਪੈ ਗਈ ਸੀ।

ਜਸਟਿਸ ਜੋਸ਼ੀ ਦੀ ਕਾਰ ‘ਚ ਅਸੀਂ ਚਾਰੇ ਜਣੇ ਬਹਿ ਗਏ ਤੇ ਅੰਮ੍ਰਿਤਾ ਦੇ ਘਰ ਕੇ-25 ਹੌਜ਼ ਖ਼ਾਸ ਚਲੇ ਗਏ। ਇਮਰੋਜ਼ ਨੇ ਖਾਣ ਪੀਣ ਦਾ ਪ੍ਰਬੰਧ ਪਹਿਲਾਂ ਹੀ ਕਰ ਰੱਖਿਆ ਸੀ। ਵੱਡੇ ਕਮਰੇ ‘ਚ ਇਮਰੋਜ਼ ਦੀਆਂ ਕੁਝ ਪੇਂਟਿੰਗਾਂ ਸ਼ਿੰਗਾਰੀਆਂ ਹੋਈਆਂ ਸਨ ਜਿਨ੍ਹਾਂ ‘ਚੋਂ ਕੁਝ ਅਰਧ ਨਗਨ ਸਨ। ਇਮਰੋਜ਼ ਮੈਨੂੰ ਆਪਣਾ ਬੰਦਾ ਸਮਝ ਕੇ ਪਾਸੇ ਲਿਜਾ ਕੇ ਕਹਿਣ ਲੱਗਾ, “ਉਜ਼ਬੇਕਸਤਾਨ ਦੇ ਡੈਲੀਗੇਸ਼ਨ ਵਿਚ ਪਰਦੇ ਵਾਲੀਆਂ ਮੁਸਲਮਾਨ ਲੇਖਕਾਵਾਂ ਵੀ ਹੋਣਗੀਆਂ। ਉਨ੍ਹਾਂ ਨੂੰ ਇਹ ਪੇਂਟਿੰਗਾਂ ਕਿਤੇ ਅਸ਼ਲੀਲ ਨਾ ਲੱਗਣ। ਕਿਤੇ ਮਾੜਾ ਪ੍ਰਭਾਵ ਨਾ ਪਵੇ। ਤੂੰ ਹੀ ਦੱਸ, ਇਨ੍ਹਾਂ ਨੂੰ ਢਕ ਦੇਈਏ ਜਾਂ ਪਾਸੇ ਕਰ ਦੇਈਏ?”

ਮੈਂ ਉਹਦੀ ਪਰੇਸ਼ਾਨੀ ‘ਤੇ ਹੈਰਾਨ ਹੋਇਆ ਤੇ ਆਖਿਆ, “ਮੈਂ ਦੋਵੇਂ ਕੰਮ ਕਰ ਸਕਦਾਂ। ਜਿਵੇਂ ਆਖੋ ਕਰ ਦਿੰਨਾਂ।” ਅਸੀਂ ਅਜੇ ਦੁਚਿੱਤੀ ‘ਚ ਸਾਂ ਕਿ ਡੈਲੀਗੇਸ਼ਨ ਘਰ ਦੇ ਦਰਵਾਜ਼ੇ ‘ਤੇ ਗਿਆ। ਅਸੀਂ ਉਸੇ ਵੇਲੇ ਬੂਹੇ ‘ਤੇ ਗਏ ਤੇ ਉਨ੍ਹਾਂ ਦਾ ਖਿੜੇ ਮੱਥੇ ਸਵਾਗਤ ਕੀਤਾ। ਉਨ੍ਹਾਂ ‘ਚ ਸੱਚਮੁੱਚ ਕਾਲੇ ਬੁਰਕਿਆਂ ਵਾਲੀਆਂ ਗੋਰੀਆਂ ਔਰਤਾਂ ਸਨ। ਸ਼ੁਕਰ ਕੀਤਾ ਕਿ ਉਨ੍ਹਾਂ ਦਾ ਪੇਂਟਿੰਗਾਂ ਵੱਲ ਧਿਆਨ ਹੀ ਨਾ ਗਿਆ। ਮਿਲਣ ਗਿਲਣ ਤੇ ਖਾਣ ਪੀਣ ਪਿੱਛੋਂ ਕਵਿਤਾਵਾਂ ਤੇ ਗੀਤਾਂ ਦਾ ਦੌਰ ਚੱਲ ਪਿਆ। ਸਮਝ ਭਾਵੇਂ ਨਹੀਂ ਵੀ ਆਉਂਦੀ ਸੀ ਪਰ ਤਾੜੀਆਂ ਜ਼ਰੂਰ ਮਾਰਦੇ ਰਹੇ। ਮੈਂ ਮਾਹੀਏ ਦੇ ਟੱਪੇ ਸੁਣਾ ਕੇ ਬੋਲੀ ਪਾਈ ਤਾਂ ਦਲਜੀਤ ਭੰਗੜਾ ਪਾਉਣਾ ਲੱਗ ਪਿਆ। ਹੌਲੀ ਹੌਲੀ ਸਾਰੇ ਜਣੇ ਉੱਠ ਖੜ੍ਹੇ ਹੋਏ। ਬੋਲੀਆਂ ਤੇ ਭੰਗੜੇ ਨਾਲ ਮਾਹੌਲ ਐਸਾ ਬਣ ਗਿਆ ਕਿ ਡੈਲੀਗੇਸ਼ਨ ਦੇ ਮੈਂਬਰ ਵੀ ਸਾਡੇ ਨਾਲ ਹੀ ਨੱਚਣ ਲੱਗ ਪਏ। ਮਹਿਫ਼ਲ ‘ਚ ਅਨੰਦ ਹੀ ਅਨੰਦ ਤੇ ਖੇੜਾ ਹੀ ਖੇੜਾ ਸੀ। ਜਦੋਂ ਡੈਲੀਗੇਸ਼ਨ ਵਿਦਾ ਹੋ ਗਿਆ ਤਾਂ ਅੰਮ੍ਰਿਤਾ ਪ੍ਰੀਤਮ ਤੇ ਇਮਰੋਜ਼ ਨੇ ਸਾਡਾ ਉਚੇਚਾ ਧੰਨਵਾਦ ਕੀਤਾ ਕਿ ਆਹ ਤਾਂ ਤੁਸੀਂ ਰੰਗ ਭਾਗ ਹੀ ਲਾ ਦਿਤੇ! ਅੱਗੇ ਨੂੰ ਵੀ ਆਉਂਦੇ ਜਾਂਦੇ ਰਹਿਓ। ਪਰ ਆਉਣਾ ਜਾਣਾ ਸਾਡੇ ਕਰਮਾਂ ਵਿਚ ਨਹੀਂ ਸੀ।

1967 ‘ਚ ਮੈਂ ਦਿੱਲੀ ਦੀ ਲੈਕਚਰਾਰੀ ਛੱਡ ਕੇ ਕੰਵਲ ਦੇ ਪਿੰਡ ਢੁੱਡੀਕੇ ਆ ਗਿਆ ਤੇ ਦਲਜੀਤ ਸਿੰਘ ਵੀ ਪੰਜਾਬੀ ਯੂਨੀਵਰਸਿਟੀ ਪਟਿਆਲੇ ਦਾ ਵਿਦਿਆਰਥੀ ਭਲਾਈ ਡਾਇਰੈਕਟਰ ਬਣ ਗਿਆ। ਮੁੜ ਕੇ ਮੇਰਾ ਕਦੇ ਅੰਮ੍ਰਿਤਾ ਜਾਂ ਇਮਰੋਜ਼ ਨਾਲ ਮੇਲ ਨਾ ਹੋ ਸਕਿਆ। ਉਂਜ ਉੱਦਣ ਇਮਰੋਜ਼ ਮੈਨੂੰ ਏਨਾ ਪਿਆਰਾ ਲੱਗਾ ਕਿ ਮਿਲਣ ਨੂੰ ਜੀਅ ਕਰਦਾ ਹੀ ਰਿਹਾ।

2005 ਵਿਚ ਅੰਮ੍ਰਿਤਾ ਪ੍ਰੀਤਮ ਦੀ ਸਦੀਵੀ ਅਲਵਿਦਾ ‘ਮੈਂ ਤੈਨੂੰ ਫਿਰ ਮਿਲਾਂਗੀ’ ਕਹਿਣ ਤੋਂ ਬਾਅਦ 2007 ਵਿਚ ਜਦ ਮੇਰਾ ਸਫਰਨਾਮਾ ‘ਫੇਰੀ ਵਤਨਾਂ ਦੀ’ ਛਪਿਆ। ਉਹ ਲਾਹੌਰ ਬੁੱਕ ਸ਼ਾਪ ਵਾਲਿਆਂ ਨੇ ਛਾਪਿਆ ਅਤੇ ਮੇਰੀ ਇੱਛਾ ਅਨੁਸਾਰ ਹਜ਼ਾਰ ਰੁਪਏ ਦੀ ਮਾਨ ਭੇਟਾ ਨਾਲ ਇਮਰੋਜ਼ ਤੋਂ ਉਹਦਾ ਟਾਈਟਲ ਡੀਜ਼ਾਈਨ ਕਰਵਾਇਆ ਜੋ ਮੇਰੀ ਅਭੁੱਲ ਯਾਦ ਬਣ ਗਿਆ। ਇਮਰੋਜ਼ ਭਾਵੇਂ ਅੰਮ੍ਰਿਤਾ ਨੂੰ ਮਿਲਣ ਲਈ ਸਦੀਵੀ ਤੌਰ ’ਤੇ ਤੁਰ ਗਿਐ ਪਰ ਉਹਦਾ ਡੀਜ਼ਾਈਨ ਕੀਤਾ ਕਿਤਾਬੀ ਟਾਈਟਲ ਮੈਨੂੰ ਤੇ ਮੇਰੇ ਪਾਠਕਾਂ ਨੂੰ ਉਹਦੀ ਯਾਦ ਤਾਜ਼ਾ ਕਰਾਉਂਦਾ ਰਹੇਗਾ!

# ਐਫਬੀਆਈ ਵੱਲੋਂ ਲਾਪਤਾ ਭਾਰਤੀ ਵਿਦਿਆਰਥਣ ਦੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ

**ਨਿਊ ਜਰਸੀ:** 4 ਸਾਲ ਤੋਂ ਵੱਧ ਸਮਾਂ ਪਹਿਲਾਂ ਨਿਊ ਜਰਸੀ ਰਾਜ ਤੋਂ ਲਾਪਤਾ ਹੋਈ 29 ਸਾਲਾ ਭਾਰਤੀ ਵਿਦਿਆਰਥਣ ਮੇਊਸ਼ੀ ਭਗਤ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਲੱਗੀ ਤੇ ਫੇਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫਬੀਆਈ) ਨੇ ਉਸਦੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਉਸ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਉਹ ਐਫ ਬੀ ਆਈ ਦੇ ਸਥਾਨਕ ਦਫਤਰ ਜਾਂ ਨੇੜਲੀ ਅਮਰੀਕਨ ਅੰਬੈਸੀ ਜਾਂ ਕੌਂਸਲੇਟ ਨਾਲ ਸੰਪਰਕ ਕਰ ਸਕਦਾ ਹੈ।

ਮੇਊਸ਼ੀ ਭਗਤ ਨੂੰ ਆਖਰੀ ਵਾਰ 29 ਅਪ੍ਰੈਲ, 2019 ਦੀ ਸ਼ਾਮ ਨੂੰ ਨਿਊ ਜਰਸੀ ਵਿਚ ਆਪਣੇ ਅਪਾਰਮੈਂਟ ਵਿਚੋਂ ਨਿਕਲਦਿਆਂ ਵੇਖਿਆ ਗਿਆ ਸੀ। ਉਸਨੇ ਰੰਗਦਾਰ ਪਜਾਮਾ-ਪੈਂਟ ਤੇ ਕਾਲੀ ਟੀ ਸ਼ਰਟ ਪਹਿਨੀ ਹੋਈ ਸੀ। ਭਗਤ ਦੇ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ 1 ਮਈ 2019 ਨੂੰ ਲਿਖਵਾਈ ਸੀ। ਉਹ 5 ਫੁੱਟ 10 ਇੰਚ ਲੰਮੀ ਉੱਚੀ ਹੈ ਤੇ ਉਸ ਦੇ ਕਾਲੇ ਵਾਲ ਹਨ। ਐਫਬੀਆਈ ਨਿਊਯਾਰਕ ਫਲਿਡ ਦਫਤਰ ਤੇ ਜਰਸੀ ਸਿਟੀ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਉਹ ਮੇਊਸ਼ੀ ਭਗਤ ਦੀ ਭਾਲ ਲਈ ਨਿਰੰਤਰ ਆਮ ਲੋਕਾਂ ਤੋਂ ਸਹਾਇਤਾ ਦੀ ਮੰਗ ਕਰਦੇ ਆ ਰਹੇ ਹਨ।

*-ਹੁਸਨ ਲੜੋਆ ਬੰਗਾ*





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਅੰਮ੍ਰਿਤਾ ਦਾ ਇਮਰੋਜ਼

ਕਲਾ ਪਰਿਕਰਮਾ

ਚਿੱਤਰਕਾਰ ਇਮਰੋਜ਼ ਦੇ ਫੌਤ ਹੋਣ ਨਾਲ ਵੱਖਰੀ ਹੀ ਕਿਸਮ ਦੀ ਚਰਚਾ ਸ਼ੁਰੂ ਹੋ ਗਈ ਹੈ। ਇਮਰੋਜ਼ ਬੜਾ ਪ੍ਰਤਿਭਾਸ਼ਾਲੀ ਚਿੱਤਰਕਾਰ ਸੀ ਪਰ ਜਦੋਂ ਉਹ ਉਘੀ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਸੰਪਰਕ ਵਿਚ ਆਇਆ ਤਾਂ ਉਹ ਸਭ ਕੁਝ ਛੱਡ-ਛੁਡਾ ਕੇ ਉਸੇ ਨੂੰ ਸਮਰਪਿਤ ਹੋ ਗਿਆ। ਸ਼ਾਇਦ ਇਸੇ ਕਰ ਕੇ ਹੁਣ ਇਮਰੋਜ਼ ਦੀ ਮੌਤ ਤੋਂ ਬਾਅਦ ਉਸ ਅਤੇ ਉਸ

**ਰਾਜਬੰਸ ਕੌਰ**

ਦੀ ਕਲਾਕਾਰੀ ਬਾਰੇ ਚਰਚਾ ਘੱਟ ਹੋਈ ਹੈ ਪਰ ਉਸ ਦੇ ਅੰਮ੍ਰਿਤਾ ਪ੍ਰੀਤਮ ਨਾਲ ਰਿਸ਼ਤੇ ਅਤੇ ਸਮਰਪਣ ਭਾਵ ਬਾਰੇ ਗੱਲਾਂ ਵਧੇਰੇ ਹੋਈਆਂ ਹਨ।

ਇਮਰੋਜ਼ ਜਦੋਂ ਅੰਮ੍ਰਿਤਾ ਪ੍ਰੀਤਮ ਨੂੰ ਮਿਲਿਆ ਤਾਂ ਰਸਾਲਿਆਂ ਵਿਚ ਸਕੈੱਚ ਬਗੈਰਾ ਬਣਾਉਂਦਾ ਹੁੰਦਾ ਸੀ। ਉਸ ਦਾ ਅਸਲ ਨਾਂ ਇੰਦਰਜੀਤ ਸੀ ਪਰ ਅੰਮ੍ਰਿਤਾ ਨੇ ਉਸ ਦਾ ਨਾਂ ਇਮਰੋਜ਼ ਰੱਖਿਆ। ਦੋਹਾਂ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ, ਉਂਝ ਦੋਵੇਂ ਇਕੱਠੇ ਰਹਿੰਦੇ ਰਹੇ। ਅੰਮ੍ਰਿਤਾ ਦਾ ਵਿਆਹ ਪ੍ਰੀਤਮ ਸਿੰਘ ਨਾਲ ਹੋਇਆ ਸੀ ਜਿਸ ਦੇ ਨਾਂ ਨੂੰ ਆਪਣੇ ਨਾਂ ਨਾਲ ਜੋੜ ਕੇ ਉਸ ਨੇ ਆਪਣਾ ਨਾਂ ਅੰਮ੍ਰਿਤਾ ਪ੍ਰੀਤਮ ਰੱਖ ਲਿਆ ਸੀ। ਵਿਆਹ ਤੋਂ ਪਹਿਲਾਂ ਉਹ ਆਪਣਾ ਨਾਂ ਸਿਰਫ ਅੰਮ੍ਰਿਤ ਕੌਰ ਲਿਖਦੀ ਸੀ। ਇਸ ਤੋਂ ਬਾਅਦ ਪ੍ਰੀਤਮ ਨਾਂ ਅੰਮ੍ਰਿਤਾ ਦੇ ਨਾਂ ਨਾਲ ਅਜਿਹਾ ਜੁੜਿਆ ਕਿ ਪ੍ਰੀਤਮ ਸਿੰਘ ਨਾਲ ਦੂਰੀਆਂ ਵਧਣ ਤੋਂ ਬਾਅਦ ਵੀ ਇਹ ਨਾਂ ਉਸ ਦੇ ਨਾਂ ਨਾਲੋਂ ਨਹੀਂ ਲੱਥਾ। ਦਿੱਲੀ ਵੱਸਦੇ ਦੋ ਉਘੇ ਲਿਖਾਰੀਆਂ ਗੁਰਬਚਨ ਸਿੰਘ ਭੁੱਲਰ ਅਤੇ ਦਰਸ਼ਨ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਜ਼ਿੰਦਗੀ ਬਾਰੇ ਨਾਵਲ ਲਿਖੇ ਹਨ। ਦਰਸ਼ਨ ਸਿੰਘ ਦੇ ਨਾਵਲ ਦਾ ਨਾਂ 'ਬੱਦਲਾਂ ਦੀ ਪੌੜੀ' ਹੈ। ਇਸ ਨਾਵਲ ਵਿਚ ਲਿਖਾਰੀ ਨੇ ਅੰਮ੍ਰਿਤਾ ਪ੍ਰੀਤਮ ਦੇ ਅਗਾਂਹ, ਹੋਰ ਅਗਾਂਹ ਵਧਣ ਦੀ ਲਾਲਸਾ ਨੂੰ ਬਾਖੂਬੀ ਬਿਆਨ ਕੀਤਾ ਹੈ। ਗੁਰਬਚਨ ਸਿੰਘ ਭੁੱਲਰ ਦੇ ਨਾਵਲ ਦਾ ਨਾਂ 'ਇਹੁ ਜਨਮ ਤੁਮਾਰੇ ਲੇਖੇ' ਹੈ। ਗੁਰਬਚਨ ਸਿੰਘ ਭੁੱਲਰ ਨੇ ਅੰਮ੍ਰਿਤਾ ਪ੍ਰੀਤਮ ਦੀ ਅਗਾਂਹ ਜਾਣ ਵਾਲੀ ਗੱਲ ਤਾਂ ਫੜੀ ਹੀ ਹੈ ਅਤੇ ਵਧੀਆ ਢੰਗ ਨਾਲ ਪੇਸ਼ ਵੀ ਕੀਤੀ ਹੈ ਪਰ ਇਸ ਨਾਵਲ ਵਿਚ ਉਸ ਨੇ ਅੰਮ੍ਰਿਤਾ ਦੇ ਮੁਕਾਬਲੇ ਪ੍ਰੀਤਮ ਸਿੰਘ ਦਾ ਜੋ ਕਿਰਦਾਰ ਪੇਸ਼ ਕੀਤਾ ਹੈ, ਉਹ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਇਸ ਨਾਲ ਅੰਮ੍ਰਿਤਾ ਦੀ ਰਿਸ਼ਤਿਆਂ ਬਾਰੇ ਪਹੁੰਚ ਵੀ ਸਾਹਮਣੇ ਆਉਂਦੀ ਹੈ। ਇਸ ਵਿਚ ਅੰਮ੍ਰਿਤਾ ਦੇ ਪੁੱਤਰ ਦਾ ਜਿਹੜਾ ਕਿਰਦਾਰ ਪੇਸ਼ ਹੋਇਆ ਹੈ, ਉਹ ਵੀ ਪ੍ਰੇਸ਼ਾਨ ਕਰਨ ਵਾਲਾ ਹੈ।

ਯਾਦ ਰਹੇ ਕਿ ਅੰਮ੍ਰਿਤਾ ਦੇ ਇਸ ਪੁੱਤਰ ਦੀ ਮੌਤ ਮੁੰਬਈ ਵਿਖੇ ਹੋਈ ਸੀ ਅਤੇ ਉਸ ਉਤੇ ਪੋਰਨ ਫਿਲਮਾਂ ਵਿਚ ਪੈਸੇ ਲਾਉਣ ਦੇ ਦੋਸ਼ ਵੀ ਲੱਗੇ ਸਨ। ਉਸ ਦੀ ਮੌਤ ਤੋਂ ਬਾਅਦ ਗੁਰਬਚਨ ਸਿੰਘ ਭੁੱਲਰ ਨੇ ਇਕ ਲੇਖ ਵੀ ਲਿਖਿਆ ਸੀ ਜਿਸ ਵਿਚ ਦਰਜ ਸੀ ਕਿ ਅੰਮ੍ਰਿਤਾ ਦੇ ਵਿਹਾਰ ਕਾਰਨ ਪੁੱਤਰ ਕਿਸ ਕਦਰ ਪ੍ਰੇਸ਼ਾਨ ਸੀ।

ਖੈਰ! ਇਹ ਗੱਲਾਂ ਕਰਨੀਆਂ ਇਸ ਕਰ ਕੇ ਜ਼ਰੂਰੀ ਹਨ ਤਾਂ ਕਿ ਉਸ ਚਿੱਤਰਕਾਰ ਦੇ ਦਿਲ ਦੀ ਕੋਈ ਥਾਹ ਪਾਈ ਜਾ ਸਕੇ ਜੋ ਅੰਮ੍ਰਿਤਾ ਦਾ ਹਰ ਐਬ ਦਰਕਿਨਾਰ ਕਰ ਕੇ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਸੀ। ਇਕ ਹੋਰ ਜ਼ਿਕਰ ਗੋਚਰਾ ਨੁਕਤਾ ਇਹ ਵੀ ਹੈ ਕਿ ਇਮਰੋਜ਼ ਦਾ ਆਖਰੀ ਵਕਤ ਅੰਮ੍ਰਿਤਾ ਦੀ ਨੂੰਹ ਕੋਲ ਮੁੰਬਈ ਵਿਚ ਬੀਤਿਆ। ਇਸੇ ਨੂੰਹ ਨੇ ਆਖਰੀ ਸਮੇਂ ਵਿਚ ਅੰਮ੍ਰਿਤਾ ਦੀ ਵੀ ਬਹੁਤ ਸੇਵਾ ਕੀਤੀ ਸੀ; ਨਹੀਂ ਤਾਂ ਅੰਮ੍ਰਿਤਾ ਦੇ ਪੁੱਤਰ ਨੇ ਤਾਂ ਨਵੀਂ ਦਿੱਲੀ ਵਾਲਾ ਅੰਮ੍ਰਿਤਾ ਦਾ ਘਰ ਜਿੱਥੇ ਇਮਰੋਜ਼ ਰਹਿੰਦਾ ਰਿਹਾ ਸੀ, ਵੇਚ ਕੇ ਉਸ (ਇਮਰੋਜ਼) ਨੂੰ ਬੇਘਰ ਕਰ ਦਿੱਤਾ ਸੀ। ਉਹ ਕੁਝ ਸਮਾਂ ਨਵੀਂ ਦਿੱਲੀ ਰਿਹਾ ਅਤੇ ਫਿਰ ਮੁੰਬਈ ਚਲਾ ਗਿਆ ਸੀ।

ਇਮਰੋਜ਼ ਨੇ ਸੱਚਮੁੱਚ ਅੰਮ੍ਰਿਤਾ ਨੂੰ ਸਮਰਪਿਤ ਹੋ ਕੇ ਆਪਣੀ ਜ਼ਿੰਦਗੀ ਗੁਜ਼ਾਰੀ। ਉਸ ਦੇ ਸਮਕਾਲੀ ਉਸ ਉਤੇ ਰਸ਼ਕ ਕਰਦੇ ਹਨ। ਅੰਮ੍ਰਿਤਾ ਪ੍ਰੀਤਮ ਦੀ ਮੌਤ ਤੋਂ ਬਾਅਦ ਇਮਰੋਜ਼ ਨੇ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ। ਉਸ ਦੇ ਕਾਵਿ ਸੰਗ੍ਰਹਿ 'ਜਸ਼ਨ ਜਾਰੀ ਹੈ', 'ਰਿਸ਼ਤਾ', 'ਖਿਆਲ ਤੇਰੇ ਮੇਰੇ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਪਹਿਲਾਂ ਦੋਹਾਂ ਦੇ ਖਤਾਂ ਦੀ ਕਿਤਾਬ 'ਦਸਤਾਵੇਜ਼' ਵੀ ਛਪ ਚੁੱਕੀ ਹੈ। ਇਸ ਕਿਤਾਬ ਵਿਚ ਦਰਜ ਇਕ ਖਤ ਜੋ ਅੰਮ੍ਰਿਤਾ ਨੇ 18 ਅਗਸਤ 1978 ਨੂੰ ਲਿਖਿਆ, ਵਿਚ ਦਰਜ ਹੈ:

ਅੱਜ ਰੱਖੜੀ ਦਾ ਦਿਨ ਹੈ, ਕੰਦਲਾ ਰਾਤ ਦੀ ਆਈ ਹੋਈ ਸੀ, ਸਵੇਰ ਸਾਰ ਉਹਨੇ ਨਵਰਾਜ ਨੂੰ ਰੱਖੜੀ ਬੰਨ੍ਹੀ, ਆਰੋਹੀ ਨੇ ਕਾਰਤਿਕ ਨੂੰ ਪਰ ਇਮਰੋਜ਼ ਲਈ ਅੱਜ ਦੀ ਡਾਕ ਵਿਚ ਵੀ ਉਹਦੀਆਂ ਭੈਣਾਂ ਦੀ ਰੱਖੜੀ ਨਹੀਂ ਆਈ, ਇਹੀ ਗੱਲ ਹੋ ਰਹੀ ਸੀ ਕਿ ਇਮਰੋਜ਼ ਕਹਿਣ ਲੱਗਾ- 'ਪਿਛਲੇ ਸਾਲ ਵੀ ਨਹੀਂ ਸੀ ਆਈ, ਮੇਰਾ ਖ਼ਿਆਲ ਹੈ ਮੇਰੀਆਂ ਭੈਣਾਂ ਨੇ ਅੰਮ੍ਰਿਤਾ ਦੀ ਨਜ਼ਮ ਪੜ੍ਹ ਲਈ ਹੈ... ਉਹ, ਜਿਹਦੇ ਵਿਚ ਅੰਮ੍ਰਿਤਾ ਨੇ ਲਿਖਿਆ ਸੀ- 'ਬਾਪ ਵੀਰ ਦੋਸਤ ਤੇ ਖਾਵੰਦ ਕਿਸੇ ਲਫ਼ਜ਼ ਦਾ ਕੋਈ ਨਹੀਂ ਰਿਸ਼ਤਾ, ਉਂਜ ਜਦੋਂ ਮੈਂ ਤੈਨੂੰ ਤੱਕਿਆ, ਸਾਰੇ ਅੱਖਰ ਗੂੜ੍ਹੇ ਹੋ ਗਏ... ਸੋ ਉਹਨਾਂ ਸੋਚ ਲਿਆ ਹੈ ਕਿ ਹੁਣ ਜੋ ਵੀ ਮੇਰਾ ਰਿਸ਼ਤਾ ਹੈ, ਉਹ ਸਿਰਫ਼ ਅੰਮ੍ਰਿਤਾ ਨਾਲ ਹੈ...' ਇਮਰੋਜ਼, ਕੰਦਲਾ ਤੇ ਮੈਂ - ਕਿੰਨਾ ਚਿਰ ਹੱਸਦੇ ਰਹੇ...।

ਕਲਾ ਪ੍ਰੇਮੀਆਂ ਨੇ ਇਮਰੋਜ਼ ਦੇ ਦੇਹਾਂਤ 'ਤੇ ਆਪਣੀ ਬਣਦੀ-ਸਰਦੀ ਸ਼ਰਧਾਂਜਲੀ ਭੇਟ ਕੀਤੀ ਹੈ ਪਰ ਇਮਰੋਜ਼ ਆਪਣਾ-ਆਪ ਮਿਟਾ ਕੇ ਅੰਮ੍ਰਿਤਾ ਨਾਲ ਇੰਨਾ ਅਭੇਦ ਹੋ ਗਿਆ ਸੀ ਕਿ ਜਦ ਵੀ ਕਦੀ ਉਸ ਦੀ ਗੱਲ ਚੱਲੇਗੀ, ਅੰਮ੍ਰਿਤਾ ਹਰ ਵਾਰ ਛਾਲ ਮਾਰ ਕੇ ਅਗਾਂਹ ਆ ਜਾਇਆ ਕਰੇਗੀ। ਇਹੀ ਇਮਰੋਜ਼ ਦਾ ਹਾਸਲ ਹੈ ਅਤੇ ਇਹੀ ਅ-ਹਾਸਲ। ਉਸ ਦਾ ਨਾਂ ਸਦਾ-ਸਦਾ ਲਈ ਅੰਮ੍ਰਿਤਾ ਨਾਲ ਜੁੜ ਗਿਆ ਹੈ ਅਤੇ ਅੰਮ੍ਰਿਤਾ ਨਾਲ ਉਸ ਦਾ। ਸੱਚਮੁੱਚ ਉਹ ਵੱਖਰੀ ਕਿਸਮ ਦਾ ਕਲਾਕਾਰ ਸੀ!



ਚਿੱਤਰਕਾਰ ਇਮਰੋਜ਼




ਇਮਰੋਜ਼ ਦਾ ਅੰਮ੍ਰਿਤਾ ਦਾ ਬਿਰਖ ਦੇ ਰੂਪ ਵਿਚ ਬਣਾਇਆ ਸਕੈਚ।




ਇਮਰੋਜ਼ ਦੀ ਕਲਾ ਤੇ ਜ਼ਿੰਦਗੀ ਬਾਰੇ ਲਿਖੀ ਜਸਬੀਰ ਭੁੱਲਰ ਦੀ ਕਿਤਾਬ।






ਉਘੇ ਲਿਖਾਰੀ ਰਵਿੰਦਰ ਰਵੀ (ਕੈਨੇਡਾ) ਦੀ ਖਿੱਚੀ ਅੰਮ੍ਰਿਤਾ ਤੇ ਇਮਰੋਜ਼ ਦੀ ਤਸਵੀਰ ਅਤੇ (ਸੱਜੇ) ਅੰਮ੍ਰਿਤਾ ਤੇ ਇਮਰੋਜ਼ ਬਾਰੇ ਉਮਾ ਤ੍ਰਿਲੋਕ ਦੀ ਕਿਤਾਬ ਦਾ ਮੁਖੜਾ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜਨਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-619



*ਦੋਵੇਂ ਜੌੜੀਆਂ ਸੱਜ ਸੰਵਰ ਕੇ, ਖੇਡਾਂ ਦੇ ਵਿਚ ਰੁੱਝੀਆਂ,*
*ਡੌਲਾਂ ਜਿਹੀਆਂ ਉਹ ਜਾਪਣ, ਦੇਖੋ ਸ਼ਰਾਰਤਾਂ ਸੁੱਝੀਆਂ।*
*'ਕੱਠੀਆਂ ਵੜ ਬੈਠੀਆਂ ਡੱਬੇ, ਮਾਨੋ ਬਲੂੰਗੜੇ ਲੱਗਣ,*
*ਭੋਲੀ ਭੋਲੀ ਪਿਆਰੀ ਸੂਰਤ, ਮਨ ਨੂੰ ਬਾਹ.ਲਾ ਠੱਗਣ।*

### ਕੈਪਸ਼ਨ ਮੁਕਾਬਲਾ-617



ਜਦ ਉੱਨੀ ਸੀ ਮੁੱਕਣ ਲੱਗਿਆ
ਕਰੋਨਾ ਦਾ ਤੂਫ਼ਾਨ ਸੀ ਆਇਆ।
ਜਾਨ ਦੀ ਸਭ ਨੂੰ ਫ਼ਿਕਰ ਪੈ ਗਈ
ਸੱਜਿਓਂ ਖੱਬਿਓਂ ਜੁਗਾੜ ਬਣਾਇਆ।
ਸਰਕਾਰਾਂ ਨੇ ਤਾਂ ਝਾੜਿਆ ਪੱਲਾ
ਜ਼ਿੰਮੇਵਾਰੀ ਤੋਂ ਮੂੰਹ ਭਵਾਇਆ।
ਸਮਾਨ ਦੇ ਵਾਂਗੂੰ ਲੱਦ ਲਦਾ ਕੇ
ਵੱਲ ਵਤਨਾਂ ਦੇ ਫੇਰਾ ਪਾਇਆ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਹਰ ਕੋਈ ਆਜ਼ਾਦੀ ਨਾਲ ਰਹਿਣਾ ਚਾਹਵੇ,
ਲੜਾਈ ਝਗੜਿਆਂ ਤੋਂ ਭੱਜਣਾ ਚਾਹਵੇ।
ਮੱਧ ਏਸ਼ੀਆ ਕੇਂਦਰ ਹੈ
ਅਜਿਹੇ ਕਾਰਿਆਂ ਦਾ,
ਅਫਗਾਨੀ ਚੱਲੇ ਪਾਕਿਸਤਾਨ
ਟਰੱਕ ਓਵਰਲੋਡ ਕਰਤਾ।
ਤਾਲਿਬਾਨ ਨਿਤ ਪੰਗੇ ਕਰਦਾ
ਮੁਜਾਰਿਆਂ ਦਾ,
ਚੰਗੀ ਸਰਕਾਰ ਹੋਵੇ
ਲੁਕਾਈ ਦੀ ਭਲਾਈ ਦਾ ਧਰਤਾ।
ਰੁਝੇਵੇਂ 'ਚ ਰੱਖੋ ਦੇ ਕੇ ਰੁਜ਼ਗਾਰ,
ਅਮਨ ਸ਼ਾਂਤੀ 'ਚ,
ਲਾਓ ਪੂੰਜੀ ਜਿੰਨੀ ਸਰਦਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਵੱਸਦੇ ਰਸਦੇ ਦੇਸ਼ ਰਹਿਣ ਸਭ,
ਨਾ ਕਿਤੇ ਪੈਵਣ ਵੰਡੀਆਂ,
ਸਹਿਣਾ ਪਵੇ ਨਾ ਕਦੇ ਉਜਾੜਾ,
ਨਾ ਮਾਂ ਧੀ ਹੋਵਣ ਰੰਡੀਆਂ।
ਸੰਨ ਸੰਤਾਲੀ ਹਜੇ ਨਾ ਭੁੱਲਦਾ,
ਰਿਸਦੇ ਜ਼ਖ਼ਮ ਨਹੀਂ ਭਰਦੇ,
ਮਜ੍ਹਬਾਂ ਦਾ ਸਿਆਪਾ ਡਰਾਂਦਾ,
ਲੋਕ ਦੂਰੋਂ ਦੂਰੋਂ ਸਲਾਮਾਂ ਕਰਦੇ।
***-ਸੇਵਾ ਸਿੰਘ 'ਨੂਰਪੁਰੀ'***

---

ਸਰਕਾਰਾਂ ਦੇ ਕਾਰੇ
ਆਮ ਲੋਕ ਭੁਗਤਣ ਵਿਚਾਰੇ
ਜੰਗ ਲੱਗਦੀ ਦੇਖ
ਇਕੋ ਗੱਡੀ 'ਚ ਚੜ੍ਹ ਗਏ ਸਾਰੇ।
ਸਮਾਨ ਵਾਂਗ ਲੱਦ ਲਦਾ
ਭਾਲਣ ਤੁਰ ਪਏ ਨਵੇਂ ਟਿਕਾਣੇ।
***-ਅੰਮ੍ਰਿਤ ਰੰਧਾਵਾ***

---

ਉਜਾੜਾ, ਬਟਵਾਰਾ ਦੰਗੇ ਫ਼ਸਾਦ
ਪੈਦਾ ਕਰਦੇ ਡਰ ਸਹਿਮ
ਬੇਭਰੋਸਗੀ ਮਾਨਸਿਕ ਪੀੜਾ
ਨੱਠਦੇ ਭੱਜਦੇ ਇਕ ਦੂਜੇ ਤੋਂ ਅੱਗੇ
ਚੜ੍ਹ ਟਰੱਕ ਦੇ ਹਰ ਕੋਨੇ
ਲਟਕ ਲਟਕ ਆਸੇ ਪਾਸੇ
ਧੁਕੂੰ ਧੁਕੂੰ ਦਿਲ ਕਰਦਾ
ਕਿੱਥੇ ਪੁੱਜੂ ਟਰੱਕ
ਮੰਜ਼ਿਲ ਵੀ ਹੈ ਧੁੰਦਲੀ
ਮੂਸਾ ਭੱਜਿਆ ਮੌਤ ਤੋਂ
ਮੌਤ ਅੱਗੇ ਖੜ੍ਹੀ।
***-ਦਰਸ਼ਨ ਪਾਲ ਦੋਸਾਂਝ***


**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# A & I Transport Inc.


123 E Lee Rd Watsonville, CA Ph: 831-763-7805

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ, ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਜਦਾ।






ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- > ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- > 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

2019 ਮਾਡਲ ਦੇ ਨਵੇਂ ਨਕੋਰ ਟਰੱਕ



# ਸਿੱਖਾਂ ਦੀ ਕਰਬਲਾ - ਸਾਕਾ ਸਰਹਿੰਦ



ਕੌਮਾਂ ਜਿਉਂਦੀਆਂ ਨਾਲ਼ ਕੁਰਬਾਨੀਆਂ ਦੇ,
ਅਣਖ ਮਰੇ ਤੋਂ ਕੌਮ ਹੈ ਮਰ ਜਾਂਦੀ।
ਉਸ ਕੌਮ ਨੂੰ ਸਦਾ ਇਤਿਹਾਸ ਪੂਜੇ,
ਬਿਪਤਾ ਹੱਸ ਕੇ ਕੌਮ ਜੋ ਜਰ ਜਾਂਦੀ।

ਈਸਾਈ ਧਰਮ ਦੇ ਬਾਨੀ ਹਜ਼ਰਤ ਈਸਾ ਮਸੀਹ ਨੂੰ ਸੰਸਾਰ ਦੇ ਪਹਿਲੇ ਸ਼ਹੀਦ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਸਮੇਂ ਦੇ ਜ਼ਾਲਮ ਹਾਕਮਾਂ ਨੇ ਸੂਲ਼ੀ ਉੱਤੇ ਟੰਗ ਕੇ ਅਥਾਹ ਕਸ਼ਟ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਇਸਲਾਮ ਧਰਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਇਰਾਕ ਵਿਚ ਇੱਕ ਸਾਜ਼ਿਸ਼ ਤਹਿਤ ਦਰਿਆ ਫ਼ਰਾਤ ਦੇ ਕੰਢੇ ਕਰਬਲਾ ਦੇ ਮੈਦਾਨ ਵਿਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਕਰਬਲਾ ਦਾ ਮੈਦਾਨ ਉਹ ਸਥਾਨ ਹੈ, ਜਿੱਥੇ ਯਦੀਦ ਦੀਆਂ ਫ਼ੌਜਾਂ ਨੇ ਹਜ਼ਰਤ ਇਮਾਮ ਹੁਸੈਨ ਉੱਤੇ ਹਮਲਾ ਕਰ ਕੇ ਉਨ੍ਹਾਂ ਦੇ ਬਹੱਤਰ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਹੋਣ ਵਾਲਿਆਂ ਵਿਚ ਹਜ਼ਰਤ ਇਮਾਮ ਹੁਸੈਨ ਦੇ ਪਰਿਵਾਰ ਦੇ ਅਠਾਰਾਂ ਮੈਂਬਰ ਵੀ ਸ਼ਾਮਲ ਸਨ।



ਸ਼ਹਾਦਤ ਦੇ ਸਮੇਂ ਹਜ਼ਰਤ ਇਮਾਮ ਹੁਸੈਨ ਦੀ ਉਮਰ ਅਠਵੰਜਾ ਸਾਲ ਸੀ। ਜਦੋਂ ਕਿ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਹੋਣ ਵਾਲ਼ੇ ਉਨ੍ਹਾਂ ਦੇ ਦੋ

**ਡਾ. ਇਕਬਾਲ ਸਿੰਘ ਸਕਰੌਦੀ**
**ਫੋਨ: +91-84276-85020**

ਪੁੱਤਰਾਂ-ਅਲੀ ਅਕਬਰ ਦੀ ਅਠਾਰਾਂ ਅਤੇ ਅਲੀ ਅਸਗਰ ਦੀ ਉਮਰ ਕੇਵਲ ਛੇ ਮਹੀਨੇ ਦੀ ਸੀ। ਉਨ੍ਹਾਂ ਦੇ ਦੋ ਭਾਣਜੇ ਔਨ ਅਤੇ ਮੁਹੰਮਦ ਕ੍ਰਮਵਾਰ ਨੌਂ ਅਤੇ ਦਸ ਸਾਲ ਦੇ ਸਨ।

ਇਨ੍ਹਾਂ ਸਾਰੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਸ਼ੀਆ ਮੁਸਲਮਾਨਾਂ ਵੱਲੋਂ ਹਰ ਸਾਲ ਦਸ ਮੁਹੱਰਮ ਨੂੰ ਤਾਜ਼ੀਆ ਕੱਢਿਆ ਜਾਂਦਾ ਹੈ। ਇਸਲਾਮ ਦੇ ਪੈਰੋਕਾਰ ਆਪਣੇ ਇਤਿਹਾਸ ਵਿਚ ਮੁਹੱਰਮ ਦੇ ਮਹੀਨੇ ਨੂੰ ਬਹੁਤ ਹੀ ਅਫ਼ਸੋਸਨਾਕ ਸਮਾਂ ਮੰਨਦੇ ਹਨ। ਇੱਥੋਂ ਤੱਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫ਼ਿਰਕੇ ਨਾਲ਼ ਸੰਬੰਧਤ ਔਰਤਾਂ ਆਪਣੀਆਂ ਚੂੜੀਆਂ ਤੱਕ ਤੋੜ ਦਿੰਦੀਆਂ ਹਨ। ਉਹ ਚਾਲ਼ੀ ਦਿਨਾਂ ਤੱਕ ਕਿਸੇ ਪ੍ਰਕਾਰ ਦਾ ਹਾਰ ਸ਼ਿੰਗਾਰ ਵੀ ਨਹੀਂ ਕਰਦੀਆਂ। ਸੋਗ ਵਜੋਂ ਸਿਆਹ ਰੰਗ ਦੀ ਪੁਸ਼ਾਕ ਪਹਿਨਦੀਆਂ ਹਨ। ਚਾਲ਼ੀ ਦਿਨਾਂ ਤੱਕ ਕੋਈ ਖ਼ੁਸ਼ੀ ਨਹੀਂ ਮਨਾਈ ਜਾਂਦੀ। ਭੋਜਨ ਵੀ ਬਿਲਕੁਲ ਸਾਦਾ ਤਿਆਰ ਕੀਤਾ ਜਾਂਦਾ ਹੈ। ਇਹ ਸਮਾਂ ਗ਼ਮ-ਏ-ਹੁਸੈਨ ਦੇ ਤੌਰ 'ਤੇ ਅੰਤਾਂ ਦੀ ਉਦਾਸੀ, ਸਾਦਗੀ, ਹਲੀਮੀ ਵਿਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ। ਸ਼ੀਆ ਮੱਤ ਨੂੰ ਮੰਨਣ ਵਾਲ਼ੇ ਮੁਸਲਮਾਨ ਮਰਦ ਤਾਜ਼ੀਅਤ ਕੱਢਣ ਵੇਲੇ ਆਪਣੀਆਂ ਛਾਤੀਆਂ ਪਿੱਟ-ਪਿੱਟ ਕੇ 'ਯਾ-ਹੁਸੈਨ ਯਾ-ਹੁਸੈਨ' ਪੁਕਾਰਦੇ ਹੋਏ ਲਹੂ-ਲੁਹਾਣ ਹੋ ਜਾਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇੰਝ ਕਰਨ ਨਾਲ਼ ਉਹ ਇਨ੍ਹਾਂ ਸ਼ਹਾਦਤਾਂ ਨੂੰ ਲਹੂ ਦਾ ਨਜ਼ਰਾਨਾ ਭੇਟ ਕਰਦੇ ਹਨ।

ਕਰਬਲਾ ਦੇ ਮੈਦਾਨ ਦੇ ਇਸ ਦਰਦਨਾਕ ਮੰਜ਼ਰ ਨੂੰ ਉਰਦੂ ਫ਼ਾਰਸੀ ਜ਼ਬਾਨ ਦੇ ਮਹਾਨ ਕਵੀ ਮੁਹੰਮਦ ਇਕਬਾਲ ਇੰਝ ਬਿਆਨ ਕਰਦੇ ਹਨ -

"ਕਤਲ-ਏ-ਹੁਸੈਨ ਅਸਲ ਮੇਂ ਮਰਗ-ਏ-ਯਦੀਦ ਹੈ,
ਇਸਲਾਮ ਜ਼ਿੰਦਾ ਹੋਤਾ ਹੈ ਹਰ 'ਕਰਬਲਾ' ਕੇ ਬਾਅਦ।"

ਜਦੋਂ ਅਸੀਂ ਸਿੱਖ ਧਰਮ ਦੇ ਇਤਿਹਾਸ ਦੇ ਰੂਬਰੂ ਹੁੰਦੇ ਹਾਂ ਤਾਂ ਸ਼ਹਾਦਤਾਂ ਦੀ ਇੱਕ ਲੰਮੀ ਲੜੀ ਸਾਡੇ ਸਾਹਮਣੇ ਸਾਕਾਰ ਹੋ ਜਾਂਦੀ ਹੈ।

ਜਿਸ ਵਿਚ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸਮੇਂ ਦੀ ਮੁਗ਼ਲ ਹਕੂਮਤ ਨੇ ਇਸ ਲਈ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਸੀ, ਕਿਉਂ ਜੋ ਉਨ੍ਹਾਂ ਨੇ ਆਪਣੀ ਰਚੀ ਬਾਣੀ ਤੋਂ ਇਲਾਵਾ ਆਪਣੇ ਤੋਂ ਪਹਿਲਾਂ ਹੋਏ ਚਾਰ ਸਿੱਖ ਗੁਰੂ ਸਾਹਿਬਾਨ ਦੀ ਬਾਣੀ, ਸੂਫ਼ੀ ਸੰਤਾਂ ਦਰਵੇਸ਼ਾਂ ਦੀ ਬਾਣੀ, ਹਿੰਦੂ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਇੱਕ ਜਗ੍ਹਾ ਇਕੱਤਰ ਕਰਕੇ "ਆਦਿ ਗ੍ਰੰਥ" ਦੀ ਸੰਪਾਦਨਾ ਦੇ ਕਾਰਜ ਨੂੰ ਸੰਪੂਰਨ ਕਰਵਾਇਆ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਇਸ ਮਹਾਨ ਕਾਰਜ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਨਿਮਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖ਼ੀ ਲਈ, ਮਾਨਵਤਾ ਨੂੰ ਬਚਾਉਣ ਲਈ, ਜ਼ਬਰ-ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਆਪਣਾ ਬਲੀਦਾਨ ਦੇ ਦਿੱਤਾ ਤਾਂ ਜੋ ਸਮਾਜ ਵਿਚ ਸੱਚੀਆਂ ਸੁੱਚੀਆਂ ਉੱਚੀਆਂ ਕਦਰਾਂ-ਕੀਮਤਾਂ ਸਥਾਪਤ ਹੋ ਸਕਣ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਦੀ ਧਰਮ ਦੀ ਰੱਖਿਆ ਹਿੱਤ ਦਿੱਲੀ ਵਿਚ ਦਿੱਤੀ ਲਾਸਾਨੀ ਸ਼ਹਾਦਤ ਨੂੰ 'ਸਾਕਾ' ਕਹਿੰਦੇ ਹੋਏ ਲਿਖਿਆ ਹੈ -

"ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥"

ਗੁਰੂ ਤੇਗ਼ ਬਹਾਦਰ ਜੀ ਨਾਲ਼ ਹੀ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਨੂੰ ਵੀ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਦੇ ਕਾਰਨ ਉਸ ਸੰਦਰਭ ਵਿਚ ਪਏ ਹਨ, ਜਿਹੜਾ ਪਹਾੜੀ ਰਾਜਿਆਂ ਅਤੇ ਮੁਗ਼ਲ ਸਲਤਨਤ ਦੀਆਂ ਸਾਂਝੀਆਂ ਫ਼ੌਜਾਂ ਨੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾਇਆ ਹੋਇਆ ਸੀ।

ਇਤਿਹਾਸਕ ਹਵਾਲਿਆਂ ਅਨੁਸਾਰ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਮਈ 1704 ਈਸਵੀ ਨੂੰ ਆਨੰਦਪੁਰ ਦੇ ਕਿਲ੍ਹੇ ਨੂੰ ਘੇਰਿਆ ਸੀ। ਇਸ ਪ੍ਰਕਾਰ ਖ਼ਾਲਸਾ ਫ਼ੌਜਾਂ ਅਤੇ ਦੁਸ਼ਮਣਾਂ ਦਰਮਿਆਨ ਸੱਤ ਮਹੀਨੇ ਤੋਂ ਵੱਧ ਸਮੇਂ ਤੱਕ ਲੜਾਈ ਚੱਲਦੀ ਰਹੀ। ਇੰਨੇ ਲੰਮੇ ਸਮੇਂ ਦੌਰਾਨ ਕਿਲ੍ਹੇ ਅੰਦਰ ਸਿੱਖ ਫ਼ੌਜਾਂ ਕੋਲ ਰਸਦ ਪਾਣੀ ਖ਼ਤਮ ਹੋਣ 'ਤੇ ਆ ਗਿਆ। ਇਸੇ ਚਲਦੀ ਲੜਾਈ ਦੌਰਾਨ ਭੁੱਖ ਅਤੇ ਤ੍ਰੇਹ ਤੋਂ ਆਤੁਰ ਹੋਏ ਚਾਲ਼ੀ ਸਿੰਘ ਦਸਮੇਸ਼ ਪਿਤਾ ਨੂੰ ਬੇਦਾਵਾ ਲਿਖ ਕੇ ਕਿਲ੍ਹੇ 'ਚੋਂ ਬਾਹਰ ਨਿਕਲ ਗਏ ਸਨ।

ਦੂਜੇ ਪਾਸੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਲਸ਼ਕਰ ਵੀ ਇੰਨੀ ਲੰਮੀ ਲੜਾਈ ਕਰਕੇ ਥੱਕ-ਟੁੱਟ ਚੁੱਕੇ ਸਨ। ਉਨ੍ਹਾਂ ਵੱਲੋਂ ਗਊਆਂ ਅਤੇ ਪਵਿੱਤਰ ਗ੍ਰੰਥ ਕੁਰਾਨ ਸ਼ਰੀਫ਼ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਕਿਲ੍ਹਾ ਖ਼ਾਲੀ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇਣ ਦਾ ਵਾਅਦਾ ਕੀਤਾ ਗਿਆ। ਗੁਰੂ ਸਾਹਿਬ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਚਾਲਾਂ ਤੋਂ ਬਾਖ਼ੂਬੀ ਚੇਤੰਨ ਸਨ। ਪਰੰਤੂ ਜਦੋਂ ਪੰਜ ਪਿਆਰਿਆਂ ਨੇ ਦਸਮੇਸ਼ ਪਿਤਾ ਨੂੰ ਕਿਲ੍ਹਾ ਖ਼ਾਲੀ ਕਰਨ ਲਈ ਹੁਕਮਨਾਮਾ ਜਾਰੀ ਕੀਤਾ ਤਾਂ ਉਹ ਕਿਲ੍ਹਾ ਖ਼ਾਲੀ ਕਰਨ ਲਈ ਮਜਬੂਰ ਹੋ ਗਏ।

ਆਖ਼ਰ ਵਿਚ ਦਸਮੇਸ਼ ਪਿਤਾ ਖ਼ਾਲਸਾ ਫ਼ੌਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਛੇ ਪੋਹ ਦੀ ਰਾਤ ਨੂੰ ਆਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਕੇ ਰੋਪੜ ਵੱਲ ਚਾਲੇ ਪਾ ਦਿੱਤੇ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪਿੱਛੇ ਤੋਂ ਕਾਫ਼ਲੇ ਦੀ ਸੁਰੱਖਿਆ ਦੀ ਕਮਾਨ ਸੌਂਪੀ ਗਈ। ਸਾਰਾ ਵਹੀਰ ਸਰਸਾ ਨਦੀ ਦੇ ਕੰਢੇ 'ਤੇ ਪਹੁੰਚਿਆ।

ਆਨੰਦਪੁਰ ਤੋਂ ਹੀ ਪਿੱਛਾ ਕਰਦੀਆਂ ਆ ਰਹੀਆਂ ਮੁਗ਼ਲ ਫ਼ੌਜਾਂ ਨੇ ਫ਼ਿਰ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਬਹੁਤ ਜ਼ਿਆਦਾ ਪਾਣੀ ਚੜ੍ਹਿਆ ਹੋਇਆ ਸੀ। ਸਰਸਾ ਦੇ ਕੰਢੇ 'ਤੇ ਹੀ ਖ਼ਾਲਸਾ ਫ਼ੌਜਾਂ ਦੀ ਦੁਸ਼ਮਣਾਂ ਨਾਲ਼ ਬੜੀ ਗਹਿ-ਗੱਚ ਲੜਾਈ ਹੋਈ। ਇਸ ਅਚਾਨਕ ਪਿੱਛੇ ਤੋਂ ਹੋਏ ਹਮਲੇ ਕਾਰਨ ਬਹੁਤ ਵੱਡੀ ਗਿਣਤੀ ਵਿਚ ਸਿੱਖ ਫ਼ੌਜੀ ਸ਼ਹੀਦ ਹੋ ਗਏ।

ਸਿੱਖ ਧਰਮ ਨਾਲ਼ ਸੰਬੰਧਿਤ ਬੇਸ਼ਕੀਮਤੀ ਸਾਹਿਤ ਸਰਸਾ ਨਦੀ ਦੇ ਤੇਜ਼ ਵਹਾਅ ਵਿਚ ਵਹਿ ਗਿਆ। ਇਸੇ ਸਥਾਨ 'ਤੇ ਦਸਮੇਸ਼ ਪਿਤਾ ਦਾ ਸਮੁੱਚਾ ਪਰਿਵਾਰ ਖੇਰੂੰ-ਖੇਰੂੰ ਹੋ ਕੇ ਬਿਖਰ ਗਿਆ।

ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਦੇ ਜਥੇ ਨਾਲ਼ ਰੋਪੜ ਵੱਲ ਚੱਲ ਪਏ। ਬੀਬੀ ਬੀਬੋ ਅਤੇ ਬੀਬੀ ਭਾਗੋ ਉਨ੍ਹਾਂ ਨਾਲ਼ ਦੋ ਸੇਵਿਕਾਵਾਂ ਵੀ ਸਨ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਚਾਲ਼ੀ ਸਿੰਘ ਚਮਕੌਰ ਵੱਲ ਚੱਲ ਪਏ।

ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਵੱਖਰੇ ਪਹਾੜੀ ਰਾਹਾਂ 'ਤੇ ਚੱਲਦੇ ਹੋਏ ਅੱਗੇ ਵਧਣ ਲੱਗੇ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਉੱਤੋਂ ਲਗਾਤਾਰ ਹੋ ਰਹੀ ਬਰਸਾਤ ਵਿਚ ਭਿੱਜਦੇ ਹੋਏ ਦੋ ਛੋਟੇ ਛੋਟੇ ਮਾਸੂਮ ਬਾਲ ਦਾਦੀ ਮਾਂ ਦੀ ਉਂਗਲੀ ਫੜ ਕੇ ਜੰਗਲਾਂ ਵਿਚੋਂ ਦੀ ਹੁੰਦੇ ਹੋਏ ਹਨੇਰੇ ਵਿਚ ਲਗਾਤਾਰ ਤੁਰਦੇ ਹੋਏ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤੈਅ ਕਰਦੇ ਹੋਏ ਜਾ ਰਹੇ ਸਨ। ਜਦੋਂ ਮੁਸ਼ਕਲ ਪੈਂਡਿਆਂ 'ਤੇ ਚੱਲਦੇ ਹੋਏ ਮਾਸੂਮ ਬਾਲ ਦਾਦੀ ਮਾਂ ਨੂੰ ਸਵਾਲ ਕਰਦੇ ਹਨ ਤਾਂ ਉਸ ਸਮੇਂ ਦੇ ਦ੍ਰਿਸ਼ ਨੂੰ ਮਹਾਨ ਲਿਖਾਰੀ ਅੱਲ੍ਹਾ ਯਾਰ ਖਾਂ ਜੋਗੀ ਆਪਣੇ ਵੈਰਾਗਮਈ ਸ਼ਬਦਾਂ ਵਿਚ ਬਿਆਨ ਕਰਦਾ ਹੋਇਆ ਇੰਝ ਲਿਖਦਾ ਹੈ-

"ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ।
ਦਰਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ।
ਤੜਪਾ ਕੇ ਹਾਇ ਸੂਰਤ ਮਾਹੀ ਕਿਧਰ ਗਏ।
ਅੱਬਾ ਭਗਾ ਕੇ ਲਸ਼ਕਰਿ ਸ਼ਾਹੀ ਕਿਧਰ ਗਏ।"

ਇਤਿਹਾਸਕਾਰਾਂ ਅਨੁਸਾਰ ਮਾਤਾ ਗੁਜਰੀ ਜੀ ਪਰਿਵਾਰ ਤੋਂ ਵਿਛੜ ਕੇ ਸਰਸਾ ਨਦੀ ਦੇ ਕੰਢੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ 'ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿਚ ਮਿਲ ਜਾਂਦੀ ਹੈ। ਸਰਸਾ ਅਤੇ ਸਤਲੁਜ ਦੇ ਇਸ ਸਾਂਝੇ ਪੱਤਣ ਉੱਤੇ ਕੁੰਮਾ ਨਾਂ ਦੇ ਮਾਸ਼ਕੀ ਦੀ ਕੱਖਾਂ-ਕਾਨਿਆਂ ਦੀ ਬਣੀ ਹੋਈ ਛੋਟੀ ਜਿਹੀ ਇੱਕ ਝੁੱਗੀ ਸੀ। ਬਿੱਖੜੇ ਰਾਹਾਂ 'ਤੇ ਤੁਰਦੇ ਹੋਏ ਮਾਤਾ ਗੁਜਰੀ ਜੀ ਦੋਵੇਂ ਪੋਤਿਆਂ ਨਾਲ਼ ਇਸ ਝੁੱਗੀ ਵਿਚ ਪੁੱਜਦੇ ਹਨ। ਕੁੰਮਾ ਮਾਸ਼ਕੀ ਨੇਕ ਅਤੇ ਰੱਬ ਦਾ ਖ਼ੌਫ਼ ਖਾਣ ਵਾਲ਼ਾ ਇਨਸਾਨ ਸੀ। ਉਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਪਣੀ ਛੰਨ ਵਿਚ ਵਿਸ਼ਰਾਮ ਕਰਨ ਦੀ ਬੇਨਤੀ ਕੀਤੀ। ਇਸ ਪ੍ਰਕਾਰ ਉਹ ਰਾਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿਚ ਗੁਜ਼ਾਰੀ।

ਨੇੜਲੇ ਪਿੰਡ ਵਿਚ ਰਹਿੰਦੀ ਲੱਛਮੀ ਨਾਂ ਦੀ ਇੱਕ ਬ੍ਰਾਹਮਣ ਇਸਤਰੀ ਕੋਲੋਂ ਕੁੰਮਾ ਮਾਸ਼ਕੀ ਭੋਜਨ ਲੈ ਕੇ ਆਇਆ। ਉਸ ਔਰਤ ਨੇ ਠੰਢ ਤੋਂ ਬਚਣ ਲਈ ਉਸ ਨੂੰ ਕੁਝ ਗਰਮ ਕੱਪੜੇ ਵੀ ਦਿੱਤੇ। ਅਗਲੇ ਦਿਨ ਚੜ੍ਹੇ ਲੱਛਮੀ ਆਪ ਭੋਜਨ ਤਿਆਰ ਕਰ ਕੇ ਲੈ ਕੇ ਆਈ। ਉਸ ਨੇ ਆਪਣੇ ਹੱਥੀਂ ਕੁੰਮੇ ਮਾਸ਼ਕੀ ਸਮੇਤ ਚਾਰਾਂ ਨੂੰ ਭੋਜਨ ਛਕਾਇਆ।

ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਾਹਮਣ ਵੀ ਕੁੰਮੇ ਮਾਸ਼ਕੀ ਦੀ ਝੌਂਪੜੀ ਵਿਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ ਸੀ। ਇਸ ਦਾ ਜ਼ਿਕਰ "ਪੋਹ ਦੀਆਂ ਰਾਤਾਂ" ਪੁਸਤਕ ਵਿਚ ਕੀਤਾ ਗਿਆ ਮਿਲਦਾ ਹੈ। ਇਹ ਛੰਨ ਵਾਲ਼ਾ ਸਥਾਨ ਵੀ ਪਿੰਡ ਚੱਕ ਢੇਰਾ ਜ਼ਿਲ੍ਹਾ ਰੋਪੜ ਵਿਚ ਹੀ ਹੈ।

ਮਾਤਾ ਗੁਜਰੀ, ਦੋਵੇਂ ਸਾਹਿਬਜ਼ਾਦਿਆਂ, ਗੰਗੂ ਅਤੇ ਇੱਕ ਖ਼ੱਚਰ ਨੂੰ ਆਪਣੀ ਬੇੜੀ ਵਿਚ ਬਿਠਾ ਕੇ ਕੁੰਮਾ ਮਾਸ਼ਕੀ ਸਤਲੁਜ ਦਰਿਆ ਦੇ ਕੰਢੇ ਪਿੰਡ ਚੱਕ ਢੇਰਾ ਲੈ ਆਇਆ। ਮਾਤਾ ਗੁਜਰੀ ਨੇ ਇੱਥੋਂ ਜਾਣ ਸਮੇਂ ਲੱਛਮੀ ਨੂੰ ਦੋ ਮੁਹਰਾਂ ਦੇ ਮੁੱਲ ਵਾਲ਼ੀ ਕੀਮਤੀ ਆਰਸੀ ਅਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ ਪੰਜ ਰੁਪਏ ਦਿੱਤੇ।

ਇੱਥੋਂ ਹੀ ਗੰਗੂ ਮਾਤਾ ਗੁਜਰੀ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ਼ ਲੈ ਗਿਆ ਸੀ। ਮਾਤਾ ਜੀ ਕੋਲ ਬਹੁਤ ਜ਼ਿਆਦਾ ਧੰਨ ਦੌਲਤ ਵੇਖ ਕੇ ਉਸ ਦਾ ਮਨ ਡੋਲ ਗਿਆ। ਉਹ ਲਾਲਚ ਵੱਸ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਸ ਸਥਾਨ ਤੋਂ ਜੰਗਲ ਬੀਆਬਾਨਾਂ ਵਿਚ ਘੁਮਾਉਂਦਾ ਹੋਇਆ ਪਿੰਡ ਕਾਈਨੌਰ ਪੁੱਜ ਗਿਆ, ਜੋ ਹੁਣ ਮੋਰਿੰਡੇ ਦੇ ਨੇੜੇ ਰੋਪੜ ਜ਼ਿਲ੍ਹੇ ਵਿਚ ਸਥਿਤ ਹੈ। ਇੱਥੇ ਉਨ੍ਹਾਂ ਇੱਕ ਤਲਾਅ ਉੱਤੇ ਸੰਘਣੀ ਝਿੜੀ ਵਿਚ ਰਾਤ ਗੁਜ਼ਾਰੀ। ਅਗਲੇ ਦਿਨ ਗੰਗੂ ਉਨ੍ਹਾਂ ਤਿੰਨਾਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਮਾਤਾ ਗੁਜਰੀ ਜੀ ਕੋਲ ਕੁਝ ਗਹਿਣੇ ਅਤੇ ਸੋਨੇ ਦੀਆਂ ਮੋਹਰਾਂ ਇੱਕ ਪੋਟਲੀ ਵਿਚ ਬੰਨ੍ਹੇ ਹੋਏ ਸਨ। ਬੱਸ ਇਨ੍ਹਾਂ ਗਹਿਣਿਆਂ, ਹੀਰਿਆਂ, ਮੋਹਰਾਂ ਦੀ ਚਮਕ ਨੇ ਗੰਗੂ ਨੂੰ ਅੰਨ੍ਹਾ ਕਰ ਦਿੱਤਾ। ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਹੀਰੇ-ਜਵਾਹਰਾਤਾਂ ਤੋਂ ਵੀ ਵੱਧ ਸੋਹਣੇ ਛੋਟੇ ਸਾਹਿਬਜ਼ਾਦਿਆਂ ਦੀ ਮੌਤ ਦਾ ਕਾਰਨ ਬਣਿਆ।

ਬੇਸ਼ੱਕ ਉਹ ਗੁਰੂ ਘਰ ਦਾ ਰਸੋਈਆ ਰਹਿ ਚੁੱਕਾ ਸੀ। ਪਰੰਤੂ ਲਾਲਚ ਵਿਚ ਆ ਕੇ ਉਸ ਨੂੰ ਗੁਰੂ ਦੁਆਰਾ ਕੀਤੇ ਸਾਰੇ ਉਪਕਾਰ ਵਿੱਸਰ ਗਏ। ਗੰਗੂ ਨੇ ਸਹੇੜੀ ਦੇ ਚੌਧਰੀ ਨਾਲ਼ ਜਾ ਕੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਮੋਰਿੰਡੇ ਦੇ ਰੰਗੜ ਕਪਤਾਨ ਨੂੰ ਦੇ ਦਿੱਤੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਤੋਂ ਇਨਾਮ ਹਾਸਲ ਕਰਨ ਲਈ ਇਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਅਤੇ ਦਾਦੀ ਮਾਂ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਠੰਢੇ ਬੁਰਜ ਵਿਚ ਕੈਦ ਕਰ ਕੇ ਰੱਖਿਆ ਗਿਆ। ਇਸ ਬੁਰਜ ਦੇ ਚਾਰ ਥੰਮ੍ਹ ਸਨ। ਉੱਪਰ ਛੱਤ ਵੀ ਕੋਈ ਨਹੀਂ ਸੀ। ਲੋਹੇ ਦੇ ਸਰੀਏ ਵਾਲ਼ੇ ਬੜੇ ਵੱਡੇ-ਵੱਡੇ ਦਰਵਾਜੇ ਸਨ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘਦੀ ਸੀ। ਪਰੰਤੂ ਸ਼ਹੀਦ ਦਾਦੇ ਗੁਰੂ ਤੇਗ਼ ਬਹਾਦਰ ਦੇ ਪੋਤੇ, ਬਹਾਦਰ ਸੂਰਬੀਰ ਯੋਧੇ ਗੁਰੂ ਗੋਬਿੰਦ ਸਿੰਘ ਦੇ ਲਾਲ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਵਿਚ ਬੈਠੇ ਬਹਾਦਰਾਂ, ਸੂਰਬੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀਆਂ ਲਾਸਾਨੀ ਸ਼ਹਾਦਤਾਂ ਨਾਲ਼ ਸੰਬੰਧਿਤ ਬਾਤਾਂ ਅਤੇ ਕਹਾਣੀਆਂ ਸੁਣ ਕੇ ਆਪਣੇ ਇਰਾਦਿਆਂ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਬਣਾ ਰਹੇ ਸਨ।

ਮਖ਼ਮਲੀ ਬਿਸਤਰਿਆਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਪਦਾਰਥ ਖਾਣ ਵਾਲ਼ੇ ਅੱਜ ਭੁੱਖਣ-ਭਾਣੇ ਠੰਢੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਅੱਖਾਂ ਵਿਚ ਤੱਕ ਰਹੇ ਸਨ। ਮਾਤਾ ਗੁਜਰੀ ਦੀਆਂ ਗੱਲਾਂ ਸੱਚ ਦੇ ਰਾਹ 'ਤੇ ਤੁਰੇ ਪਾਂਧੀਆਂ ਨੂੰ ਰਸਤੇ ਵਿਚ ਆਉਣ ਵਾਲ਼ੀਆਂ ਔਕੜਾਂ, ਮੁਸ਼ਕਲਾਂ, ਦੁਸ਼ਵਾਰੀਆਂ, ਮੁਸੀਬਤਾਂ ਨੂੰ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਖਿੜੇ ਮੱਥੇ ਬਰਦਾਸ਼ਤ ਕਰਨ ਦੀ ਸਿੱਖਿਆ ਦਿੰਦੀਆਂ ਸਨ।

ਮਾਂ ਗੁਜਰੀ ਉਨ੍ਹਾਂ ਬਾਲਾਂ ਨੂੰ ਸਮਝਾ ਰਹੀ ਸੀ ਕਿ ਬੱਚਿਓ! ਤੁਸੀਂ ਆਪਣੇ ਦਾਦੇ ਦੀ ਚਿੱਟੀ ਪਗੜੀ ਨੂੰ ਹੋਰ ਜ਼ਿਆਦਾ ਚਮਕਾਇਓ। ਜੇਕਰ ਜਾਨ 'ਤੇ ਵੀ ਆਣ ਪਵੇ ਤਾਂ ਵੀ ਸੀਸ ਬੇਸ਼ੱਕ ਕਟਵਾ ਦਿਓ, ਪਰੰਤੂ ਆਪਣੇ ਧਰਮ, ਕੌਮ, ਦੇਸ਼ ਨੂੰ ਕਦੀ ਵੀ ਪਿੱਠ ਨਹੀਂ ਦਿਖਾਉਣੀ। ਮਾਂ ਗੁਜਰੀ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ ਦੋਵੇਂ ਸਾਹਿਬਜ਼ਾਦਿਆਂ ਨੇ ਕਿਹਾ, "ਦਾਦੀ ਮਾਂ, ਅਸੀਂ ਸਿਰ ਦੇ ਕੇ ਵੀ ਸਿਦਕ ਬਚਾਵਾਂਗੇ।"

ਆਖ਼ਰ ਉਹ ਮਨਹੂਸ ਦਿਨ ਚੜ੍ਹਿਆ, ਜਦੋਂ ਪਹਿਲੀ ਵਾਰੀ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਣਾ ਸੀ। ਉਸ ਸਮੇਂ ਦਾ ਵਰਨਣ ਅੱਲਾ ਯਾਰ ਖਾਂ ਜੋਗੀ ਆਪਣੀ ਰਚਨਾ "ਸ਼ਹੀਦਾਨਿ ਵਫ਼ਾ" ਵਿਚ ਇਸ ਤਰ੍ਹਾਂ ਕਰਦਾ ਹੈ -

"ਜਾਨੇ ਸੇ ਪਹਲੇ ਆਓ ਗਲੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਜਰਾ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀਂ ਸੀ ਕਲਗ਼ੀ ਸਜਾ ਤੋ ਲੂੰ,
ਮਰਨ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।

ਅਗਲੇ ਦਿਨ ਸਵੇਰੇ-ਸਵੇਰੇ ਮੁਗ਼ਲ ਬਾਦਸ਼ਾਹ ਦੇ ਸਿਪਾਹੀ ਦੋਵਾਂ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕਰਨ ਲਈ ਲੈਣ ਆ ਗਏ। ਮਾਤਾ ਗੁਜਰੀ ਨੇ ਦੋਵਾਂ ਪੋਤਿਆਂ ਨੂੰ ਗ਼ਲੇ ਨਾਲ਼ ਲਗਾ ਕੇ ਪਿਆਰ ਅਤੇ ਨਿੱਘ ਦਿੱਤਾ। ਸਾਹਿਬਜ਼ਾਦੇ ਬੜੇ ਉਤਸ਼ਾਹ ਨਾਲ਼ ਸਿਪਾਹੀਆਂ ਨਾਲ਼ ਚੱਲ ਪਏ। ਜਿਉਂ ਹੀ ਬਾਲ ਦਰਬਾਰ ਦੇ ਬਾਹਰ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਦਰਬਾਰ ਹਾਲ ਦਾ ਵੱਡਾ ਗੇਟ ਬੰਦ ਕੀਤਾ ਹੋਇਆ ਸੀ। ਸਾਰੇ ਲੋਕ ਇੱਕ ਬਹੁਤ ਹੀ ਛੋਟੀ ਖਿੜਕੀ ਰਾਹੀਂ ਸਿਰ ਝੁਕਾਅ ਕੇ ਅੰਦਰ ਜਾ ਰਹੇ ਸਨ। ਇਹ ਮੁਗ਼ਲ ਦਰਬਾਰ ਦੇ ਇੱਕ ਝੋਲੀਚੁੱਕ ਦੀਵਾਨ ਸੁੱਚਾ ਨੰਦ ਦੀ ਇੱਕ ਚਾਲ ਸੀ। ਉਸ ਦੇ ਮਨ ਵਿਚ ਇਹ ਬਦਨੀਤੀ ਸੀ ਕਿ ਜਦੋਂ ਸਾਹਿਬਜ਼ਾਦੇ ਦਰਬਾਰ ਦੇ ਅੰਦਰ ਦਾਖ਼ਲ ਹੋਣ ਤਾਂ ਉਨ੍ਹਾਂ ਦੇ ਸਿਰ ਨਵਾਬ ਦੇ ਸਾਹਮਣੇ ਝੁਕ ਜਾਣ। ਪਰੰਤੂ ਦਾਦੀ ਮਾਂ ਵੱਲੋਂ ਮਿਲੀ ਸਿੱਖਿਆ ਅਨੁਸਾਰ ਸਾਹਿਬਜ਼ਾਦੇ ਉਸ ਚਾਲ ਨੂੰ ਸਮਝ ਗਏ। ਜਦੋਂ ਦੋਵੇਂ ਬਾਲ ਅੰਦਰ ਦਾਖ਼ਲ ਹੋਣ ਲੱਗੇ ਤਾਂ ਉਨ੍ਹਾਂ ਨੇ ਬਿਨਾਂ ਸੀਸ ਝੁਕਾਏ ਪਹਿਲਾਂ ਆਪਣੇ ਪੈਰ ਛੋਟੀ ਖਿੜਕੀ ਦੇ ਅੰਦਰ ਰੱਖੇ। ਸਾਹਿਬਜ਼ਾਦਿਆਂ ਦੀ ਸੂਝ-ਬੂਝ ਭਰੀ ਲਿਆਕਤ ਨੂੰ ਵੇਖ ਕੇ ਦੀਵਾਨ ਸੁੱਚਾ ਨੰਦ ਅਤੇ ਵਜ਼ੀਰ ਖਾਂ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ। ਪਰੰਤੂ ਉਹ ਕੇਵਲ ਦੰਦ ਪੀਹ ਕੇ ਰਹਿ ਗਏ।

ਜਿਉਂ ਹੀ ਸਾਹਿਬਜ਼ਾਦਿਆਂ ਨੇ ਦਰਬਾਰ ਵਿਚ ਪ੍ਰਵੇਸ਼ ਕੀਤਾ, ਉਨ੍ਹਾਂ ਨੇ ਸਾਰੇ ਦਰਬਾਰੀਆਂ ਦੇ ਸਾਹਮਣੇ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ" ਦਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਦੇ ਇਸ ਨਿਡਰ ਅਤੇ ਬੇਖ਼ੌਫ਼ ਰਵੱਈਏ ਨੂੰ ਵੇਖ ਕੇ ਦਰਬਾਰੀ ਬਹੁਤ ਪ੍ਰਭਾਵਿਤ ਹੋਏ। ਤਦ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਸਾਹਮਣੇ ਝੁਕਣ ਲਈ ਆਖਿਆ। ਸਾਹਿਬਜ਼ਾਦਿਆਂ ਨੇ ਉੱਤਰ ਦਿੱਤਾ, "ਅਸੀਂ ਕੇਵਲ ਸਰਬ ਸ਼ਕਤੀਮਾਨ ਪ੍ਰਭੂ ਨੂੰ ਪ੍ਰਣਾਮ ਕਰਦੇ ਹਾਂ। ਕਿਸੇ ਇਨਸਾਨ ਨੂੰ ਨਹੀਂ ਕਰਦੇ।"

ਨਵਾਬ ਵਜ਼ੀਰ ਖਾਂ ਨੇ ਕਾਜ਼ੀ ਨੂੰ ਆਖਿਆ, "ਕਾਜ਼ੀ ਸਾਹਿਬ, ਤੁਸੀਂ ਇਨ੍ਹਾਂ ਲੜਕਿਆਂ ਦਾ ਵਿਵਹਾਰ ਨੋਟ ਕੀਤਾ। ਇਹ ਇੱਕ ਵਿਦਰੋਹੀ ਬਾਪ ਦੇ ਵਿਦਰੋਹੀ ਬੇਟੇ ਹਨ। ਇਨ੍ਹਾਂ ਦੇ ਇਸ ਅਪਰਾਧ ਦੀ ਸਜ਼ਾ ਇਨ੍ਹਾਂ ਨੂੰ ਦੇਣੀ ਹੀ ਚਾਹੀਦੀ ਹੈ।" ਬੇਸ਼ੱਕ ਕਾਜ਼ੀ ਦੋਵੇਂ ਸਾਹਿਬਜ਼ਾਦਿਆਂ ਨੂੰ ਮੌਤ ਦੀ ਸਜ਼ਾ ਸੁਣਾ ਕੇ ਵਜ਼ੀਰ ਖਾਂ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਪਰੰਤੂ ਉਹ ਮਜਬੂਰ ਸੀ। ਕਿਉਂਕਿ ਇਸਲਾਮੀ ਸ਼ਰਾ ਦੇ ਅਨੁਸਾਰ ਦੋਵੇਂ ਬੱਚੇ ਕਿਸੇ ਵੀ ਅਪਰਾਧ ਵਿਚ ਦੋਸ਼ੀ ਨਹੀਂ ਸਨ। ਇਸ ਲਈ ਕਾਜ਼ੀ ਨੇ ਵਜ਼ੀਰ ਖਾਂ ਨੂੰ ਸਲਾਹ ਦਿੱਤੀ, "ਜਨਾਬ! ਜੇਕਰ ਤੁਸੀਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਰਾਜ਼ੀ ਕਰ ਲਵੋ ਤਾਂ ਇਸਲਾਮੀ ਕਾਨੂੰਨ ਨੂੰ ਤੋੜੇ ਬਿਨਾਂ ਤੁਹਾਡਾ ਮਕਸਦ ਵੀ ਪੂਰਾ ਹੋ ਜਾਵੇਗਾ, ਨਾਲ਼ ਹੀ ਇਹ ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਹਾਰ ਹੋਵੇਗੀ।"

ਤਦ ਵਜ਼ੀਰ ਖਾਂ ਨੇ ਬਹੁਤ ਹੀ ਪਿਆਰ, ਸਨੇਹ ਅਤੇ ਖ਼ਲੂਸ ਭਰੇ ਸ਼ਬਦਾਂ ਵਿਚ ਸਾਹਿਬਜ਼ਾਦਿਆਂ ਨੂੰ ਆਖਿਆ, "ਦੇਖੋ ਬੱਚਿਓ! ਜੇਕਰ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋਗੇ ਤਾਂ ਤੁਸੀਂ ਜੋ ਮੰਗੋਗੇ, ਤੁਹਾਨੂੰ ਉਹੀ ਦੇ ਦਿੱਤਾ ਜਾਵੇਗਾ।" ਦੋਨੋਂ ਸਾਹਿਬਜ਼ਾਦੇ ਇਕੱਠੇ ਬੋਲੇ, "ਨਵਾਬ ਵਜ਼ੀਰ ਖਾਂ, ਜਿਵੇਂ ਤੁਹਾਨੂੰ ਆਪਣਾ ਦੀਨ ਪਿਆਰਾ ਹੈ, ਸਾਨੂੰ ਵੀ ਆਪਣੀ ਸਿੱਖੀ ਬਹੁਤ ਪਿਆਰੀ ਹੈ। ਅਸੀਂ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਨਹੀਂ ਛੱਡਾਂਗੇ।"

ਉੱਤਰ ਸੁਣ ਕੇ ਨਵਾਬ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਸਾਹਿਬਜ਼ਾਦਿਆਂ ਨੂੰ ਡਰਾਉਣ ਅਤੇ ਭੈਭੀਤ ਕਰਨ ਲਈ ਆਖਿਆ, "ਆਨੰਦਪੁਰ ਵਿਚ ਤੁਹਾਡਾ ਘਰ ਢਹਿ-ਢੇਰੀ ਹੋ ਚੁੱਕਾ ਹੈ। ਉਹ ਕਿਲ੍ਹਾ ਵੀ ਤਬਾਹ ਕੀਤਾ ਜਾ ਚੁੱਕਾ ਹੈ। ਤੁਹਾਡੇ ਦੋਵੇਂ ਵੱਡੇ ਭਰਾ ਚਮਕੌਰ ਦੀ ਗੜ੍ਹੀ ਵਿਚ ਮਾਰੇ ਜਾ ਚੁੱਕੇ ਹਨ। ਬਹੁਤ ਜਲਦੀ ਅਸੀਂ ਤੁਹਾਡੇ ਪਿਤਾ ਗੋਬਿੰਦ ਸਿੰਘ ਨੂੰ ਵੀ ਫ਼ੜ ਕੇ ਜੇਲ੍ਹ ਵਿਚ ਬੰਦ ਕਰ ਦਿਆਂਗੇ। ਹੁਣ ਤੁਹਾਡਾ ਕੋਈ ਸਹਾਰਾ ਬਾਕੀ ਨਹੀਂ ਰਿਹਾ। ਕੇਵਲ ਵਜ਼ੀਰ ਖਾਂ ਤੁਹਾਡੀ ਜਾਨ ਦੀ ਰੱਖਿਆ ਕਰ ਸਕਦਾ ਹੈ। ਤੁਹਾਡੇ ਲਈ ਚੰਗਾ ਇਹੀ ਹੋਵੇਗਾ ਕਿ ਤੁਸੀਂ ਇਸਲਾਮ ਧਰਮ ਕਬੂਲ ਕਰ ਕੇ ਆਪਣੀ ਜਾਨ ਬਚਾ ਲਵੋ। ਨਹੀਂ ਤਾਂ ਤੁਹਾਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ।" ਇਸ ਸੰਬੰਧੀ ਕਵੀ ਸੰਤੋਖ ਸਿੰਘ ਨੇ "ਸੂਰਜ ਪ੍ਰਕਾਸ਼" ਗ੍ਰੰਥ ਵਿਚ ਇੰਝ ਦਰਜ ਕੀਤਾ ਹੈ -

***(ਬਾਕੀ ਅਗਲੇ ਸਫੇ 'ਤੇ)***

# ਛੋਟੇ ਸਾਹਿਬਜ਼ਾਦਿਆਂ ਦੀ ਅਨੂਠੀ ਸ਼ਹਾਦਤ

ਦੁਨੀਆ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਆਪਣਾ ਅਦੁੱਤੀ ਮੁਕਾਮ ਹੈ। ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੇ ਅੱਖਰਾਂ ਵਿਚ ਲਿਖੇ ਇਨ੍ਹਾਂ ਲਾਸਾਨੀ ਸ਼ਹਾਦਤਾਂ ਦੇ ਬਿਰਤਾਂਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।

ਛੋਟੇ ਸਾਹਿਬਜ਼ਾਦੇ - ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਸੱਯਦ ਮੁਹੰਮਦ ਲਤੀਫ਼ ਨੇ ਆਪਣੀ ਲਿਖਤ 'ਹਿਸਟਰੀ ਆਫ਼ ਪੰਜਾਬ' ਵਿਚ, ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਅਤੇ ਛੋਟੇ ਸਾਹਿਬਜ਼ਾਦਿਆਂ ਵਿਚਕਾਰ ਹੋਏ ਸੁਆਲ-ਜੁਆਬ ਨੂੰ ਆਪਣੇ ਢੰਗ ਨਾਲ ਕਮਲਬੰਦ ਕੀਤਾ ਹੈ। ਨਵਾਬ ਦਾ ਸੁਆਲ ਸੀ - 'ਅਗਰ ਤੁਹਾਨੂੰ ਆਜ਼ਾਦ ਕਰ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ?'

**ਡਾ. ਜਸਪਾਲ ਸਿੰਘ (ਦਿੱਲੀ)**

ਸਾਹਿਬਜ਼ਾਦਿਆਂ ਦਾ ਜੁਆਬ ਸੀ - 'ਅਸੀਂ ਸਿੱਖਾਂ ਨੂੰ ਜਥੇਬੰਦ ਕਰਾਂਗੇ, ਉਨ੍ਹਾਂ ਨੂੰ ਜੰਗ ਦੇ ਹਥਿਆਰ ਮੁਹੱਈਆ ਕਰਾਵਾਂਗੇ, ਤੁਹਾਡੇ ਨਾਲ ਲੜਾਂਗੇ ਅਤੇ ਤੁਹਾਨੂੰ ਮਾਰ ਦਿਆਂਗੇ। ਨਵਾਬ ਨੇ ਫਿਰ ਸੁਆਲ ਕੀਤਾ - 'ਜੇ ਜੰਗ ਵਿਚ ਤੁਹਾਡੀ ਹਾਰ ਹੋ ਗਈ ਤਾਂ ਫਿਰ ਤੁਸੀਂ ਕੀ ਕਰੋਗੇ?' ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ - 'ਅਸੀਂ ਫਿਰ ਫ਼ੌਜਾਂ ਇਕੱਠੀਆਂ ਕਰਾਂਗੇ ਅਤੇ ਜਾਂ ਤਾਂ ਤੁਹਾਨੂੰ ਮੁਕਾ ਦਿਆਂਗੇ ਜਾਂ ਫਿਰ ਸ਼ਹੀਦ ਹੋ ਜਾਵਾਂਗੇ।' ਨਵਾਬ ਵਜ਼ੀਰ ਖ਼ਾਨ ਨੂੰ ਸਾਹਿਬਜ਼ਾਦਿਆਂ ਦੇ ਇਨ੍ਹਾਂ ਜੁਆਬਾਂ ਵਿਚ ਬਗ਼ਾਵਤ ਸਾਫ਼ ਨਜ਼ਰ ਆ ਰਹੀ ਸੀ। ਉਸ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਫਿਰ ਉਨ੍ਹਾਂ ਨੂੰ ਸਰਹਿੰਦ ਵਿਖੇ ਜਿਉਂਦਿਆਂ ਦੀਵਾਰ ਅੰਦਰ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਸੱਚਮੁੱਚ ਵੱਡੀ ਜੁਰੱਅਤ ਵਾਲੇ ਜੁਆਬ ਸਨ ਸਾਹਿਬਜ਼ਾਦਿਆਂ ਦੇ। ਲਾਮਿਸਾਲ ਦਲੇਰੀ ਸੀ। ਉਨ੍ਹਾਂ ਦੇ ਬੋਲਾਂ ਵਿਚ। ਪਰ ਇਹ ਵੀ ਹਕੀਕਤ ਹੈ ਕਿ ਇਹ ਜੁਆਬ ਸਿਲਸਿਲੇਵਾਰ ਵਾਪਰ ਰਹੇ ਇਕ ਵੱਡੇ ਇਨਕਲਾਬ ਦਾ ਹਿੱਸਾ ਸਨ। ਇਨ੍ਹਾਂ ਬੋਲਾਂ ਦੇ ਪਿਛੋਕੜ ਵਿਚ ਇਕ ਪੂਰਾ ਇਤਿਹਾਸਕ ਪ੍ਰਵਾਹ ਸੀ। ਅਸਲ ਵਿਚ, ਗੱਲ ਉਦੋਂ ਸ਼ੁਰੂ ਹੋਈ ਜਦੋਂ ਸਿੱਖਾਂ ਨੇ ਗੁਰੂ ਦਾ ਹੁਕਮ ਮੰਨ ਕੇ ਸੀਸ ਅਰਪਣ ਕਰ ਦਿੱਤਾ ਸੀ ਅਤੇ ਇਸ ਤਰ੍ਹਾਂ ਖ਼ਾਲਸੇ ਦੀ ਸਿਰਜਣਾ ਹੋ ਗਈ ਸੀ। ਇਤਿਹਾਸ ਦੱਸਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਦਿੱਤੀ ਲੰਮੀ ਤਰਬੀਅਤ ਦਾ ਹੀ ਨਤੀਜਾ ਸੀ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਾਂ ਦੀ ਮੰਗ ਕੀਤੀ ਤਾਂ ਇਕ ਤੋਂ ਬਾਅਦ ਇਕ ਸਿੱਖ ਸਿਰ ਤਲੀ 'ਤੇ ਰੱਖ ਕੇ, ਨਿੱਤਰ ਕੇ ਸਾਹਮਣੇ ਆ ਗਿਆ ਸੀ।

ਇਹ ਇਕ ਐਸਾ ਮਹਾਨ ਕਾਰਨਾਮਾ ਸੀ, ਜਿਸ ਨੇ ਲੋਕਾਂ ਦੇ ਮਨਾਂ ਅੰਦਰ ਕ੍ਰਾਂਤੀ ਦੀ ਜਵਾਲਾ ਜਗਾ ਦਿੱਤੀ ਸੀ। ਉਹ ਸਮਾਜ ਜਿਹੜਾ ਗੁਲਾਮੀ ਨੂੰ ਆਪਣੀ ਤਕਦੀਰ ਸਮਝੀ ਬੈਠਾ ਸੀ, ਵਿਸ਼ਵਾਸ ਦੇ ਪੈਰਾਂ ਉੱਪਰ ਖੜੋਣਾ ਸ਼ੁਰੂ ਹੋ ਗਿਆ। ਉਸ ਦੀ ਚੇਤਨਾ ਜਾਗ ਉੱਠੀ, ਆਤਮ ਵਿਸ਼ਵਾਸ ਬੁਲੰਦ ਹੋ ਗਿਆ। ਪਰ ਮੁਗ਼ਲ ਸਾਮਰਾਜ ਨੂੰ ਇਹ ਕਤਈ ਬਰਦਾਸ਼ਤ ਨਹੀਂ ਸੀ। ਖ਼ਾਲਸੇ ਦੀਆਂ ਸਰਗਰਮੀਆਂ ਕਾਰਨ ਉਸ ਦੀ ਰਾਜਸੀ ਬਣਤਰ ਦਾ ਪੂਰਾ ਤਾਣਾ-ਬਾਣਾ ਹਿੱਲ ਗਿਆ ਸੀ।

ਇਤਿਹਾਸ ਗਵਾਹ ਹੈ ਕਿ ਜਲਦੀ ਹੀ ਅਨੰਦਪੁਰ ਉਪਰ ਹਮਲਿਆਂ ਦਾ ਦੌਰ ਸ਼ੁਰੂ ਹੋ ਗਿਆ। ਇਕ ਤੋਂ ਬਾਅਦ ਇਕ ਫ਼ੌਜੀ ਮੁਹਿੰਮ ਚਲਾਈ ਗਈ। ਪਹਾੜੀ ਰਾਜਿਆਂ ਦੀ ਮਦਦ ਨਾਲ ਖ਼ਾਲਸਾ ਫ਼ੌਜਾਂ ਨੂੰ ਘੇਰ ਲਿਆ ਗਿਆ। ਕਾਫ਼ੀ ਸਮਾਂ ਘਿਰੇ ਰਹਿਣ ਤੋਂ ਬਾਅਦ ਆਖ਼ਰ ਕਿਲ੍ਹਾ ਛੱਡ ਦੇਣ ਦਾ ਫੈਸਲਾ ਕੀਤਾ ਗਿਆ। ਪਰ ਜਦੋਂ ਗੁਰੂ ਸਾਹਿਬ ਆਪਣੇ ਸਿੱਖਾਂ ਸਮੇਤ ਬਾਹਰ ਆ ਗਏ ਤਾਂ ਸਰਸਾ ਨਦੀ ਦੇ ਕੰਢੇ ਦੁਸ਼ਮਣ ਦੀ ਫ਼ੌਜ ਨਾਲ ਫਿਰ ਟਾਕਰਾ ਹੋ ਗਿਆ। ਇਕ ਵਾਰ ਫਿਰ ਬੜੀ ਭਿਆਨਕ ਜੰਗ ਹੋਈ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਪਰਿਵਾਰ ਵਿਛੜ ਗਿਆ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਖੇੜੀ ਚਲੇ ਗਏ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ, ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਗੁਰੂ ਸਾਹਿਬ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਕੁਝ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚ ਗਏ। ਪਰ ਇੱਥੇ ਵੀ ਦੁਸ਼ਮਣ ਨੇ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ। ਇਕ ਅਨੋਖੀ ਜੰਗ ਸ਼ੁਰੂ ਹੋ ਗਈ। ਇਕ ਪਾਸੇ ਲੱਖਾਂ ਲਸ਼ਕਰੀ ਫ਼ੌਜਾਂ ਸਨ ਅਤੇ ਦੂਜੇ ਪਾਸੇ ਮੁੱਠੀ ਭਰ ਸਿੱਖ।

ਆਖ਼ਰ ਜੰਗ ਦਾ ਦਬਾਅ ਵੱਧ ਗਿਆ। ਨਾਜ਼ੁਕ ਹਾਲਾਤ ਵਿਚ ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪੰਜਾ ਸਿੰਘਾਂ ਨਾਲ ਮੈਦਾਨੇ-ਜੰਗ ਵਿਚ ਉਤਾਰ ਦਿੱਤਾ। ਬਾਬਾ ਅਜੀਤ ਸਿੰਘ ਨੇ ਬੜੀ ਬਹਾਦਰੀ ਨਾਲ ਵੈਰੀ-ਦਲਾਂ ਦਾ ਮੁਕਾਬਲਾ ਕੀਤਾ। ਪਰ ਜਦੋਂ ਸਾਰੇ ਹਥਿਆਰ ਜੁਆਬ ਦੇ ਗਏ ਤਾਂ ਉਨ੍ਹਾਂ ਨੂੰ ਦੁਸ਼ਮਣ ਦੀ ਫ਼ੌਜ ਨੇ ਘੇਰ ਲਿਆ ਅਤੇ ਉਹ ਆਪਣੀ ਤਲਵਾਰ ਦਾ ਜੌਹਰ ਦਿਖਾਉਂਦੇ ਹੋਏ ਸ਼ਹੀਦ ਹੋ ਗਏ। ਫਿਰ ਵੱਡੇ ਭਰਾ ਨੂੰ ਸ਼ਹੀਦ ਹੁੰਦਾ ਦੇਖ, ਛੋਟਾ ਜੁਝਾਰ ਸਿੰਘ ਇਜਾਜ਼ਤ ਲੈ ਕੇ ਕੁਝ ਸਿੰਘਾਂ ਨਾਲ ਮੈਦਾਨੇ-ਜੰਗ ਵਿਚ ਕੁੱਦ ਪਿਆ। ਮੁਗਲ ਫ਼ੌਜਾਂ ਨੇ ਬਾਬਾ ਜੁਝਾਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਵੀ ਘੇਰੇ ਵਿਚ ਲੈ ਲਿਆ। ਆਖ਼ਰ ਸ਼ਾਮ ਹੁੰਦਿਆਂ-ਹੁੰਦਿਆਂ ਇਕ ਹੋਰ ਚਿਰਾਗ ਪੂਰਾ ਰੌਸ਼ਨ ਹੋ ਕੇ ਬੁਝ ਗਿਆ।

ਉਧਰ ਸਰਸਾ ਨਦੀ 'ਤੇ ਹੋਈ ਭਿਆਨਕ ਜੰਗ ਤੋਂ ਬਾਅਦ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਫਿਰ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆ ਕੇ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਜੋ ਕੁਝ ਕਚਹਿਰੀ ਵਿਚ ਵਾਪਰਿਆ, ਉਸ ਦਾ ਬਿਰਤਾਂਤ ਵੀ ਬਹੁਤ ਖ਼ੌਫ਼ਨਾਕ ਹੈ। ਗਿਆਨੀ ਗਿਆਨ ਸਿੰਘ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਛੋਟੇ ਸਾਹਿਬਜ਼ਾਦਿਆਂ ਨਾਲ ਵਾਪਰੇ ਇਸ ਬਿਰਤਾਂਤ ਨੂੰ ਨਿਵੇਕਲੇ ਅੰਦਾਜ਼ ਵਿਚ ਦਰਜ ਕੀਤਾ ਹੈ। ਉਨ੍ਹਾਂ ਅਨੁਸਾਰ ਤੀਜੇ ਦਿਨ ਕੈਦ ਵਿਚੋਂ ਕੱਢ ਕੇ ਜਦੋਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਲਈ ਲੈ ਜਾਇਆ ਜਾਣ ਲੱਗਿਆ ਤਾਂ ਦਾਦੀ ਮਾਂ, ਮਾਤਾ ਗੁਜਰੀ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਵਾਰ-ਵਾਰ ਪੋਤਰਿਆਂ ਨੂੰ ਸੀਨੇ ਨਾਲ ਲਾ ਰਹੇ ਸਨ। ਉਧਰ ਸਾਹਿਬਜ਼ਾਦੇ ਦਾਦੀ ਮਾਂ ਦੀ ਮਨੋਸਥਿਤੀ ਨੂੰ ਸਮਝ ਰਹੇ ਸਨ। ਉਹ ਇਹ ਵੀ ਸਮਝ ਰਹੇ ਸਨ ਕਿ ਮਾਤਾ ਗੁਜਰੀ ਜੀ ਦੇ ਮਨ ਵਿਚ ਇਹ ਚਿੰਤਾ ਵੀ ਸੁਆਲ ਬਣ ਕੇ ਖੜ੍ਹੀ ਹੈ ਕਿ ਆਖ਼ਰ ਕਚਹਿਰੀ ਵਿਚ ਨਿੱਕੇ-ਨਿੱਕੇ ਸਾਹਿਬਜ਼ਾਦੇ ਆਪਣਾ ਸਿਦਕ ਕਿੰਦਾਂ ਨਿਭਾਉਣਗੇ। ਇਨ੍ਹਾਂ ਹਾਲਾਤ ਵਿਚ ਜੋ ਕੁਝ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ, ਉਹ ਸਾਹਿਬਜ਼ਾਦਿਆਂ ਦੇ ਮਜ਼ਬੂਤ ਇਰਾਦੇ ਅਤੇ ਅਡਿੱਗ ਹੌਸਲੇ ਦਾ ਪ੍ਰਤੱਖ ਪਰਮਾਣ ਹੈ।

ਕੋਈ ਸ਼ੱਕ ਨਹੀਂ ਬੇਮਿਸਾਲ ਦਲੇਰੀ ਦਾ ਪਰਿਚੈ ਦਿੱਤਾ ਸੀ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ। ਜਿਨ੍ਹਾਂ ਹਾਲਾਤਾ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਸੀ ਅਤੇ ਮੈਦਾਨ-ਏ-ਜੰਗ ਵਿਚ ਸ਼ਹਾਦਤ ਦੇਣ ਦਾ ਨਿਰਣਾ ਲਿਆ ਸੀ, ਉਸ ਦੀ ਦੂਜੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਫੇਰ ਜਿਸ ਜੁਰੱਅਤ ਦਾ ਮੁਜ਼ਾਹਰਾ 9 ਸਾਲ ਦੇ ਬਾਬਾ ਜ਼ੋਰਾਵਰ ਸਿੰਘ ਤੇ 7 ਸਾਲ ਦੇ ਬਾਬਾ ਫ਼ਤਹਿ ਸਿੰਘ ਨੇ ਕੀਤਾ ਅਤੇ ਜਿਸ ਤਰ੍ਹਾਂ ਸੂਬੇ ਦੀ ਹਰ ਤਜਵੀਜ਼ ਰੱਦ ਕਰ ਕੇ ਸ਼ਹੀਦ ਹੋ ਜਾਣ ਨੂੰ ਤਰਜੀਹ ਦਿੱਤੀ, ਉਸ ਦੀ ਵੀ ਕੋਈ ਹੋਰ ਦੂਜਾ ਉਦਾਹਰਨ ਇਤਿਹਾਸ ਵਿਚ ਪ੍ਰਾਪਤ ਨਹੀਂ ਹੁੰਦੀ। ਦਾਦੀ ਮਾਂ, ਮਾਤਾ ਗੁਜਰੀ ਜੀ ਵੀ ਆਪਣੀ ਵਿਲੱਖਣ ਇਤਿਹਾਸਕ ਭੂਮਿਕਾ ਨਿਭਾਉਂਦਿਆਂ ਸਚਖੰਡ ਪਿਆਨਾ ਕਰ ਗਏ।

ਨਿਰਸੰਦੇਹ, ਦੁਨੀਆ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਕ ਨਿਵੇਕਲਾ ਤੇ ਗੌਰਵਮਈ ਮੁਕਾਮ ਨਿਸਚਿਤ ਹੈ। ਛੋਟੀ ਉਮਰ ਦੇ ਵੱਡੇ ਸ਼ਹੀਦਾਂ ਪ੍ਰਤੀ ਕੌਮ ਹਮੇਸ਼ਾ ਰਿਣੀ ਰਹੇਗੀ।

***-ਸਾਬਕਾ ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ***

---

## *ਸਿੱਖਾਂ ਦੀ ਕਰਬਲਾ - ਸਾਕਾ ਸਰਹਿੰਦ*

***(ਪਿਛਲੇ ਸਫੇ 'ਦੀ ਬਾਕੀ)***

"ਸਾਹਿਬਜ਼ਾਦਿ" ਪਿਤਾ ਤੁਹਾਰਾ॥
ਗਢ ਚਮਕੌਰ ਘੇਰ ਗਹਿ ਮਾਰਾ॥
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ॥
ਸੰਗੀ ਸਿੰਘ ਸਕਲ ਸੋ ਮਾਰੇ॥"

ਗੁਰੂ ਗੋਬਿੰਦ ਸਿੰਘ ਦੇ ਪੁੱਤਰ ਅਤੇ ਗੁਰੂ ਤੇਗ਼ ਬਹਾਦਰ ਦੇ ਪੋਤਰਿਆਂ 'ਤੇ ਨਵਾਬ ਦੀਆਂ ਧਮਕੀਆਂ ਦਾ ਕੋਈ ਅਸਰ ਨਾ ਹੋਇਆ। ਨਵਾਬ ਦੀ ਗੱਲ ਸੁਣ ਕੇ ਬਾਲਾਂ ਨੇ ਆਖਿਆ,"ਸਾਨੂੰ ਤਾਂ ਕੇਵਲ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ। ਉਸ ਅਕਾਲ ਪੁਰਖ ਤੋਂ ਇਲਾਵਾ ਸਾਨੂੰ ਹੋਰ ਕਿਸੇ ਆਸਰੇ, ਸਹਾਰੇ ਦੀ ਲੋੜ ਨਹੀਂ ਹੈ। ਵਜ਼ੀਰ ਖਾਂ, ਸੂਰਜ ਪੂਰਬ ਦੀ ਥਾਂ ਪੱਛਮ ਵਿਚੋਂ ਚੜ੍ਹ ਸਕਦਾ ਹੈ। ਮੱਛੀਆਂ ਪਾਣੀ ਤੋਂ ਬਿਨਾਂ ਜ਼ਿੰਦਾ ਰਹਿ ਸਕਦੀਆਂ ਹਨ। ਪਰੰਤੂ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਕਦੇ ਵੀ ਨਹੀਂ ਝੁਕਣਗੇ। ਸਗੋਂ ਸਾਹਿਬਜ਼ਾਦਿਆਂ ਨੇ ਬੜੇ ਹੌਂਸਲੇ ਅਤੇ ਬੁਲੰਦ ਆਵਾਜ਼ ਵਿਚ ਜੋ ਆਖਿਆ, ਉਸ ਨੂੰ ਕਵੀ ਸੰਤੋਖ ਸਿੰਘ ਨੇ ਆਪਣੇ ਸ਼ਬਦਾਂ ਵਿਚ ਇੰਝ ਬੀੜਿਆ ਹੈ-

"ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ॥
ਜਗ ਮਹਿੰ ਕੌਨ ਸਕੇ ਤਿਹੰ ਮਾਰਾ॥
ਜ਼ਿੰਮ ਆਕਾਸ਼ ਕੋ ਕਿਆ ਕੋਈ ਮਾਰਹਿ॥
ਕੌਨ ਅੰਧੇਰੀ ਕੋ ਨਿਰਵਾਰਹਿ॥"

ਇਸ ਉਪਰੰਤ ਵਜ਼ੀਰ ਖਾਂ ਨੇ ਦੋਵਾਂ ਬਾਲਾਂ ਨੂੰ ਵਾਪਸ ਠੰਢੇ ਬੁਰਜ ਵਿਚ ਭੇਜ ਦਿੱਤਾ। ਨਾ਼ਲ ਹੀ ਤਾਕੀਦ ਕੀਤੀ ਕਿ ਉਹ ਇਸ ਮਾਮਲੇ ਵਿਚ ਆਪਣੀ ਦਾਦੀ ਨਾ਼ਲ ਸਲਾਹ ਮਸ਼ਵਰਾ ਜਰੂਰ ਕਰ ਲੈਣ। ਠੰਢੇ ਬੁਰਜ ਵਿਚ ਸਾਹਿਬਜ਼ਾਦਿਆਂ ਨੇ ਦਾਦੀ ਮਾਂ ਨੂੰ ਮੁਗ਼ਲ ਦਰਬਾਰ ਵਿਚ ਹੋਈ ਸਾਰੀ ਗੱਲਬਾਤ ਕਹਿ ਸੁਣਾਈ। ਤਦ ਦਾਦੀ ਨੇ ਆਪਣੇ ਪੋਤਿਆਂ ਨੂੰ ਸਿੱਖ ਸੂਰਬੀਰਾਂ ਦੀ ਬਹਾਦਰੀ ਦੇ ਕਿੱਸੇ ਸੁਣਾ ਕੇ ਹੋਰ ਵਧੇਰੇ ਮਜ਼ਬੂਤ ਬਣਾ ਦਿੱਤਾ।

ਅਗਲੇ ਦਿਨ ਫ਼ਿਰ ਬਾਲਾਂ ਨੂੰ ਕਚਹਿਰੀ ਵਿਚ ਪੇਸ਼ ਹੋਣ ਲਈ ਬੁਲਾਇਆ ਗਿਆ। ਦਰਬਾਰ ਵਿਚ ਸ਼ੇਰ ਮੁਹੰਮਦ ਖ਼ਾਨ ਵੀ ਮੌਜੂਦ ਸੀ। ਵਜ਼ੀਰ ਖਾਂ ਨੇ ਮਾਲੇਰਕੋਟਲੇ ਦੇ ਨਵਾਬ ਨੂੰ ਉਂਗ਼ਲ ਲਾਉਂਦਿਆਂ ਕਿਹਾ, "ਤੇਰੇ ਦੋ ਭਰਾਵਾਂ ਦੀ ਮੌਤ ਗੋਬਿੰਦ ਸਿੰਘ ਹੱਥੋਂ ਹੋ ਚੁੱਕੀ ਹੈ। ਇਸ ਲਈ ਮੈਂ ਇਨ੍ਹਾਂ ਬਾਲਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਸ਼ੇਰ ਮੁਹੰਮਦ ਖ਼ਾਨ 'ਤੇ ਹੀ ਛੱਡ ਦਿੱਤਾ। ਪਰੰਤੂ ਰਹਿਮ ਦਿਲ ਇਨਸਾਨ ਮਾਲੇਰਕੋਟਲਾ ਦੇ ਨਵਾਬ ਨੇ ਕਿਹਾ, "ਨਵਾਬ ਵਜ਼ੀਰ ਖਾਂ, ਜਦੋਂ ਵਕ਼ਤ ਆਇਆ ਤਾਂ ਮੈਂ ਆਪਣੇ ਭਰਾਵਾਂ ਦੀ ਮੌਤ ਦਾ ਬਦਲਾ ਗੋਬਿੰਦ ਸਿੰਘ ਤੋਂ ਹੀ ਲਵਾਂਗਾ। ਮਾਸੂਮ ਬੱਚਿਆਂ 'ਤੇ ਜ਼ੁਲਮ ਕਰਨ ਦੀ ਇਜਾਜ਼ਤ ਇਸਲਾਮ ਧਰਮ ਹਰਗਿਜ਼ ਨਹੀਂ ਦਿੰਦਾ। ਯਾ ਅੱਲਾਹ! ਮੈਨੂੰ ਇਸ ਪਾਪ ਤੋਂ ਬਚਾਈਂ।"

ਕਿਹਾ ਜਾਂਦਾ ਹੈ ਕਿ ਨਿਰਦੋਸ਼ ਸਾਹਿਬਜ਼ਾਦਿਆਂ ਦੀ ਰਿਹਾਈ ਲਈ ਜਨ-ਸਧਾਰਨ ਵਿਚ ਬਣ ਚੁੱਕੀ ਇੱਕ ਆਮ ਸਹਿਮਤੀ ਨੂੰ ਵੇਖਦੇ ਹੋਏ ਨਵਾਬ ਵਜ਼ੀਰ ਖਾਂ ਦਾ ਮਨ ਵੀ ਬਦਲ ਗਿਆ ਸੀ। ਤਦ ਉਸ ਨੇ ਸਾਹਿਬਜ਼ਾਦਿਆਂ ਨੂੰ ਪ੍ਰਸ਼ਨ ਪੁੱਛਿਆ, "ਬੱਚਿ"! ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਵੇ ਤਾਂ ਸਾਡੀ ਕੈਦ ਵਿਚੋਂ ਬਾਹਰ ਜਾ ਕੇ ਤੁਸੀਂ ਕੀ ਕਰੋਗੇ?"

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ, "ਅਸੀਂ ਆਪਣੇ ਪਿਤਾ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਉਹੀ ਕਰਾਂਗੇ, ਜੋ ਸਾਡੇ ਪਿਤਾ ਕਰ ਰਹੇ ਹਨ। ਅਸੀਂ ਜ਼ਬਰ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਲੜਾਂਗੇ। ਇਸ ਕਾਰਜ ਲਈ ਅਸੀਂ ਮੁੜ ਤੋਂ ਸਿੰਘਾਂ ਨੂੰ ਜੱਥੇਬੰਦ ਕਰਾਂਗੇ। ਜਦੋਂ ਤੱਕ ਅੱਤਿਆਚਾਰੀ ਹਕੂਮਤ ਦਾ ਸਫ਼ਾਇਆ ਨਹੀਂ ਹੋ ਜਾਂਦਾ, ਉਦੋਂ ਤੱਕ ਲੜਦੇ ਰਹਾਂਗੇ।" ਉਸੇ ਵੇਲੇ ਦੀਵਾਨ ਸੁੱਚਾ ਨੰਦ ਬੋਲਿਆ, "ਨਵਾਬ ਸਾਹਿਬ, ਸੱਪਾਂ ਦੇ ਪੁੱਤ ਕਦੇ ਮਿੱਤ ਨਹੀਂ ਹੁੰਦੇ। ਸੱਪ ਨੂੰ ਮਾਰਨਾ ਅਤੇ ਉਸ ਦੇ ਸਪੋਲੀਆਂ ਨੂੰ ਦੁੱਧ ਪਿਆਉਣਾ ਇਹ ਕਦੀ ਵੀ ਸਮਝਦਾਰੀ ਨਹੀਂ ਹੁੰਦੀ।"

ਦੀਵਾਨ ਸੁੱਚਾ ਨੰਦ ਦੀਆਂ ਲਾਈਆਂ ਲੂਤੀਆਂ ਦਾ ਨਵਾਬ ਦੇ ਦਿਲ 'ਤੇ ਬੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਉਸੇ ਵੇਲੇ ਕਾਜ਼ੀ ਨੂੰ ਕਿਹਾ, "ਕਾਜ਼ੀ ਸਾਹਿਬ, ਆਪਣੇ ਹੱਥ ਆਏ ਗੋਬਿੰਦ ਦੇ ਬੱਚਿਆਂ ਨੂੰ ਰਿਹਾ ਕਰਨਾ ਅਕਲਮੰਦੀ ਨਹੀਂ ਹੈ। ਇਹ ਤਾਂ ਪੱਕਾ ਹੀ ਹੈ ਕਿ ਇਹ ਦੋਵੇਂ ਵੱਡੇ ਹੋ ਕੇ ਆਪਣੇ ਪਿਉ ਦੀ ਤਰ੍ਹਾਂ ਬਾਗ਼ੀ ਹੀ ਬਣਨਗੇ। ਫ਼ਿਰ ਇਹ ਸਾਡੇ ਖ਼ਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਕਰਨਗੇ।"

ਕਾਜ਼ੀ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ। ਉਸ ਨੇ ਅਜਿਹਾ ਫ਼ਤਵਾ ਜਾਰੀ ਕੀਤਾ, ਜਿਸਨੂੰ ਪੜ੍ਹਨ-ਸੁਣਨ ਵਾ਼ਲੇ ਦਾ ਵੀ ਦਿਲ ਦਹਿਲ ਜਾਵੇ। ਕਿਉਂਕਿ ਇਸਲਾਮ ਧਰਮ ਵਿਚ ਇਹ ਗੱਲ ਕਹੀ ਗਈ ਹੈ ਕਿ ਮਾਸੂਮ ਬੱਚੇ ਦਾ ਖ਼ੂਨ ਜ਼ਮੀਨ 'ਤੇ ਨਹੀਂ ਡਿੱਗਣਾ ਚਾਹੀਦਾ। ਇਸ ਲਈ ਕਾਜ਼ੀ ਨੇ ਫ਼ਤਵਾ ਪੜ੍ਹਿਆ, "ਬਾਗ਼ੀ ਦੇ ਪੁੱਤਰਾਂ ਨੂੰ ਜ਼ਿੰਦਾ ਨੀਹਾਂ ਵਿਚ ਚਿਣਵਾ ਦਿੱਤਾ ਜਾਵੇ।"

ਨਵਾਬ ਮਾਲੇਰਕੋਟਲਾ ਇਸ ਫ਼ਤਵੇ ਵਿਰੁੱਧ ਕੁਝ ਨਾ ਬੋਲ ਸਕੇ। ਉਹ ਬਹੁਤ ਉਦਾਸੀ ਅਤੇ ਨਿਰਾਸ਼ਾ ਦੇ ਆਲਮ ਵਿਚ ਉਸੇ ਵੇਲੇ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿਚੋਂ ਉੱਠ ਕੇ ਚਲੇ ਗਏ।

ਸਾਹਿਬਜ਼ਾਦਿਆਂ ਨੇ ਠੰਢੇ ਬੁਰਜ ਵਿਚ ਜਾ ਕੇ ਸਾਰੀ ਗੱਲਬਾਤ ਦਾਦੀ ਮਾਂ ਨੂੰ ਸੁਣਾਈ। ਤਦ ਮਾਤਾ ਗੁਜਰੀ ਨੇ ਆਖਿਆ, "ਮੇਰੇ ਪਿਆਰੇ ਬੱਚਿਓ! ਮੈਂ ਤੁਹਾਡੇ ਸਾਹਸ, ਬਹਾਦਰੀ, ਦਲੇਰੀ, ਦ੍ਰਿੜ੍ਹਤਾ 'ਤੇ ਬਹੁਤ ਜ਼ਿਆਦਾ ਖ਼ੁਸ਼ ਹਾਂ। ਤੁਸੀਂ ਆਪਣੇ ਦਾਦੇ ਅਤੇ ਪਿਤਾ ਦੇ ਗੌਰਵ ਨੂੰ ਹੋਰ ਵੀ ਜ਼ਿਆਦਾ ਵਧਾਇਆ ਹੈ।" ਇਹ ਕਹਿੰਦਿਆਂ ਹੋਇਆਂ ਦਾਦੀ ਨੇ ਪੋਤਿਆਂ ਨੂੰ ਘੁੱਟ ਕੇ ਆਪਣੇ ਗ਼ਲੇ ਨਾ਼ਲ ਲਾਇਆ। ਉਨ੍ਹਾਂ ਦੀ ਪਿੱਠ 'ਤੇ ਸ਼ਾਬਾਸ਼ੀ ਦਿੱਤੀ।

ਜਦੋਂ ਬਾਬਾ ਮੋਤੀ ਰਾਮ ਮਹਿਰਾ ਨੂੰ ਪਤਾ ਲੱਗਾ ਕਿ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਭੁੱਖਣ ਭਾਣੇ ਠੰਢੇ ਬੁਰਜ ਵਿਚ ਕੈਦ ਕੀਤੇ ਗਏ ਹਨ। ਉਨ੍ਹਾਂ ਕੋਲ ਠੰਢ ਤੋਂ ਬਚਾਅ ਕਰਨ ਲਈ ਕੋਈ ਨਿੱਘਾ ਕੱਪੜਾ ਵੀ ਨਹੀਂ। ਤਦ ਉਸ ਦੀ ਮਾਂ ਅਤੇ ਪਤਨੀ ਨੇ ਉਸ ਨੂੰ ਗਰਮ ਦੁੱਧ ਦੇ ਕੇ ਠੰਢੇ ਬੁਰਜ ਵਿਚ ਘੱਲ ਦਿੱਤਾ। ਮਾਤਾ ਗੁਜਰੀ ਅਤੇ ਬਾਲਾਂ ਨੇ ਕੜਾਕੇ ਦੀ ਠੰਢ ਵਿਚ ਗਰਮ-ਗਰਮ ਦੁੱਧ ਪੀਤਾ। ਮਾਤਾ ਜੀ ਨੇ ਉਸ ਨੂੰ ਅਨੇਕਾਂ ਅਸੀਸਾਂ ਦਿੱਤੀਆਂ। ਪਰੰਤੂ ਗੰਗੂ ਬ੍ਰਾਹਮਣ ਦੇ ਭਰਾ ਪੰਮੇ ਨੇ ਨਵਾਬ ਵਜ਼ੀਰ ਖਾਂ ਕੋਲ ਜਾ ਚੁਗ਼ਲੀ ਕੀਤੀ, "ਮੋਤੀ ਰਾਮ ਮਹਿਰੇ ਨੇ ਹਕੂਮਤ ਦੇ ਬਾਗ਼ੀਆਂ ਨੂੰ ਦੁੱਧ ਪਿਲਾ ਕੇ ਉਨ੍ਹਾਂ ਦੀ ਸੇਵਾ ਕੀਤੀ ਹੈ।"

ਗੁੱਸੇ ਵਿਚ ਲਾਲ ਪੀਲੇ ਹੋਏ ਵਜ਼ੀਰ ਖਾਂ ਨੇ ਮੋਤੀ ਰਾਮ ਮਹਿਰਾ ਅਤੇ ਉਸ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕੋਹਲੂ ਵਿਚ ਪੀੜ ਦਿੱਤਾ। ਇਸ ਪ੍ਰਕਾਰ ਬਾਬਾ ਮੋਤੀ ਰਾਮ ਮਹਿਰੇ ਨੇ ਆਪਣੇ ਪਰਿਵਾਰ ਨੂੰ ਸਿੱਖ ਕੌਮ ਤੋਂ ਨਿਸ਼ਾਵਰ ਕਰ ਦਿੱਤਾ।

ਆਖ਼ਰ ਤੇਰਾਂ ਪੋਹ ਦੀ ਸਵੇਰ ਚੜ੍ਹੀ। ਮਾਤਾ ਗੁਜਰੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਹਿੰਮਤ ਅਤੇ ਹੌਂਸਲੇ ਨਾ਼ਲ ਤਿਆਰ ਕੀਤਾ। ਜਦੋਂ ਦਾਦੀ ਮਾਂ ਨੇ ਪੋਤਿਆਂ ਦੇ ਮੱਥੇ 'ਤੇ ਪਿਆਰ ਦਿੱਤਾ ਤਾਂ ਤਿੰਨਾਂ ਨੂੰ ਹੀ ਇਸ ਗੱਲ ਦਾ ਇਲਮ ਸੀ ਕਿ ਇਹ ਉਨ੍ਹਾਂ ਦੀ ਆਖ਼ਰੀ ਮੁਲਾਕਾਤ ਹੈ। ਪਰੰਤੂ ਫ਼ੇਰ ਵੀ ਕੋਈ ਵੀ ਭਾਵਨਾਵਾਂ ਵਿਚ ਬਹਿ ਕੇ ਉਦਾਸ ਨਹੀਂ ਹੋਇਆ। ਸਗੋਂ ਦੋਵੇਂ ਸਾਹਿਬਜ਼ਾਦਿਆਂ ਨੇ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ" ਦਾ ਨਾਅਰਾ ਬੁਲੰਦ ਕੀਤਾ ਅਤੇ ਦਾਦੀ ਮਾਂ ਨੂੰ ਫ਼ਤਹਿ ਬੁਲਾ ਕੇ ਪੂਰੀ ਦ੍ਰਿੜ੍ਹਤਾ, ਹੌਂਸਲੇ, ਬੁਲੰਦ ਇਰਾਦੇ ਨਾ਼ਲ ਮੁਗ਼ਲ ਸਿਪਾਹੀਆਂ ਨਾ਼ਲ ਚੱਲ ਪਏ। ਆਖ਼ਰੀ ਵਾਰੀ ਦਾਦੀ ਮਾਂ ਨੇ ਪੋਤਿਆਂ ਦੀ ਪਿੱਠ 'ਤੇ ਨਜ਼ਰ ਮਾਰੀ। ਸਹਿਜ ਸੁਭਾਅ ਉਨ੍ਹਾਂ ਅੱਖਾਂ ਬੰਦ ਕਰਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਉਹ ਆਪਣੀ ਅਮਾਨਤ ਆਪਣੇ ਚਰਨਾਂ ਵਿਚ ਵਾਪਸ ਲੈ ਰਿਹਾ ਹੈ।

ਦੋਵੇਂ ਸਾਹਿਬਜ਼ਾਦਿਆਂ ਨੂੰ ਉਸ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਇੱਟਾਂ ਦੀ ਇੱਕ ਕੰਧ ਉਸਾਰੀ ਜਾ ਰਹੀ ਸੀ। ਉਸੇ ਸਮੇਂ ਕਾਜ਼ੀ ਵੀ ਉੱਥੇ ਪੁੱਜ ਗਿਆ। ਦੋਵੇਂ ਬਾਲਕ ਆਪਣੇ ਇਰਾਦੇ 'ਤੇ ਅਡੋਲ ਖੜ੍ਹੇ ਰਹੇ। ਉੱਸਰ ਰਹੀ ਕੰਧ ਤੋਂ ਉਨ੍ਹਾਂ ਨੂੰ ਹੋਰ ਵਧੇਰੇ ਬਲ ਮਿਲਿਆ। ਕਾਜ਼ੀ ਨੇ ਜੱਲਾਦਾਂ ਨੂੰ ਤੇਜ਼ੀ ਨਾ਼ਲ ਕੰਧ ਉਸਾਰਨ ਦਾ ਹੁਕਮ ਦਿੱਤਾ। ਜਿਉਂ-ਜਿਉਂ ਕੰਧ ਉੱਚੀ ਹੁੰਦੀ ਜਾ ਰਹੀ ਸੀ, ਇਨਸਾਨੀਅਤ ਲਈ ਆਪਣੇ ਹਿਰਦੇ ਵਿਚ ਦਰਦ ਰੱਖਣ ਵਾਲਿਆਂ ਦੀਆਂ ਅੱਖਾਂ ਵਿਚੋਂ ਲਗਾਤਾਰ ਹੰਝੂ ਵਹਿ ਰਹੇ ਸਨ।

ਇਤਿਹਾਸਕ ਹਵਾਲਿਆਂ ਅਨੁਸਾਰ ਜਿਉਂ ਹੀ ਕੰਧ ਦੀ ਉਸਾਰੀ ਬਾਲਾਂ ਦੇ ਗਲਾਂ ਤੱਕ ਆਈ ਤਾਂ ਕੰਧ ਧੜੰਮ ਕਰਕੇ ਡਿੱਗ ਪਈ। ਤਦ ਦੋਵੇਂ ਸਾਹਿਬਜ਼ਾਦਿਆਂ ਨੂੰ ਪਿੱਪਲ ਦੇ ਰੁੱਖ ਨਾ਼ਲ ਰੱਸਿਆਂ ਨਾ਼ਲ ਬੰਨ੍ਹ ਦਿੱਤਾ ਗਿਆ। ਉਨ੍ਹਾਂ ਉੱਤੇ ਕੋੜੇ ਵਰਸਾਏ ਗਏ। ਗੁਲੇਲ ਨਾ਼ਲ ਵੀ ਉਨ੍ਹਾਂ ਉੱਤੇ ਨਿਸ਼ਾਨੇ ਲਗਾ ਕੇ ਤਸੀਹੇ ਦਿੱਤੇ ਗਏ। ਸਾਹਿਬਜ਼ਾਦਿਆਂ ਨੂੰ ਇੱਕ ਵਾਰੀ ਫ਼ੇਰ ਇਸਲਾਮ ਧਰਮ ਕਬੂਲ ਕਰਨ ਲਈ ਆਖਿਆ ਗਿਆ। ਪਰੰਤੂ ਉਨ੍ਹਾਂ ਵੱਲੋਂ ਸਾਫ਼ ਇਨਕਾਰ ਕਰਨ 'ਤੇ ਸੂਬੇ ਨੇ ਆਪਣਾ ਆਖ਼ਰੀ ਫ਼ੈਸਲਾ ਸੁਣਾ ਦਿੱਤਾ, "ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ।"

ਭਾਈ ਦੁੱਨਾ ਸਿੰਘ ਹੰਡੂਰੀਆ ਦੀ ਅਪ੍ਰਕਾਸ਼ਿਤ ਕ੍ਰਿਤ "ਕਥਾ ਗੁਰੂ ਜੀ ਕੇ ਸੁਤਨ ਕੀ" ਅਨੁਸਾਰ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾ਼ਲ ਧੜ ਤੋਂ ਵੱਖ ਕਰਨ ਤੋਂ ਪਹਿਲਾਂ ਜ਼ਾਲਮਾਂ ਨੇ ਉਨ੍ਹਾਂ ਮਾਸੂਮਾਂ ਨੂੰ ਚਾਬਕਾਂ, ਕੋਰੜੇ ਅਤੇ ਗੁਲੇਲੇ ਵੀ ਮਾਰੇ ਸਨ -

"ਖਮਚੀ ਸਾਥ ਜੁ ਲਗੇ ਤਬੈ ਦੁਖ ਦੇਵਨੰ।
ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ।
ਤਬ ਮਲੇਰੀਏ ਕਹਯੋ, ਜੜਾਂ ਤੁਮ ਜਾਂਹਿ ਹੀ।
ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ।"
"ਜਬ ਦੁਸ਼ਟੀਂ ਐਸੇ ਦੁਖ। ਬਹੁਰੋ ਫੇਰ ਸੀਸ ਕਢਵਾਏ॥
ਰਜ ਕੋ ਪਾਇ ਪੀਪਲਹ ਬਾਂਧੇ। ਦੁਸ਼ਟ ਗੁਲੇਲੇ ਤੀਰ ਸੁ ਸਾਂਧੇ॥"

ਸ਼ਾਸ਼ਲ ਬੇਗ, ਬਾਸ਼ਲ ਬੇਗ ਦੋ ਜੱਲਾਦ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਜੀ ਦੇ ਪੋਤਿਆਂ ਨੇ ਆਪਣੀ ਸ਼ਹਾਦਤ ਦੇ ਕੇ ਸਿੱਖੀ ਦੀਆਂ ਨੀਹਾਂ ਨੂੰ ਹਮੇਸ਼ਾ-ਹਮੇਸ਼ਾ ਲਈ ਮਜਬੂਤ ਕਰ ਦਿੱਤਾ।

ਜਿਉਂ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਮਾਚਾਰ ਪੂਰੇ ਇਲਾਕੇ ਵਿਚ ਫੈਲਿਆ ਤਾਂ ਇਸ ਕਹਿਰ ਨੂੰ ਸੁਣ ਕੇ ਹਰ ਅੱਖ ਵਿਚੋਂ ਅੱਥਰੂ ਵਗੇ ਸਨ। ਇਸ ਸਮੇਂ ਦੀ ਸਥਿਤੀ ਨੂੰ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇੰਝ ਦਰਜ ਕਰਦੇ ਹਨ -

"ਸ਼ਾਸ਼ਲ ਬੇਗ ਅਰ ਬਾਸ਼ਲ ਬੇਗ। ਉਭੈ ਜਲਾਦਨ ਖਿਚ ਕੈ ਤੇਗ਼॥
ਤਿਸਹੀ ਠਉਰ ਖਰਿ" ਕੈ ਸੀਸ। ਤੁਰਤ ਉਤਾਰੇ ਦੁਸ਼ਟੈਂ ਰੀਸ॥
ਤੇਰਾਂ ਪੋਹ ਥਾ ਮੰਗਲਵਾਰ। ਮਚਿ" ਸ਼ਹਿਰ ਮੇਂ ਹਾਹਾਕਾਰ॥"

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਜਾਣਕਾਰੀ ਜਦੋਂ ਮਾਤਾ ਗੁਜਰੀ ਜੀ ਨੂੰ ਦਿੱਤੀ ਗਈ ਤਾਂ ਉਹ ਚੌਂਕੜੀ ਮਾਰਕੇ ਬੈਠ ਗਏ। ਉਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਮਾਤਾ ਗੁਜਰੀ ਜੀ ਉਸ ਸਮੇਂ ਵਡੇਰੀ ਅਵਸਥਾ ਵਿਚ ਸਨ। ਜਦੋਂ ਤੋਂ ਉਨ੍ਹਾਂ ਆਨੰਦਪੁਰ ਦਾ ਕਿਲ੍ਹਾ ਛੱਡਿਆ ਸੀ, ਉਦੋਂ ਤੋਂ ਹੀ ਉਹ ਤੁਰਦੇ ਤੁਰਦੇ ਸਰਹਿੰਦ ਦੇ ਠੰਢੇ ਬੁਰਜ ਵਿਚ ਪਹੁੰਚੇ ਸਨ। ਪਿਛਲੇ ਚਾਰ ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਵਡੇਰੀ ਉਮਰ ਅਤੇ ਲੰਮੇ ਸਮੇਂ ਦੀ ਭੁੱਖ ਨੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਬਹੁਤ ਜ਼ਿਆਦਾ ਕਮਜ਼ੋਰ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਉਨ੍ਹਾਂ ਦੇ ਮਾਨਸਿਕ ਬਲ 'ਤੇ ਵੀ ਬਹੁਤ ਵੱਡਾ ਪ੍ਰਭਾਵ ਪਾਇਆ। ਇਸ ਪ੍ਰਕਾਰ ਉਸੇ ਪਲ ਉਨ੍ਹਾਂ ਆਪ ਵੀ ਪ੍ਰਾਣ ਤਿਆਗ ਦਿੱਤੇ। ਮਨੁੱਖਤਾ ਦੇ ਇਤਿਹਾਸ ਵਿਚ ਇੰਨੀਂ ਛੋਟੀ ਉਮਰ ਦੇ ਬੱਚਿਆਂ ਦੀ ਅਜਿਹੀ ਲਾਸਾਨੀ ਸ਼ਹਾਦਤ ਹੋਰ ਕੋਈ ਨਹੀਂ ਮਿ਼ਲਦੀ।

ਉਸੇ ਸ਼ਾਮ ਦੀਵਾਨ ਟੋਡਰ ਮੱਲ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਦੇਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜ਼ਾਜਤ ਲੈਣ ਲਈ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿਚ ਗਏ। ਵਜ਼ੀਰ ਖਾਂ ਨੇ ਟੋਡਰ ਮੱਲ ਨੂੰ ਆਖਿਆ, "ਬੱਚਿਆਂ ਅਤੇ ਮਾਈ ਦੇ ਅੰਤਿਮ ਸੰਸਕਾਰ ਲਈ ਤੈਨੂੰ ਜਿੰਨੀਂ ਜ਼ਮੀਨ ਚਾਹੀਦੀ ਹੈ, ਉਸ ਜ਼ਮੀਨ ਉੱਤੇ ਖੜ੍ਹੇ ਲੋਟ ਸੋਨੇ ਦੀਆਂ ਮੋਹਰਾਂ ਵਿਛਾਉਣੀਆਂ ਪੈਣਗੀਆਂ, ਤਦ ਹੀ ਤੂੰ ਇਨ੍ਹਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਸਕਦਾ ਹੈਂ।"

ਇਤਿਹਾਸਕ ਹਵਾਲਿਆਂ ਅਨੁਸਾਰ ਦੀਵਾਨ ਟੋਡਰ ਮੱਲ ਦੀ ਪਤਨੀ ਨੇ ਆਪਣੇ ਸਾਰੇ ਗਹਿਣੇ ਉਤਾਰ ਕੇ ਅਤੇ ਦੀਵਾਨ ਦੇ ਦੋ ਛੋਟੇ ਪੁੱਤਰਾਂ ਨੇ ਪੈਸਿਆਂ ਨਾ਼ਲ ਭਰੀਆਂ ਆਪਣੀਆਂ ਗੋਲਕਾਂ ਉਸ ਨੂੰ ਦੇ ਦਿੱਤੀਆਂ ਤਾਂ ਜੋ ਅੰਤਿਮ ਸੰਸਕਾਰ ਕੀਤਾ ਜਾ ਸਕੇ। ਜਦੋਂ ਇਹ ਸਾਰੀ ਦੌਲਤ ਵੀ ਥੋੜ੍ਹੀ ਪੈ ਗਈ ਤਾਂ ਟੋਡਰ ਮੱਲ ਨੇ ਆਪਣੀ ਹਵੇਲੀ ਵੇਚ ਦਿੱਤੀ ਸੀ। ਦੁਨੀਆਂ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਅੰਤਿਮ ਸੰਸਕਾਰ ਵਾ਼ਲੀ ਜ਼ਮੀਨ ਨੂੰ ਸੰਸਾਰ ਦੀ ਸਭ ਤੋਂ ਮਹਿੰਗੇ ਭਾਅ ਵਾ਼ਲੀ ਜ਼ਮੀਨ ਸਵੀਕਾਰ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਰਾਏਕੋਟ ਵਿਚ ਸਨ, ਜਦੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਜਾਣਕਾਰੀ ਉਨ੍ਹਾਂ ਕੋਲ ਨੂਰਾ ਮਾਹੀ ਲੈ ਕੇ ਆਇਆ ਸੀ। ਉਸ ਨੂੰ ਖ਼ਬਰ ਲੈ ਕੇ ਆਉਣ ਲਈ ਰਾਏ ਕੱਲਾ ਨੇ ਭੇਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਸਮੇਂ ਅਕਾਲ ਪੁਰਖ ਦੀ ਇੱਛਾ ਅੱਗੇ ਸੀਸ ਝੁਕਾਇਆ ਸੀ ਅਤੇ ਆਪਣੇ ਤੀਰ ਦੀ ਨੋਕ ਨਾ਼ਲ ਘਾਹ ਦੀ ਇੱਕ ਤਿੜ ਨੂੰ ਪੁੱਟਿਆ ਅਤੇ ਉਹ ਮੂੰਹੋਂ ਬੋਲੇ ਸਨ, "ਹੁਣ ਮੁਗਲਾਂ ਦੇ ਜ਼ੁਲਮੀ ਸਾਮਰਾਜ ਦੀ ਜੜ੍ਹ ਪੁੱਟੀ ਗਈ ਹੈ।"

# ਸਾਮਰਾਜਵਾਦ, ਪ੍ਰਵਾਸ ਅਤੇ ਵਿਦਿਆਰਥੀ

ਕੈਨੇਡਾ ਜੋ ਕਿ ਇਕ ਸਾਮਰਾਜਵਾਦ ਮੁਲਕ ਹੈ, ਨੇ ਹਾਲ ਹੀ ਵਿਚ ਆਪਣੀ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀ ਵਿਚ ਕੁਝ ਅਹਿਮ ਬਦਲਾਅ ਕੀਤੇ ਹਨ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਭਾਰਤ ਤੋਂ ਕੈਨੇਡਾ ਜਾਂਦੇ ਹਨ। ਭਾਰਤ ਦੇ ਸਾਰੇ ਸੂਬਿਆਂ ਵਿਚੋਂ ਕੈਨੇਡਾ ਵੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੋ ਰਹੇ ਪ੍ਰਵਾਸ ਵਿਚ ਪੰਜਾਬ ਨੰਬਰ ਇੱਕ 'ਤੇ ਹੈ। ਇਸ ਲਈ ਕੈਨੇਡਾ ਦੀ ਅੰਤਰਰਾਸ਼ਟਰੀ



**ਪਰਮਜੀਤ ਸਿੰਘ**
ਫੋਨ: +1647-468-3380

**ਪਰਗਟ ਸਿੰਘ**
ਫੋਨ: +9194178-62967

ਵਿਦਿਆਰਥੀਆਂ ਸੰਬੰਧੀ ਨੀਤੀ ਵਿਚ ਹੋਏ ਪਰਿਵਰਤਨਾਂ ਦਾ ਸਿੱਧਾ ਅਸਰ ਪੰਜਾਬ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ 'ਤੇ ਪੈਣ ਦੇ ਕਿਆਸੇ ਲਗਾਏ ਜਾ ਰਹੇ ਹਨ। ਬੁੱਧੀਜੀਵੀਆਂ ਦੇ ਇਸ ਬਾਰੇ ਵੱਖ-ਵੱਖ ਬਿਆਨ ਹੋ ਸਕਦੇ ਹਨ। ਪਰ ਜ਼ਿਆਦਾਤਰ ਵਿਸ਼ਲੇਸ਼ਕ ਇਸ ਸਮੱਸਿਆ ਦਾ ਦਵੰਦਵਾਦੀ ਵਿਸ਼ਲੇਸ਼ਣ ਕਰਨ ਦੇ ਬਜਾਏ ਇਸ ਦਾ ਸਤਈ ਜਿਹਾ ਨਿਰੀਖਣ ਕਰਦੇ ਹਨ। ਇਸ ਲੇਖ ਦਾ ਉਦੇਸ਼ ਕੈਨੇਡਾ ਦੀਆਂ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀਆਂ ਦੀ ਮਾਰਕਸਵਾਦੀ ਰਾਜਨੀਤਿਕ-ਆਰਥਿਕਤਾ ਅਨੁਸਾਰ ਪੜਚੋਲ ਕਰਦੇ ਹੋਏ ਪਾਠਕਾਂ ਦਾ ਧਿਆਨ ਇਸ ਸਮੱਸਿਆ ਦੇ ਅਸਲ ਕਾਰਨਾਂ ਵੱਲ ਦਿਵਾਉਣਾ ਹੈ। ਸਾਡਾ ਇਹ ਮੰਨਣਾ ਹੈ ਕਿ ਸਾਮਰਾਜਵਾਦੀ ਮੁਲਕਾਂ ਦੀ ਰਾਜਨੀਤਕ-ਆਰਥਿਕਤਾ ਦਾ ਪ੍ਰਵਾਸ ਨਾਲ ਗੁੰਝਲਦਾਰ ਰਿਸ਼ਤਾ ਹੈ। ਇਸ ਲਈ ਕੈਨੇਡਾ ਦੀਆਂ ਨੀਤੀਆਂ ਵਿਚ ਬਦਲਾਅ ਅਤੇ ਪੰਜਾਬੀ ਵਿਦਿਆਰਥੀਆਂ ਨਾਲ ਇਸਦੇ ਸੰਬੰਧਾਂ ਦੀ ਗੁੰਝਲਦਾਰਤਾ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ।

### ਸਾਮਰਾਜਵਾਦੀ ਸੰਕਟ ਅਤੇ ਪ੍ਰਵਾਸ

ਜੇਕਰ ਅਸੀਂ ਸਾਮਰਾਜਵਾਦੀ ਮੁਲਕਾਂ ਦੇ ਸੰਕਟ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦੇ ਦੋ ਪ੍ਰਮੁੱਖ ਪਹਿਲੂ ਹਨ ਜੋ ਇਨ੍ਹਾਂ ਮੁਲਕਾਂ ਦੇ ਪੂੰਜੀਵਾਦੀ ਪ੍ਰਬੰਧ ਨੂੰ ਤਬਾਹੀ ਵੱਲ ਲੈ ਕੇ ਜਾ ਸਕਦੇ ਹਨ। ਪਹਿਲਾ, ਪੂੰਜੀਵਾਦੀ ਜਮਾਤ ਦੇ ਮੁਨਾਫ਼ੇ ਵਿਚ ਕਮੀ। ਦੂਜਾ, ਕਿਰਤੀਆਂ ਦੀ ਰਾਖਵੀਂ ਸੈਨਾ (Reserve Army of labour) ਵਿਚ ਲਗਾਤਾਰ ਵਾਧਾ। ਇਨ੍ਹਾਂ ਦੋਵਾਂ ਸੰਕਟਾਂ ਦਾ ਆਪਸ ਵਿਚ ਵੀ ਗੂੜ੍ਹਾ ਰਿਸ਼ਤਾ ਹੈ। ਪੂੰਜੀਵਾਦੀ ਪ੍ਰਬੰਧ ਵਿਚ ਮੁਨਾਫੇ ਦੇ ਪੱਧਰ ਨੂੰ ਕਾਇਮ ਰੱਖਣ ਲਈ ਇਕ ਪੱਧਰ ਤੱਕ ਦੀ ਬੇਰੁਜ਼ਗਾਰੀ ਲਾਜ਼ਮੀ ਹੁੰਦੀ ਹੈ। ਜੇਕਰ ਪੂੰਜੀਵਾਦੀ ਮੁਲਕਾਂ ਦੀ ਆਰਥਿਕਤਾ ਵਿਚ ਪੂਰਨ ਰੁਜ਼ਗਾਰ ਹੋ ਜਾਵੇ ਤਾਂ ਇਸ ਨਾਲ ਉਨ੍ਹਾਂ ਮੁਲਕਾਂ ਦੀ ਮਜ਼ਦੂਰ ਜਮਾਤ ਦੀ ਮਜ਼ਦੂਰੀ ਨਿਰਧਾਰਨ ਇਕਜੁਟਤਾ (bargaining power) ਵਧ ਜਾਂਦੀ ਹੈ ਜਿਸ ਦਾ ਪੂੰਜੀਵਾਦੀ ਲਾਭ ਦਰ ਨਾਲ ਉਲਟਾ ਸੰਬੰਧ ਹੈ। ਇਸ ਲਈ ਇਨ੍ਹਾਂ ਮੁਲਕਾਂ ਦੀ ਪੂੰਜੀਵਾਦੀ ਜਮਾਤ ਅਤੇ ਰਾਜ ਪ੍ਰਬੰਧ ਇਸ ਗੱਲ ਦਾ ਖਾਸ ਧਿਆਨ ਰੱਖਦੇ ਹਨ ਕਿ ਇਨ੍ਹਾਂ ਮੁਲਕਾਂ ਵਿਚ ਮਜ਼ਦੂਰ ਜਮਾਤ ਦੀ ਮਜ਼ਦੂਰੀ ਨਿਰਧਾਰਨ ਇਕਜੁਟਤਾ ਕੰਟਰੋਲ ਵਿਚ ਰਹੇ। ਇਸ ਲਈ ਉਹ ਤੀਜੀ ਦੁਨੀਆ ਦੀ ਸੰਭਾਵਿਤ (potential) ਕਿਰਤੀਆਂ ਦੀ ਰਾਖਵੀਂ ਸੈਨਾ ਨੂੰ ਕੂਟਨੀਤਕ ਤਰੀਕੇ ਰਾਹੀਂ ਆਪਣੇ ਮੁਲਕਾਂ ਵਿਚ ਆਯਾਤ ਕਰਦੇ ਹਨ। ਪੂੰਜੀਵਾਦੀ ਮੁਲਕਾਂ (ਕੈਨੇਡਾ, ਆਸਟਰੇਲੀਆ, ਬਰਤਾਨੀਆ, ਆਦਿ) ਦੀਆਂ ਵੱਖ-ਵੱਖ ਕਿਸਮ ਦੀਆਂ ਪ੍ਰਵਾਸ ਸਕੀਮਾਂ/ਨੀਤੀਆਂ ਦਾ ਸੂਖਮ (micro) ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

ਸਾਮਰਾਜਵਾਦੀ ਸੰਕਟ ਦਾ ਦੂਜਾ ਵੱਡਾ ਕਾਰਨ ਵਧ ਰਹੀ ਬੇਰੁਜ਼ਗਾਰੀ ਹੁੰਦਾ ਹੈ, ਜਿਸ ਦਾ ਵੀ ਪ੍ਰਵਾਸ ਨਾਲ ਗੂੜ੍ਹਾ ਸੰਬੰਧ ਹੈ। ਜੇਕਰ ਸਾਮਰਾਜਵਾਦੀ ਮੁਲਕਾਂ ਵਿਚ ਕਿਰਤੀਆਂ ਦੀ ਰਾਖਵੀਂ ਸੈਨਾ ਇਕ ਸੀਮਾ ਤੋਂ ਵੱਧ ਹੋ ਜਾਵੇ ਤਾਂ ਉਹ ਆਰਥਿਕ ਢਾਂਚੇ ਦੀ ਸਥਿਰਤਾ ਲਈ ਵੱਡਾ ਸੰਕਟ ਬਣ ਜਾਂਦੀ ਹੈ। ਇਸ ਲਈ ਆਰਥਿਕ ਮੰਦੀ ਦੇ ਦੌਰ ਵਿਚ ਸਾਮਰਾਜਵਾਦੀ ਮੁਲਕ ਕਿਰਤੀਆਂ ਦੀ ਰਾਖਵੀਂ ਸੈਨਾ ਦੇ ਵਾਧੇ ਨੂੰ ਰੋਕਣ ਲਈ ਕਈ ਹੱਥਕੰਡੇ ਅਪਣਾਉਂਦੇ ਹਨ, ਜਿਨ੍ਹਾਂ ਵਿਚੋਂ ਪ੍ਰਮੁੱਖ ਪ੍ਰਵਾਸ ਨੀਤੀਆਂ ਵਿਚ ਫੇਰ-ਬਦਲ ਹੈ। ਜੇਕਰ ਸਾਮਰਾਜਵਾਦੀ ਮੁਲਕਾਂ ਵਿਚ ਅੰਦਰੂਨੀ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੋ ਜਾਵੇ, ਤਾਂ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਨੂੰ ਹੱਲ ਕਰਨ ਲਈ ਇਹ ਮੁਲਕ ਜਾਂ ਤਾਂ ਜੰਗ ਦਾ ਸਹਾਰਾ ਲੈਂਦੇ ਹਨ ਜਾਂ ਬੇਰੁਜ਼ਗਾਰ ਵਸੋਂ ਦਾ ਹੋਰ ਮੁਲਕਾਂ ਨੂੰ ਨਿਰਯਾਤ ਕਰਦੇ ਹਨ। 19ਵੀਂ ਸਦੀ ਦੇ ਅੰਤ ਵਿਚ ਅਤੇ 20ਵੀਂ ਸਦੀ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਇਹ ਦੋਵੇਂ ਹੀ ਬਹੁਤ ਮਹੱਤਵਪੂਰਨ ਸਾਧਨ ਰਹੇ ਹਨ। ਇਸ ਦੀ ਕਲਾਸਿਕ ਉਦਾਹਰਨ 1870 ਤੋਂ 1915 ਤੱਕ ਯੂਰਪ ਤੋਂ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਅਰਜਨਟੀਨਾ, ਦੱਖਣੀ ਅਫਰੀਕਾ ਆਦਿ ਮੁਲਕਾਂ ਨੂੰ ਹੋਇਆ ਪ੍ਰਵਾਸ ਹੈ। ਇਸ ਪ੍ਰਵਾਸ ਦਾ ਮੁੱਖ ਕਾਰਨ ਉਸ ਸਮੇਂ ਦੇ ਯੂਰਪ ਦੇ ਸਾਮਰਾਜਵਾਦੀ ਮੁਲਕਾਂ ਵਿਚ ਵਧ ਰਹੀ ਬੇਰੁਜ਼ਗਾਰੀ ਸੀ ਜੋ ਪੂੰਜੀਵਾਦ ਪ੍ਰਬੰਧ ਲਈ ਵੱਡਾ ਖਤਰਾ ਬਣ ਗਈ ਸੀ। ਇਸ ਖਤਰੇ ਦੀ ਉਦਾਹਰਨ ਲੈਨਿਨ ਨੇ ਸੀਸਿਲ ਰੋਡ ਦੁਆਰਾ ਬਰਤਾਨੀਆ ਦੀ 1895 ਦੀ ਹਾਲਤ ਨੂੰ ਬਿਆਨ ਕਰਦਿਆਂ ਦਿੱਤੀ ਹੈ। ਸੀਸਿਲ ਰੋਡ ਅਨੁਸਾਰ ਬਰਤਾਨੀਆ ਵਿਚ ਬੇਰੁਜ਼ਗਾਰੀ ਵਿਚ ਹੋ ਰਿਹਾ ਵਾਧਾ ਸਾਰੇ ਦੇ ਸਾਰੇ ਪੂੰਜੀਵਾਦੀ ਪ੍ਰਬੰਧ ਲਈ ਵੱਡਾ ਖਤਰਾ ਬਣ ਰਿਹਾ ਸੀ। ਇਸ ਸਮੱਸਿਆ ਕਾਰਨ ਉਹ ਬਰਤਾਨੀਆ ਵਿਚ ਖੂਨੀ ਘਰੇਲੂ ਜੰਗ ਦਾ ਖਦਸ਼ਾ ਮਹਿਸੂਸ ਕਰ ਰਿਹਾ ਸੀ। ਉਸ ਅਨੁਸਾਰ ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਅਸਰਦਾਰ ਪ੍ਰਬੰਧ ਇਹ ਹੈ ਕਿ ਬੇਰੁਜ਼ਗਾਰੀ ਦੀ ਸਮੱਸਿਆ ਦੇ ਹੱਲ ਲਈ ਵਸੋਂ ਦਾ ਨਿਰਯਾਤ ਕੀਤਾ ਜਾਵੇ। 1871 ਤੋਂ 1915 ਦੌਰਾਨ 36 ਮਿਲੀਅਨ ਯੂਰੋਪੀਅਨਾਂ ਦਾ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵੱਲ ਨਿਰਯਾਤ ਕੀਤਾ ਗਿਆ ਜੋ ਕਿ ਲਿਖਤ ਇਤਿਹਾਸ ਵਿਚ ਸਭ ਤੋਂ ਵੱਡੇ ਪ੍ਰਵਾਸ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਵੀ ਪੂੰਜੀਵਾਦੀ ਪ੍ਰਬੰਧ ਰੁਜ਼ਗਾਰ ਵਿਚ ਜ਼ਿਆਦਾ ਵਾਧਾ ਹੁੰਦਾ ਹੈ ਅਤੇ ਮਜ਼ਦੂਰਾਂ ਦੀ ਮਜ਼ਦੂਰੀ ਨਿਰਧਾਰਨ ਇਕਜੁਟਤਾ ਵਿਚ ਵਾਧਾ ਹੁੰਦਾ ਹੈ ਤਾਂ ਇਹ ਪੂੰਜੀਵਾਦੀ ਮੁਨਾਫੇ ਦਾ ਸੰਕਟ ਪੈਦਾ ਕਰ ਦਿੰਦਾ ਹੈ। ਅਜਿਹੀ ਹਾਲਤ ਵਿਚ ਘੱਟ ਵਿਕਸਿਤ ਮੁਲਕਾਂ ਤੋਂ ਸਸਤੀ ਅਤੇ ਨੌਜਵਾਨ ਕਿਰਤ ਸ਼ਕਤੀ ਆਯਾਤ ਕੀਤੀ ਜਾਂਦੀ ਹੈ ਤਾਂ ਜੋ ਘਰੇਲੂ ਮਜ਼ਦੂਰਾਂ ਦੀ ਮਜ਼ਦੂਰੀ ਨਿਰਧਾਰਨ ਇਕਜੁਟਤਾ ਨੂੰ ਕਮਜ਼ੋਰ ਕੀਤਾ ਜਾ ਸਕੇ।

### ਕੈਨੇਡੀਅਨ ਨਵ-ਉਦਾਰਵਾਦ ਅਤੇ ਵਿਦਿਆਰਥੀ

ਜੇਕਰ ਅਸੀਂ ਕੈਨੇਡਾ ਦੀਆਂ ਅਜੋਕੀਆਂ ਆਰਥਿਕ ਅਤੇ ਪ੍ਰਵਾਸ ਨੀਤੀਆਂ ਨੂੰ, ਉਪਰੋਕਤ ਵਿਸ਼ਲੇਸ਼ਣ ਦੇ ਸੰਦਰਭ ਵਿਚ, ਜੋੜ ਕੇ ਪਰਖਣ ਦੀ ਕੋਸ਼ਿਸ਼ ਕਰੀਏ ਤਾਂ ਪੂੰਜੀਵਾਦ, ਪ੍ਰਵਾਸ ਅਤੇ ਪੰਜਾਬੀ ਵਿਦਿਆਰਥੀ ਦੇ ਦਵੰਦਵਾਦੀ ਸਬੰਧ ਦੀ ਅਸਲ ਤਸਵੀਰ ਬਣ ਕੇ ਉਭਰਦੀ ਹੈ। ਕੈਨੇਡਾ ਵਿਚ 1990ਵਿਆਂ ਤੋਂ ਬਾਅਦ ਨਵ-ਉਦਾਰਵਾਦ ਨੀਤੀਆਂ ਦੇ ਫੈਲਾਅ ਨੇ ਕੁਝ ਬੁਨਿਆਦੀ ਪਰਿਵਰਤਨ ਲਿਆਂਦੇ ਜਿਸ ਕਾਰਨ ਉਨ੍ਹਾਂ ਲਈ ਪ੍ਰਵਾਸ ਇਕ ਲਾਜ਼ਮੀ ਜ਼ਰੂਰਤ ਬਣ ਗਿਆ। ਇਸ ਲੇਖ ਦੇ ਵਿਸ਼ਾ ਖੇਤਰ ਅਨੁਸਾਰ ਇਨ੍ਹਾਂ ਨੀਤੀਆਂ ਵਿਚੋਂ ਦੋ ਨੂੰ ਸਮਝਣਾ ਲਾਜ਼ਮੀ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਰਾਹੀਂ ਦੋ ਸਮੱਸਿਆਵਾਂ ਦਾ ਹੱਲ ਕੀਤਾ। ਪਹਿਲਾ, ਦੁਨੀਆਂ ਦੇ ਬਾਕੀ ਮੁਲਕਾਂ ਵਾਂਗ ਕੈਨੇਡਾ ਵਿਚ ਵੀ ਸਰਕਾਰ ਨੇ ਉੱਚ-ਸਿੱਖਿਆ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਘਟਾਉਣੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲ-ਨਾਲ ਪ੍ਰਾਈਵੇਟ ਮੁਨਾਫਾ ਆਧਾਰਤ ਵਿਦਿਅਕ ਅਦਾਰੇ ਖੋਲ੍ਹਣ ਦੀ ਖੁੱਲ੍ਹ ਦੇ ਦਿੱਤੀ। ਇਨ੍ਹਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਜਿੰਨੀ ਮਰਜ਼ੀ ਫੀਸ ਲੈਣ ਅਤੇ ਜੋ ਮਰਜ਼ੀ ਕੋਰਸ ਚਲਾਉਣ ਦੀ ਖੁੱਲ੍ਹ ਵੀ ਮਿਲ ਗਈ। ਇਸ ਖੁੱਲ੍ਹ ਦੇ ਦੋ ਅੰਦਰੂਨੀ ਉਦੇਸ਼ ਬਣਦੇ ਹਨ। ਪਹਿਲਾ, ਇਹ ਅਦਾਰੇ ਸਰਕਾਰ ਉੱਤੇ ਕਿਸੇ ਤਰ੍ਹਾਂ ਦਾ ਵਾਧੂ ਵਿੱਤੀ ਬੋਝ ਨਹੀਂ ਹਨ। ਦੂਜਾ ਅਤੇ ਮਹੱਤਵਪੂਰਨ, ਇਨ੍ਹਾਂ ਦੁਆਰਾ ਚਲਾਏ ਜਾਂਦੇ ਕੋਰਸਾਂ ਦੀ ਕੈਨੇਡਾ ਦੀ ਉੱਚ-ਪੱਧਰੀ ਕਿਰਤ ਬਾਜ਼ਾਰ ਵਿਚ ਕੋਈ ਖਾਸ ਪੁੱਛ-ਗਿਛ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਜੋ ਪੰਜਾਬੀ ਵਿਦਿਆਰਥੀ ਜਾ ਰਹੇ ਹਨ ਉਹ ਆਪਣੇ ਮਾਪਿਆਂ ਤੋਂ ਕਾਫੀ ਪੂੰਜੀ ਲੈ ਕੇ ਜਾ ਰਹੇ ਹਨ। ਇਸ ਪੂੰਜੀ ਨਾਲ ਨਾ ਸਿਰਫ ਮੁਨਾਫਾ ਆਧਾਰਤ ਕਾਲਜਾਂ ਦਾ ਮੁਨਾਫਾ ਵਧ ਰਿਹਾ ਹੈ, ਸਗੋਂ ਬੈਂਕਾਂ ਅਤੇ ਹੋਰ ਪੂੰਜੀਵਾਦੀ ਕਾਰੋਬਾਰ ਦਾ ਵੀ ਮੁਨਾਫਾ ਵਧ ਰਿਹਾ ਹੈ।




ਦੂਜੇ ਪਾਸੇ ਨਵ-ਉਦਾਰਵਾਦੀ ਨੀਤੀਆਂ ਦਾ ਇਕ ਪ੍ਰਮੁੱਖ ਉਦੇਸ਼ ਕੈਨੇਡਾ ਵਿਚ ਕਿਰਤੀਆਂ ਦੀ ਵਧ ਰਹੀ ਇਕਜੁੱਟਤਾ ਨੂੰ ਠੱਲ੍ਹ ਪਾਉਣਾ ਸੀ, ਜਿਸ ਲਈ ਕੈਨੇਡਾ ਦੀ ਲੋਅਰ-ਟੇਅਰ ਕਿਰਤ ਸ਼ਕਤੀ, ਜੋ ਅੰਦਾਜ਼ਨ ਕੈਨੇਡਾ ਵਿਚ ਕੁੱਲ ਕਾਮਿਆਂ ਦਾ 80% ਤੋਂ ਵੀ ਵੱਧ ਹੋਵੇਗੀ, ਨੂੰ ਕੰਟਰੋਲ ਕਰਨਾ ਲਾਜ਼ਮੀ ਸੀ। ਇਸ ਤਰ੍ਹਾਂ ਕੈਨੇਡਾ ਦੀ ਪੂੰਜੀਵਾਦੀ ਜਮਾਤ ਦੇ ਏਜੰਡੇ ਅਨੁਸਾਰ, ਤੀਜੀ ਦੁਨੀਆਂ ਦੇ ਮੁਲਕਾਂ ਵਿਚ ਜੋ ਕਿਰਤੀ ਜਮਾਤ ਬੁਲਾਈ ਜਾਵੇ ਉਹ ਕੁਝ ਹੱਦ ਤੱਕ ਪੜ੍ਹੀ ਲਿਖੀ ਹੋਵੇ, ਨੌਜਵਾਨ ਹੋਵੇ ਅਤੇ ਲੋਅਰ-ਟੇਅਰ ਕੰਮ ਲਈ ਤਿਆਰ ਹੋਵੇ ਤਾਂ ਕਿ ਘਰੇਲੂ ਮਜ਼ਦੂਰ ਜਮਾਤ ਨੂੰ ਇਹ ਸੰਕੇਤ ਮਿਲਦਾ ਰਹੇ ਕਿ ਕੈਨੇਡਾ ਦੇ ਆਰਥਿਕ ਢਾਂਚੇ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਪ ਵਿਚ ਵਾਧੂ ਕਿਰਤ ਸ਼ਕਤੀ ਮੌਜੂਦ ਹੈ। ਕੈਨੇਡਾ ਦੀ ਪੂੰਜੀਵਾਦੀ ਜਮਾਤ ਦੇ ਮੁਨਾਫੇ ਨੂੰ ਬਣਾ ਕੇ ਰੱਖਣ ਦੀ ਇਸ ਕੂਟਨੀਤੀ ਨੂੰ ਇਕ ਉਦਾਹਰਨ ਰਾਹੀਂ ਸਮਝਿਆ ਜਾ ਸਕਦਾ ਹੈ। ਮੰਨ ਲਓ ਕਿ ਇਕ ਪੂੰਜੀਵਾਦੀ ਪ੍ਰਬੰਧ ਆਧਾਰਤ ਉਦਯੋਗ ਵਿਚ 100 ਕਾਮੇ ਲੱਗੇ ਹੋਏ ਹਨ। ਜੇਕਰ 100 ਕਾਮੇ ਇਕਜੁੱਟ ਹੋ ਕੇ ਪ੍ਰਤੀ ਘੰਟਾ ਮਜ਼ਦੂਰੀ ਵਧਾਉਣ ਲਈ ਹੜਤਾਲ ਕਰਦੇ ਹਨ ਅਤੇ ਸਫਲ ਹੋ ਜਾਂਦੇ ਹਨ ਤਾਂ ਪੂੰਜੀਵਾਦੀ ਉਦਯੋਗਪਤੀ ਨੂੰ ਅੱਠ ਘੰਟਿਆਂ ਦੇ ਹਿਸਾਬ ਨਾਲ 100 ਮਜ਼ਦੂਰਾਂ ਨੂੰ ਕਿੰਨੀ ਵੱਧ ਮਜ਼ਦੂਰੀ ਦੇਣੀ ਪਵੇਗੀ? ਇਸ ਪ੍ਰਕਾਰ ਦੀ ਹੜਤਾਲ ਅਤੇ ਇਕਜੁੱਟਤਾ ਹਰ ਇਕ ਉਦਯੋਗ ਵਿਚ ਤਾਂ ਹੀ ਸੰਭਵ ਅਤੇ ਸਫਲ ਹੋ ਸਕਦੀ ਹੈ ਜੇਕਰ ਆਰਥਿਕ ਢਾਂਚੇ ਵਿਚ ਸਸਤੀ ਅਤੇ ਵਾਧੂ ਕਿਰਤ ਸ਼ਕਤੀ ਨਾ ਹੋਵੇ।

ਸੋ ਇਸ ਤਰ੍ਹਾਂ ਦੀ ਮਜ਼ਦੂਰ ਇਕਜੁੱਟਤਾ ਨੂੰ ਠੱਲ੍ਹ ਪਾਉਣ ਅਤੇ ਮੁਨਾਫੇ ਦੀ ਦਰ ਨੂੰ ਕਾਇਮ ਰੱਖਣ ਲਈ ਕੈਨੇਡਾ ਨੇ ਵਿਦਿਆਰਥੀਆਂ ਦੇ ਰੂਪ ਵਿਚ ਜੋ ਨਵੀਂ ਸਸਤੀ ਕਿਰਤ ਸ਼ਕਤੀ ਪੈਦਾ ਕੀਤੀ ਉਸ ਨੂੰ ਕੰਮ ਲੱਗੀ ਹੋਈ ਕਿਰਤ ਸ਼ਕਤੀ (Active Army of labour) ਦੇ ਸਾਮਾਨਅੰਤਰ ਖੜ੍ਹਾ ਕਰ ਦਿੱਤਾ। ਪੂੰਜੀਪਤੀ ਜਮਾਤ ਲਈ ਇਹ ਸ਼ਕਤੀ ਮੁਹੱਈਆ ਹੋਣ ਕਾਰਨ ਇਸ ਜਮਾਤ ਦੀ ਮਜ਼ਦੂਰੀ ਨਿਰਧਾਰਨ ਸ਼ਕਤੀ ਮਜ਼ਦੂਰ ਜਮਾਤ ਦੀ ਸ਼ਕਤੀ ਨਾਲੋਂ ਵਧ ਗਈ। ਇਸ ਤਰ੍ਹਾਂ ਇਸ ਨਵ-ਉਦਾਰਵਾਦੀ ਸਸਤੀ ਕਿਰਤ ਪ੍ਰਵਾਸ ਨੀਤੀ ਦੀ ਨਾ ਸਿਰਫ ਪੂੰਜੀਵਾਦੀ ਲਾਭ ਦਰ ਕਾਇਮ ਰੱਖਣ ਲਈ ਵਰਤੋਂ ਕੀਤੀ ਗਈ ਬਲਕਿ ਮਜ਼ਦੂਰ ਜਮਾਤ ਦੀ ਸੰਗਠਿਤ ਸ਼ਕਤੀ ਨੂੰ ਠੱਲ੍ਹ ਪਾਉਣ ਲਈ ਵੀ ਵਰਤੋਂ ਕੀਤੀ ਗਈ। ਇਸ ਸੰਦਰਭ ਵਿਚ ਨਵ-ਉਦਾਰਵਾਦੀ ਵਿਦਿਆਰਥੀ ਕੂਟਨੀਤੀ ਨੇ ਕਾਰਪੋਰੇਟ ਜਮਾਤ ਅਤੇ ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਧੀਮਾ ਹੀ ਨਹੀਂ ਕੀਤਾ ਸਗੋਂ ਮਜ਼ਦੂਰ ਜਮਾਤ ਅੰਦਰ ਪਾੜਾ ਪਾਉਣ ਦਾ ਕੰਮ ਵੀ ਕੀਤਾ। ਇੱਥੇ ਇਹ ਗ਼ੌਰਤਲਬ ਹੈ, ਕਿ ਪਹਿਲੀ ਸਟੇਜ 'ਤੇ, ਪ੍ਰਵਾਸੀ ਵਿਦਿਆਰਥੀਆਂ ਦੀ ਸਭ ਤੋਂ ਵੱਧ ਟਸਲ ਕੁੱਝ ਸਾਲ ਪਹਿਲਾਂ ਆ ਚੁੱਕੇ ਪੰਜਾਬੀਆਂ, ਜੋ ਵਿਦਿਆਰਥੀਆਂ ਜਾਂ ਕਾਮਿਆਂ ਦੇ ਰੂਪ ਵਿਚ ਆਏ ਸਨ, ਨਾਲ ਪੈਦਾ ਕਰ ਦਿੱਤੀ ਹੈ।

ਜੇਕਰ ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀ ਵਿਚ ਆਏ ਤਾਜ਼ੇ ਪਰਿਵਰਤਨਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦੇ ਦੋ ਪ੍ਰਮੁੱਖ ਕਾਰਨ ਹਨ। ਪਹਿਲਾ, ਕੈਨੇਡਾ ਵਿਚ ਮੰਦੀ ਦਾ ਦੌਰ, ਜਿਸ ਕਾਰਨ ਬੇਰੁਜ਼ਗਾਰੀ ਦੀ ਦਰ ਵਧਣੀ ਸ਼ੁਰੂ ਹੋ ਗਈ ਹੈ। ਪੂੰਜੀਵਾਦ ਪ੍ਰਬੰਧ ਅਧੀਨ ਇਸ ਵਧ ਰਹੀ ਬੇਰੁਜ਼ਗਾਰੀ ਨੂੰ ਵੱਡੇ ਸੰਕਟ ਵਿਚ ਪਰਿਵਰਤਿਤ ਹੋਣ ਤੋਂ ਰੋਕਣ ਲਈ ਸਭ ਤੋਂ ਪਹਿਲਾ ਹਥਿਆਰ ਪ੍ਰਵਾਸ 'ਤੇ ਰੋਕ ਲਗਾਉਣੀ ਹੁੰਦੀ ਹੈ। ਪਰ ਇਸ ਸੰਦਰਭ ਵਿਚ ਕੈਨੇਡੀਅਨ ਪੂੰਜੀਵਾਦ ਲਈ ਇਹ ਵੀ ਮਹੱਤਵਪੂਰਨ ਹੈ ਕਿ ਪੰਜਾਬ ਤੋਂ ਆ ਰਹੀ ਪੂੰਜੀ ਘੱਟ ਨਾ ਹੋਵੇ ਤਾਂ ਜੋ ਕਾਲਜ, ਬੈਂਕ ਅਤੇ ਹੋਰਨਾਂ ਪੂੰਜੀਵਾਦੀ ਸੰਸਥਾਵਾਂ ਦਾ ਮੁਨਾਫਾ ਬਣਿਆ ਰਹੇ। ਇਸ ਲਈ ਕੈਨੇਡਾ ਨੇ ਜੀ.ਆਈ.ਸੀ (Guaranteed Investment Certificate) ਦੁੱਗਣਾ ਕਰ ਦਿੱਤਾ ਹੈ। ਜਿਸ ਦਾ ਭਾਵ ਇਹ ਹੈ ਕਿ ਜੇਕਰ ਕੈਨੇਡਾ ਪ੍ਰਵਾਸੀ ਵਿਦਿਆਰਥੀਆਂ ਦੀ ਗਿਣਤੀ ਅੱਧੀ ਵੀ ਕਰ ਦਿੰਦਾ ਹੈ ਤਾਂ ਕੈਨੇਡਾ ਨੂੰ ਜਾ ਰਹੀ ਪੂੰਜੀ ਵਿਚ ਕੋਈ ਖਾਸ ਕਮੀ ਨਾ ਆਵੇ। ਦੂਜਾ, ਕੈਨੇਡਾ ਵਿਚ ਆਮ ਚੋਣਾਂ ਦੇ ਸੰਦਰਭ ਵਿਚ ਹੋਏ ਇਕ ਸਰਵੇ ਅਨੁਸਾਰ ਲਿਬਰਲ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਵਿਚ ਹਾਰ ਦਿਖ ਰਹੀ ਹੈ। ਲਿਬਰਲ ਪਾਰਟੀ ਦੀ ਕਈ ਦਹਾਕੇ ਤੋਂ ਕੈਨੇਡਾ ਰਹਿ ਰਹੀ ਪੰਜਾਬੀ ਪ੍ਰਵਾਸੀ ਵਸੋਂ ਨਾਲ ਬਹੁਤ ਚੰਗੀ ਸਾਂਝ ਹੈ। ਪੰਜਾਬੀ, ਜਿਨ੍ਹਾਂ ਦੀ ਲਿਬਰਲ ਪਾਰਟੀ ਤੱਕ ਸਿੱਧੇ ਜਾਂ ਅਸਿੱਧੇ ਰੂਪ ਵਿਚ ਪਹੁੰਚ ਹੈ ਨੇ ਪਾਰਟੀ ਨੂੰ ਇਹ ਗੱਲ ਜਚਾ ਦਿੱਤੀ ਹੈ ਕਿ ਜੇਕਰ ਉਹ ਅੰਤਰਰਾਸ਼ਟਰੀ ਪੰਜਾਬੀ ਵਿਦਿਆਰਥੀਆਂ ਦੀ ਸੰਖਿਆ ਨੂੰ ਰੈਗੂਲੇਟ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਪੰਜਾਬੀ ਅਸਰ ਵਾਲੇ ਹਲਕਿਆਂ ਵਿਚ ਆਉਣ ਵਾਲੀਆਂ ਚੋਣਾਂ ਵਿਚ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦਾ ਮੁੱਖ ਕਾਰਨ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਅਤੇ ਸਮਾਜਿਕ ਉਪਰੀ ਢਾਂਚੇ ਦੀ ਕਮੀ ਹੋ ਜਾਣ ਕਾਰਨ ਆ ਰਹੀਆਂ ਕਿੱਲਤਾਂ ਹਨ। ਸੋ ਪ੍ਰਵਾਸ ਨੀਤੀ ਵਿਚ ਪਰਿਵਰਤਨ ਜੋ ਕਿ ਪੂੰਜੀਵਾਦੀ ਆਰਥਿਕ ਅਤੇ ਰਾਜਨੀਤਕ ਪ੍ਰਬੰਧ ਨੂੰ ਕਾਇਮ ਰੱਖਣ ਦਾ ਅਹਿਮ ਹਥਿਆਰ ਹੈ, ਵਿਚ ਫੇਰਬਦਲ ਦਾ ਕਾਰਨ ਕੈਨੇਡਾ ਦਾ ਰਾਜਨੀਤਕ ਆਰਥਿਕ ਸੰਕਟ ਹੈ।

### ਪੰਜਾਬੀ ਜਵਾਨੀ ਦੀ ਹੋਣੀ

ਉਪਰੋਕਤ ਸੰਦਰਭ ਵਿਚ ਪ੍ਰਵਾਸ ਸੰਬੰਧੀ ਨੀਤੀਆਂ ਵਿਚ ਆਏ ਪਰਿਵਰਤਨ ਨੇ ਪੰਜਾਬ ਤੋਂ ਹੋਣ ਵਾਲੇ ਵਿਦਿਆਰਥੀ ਪ੍ਰਵਾਸ ਨੂੰ ਇਕ ਵਾਰ ਫੇਰ ਬੁੱਧੀਜੀਵੀਆਂ ਦੇ ਵਿਸ਼ਲੇਸ਼ਣ ਦੇ ਘੇਰੇ ਵਿਚ ਲੈ ਆਂਦਾ ਹੈ। ਪੰਜਾਬ ਦੇ ਅੰਦਰੂਨੀ ਆਰਥਿਕ-ਰਾਜਨੀਤਕ ਸੰਕਟ ਅਤੇ ਕੈਨੇਡਾ ਦੇ ਆਰਥਿਕ-ਰਾਜਨੀਤਕ ਪ੍ਰਬੰਧ ਦਾ ਪੰਜਾਬੀ ਦੀ ਨੌਜਵਾਨ ਪੀੜ੍ਹੀ ਦੀ ਹੋਣੀ ਨਾਲ ਕਿਹੋ ਜਿਹਾ ਸੰਬੰਧ ਬਣਦਾ ਹੈ, ਦਾ ਵੀ ਦਵੰਦਵਾਦੀ ਅਧਿਐਨ ਕਰਨਾ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਕੈਨੇਡਾ ਦੀ ਪ੍ਰਵਾਸ ਨੀਤੀ ਵਿਚ ਆਏ ਪਰਿਵਰਤਨ ਦਾ। ਪੰਜਾਬੀ ਔਸਤਨ ਨੌਜਵਾਨ ਜੋ ਪੰਜਾਬ ਨੂੰ ਛੱਡ ਕੇ ਕੈਨੇਡਾ ਆਉਣ ਦੀ ਤਾਂਘ ਰੱਖਦਾ ਹੈ, ਉਹ ਕੈਨੇਡਾ ਦੀ ਸਸਤੀ ਕਿਰਤ ਸ਼ਕਤੀ ਦਾ ਹਿੱਸਾ ਬਣ ਕੇ ਰਹਿ ਜਾਂਦਾ ਹੈ। ਪੰਜਾਬ ਤੋਂ ਪ੍ਰਵਾਸ ਕਰਨ ਵਾਲੇ 95% ਤੋਂ ਵੀ ਵੱਧ ਨੌਜਵਾਨਾਂ ਦਾ ਉਦੇਸ਼ ਕੈਨੇਡਾ ਵਿਚ ਪੜ੍ਹ ਕੇ ਕੈਨੇਡਾ ਦੇ ਸੰਸਥਾਗਤ ਢਾਂਚੇ ਦਾ ਹਿੱਸਾ ਬਣਨਾ ਨਹੀਂ ਹੈ ਬਲਕਿ ਪੈਸੇ ਕਮਾਉਣ ਤੱਕ ਸੀਮਿਤ ਹੈ। ਇਸ ਕਰਕੇ ਉਹ ਪ੍ਰਵਾਸ ਏਜੰਟਾਂ ਤੋਂ ਕਦੇ ਇਹ ਪੁੱਛਣਾ ਵਾਜਬ ਨਹੀਂ ਸਮਝਦੇ ਕਿ ਜਿਹੜੇ ਕੋਰਸ ਅਤੇ ਕਾਲਜ ਵਿਚ ਏਜੰਟ ਉਨ੍ਹਾਂ ਨੂੰ ਭੇਜ ਰਿਹਾ ਹੈ ਉਸ ਦੀ ਕਿਰਤ ਬਾਜ਼ਾਰ ਵਿਚ ਕਿੰਨੀ-ਕੁ ਮੰਗ ਹੈ। ਪੰਜਾਬੀ ਨੌਜਵਾਨਾਂ ਦੀ ਇਹ ਪੜ੍ਹਾਈ ਅਤੇ ਕਾਲਜ ਨੂੰ ਆਪਣੀ ਕੈਨੇਡਾ ਵਾਲੀ ਜ਼ਿੰਦਗੀ ਵਿਚ ਸੈਕੰਡਰੀ ਜਾਂ ਮਨਫੀ ਕਰ ਦੇਣ ਦੀ ਪ੍ਰਵਿਰਤੀ ਕੈਨੇਡਾ ਦੇ ਪੂੰਜੀਵਾਦੀ ਪ੍ਰਬੰਧ ਲਈ ਪੂੰਜੀ ਦਾ ਕੰਮ ਕਰਦੀ ਹੈ। ਇਹ ਪੂੰਜੀ ਦਾ ਰੂਪ ਸਸਤੀ ਕਿਰਤ ਸ਼ਕਤੀ, ਪੜ੍ਹਨ ਅਤੇ ਕਾਲਜ ਜਾਣ ਦੀ ਇੱਛਾ ਨਾ ਰੱਖਣਾ, ਉੱਚ ਪੱਧਰੀ ਕਿਰਤ ਸ਼ਕਤੀ ਨਾਲ ਮੁਕਾਬਲੇ ਵਿਚ ਨਾ ਆਉਣਾ, ਸੰਸਥਾਗਤ ਢਾਂਚੇ ਦਾ ਹਿੱਸਾ ਨਾ ਬਣਨਾ, ਅੰਨ੍ਹਾ ਉਪਭੋਗਤਾਵਾਦ (hyper consumerism), ਆਦਿ ਹਨ। ਇਹ ਪੂੰਜੀ ਕੈਨੇਡੀਅਨ ਪੂੰਜੀਵਾਦ ਸੰਕਟ ਦੇ ਹੱਲ ਲਈ ਸਭ ਤੋਂ ਢੁਕਵੀਂ ਹੈ। ਅਜੋਕੇ ਰੁਝਾਨ ਅਨੁਸਾਰ ਪੰਜਾਬੀ ਨੌਜਵਾਨ ਪੜ੍ਹਾਈ ਤੋਂ ਗੁਰੇਜ਼ ਰੱਖ ਕੇ ਅਤੇ ਕੈਨੇਡਾ ਦੇ ਪੱਕੇ ਵਸਨੀਕ ਬਣ ਕੇ ਇੱਥੋਂ ਦੀ ਰਾਜਨੀਤਕ ਜਮਾਤ ਲਈ ਵੋਟ ਬੈਂਕ ਤਾਂ ਬਣ ਸਕਦੇ ਹਨ ਪਰ ਕੈਨੇਡਾ ਦੇ ਆਰਥਿਕ ਅਤੇ ਸੰਸਥਾਗਤ ਢਾਂਚੇ ਦੇ ਥੰਮ੍ਹਾਂ (ਆਰਥਿਕ ਨੀਤੀਆਂ ਵਾਲੇ ਅਦਾਰੇ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ, ਆਦਿ) ਅੰਦਰ ਆਪਣੀ ਹੋਂਦ ਨਹੀਂ ਬਣਾ ਸਕਦੇ। ਇਸ ਦੇ ਉਲਟ ਚੀਨ, ਦੱਖਣੀ ਕੋਰੀਆ, ਇਜ਼ਰਾਈਲ, ਭਾਰਤੀ ਸੂਬੇ ਕੇਰਲਾ ਅਤੇ ਬੰਗਾਲ ਆਦਿ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸਾਰਾ ਦਾਰੋਮਦਾਰ ਚੰਗੀ ਸਿੱਖਿਆ ਹਾਸਲ ਕਰ ਕੇ ਸੰਸਥਾਗਤ ਢਾਂਚੇ ਦਾ ਹਿੱਸਾ ਬਣਨਾ ਹੈ। ਇਹ ਰੁਝਾਨ ਪੰਜਾਬੀ ਵਿਦਿਆਰਥੀਆਂ ਦੀ ਛੇਤੀ-ਛੇਤੀ ਪਦਾਰਥਵਾਦੀ ਅਮੀਰ ਬਣਨ ਦੀ ਤਾਂਘ ਨੂੰ ਬਾਖੂਬੀ ਬਿਆਨ ਕਰਦਾ ਹੈ, ਜਿਸ ਦੇ ਸਾਹਮਣੇ ਬਹੁਤੇ ਵਿਦਿਆਰਥੀਆਂ ਲਈ ਸਭ ਕੁਝ ਫਿੱਕਾ ਹੈ। ਪੰਜਾਬੀ ਵਿਦਿਆਰਥੀਆਂ ਵਿਚ ਅਜਿਹਾ ਕਿਉਂ ਹੈ, ਇਕ ਵੱਖਰੇ ਲੇਖ ਦਾ ਹਿੱਸਾ ਹੋ ਸਕਦਾ ਹੈ। ਪਰ ਇਕ ਗੱਲ ਤੈਅ ਹੈ ਕਿ ਪੰਜਾਬੀ ਨੌਜਵਾਨ ਪੀੜ੍ਹੀ ਦੁਆਰਾ ਛੇਤੀ-ਛੇਤੀ ਪਦਾਰਥਵਾਦੀ ਅਮੀਰ ਬਣਨ ਨੂੰ ਪ੍ਰਮੁਖ ਰੱਖ ਕੇ ਆਪਣੇ ਚੰਗੇ ਭਵਿੱਖ ਵਿਚੋਂ ਉੱਚ-ਪੱਧਰੀ ਸਿੱਖਿਆ ਨੂੰ ਮਨਫੀ ਕਰ ਦੇਣਾ ਪੰਜਾਬੀ ਕੌਮ ਨੂੰ ਕੈਨੇਡਾ ਅਤੇ ਵਿਸ਼ਵ ਪੱਧਰ 'ਤੇ ਇਕ ਸੂਝਵਾਨ ਕੌਮ ਬਣਨ ਅਤੇ ਉੱਚ ਸੰਸਥਾਗਤ ਢਾਂਚੇ ਨੂੰ ਸਮਝ ਕੇ ਉਸ ਦਾ ਹਿੱਸਾ ਬਣਨ ਜਾਂ ਉਸ ਨੂੰ ਕਿਸੇ ਬੇਹਤਰ ਢਾਂਚੇ ਵਿਚ ਪਰਿਵਰਤਨ ਕਰਨ ਦੀ ਪ੍ਰਤਿਭਾ ਨਾਲ ਮੇਲ ਨਹੀਂ ਖਾਂਦਾ।

ਸੋ ਅੰਤ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਅਜੋਕੇ ਸਾਮਰਾਜਵਾਦੀ ਮੁਲਕਾਂ ਦੀਆਂ ਵਿਦਿਆਰਥੀ/ਨੌਜਵਾਨ ਪ੍ਰਵਾਸ ਸਬੰਧੀ ਨੀਤੀਆਂ ਸਿੱਧੇ ਤੌਰ 'ਤੇ ਉਨ੍ਹਾਂ ਮੁਲਕਾਂ ਦੇ ਪੂੰਜੀਵਾਦੀ ਜਮਾਤ ਦੇ ਸੰਕਟ ਨੂੰ ਹੱਲ ਕਰਨ ਨਾਲ ਸੰਬੰਧਤ ਹਨ। ਇਨ੍ਹਾਂ ਨੀਤੀਆਂ ਵਿਚ ਹਾਲ ਵਿਚ ਹੋਈ ਫੇਰ-ਬਦਲ ਦਾ ਸਿੱਧਾ ਸੰਬੰਧ ਪੰਜਾਬੀ ਵਿਦਿਆਰਥੀਆਂ, ਕੈਨੇਡੀਅਨ ਮਜ਼ਦੂਰ ਜਮਾਤ ਅਤੇ ਪੰਜਾਬ ਤੋਂ ਹੋਣ ਵਾਲੀ ਪੂੰਜੀ ਦੇ ਨਿਰਯਾਤ ਨਾਲ ਹੈ।

ਇਸਦੇ ਨਾਲ-ਨਾਲ ਇਨ੍ਹਾਂ ਨੀਤੀਆਂ ਦੇ ਉਦੇਸ਼ਾਂ ਨੂੰ ਸਮਝੇ ਬਗੈਰ ਪੰਜਾਬ ਦੇ ਰਾਜਨੀਤਕ-ਆਰਥਿਕ ਸੰਕਟ ਤੋਂ ਨਿਕਲਣ ਵਾਲੀ ਨੌਜਵਾਨ ਪੀੜ੍ਹੀ ਜਿਹੜੀ ਸੋਚ ਨਾਲ ਕੈਨੇਡਾ ਜਾ ਕੇ ਜਿਸ ਨਵੇਂ ਰਾਜਨੀਤਕ-ਆਰਥਿਕ ਪ੍ਰਬੰਧ ਦਾ ਹਿੱਸਾ ਬਣਦੀ ਹੈ ਉਹ ਉਨ੍ਹਾਂ ਅਤੇ ਕੈਨੇਡੀਅਨ ਮਜ਼ਦੂਰ ਜਮਾਤ ਲਈ ਕੋਈ ਆਸ਼ਾਵਾਦੀ ਭਵਿੱਖ ਨਹੀਂ ਸਿਰਜ ਸਕਦੀ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2024*

**Ph: 510-304-9292 or 408-666-8279**



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3626 Platt ct S
Pleasanton CA 94588
2. 2478 Shield dr
Union City CA 94587
3. 102 Mission Siena Terrace
Fremont CA 94539
4. 5163 Westport Way
Union City CA 94587
5. 6500 Mines Rd
Livermore, CA, 94550
6. 1548 Spring St
Mountain View, CA, 94043
7. 1978 Catalpa Way
Hayward, CA, 94545
8. 2793 San Minete Dr
Livermore, CA, 94550
9. 4153 Settlers Ridge Way
Roseville, CA, 95747
10. 2373 Tallahassee St
Hayward, CA, 94545
11. 7045 Inclined Pl
Dublin, CA, 94568
11. 48 Terra Vista Ave Apt D
San Francisco CA, 94115
12. 2411 Bentley Lane
Tracy CA 95376
13. 150 Yolo Ct
San Bruno CA 94066
14. 5079 Brett Court
CA, 94538
15. 1401 Angus St
Patterson, CA, 95363

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਅਰਜਨਟਾਈਨਾ ਵਿਚ ਅਰਾਜਕ ਪੂੰਜੀਵਾਦ ਦਾ ਖ਼ਤਰਾ

ਅਰਜਨਟਾਈਨਾ ਦੀਆਂ 28ਵੀਆਂ ਰਾਸ਼ਟਰਪਤੀ ਚੋਣਾਂ ਵਿਚ 'ਸੁਤੰਤਰਤਾਵਾਦੀ' ਪਾਰਟੀ ਦੇ ਉਮੀਦਵਾਰ ਖਾਵੀਅਰ ਮਿਲੇਅ ਵਿਰੋਧੀ ਧਿਰ ਦੇ ਉਮੀਦਵਾਰ ਸਿਰਖੀਓ ਮਾਸਾ ਨੂੰ 44.3% ਦੇ ਮੁਕਾਬਲੇ 55.7% ਵੋਟਾਂ ਦੇ ਫਰਕ ਨਾਲ ਹਰਾ ਕੇ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਰਾਜਮਾਨ ਹੋ ਚੁੱਕੇ ਹਨ। 'ਸਨਕੀ' ਤੇ 'ਮੈਡਮੈਨ' ਵਜੋਂ ਮਸ਼ਹੂਰ ਖਾਵੀਅਰ ਮਿਲੇਅ ਅਰਾਜਕਤਾਵਾਦੀ ਅਰਥ ਸ਼ਾਸਤਰੀ ਹਨ ਅਤੇ ਇਸ ਸਮੇਂ ਆਪਣੇ ਤਿੱਖੇ ਆਰਥਿਕ-ਸਿਆਸੀ ਸੁਧਾਰਾਂ ਦੇ ਐਲਾਨਾਂ ਕਰ ਕੇ ਆਲਮੀ ਸਿਆਸਤ ਵਿਚ ਖਿੱਚ ਦਾ ਕੇਂਦਰ

**ਮਨਦੀਪ**
**ਫੋਨ: +1-438-924-2052**

ਹਨ। ਗੁਲਾਬੀ ਵਾਅਦਿਆਂ ਵਾਲੀ ਸਾਬਕਾ ਖੱਬੇ ਪੱਖੀ ਸਰਕਾਰ ਦੇ ਰਾਜਕਾਲ ਸਮੇਤ ਪਿਛਲੇ ਇਕ ਦਹਾਕੇ ਤੋਂ ਅਰਜਨਟਾਈਨਾ ਦੇਸ਼ ਪੱਧਰੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਵਧਦਾ ਵਿੱਤੀ ਘਾਟਾ ਤੇ ਵਿਦੇਸ਼ੀ ਕਰਜ਼, ਵਿਦੇਸ਼ੀ ਕਰੰਸੀ ਦੀ ਕਾਲਾ ਬਾਜ਼ਾਰੀ, ਜ਼ਖੀਰੇਬਾਜ਼ੀ, ਵੱਧ ਵਿਆਜ ਦਰਾਂ, ਮੁਦਰਾ ਦੀ ਲਗਾਤਾਰ ਘਟਦੀ ਕੀਮਤ ਆਦਿ ਵਰਗੀਆਂ ਅਲਾਮਤਾਂ ਅਰਜਨਟਾਈਨਾ ਦੀ ਆਰਥਿਕਤਾ ਨੂੰ ਕੈਂਸਰ ਵਾਂਗ ਚਿੰਬੜੀਆਂ ਹੋਈਆਂ ਹਨ। ਹੁਣ ਮਿਲੇਅ ਵੱਲੋਂ ਚਿੰਨ੍ਹਾਤਮਕ ਤੌਰ 'ਤੇ ਹੱਥ ਵਿਚ ਆਰਾ ਫੜ ਕੇ ਕੀਤੇ ਤਿੱਖੇ ਤੇ ਅਰਾਜਕ ਆਰਥਿਕ ਸੁਧਾਰਾਂ ਦੇ ਐਲਾਨਾਂ ਨੂੰ ਇੱਕ ਪਾਸੇ ਰਾਹਤ ਅਤੇ ਦੂਸਰੇ ਪਾਸੇ ਵੱਡੇ ਆਰਥਿਕ ਸਦਮੇ ਵਜੋਂ ਦੇਖਿਆ ਜਾ ਰਿਹਾ ਹੈ।

ਖੁਦ ਨੂੰ ਚਿਲੀ ਦੇ ਤਨਾਸ਼ਾਹ ਅਗਸਤੋ ਪਿਨੋਚੇ ਦਾ ਪੈਰੋਕਾਰ ਕਹਿਣ ਵਾਲੇ ਖਾਵੀਅਰ ਮਿਲੇਅ ਦੁਆਰਾ ਐਲਾਨੀ ਅਰਾਜਕ ਸਦਮਾ ਥੈਰਪੀ ਵਿਚੋਂ ਚਿਲੀ ਦੇ 1973 ਦੇ ਖੂਨੀ ਤਖਤਾ ਪਲਟ ਦੌਰਾਨ ਕੀਤੇ ਗਏ ਉਜਾੜਪਾਊ ਤਿੱਖੇ ਆਰਥਿਕ ਸੁਧਾਰਾਂ ਦਾ ਪਰਛਾਵਾਂ ਦੇਖਿਆ ਜਾ ਸਕਦਾ ਹੈ। ਮਿਲੇਅ ਆਪਣੀ ਕੱਟੜਪੰਥੀ ਰਾਜਨੀਤਕ ਅਤੇ ਆਰਥਿਕ ਵਿਚਾਰ ਮੁਹਿੰਮ ਨਾਲ ਲੰਮੇ ਸਮੇਂ ਦੀ ਆਰਥਿਕ ਖੜੋਤ ਕਾਰਨ ਵਿਆਪਕ ਨਿਰਾਸ਼ਾ ਵਿਚ ਡੁੱਬੇ ਲੋਕਾਂ ਨੂੰ ਤਿੱਖੇ ਨਵਉਦਾਰਵਾਦੀ ਸੁਧਾਰਾਂ ਦੇ ਐਲਾਨਾਂ ਨਾਲ ਮੰਤਰਮੁਗਧ ਕਰ ਕੇ ਕੁਰਸੀ ਸੰਭਾਲਣ ਵਿਚ ਸਫਲ ਹੋਇਆ ਹੈ। ਉਸ ਦੁਆਰਾ ਮਨੁੱਖੀ ਅੰਗਾਂ ਦੀ ਵਿਕਰੀ ਨੂੰ ਕਾਨੂੰਨੀ ਰੂਪ ਦੇਣ, ਸਮਾਜਿਕ ਖਰਚਿਆਂ ਵਿਚ ਭਾਰੀ ਕਟੌਤੀ ਕਰਨ, ਅਰਜਨਟਾਈਨਾ ਦੇ 1976-83 ਦੇ ਤਾਨਾਸ਼ਾਹੀ ਹਕੂਮਤ ਦੇ ਅਪਰਾਧਾਂ ਨੂੰ ਰੱਦ ਕਰਨ, ਅਰਜਨਟਾਈਨਾ ਦੇ ਦੋ ਸਭ ਤੋਂ ਮਹੱਤਵਪੂਰਨ ਵਪਾਰਕ ਭਾਈਵਾਲਾਂ ਬ੍ਰਾਜ਼ੀਲ ਅਤੇ ਚੀਨ ਨਾਲ ਸਬੰਧਾਂ 'ਤੇ ਕੱਟ ਲਾਉਣ, ਅਰਜਨਟਾਈਨਾ ਦੇ ਕੇਂਦਰੀ ਬੈਂਕ ਨੂੰ ਖਤਮ ਕਰਨ ਅਤੇ ਆਰਥਿਕਤਾ ਦਾ ਡਾਲਰੀਕਰਨ ਕਰਨ ਦਾ ਦਾਅਵਾ ਕਰਨ, ਬਰਿਕਸ ਵਿਚੋਂ ਬਾਹਰ ਆਉਣ, ਕੱਟੜਪੰਥੀ ਆਰਥਿਕ ਸੁਧਾਰਾਂ ਦੀ ਲੜੀ ਵਜੋਂ ਬਿਜਲੀ ਅਤੇ ਟਰਾਂਸਪੋਰਟ ਸਬਸਿਡੀਆਂ ਘਟਾਉਣ, ਦੇਸ਼ ਦੀ ਮੁਦਰਾ ਪੈਸੋ ਨੂੰ 50% ਤੋਂ ਵੱਧ ਘਟਾਉਣ, ਸਰਕਾਰੀ ਮੰਤਰਾਲਿਆਂ ਦੀ ਗਿਣਤੀ 18 ਤੋਂ ਘਟਾ ਕੇ 9 ਕਰਨ, ਜਨਤਕ ਕੰਮਾਂ ਨੂੰ ਮੁਅੱਤਲ ਕਰਨ, ਸਾਇੰਸ, ਸਭਿਆਚਾਰਕ, ਸਿਹਤ ਸੰਭਾਲ ਅਤੇ ਸਿੱਖਿਆ ਪ੍ਰਣਾਲੀਆਂ ਦਾ ਨਿੱਜੀਕਰਨ ਕਰ ਕੇ ਚਾਰ ਵੱਡੀਆਂ ਪ੍ਰਾਈਵੇਟ ਕਾਰਪੋਰੇਸ਼ਨਾਂ ਨੂੰ ਸੌਂਪਣ, ਚਾਰ ਪ੍ਰਾਈਵੇਟ ਜੇਲ੍ਹਾਂ ਬਣਾਉਣ ਦੇ ਨੁਸਖਿਆਂ ਨੂੰ ਅਰਜਨਟਾਈਨਾ ਦੀ ਬਿਮਾਰ ਆਰਥਿਕਤਾ ਲਈ ਔਸ਼ਧੀ ਵਾਂਗ ਪੇਸ਼ ਕੀਤਾ ਜਾ ਰਿਹਾ ਹੈ।

ਇੱਕ ਦਹਾਕੇ ਤੋਂ ਅਰਜਨਟਾਈਨਾ ਵੱਡੀਆਂ ਆਰਥਿਕ ਚੁਣੌਤੀਆਂ ਅਤੇ ਰਾਜਨੀਤਕ ਅਸਥਿਰਤਾ ਵਿਚੋਂ ਗੁਜ਼ਰ ਰਿਹਾ ਹੈ। ਸਥਾਨਕ ਮੁਦਰਾ ਪੈਸੋ ਦੀ ਵਟਾਂਦਰਾ ਦਰ ਇੱਕ ਅਮਰੀਕੀ ਡਾਲਰ ਦੇ ਮੁਕਾਬਲੇ 800 ਪੈਸੋ ਤੱਕ ਅੱਪੜ ਗਈ ਹੈ ਜੋ ਆਰਥਿਕਤਾ ਦੇ ਮੌਜੂਦਾ ਇਤਿਹਾਸ ਵਿਚ ਵੱਡੀ ਗਿਰਾਵਟ ਹੈ। ਅਰਜਨਟਾਈਨਾ ਦੀ 40.1 ਪ੍ਰਤੀਸ਼ਤ ਵਸੋਂ ਗਰੀਬੀ ਰੇਖਾ ਤੋਂ ਹੇਠਾਂ ਹੈ ਅਤੇ ਇਸ ਦੀ ਸਾਲਾਨਾ ਮਹਿੰਗਾਈ ਦਰ 160.90 (ਨਵੰਬਰ 2023) ਫੀਸਦ ਸਾਲਾਨਾ ਦੇ ਹਿਸਾਬ ਨਾਲ ਸੰਸਾਰ ਦੀ ਸਭ ਤੋਂ ਉੱਚੀ ਮਹਿੰਗਾਈ ਦਰ ਹੈ। ਲੋਕਾਂ ਦੀ ਆਮਦਨ ਤੇ ਜੀਵਨ ਪੱਧਰ ਲਗਾਤਾਰ ਗਿਰਾਵਟ ਵੱਲ ਜਾ ਰਿਹਾ ਹੈ। ਸਜਾਵਟੀ ਵਸਤਾਂ, ਖਿਡੌਣੇ, ਫਰਨੀਚਰ, ਆਟੋ ਸਨਅਤ ਆਦਿ ਦਾ ਉਤਪਾਦਨ ਹੇਠਾਂ ਡਿੱਗ ਚੁੱਕਾ ਹੈ; ਇਹ ਖੇਤਰ ਬੁਰੀ ਤਰ੍ਹਾਂ ਮੰਦੀ ਦੀ ਮਾਰ ਹੇਠ ਹਨ। ਤੇਲ, ਸੋਇਆਬੀਨ, ਮੱਕੀ, ਕਣਕ, ਗਾਂ ਤੇ ਸੂਰ ਦਾ ਮੀਟ, ਆਟਾ, ਦਾਲਾਂ, ਖੰਡ, ਪਾਸਤਾ ਆਦਿ ਜ਼ਰੂਰੀ ਵਸਤਾਂ ਦੇ ਰੇਟ ਅਸਮਾਨ ਛੂਹ ਰਹੇ ਹਨ। ਵਿਦੇਸ਼ੀ ਮੁਦਰਾ ਦੀ ਬਲੈਕ ਮਾਰਕਿਟਿੰਗ ਜ਼ੋਰਾਂ 'ਤੇ ਹੈ। ਵਿੱਤੀ ਘਾਟਾ 4.3% ਤੱਕ ਦੀ ਨਿਵਾਣ ਛੂਹ ਰਿਹਾ ਹੈ ਅਤੇ ਕੁੱਲ ਘਰੇਲੂ ਪੈਦਾਵਾਰ 0.8 ਫੀਸਦ ਤੱਕ ਹੇਠਾਂ ਡਿੱਗ ਗਈ ਹੈ। ਬੇਰੁਜ਼ਗਾਰੀ ਦਰ 8.4% ਤੱਕ ਵਧ ਗਈ ਹੈ ਅਤੇ ਸਨਅਤੀ ਪੈਦਾਵਾਰ ਵਿਕਾਸ ਦਰ ਮਨਫ਼ੀ 0.3% ਤੱਕ ਘਟ ਗਈ ਹੈ। ਆਰਥਿਕ ਮੰਦਹਾਲੀ ਨਾਲ ਨਜਿੱਠਣ ਲਈ ਪਿਛਲੀ ਸਰਕਾਰ ਨੂੰ ਕੇਂਦਰੀ ਬੈਂਕ ਨੂੰ ਆਪਣੇ 255 ਮਿਲੀਅਨ ਡਾਲਰ ਦੇ ਭੰਡਾਰ ਵੇਚਣ ਤੱਕ ਦਾ ਆਦੇਸ਼ ਦੇਣਾ ਪਿਆ ਸੀ। ਅਰਜਨਟਾਈਨਾ ਸਿਰ ਚੜ੍ਹੇ 276.2 ਅਰਬ ਡਾਲਰ (ਕੁੱਲ ਜੀ.ਡੀ.ਪੀ. ਦਾ 45%) ਦੇ ਕੁੱਲ ਬਾਹਰੀ ਕਰਜ਼ ਵਿਚੋਂ 46 ਅਰਬ ਡਾਲਰ ਇਕੱਲੇ ਆਈਐਮਐਫ ਦਾ ਕਰਜ਼ ਹੈ ਜੋ ਅਰਜਨਟਾਈਨਾ ਲਈ ਵੱਡਾ ਬੋਝ ਹੈ। ਸਰਕਾਰ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ ਦਾ ਵਿਆਜ ਮੋੜਨ ਦੇ ਵੀ ਸਮਰੱਥ ਨਹੀਂ। ਕਰਜ਼ ਅਤੇ ਉਸ ਦੇ ਵਿਆਜ ਦੀ ਦੇਣਦਾਰੀ ਅਮਰੀਕੀ ਡਾਲਰ ਵਿਚ ਹੋਣ ਕਰ ਕੇ ਅਮਰੀਕੀ ਫੈਡਰਲ ਬੈਂਕ ਵੱਲੋਂ ਵਧਾਈਆਂ ਜਾਂਦੀਆਂ ਵਿਆਜ ਦਰਾਂ ਕਾਰਨ ਅਰਜਨਟਾਈਨਾ ਸਿਰ ਕਰਜ਼ ਦੀ ਕੀਮਤ ਵਧ ਰਹੀ ਹੈ ਅਤੇ ਸਥਾਨਕ ਕਰੰਸੀ ਦੀ ਕੀਮਤ ਘਟਣ ਕਾਰਨ ਇਹ ਬੋਝ ਹੋਰ ਵਧ ਰਿਹਾ ਹੈ। ਇਸ ਤੋਂ ਇਲਾਵਾ ਸਥਾਨਕ ਮੁਦਰਾ ਦੇ ਲਗਾਤਾਰ ਹੇਠਾਂ ਵੱਲ ਜਾਣ, ਆਰਥਿਕ ਸਿਆਸੀ ਅਸਥਿਰਤਾ ਅਤੇ ਕੇਂਦਰੀ ਬੈਂਕ ਦੀਆਂ ਵਿਆਜ ਦਰਾਂ ਵੱਧ (133 ਫੀਸਦ) ਹੋਣ ਕਾਰਨ ਦੇਸ਼ ਵਿਚ ਵਿਦੇਸ਼ੀ ਨਿਵੇਸ਼ ਵੀ ਲਗਾਤਾਰ ਘਟ ਰਿਹਾ ਹੈ।




ਕੰਗਾਲੀ ਦੇ ਕਗਾਰ 'ਤੇ ਪੁੱਜੇ ਦੇਸ਼ ਦੀ ਸਿਆਸਤ ਵਿਚ ਅਚਾਨਕ ਫਾਸ਼ੀਵਾਦੀ ਰੁਚੀਆਂ ਦੇ ਮਾਲਕ, ਅਰਾਜਕ ਸ਼ਖਸ ਦਾ ਰਾਸ਼ਟਰਪਤੀ ਬਣਨਾ ਕਈ ਖਦਸ਼ੇ ਖੜ੍ਹੇ ਕਰਦਾ ਹੈ। ਬਚਪਨ ਵਿਚ ਘਰੇਲੂ ਬਦਸਲੂਕੀ ਦਾ ਸ਼ਿਕਾਰ ਖਾਵੀਅਰ ਮਿਲੇਅ ਸ਼ੁਰੂ ਤੋਂ ਹੀ ਅਰਾਜਕ, ਰੁੱਖੇ ਤੇ ਸਨਕੀ ਸੁਭਾਅ ਕਾਰਨ 'ਪਾਗਲ' (ਐਲ ਲੋਕੋ) ਦੇ ਨਾਂ ਨਾਲ ਮਸ਼ਹੂਰ ਸੀ। ਉਸ ਦੇ ਸਨਕ ਤੇ ਅਰਾਜਕ ਸੁਭਾਅ ਦਾ ਨਿਰਣਾ ਉਸ ਦੇ ਜਨਤਕ ਬਿਆਨ ਤੋਂ ਲਗਾਇਆ ਜਾ ਸਕਦਾ ਹੈ ਜਦੋਂ ਉਹ ਕਹਿੰਦਾ ਹੈ ਕਿ "ਉਸ ਦੀਆਂ ਆਰਥਿਕ ਨੀਤੀਆਂ ਬਾਰੇ ਉਸ ਦਾ ਮਰਿਆ ਹੋਇਆ ਕੁੱਤਾ 'ਕੋਨਨ' ਜਿਹੜਾ ਹੁਣ ਕਿਸੇ ਹੋਰ ਜੂਨ 'ਚ ਚਲਾ ਗਿਆ ਹੈ, ਉਸ ਨੂੰ ਸਲਾਹ ਦਿੰਦਾ ਹੈ"। ਇਸ ਸਨਕ ਲਈ ਉਸ ਨੇ ਪੰਜਾਹ ਹਜ਼ਾਰ ਅਮਰੀਕੀ ਡਾਲਰ ਖਰਚ ਕੇ ਕੋਨਨ ਦੇ 5 ਕਲੋਨ ਤਿਆਰ ਕਰਵਾਏ ਹਨ ਅਤੇ ਇਨ੍ਹਾਂ ਕੁੱਤਿਆਂ ਦੇ ਨਾਮ ਖੁੱਲ੍ਹੀ ਮੰਡੀ ਦੇ ਪੈਰੋਕਾਰ ਪੰਜ ਮਸ਼ਹੂਰ ਅਰਥ ਸ਼ਾਸਤਰੀਆਂ ਦੇ ਨਾਮ 'ਤੇ ਰੱਖੇ ਹਨ। ਪੰਜਾਂ ਵਿਚੋਂ ਇੱਕ ਕੁੱਤੇ ਦਾ ਨਾਮ ਉਸ ਨੇ ਮਿਲਟਨ ਫਰਾਇਡਮੈਨ ਰੱਖਿਆ ਹੈ। ਹੁਣ ਸਵਾਲ ਹੈ: ਕੰਗਾਲੀ ਦੀ ਕਗਾਰ 'ਤੇ ਪੁੱਜੇ ਦੇਸ਼ ਅਤੇ ਕਾਰਪੋਰੇਟਰਾਂ ਨੇ ਸਿਆਸੀ ਤੌਰ 'ਤੇ ਗੈਰ-ਤਜਰਬੇਕਾਰ, ਸਨਕੀ ਤੇ ਅਰਾਜਕ ਸ਼ਖਸ ਨੂੰ ਕਿਉਂ ਚੁਣਿਆ?

ਕੋਵਿਡ ਕਾਲ ਦੌਰਾਨ ਉਸ ਨੇ ਸੋਸ਼ਲ ਮੀਡੀਆ, ਟੀਵੀ ਸ਼ੋਆਂ ਤੇ ਜਨਤਕ ਭਾਸ਼ਣਾਂ ਵਿਚ ਕੁਲੀਨ ਵਿਰੋਧੀ ਅਤੇ ਸੁਤੰਤਰਤਾ ਪੱਖੀ ਭਾਸ਼ਣ ਦੇ ਕੇ ਆਮ ਲੋਕਾਂ, ਖਾਸਕਰ ਨੌਜਵਾਨਾਂ ਵਿਚ ਆਪਣਾ ਚੋਖਾ ਪ੍ਰਭਾਵ ਸਿਰਜਿਆ; ਉਸ ਦੇ ਵੋਟਰਾਂ ਵਿਚ ਬਹੁਗਿਣਤੀ (60%) ਨੌਜਵਾਨਾਂ ਸਨ। ਇਤਿਹਾਸਕ ਤੌਰ 'ਤੇ ਤੱਥ ਦਿਖਾਉਂਦੇ ਹਨ ਕਿ ਅਰਜਨਟਾਈਨਾ ਸਮੇਤ ਲਾਤੀਨੀ ਅਮਰੀਕਾ ਦੇ ਨੌਜਵਾਨ ਆਮ ਤੌਰ 'ਤੇ ਖੱਬੇ ਪੱਖੀ ਸਿਆਸਤ ਤੋਂ ਪ੍ਰਭਾਵਿਤ ਰਹੇ ਹਨ ਪਰ ਪਿਛਲੇ ਕੁਝ ਦਹਾਕਿਆਂ ਤੋਂ ਲਾਤੀਨੀ ਅਮਰੀਕਾ ਦੇ ਪਾਰਲੀਮਾਨੀ ਖੱਬੇ ਪੱਖੀ ਆਮ ਲੋਕਾਂ ਵਿਚ ਆਪਣਾ ਵਿਸ਼ਵਾਸ ਲਗਾਤਾਰ ਗੁਆ ਰਹੇ ਹਨ। ਮਿਲੇਅ ਨੇ 'ਮੀਡੀਆ ਮੈਨ' ਬਣ ਕੇ ਇਸ ਖੱਬੀ ਉਪਰਾਮਤਾ ਦਾ ਲਾਹਾ ਲਿਆ ਅਤੇ ਸੰਸਾਰ ਭਰ ਵਿਚ ਉੱਭਰ ਰਹੇ ਪਿਛਾਖੜੀ ਤੇ ਫਾਸ਼ੀਵਾਦੀ ਰੁਝਾਨ ਦੀਆਂ ਅਰਾਜਕ ਨੀਤੀਆਂ ਤੇ ਫ਼ੈਸਲਿਆਂ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾਇਆ। ਉਸ ਨੇ ਇਜ਼ਰਾਈਲ ਦਾ ਝੰਡਾ ਲਹਿਰਾ ਕੇ, ਬ੍ਰਾਜ਼ੀਲ ਤੇ ਚੀਨ ਨਾਲ ਵਪਾਰਕ ਸਬੰਧਾਂ 'ਤੇ ਕੱਟ ਲਾਉਣ, ਬਰਿਕਸ ਤੋਂ ਬਾਹਰ ਆਉਣ, ਪਿਛਾਖੜੀ ਜਾਇਰ ਬੋਲਸੋਨਾਰੋ ਤੇ ਡੋਨਲਡ ਟਰੰਪ ਨਾਲ ਨੇੜਤਾ, ਖੁਦ ਨੂੰ ਤਾਨਾਸ਼ਾਹ ਅਗਸਤੋ ਪਿਨੋਸ਼ੇ ਦਾ ਪੈਰੋਕਾਰ ਅਤੇ 'ਅਰਾਜਕ ਪੂੰਜੀਪਤੀ' ਗਰਦਾਨ ਕੇ ਸੰਸਾਰ ਸਾਹਮਣੇ ਭੂ-ਸਿਆਸੀ ਤੌਰ 'ਤੇ ਸਪੱਸ਼ਟ ਸੰਕੇਤ ਦੇ ਦਿੱਤੇ ਹਨ ਕਿ ਉਹ ਅਰਜਨਟਾਈਨਾ ਨੂੰ ਅਮਰੀਕੀ ਸਾਮਰਾਜ ਦੀ ਨਵ-ਬਸਤੀ ਬਣਾਉਣ ਲਈ ਨੇਤਨਯਾਹੂ ਜਾਂ ਯੇਲੇਂਸਕੀ ਤੋਂ ਘੱਟ ਨਹੀਂ। ਦੂਸਰਾ, ਲੋਕ ਸਾਬਕਾ ਖੱਬੇ ਪੱਖੀ ਸਰਕਾਰ ਤੋਂ ਹਤਾਸ਼ ਸਨ ਜੋ ਆਪਣੇ ਕੀਤੇ ਵਾਅਦਿਆਂ ਉੱਤੇ ਖਰੀ ਨਹੀਂ ਉੱਤਰੀ ਅਤੇ ਖੁਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੀ ਰਹੀ, ਦੇਸ਼ ਦੀ ਹਾਲਤ ਲਗਾਤਾਰ ਨਿਘਰਦੀ ਗਈ। ਤੀਸਰਾ, ਮਿਲੇਅ ਨੂੰ ਅਰਜਨਟਾਈਨਾ ਦੇ ਸਾਬਕਾ ਰਾਸ਼ਟਰਪਤੀ ਮੌਰੀਸੀਓ ਮਾਕਰੀ, ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਜਾਇਰ ਬੋਲਸੋਨਾਰ ਅਤੇ ਅਮਰੀਕਾ ਦੇ ਡੋਨਾਲਡ ਟਰੰਪ ਦਾ ਸਮਰਥਨ ਹਾਸਲ ਸੀ। ਇਸ ਤੋਂ ਇਲਾਵਾ ਆਈਐਮਐਫ, ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਤੇ ਉਸ ਦੇ ਮੀਡੀਆਂ ਵੱਲੋਂ ਹਰ ਸੰਭਵ ਮਿਲੇਅ ਨੂੰ ਸਹਿਯੋਗ ਦਿੱਤਾ ਗਿਆ।

ਕਾਰਪੋਰੇਟ ਜਮਾਤ ਦੇ ਚਹੇਤੇ ਮਿਲੇਅ ਪ੍ਰਸ਼ਾਸਨ ਨੇ ਸੱਤਾ ਸੰਭਾਲਣ ਦੇ ਕੁਝ ਦਿਨਾਂ ਬਾਅਦ ਸਰਕਾਰ ਵਿਰੋਧੀ ਜਮਹੂਰੀ ਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਦਾ ਗਲਾ ਘੁੱਟਣਾ ਸ਼ੁਰੂ ਕਰ ਦਿੱਤਾ। ਮਿਲੇਅ ਪ੍ਰਸ਼ਾਸਨ ਨੇ ਦੇਸ਼ ਦੀ ਮੁਦਰਾ ਪੈਸੋ ਨੂੰ 50% ਤੋਂ ਵੱਧ ਘਟਾਉਣ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ 'ਗੋਲੀ ਜਾਂ ਜੇਲ੍ਹ' ਦਾ ਬਦਲ ਦੇਣ ਦੇ ਨਵੇਂ ਸੁਰੱਖਿਆ ਦਿਸ਼ਾ-ਨਿਰਦੇਸ਼ ਦੇ ਕੇ ਵਿਚਾਰ ਪ੍ਰਗਟਾਵੇ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਰੌਂਦਣਾ ਸ਼ੁਰੂ ਕਰ ਦਿੱਤਾ। ਉਸ ਨੇ ਐਲਾਨ ਕੀਤਾ ਕਿ ਵੀਡੀਓ ਨਿਗਰਾਨੀ ਤਹਿਤ ਸੰਗਠਨਾਂ ਤੇ ਵਿਅਕਤੀਆਂ ਦੇ 'ਚਿਹਰੇ ਦੀ ਪਛਾਣ' ਵਾਲੇ ਕੈਮਰੇ ਲਗਾਏ ਜਾਣਗੇ ਤੇ ਵਿਰੋਧ ਦੀ ਹਰ ਆਵਾਜ਼ ਦੀ ਸ਼ਨਾਖਤ ਕੀਤੀ ਜਾਵੇਗੀ। ਨਵੇਂ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਤਹਿਤ ਸੁਰੱਖਿਆ ਬਲਾਂ ਅਤੇ ਪੁਲੀਸ ਭੇਜਣ ਦੀ ਲਾਗਤ ਦਾ ਬਿੱਲ ਪ੍ਰਦਰਸ਼ਨਕਾਰੀਆਂ ਨੂੰ ਅਦਾ ਕਰਨਾ ਪਵੇਗਾ।

ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਖੇਤੀਬਾੜੀ ਤੋਂ ਇਲਾਵਾ ਅਰਜਨਟਾਈਨਾ ਵਿਚ ਸੋਨਾ, ਚਾਂਦੀ, ਤਾਂਬਾ, ਜ਼ਿੰਕ, ਲੀਥੀਅਮ ਆਦਿ ਅਮੀਰ ਕੁਦਰਤੀ ਸ੍ਰੋਤਾਂ ਦੀ ਭਰਮਾਰ ਹੈ। ਸੰਸਾਰ ਦੇ ਇੱਕ ਤਿਹਾਈ ਲੀਥੀਅਮ ਦਾ ਭੰਡਾਰ ਇਕੱਲੇ ਅਰਜਨਟਾਈਨਾ ਵਿਚ ਹੈ ਅਤੇ ਇਲੈਕਟ੍ਰਿਕ ਵਾਹਨਾਂ ਤੇ ਬੈਟਰੀਆਂ ਦੇ ਨਿਰਮਾਣ ਲਈ ਲੀਥੀਅਮ ਬਹੁਤ ਮਹੱਤਵਪੂਰਨ ਧਾਤ ਹੈ। ਸੰਸਾਰ ਵਿਚ ਲੀਥੀਅਮ ਦੇ ਸ੍ਰੋਤ ਸੀਮਤ ਹਨ ਅਤੇ ਭਵਿੱਖ ਇਲੈਕਟ੍ਰਿਕ ਵਾਹਨਾ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਦੁਨੀਆ ਵਿਚ ਇਲੈਕਟ੍ਰਿਕ ਵਾਹਨ ਬਣਾਉਣ ਵਾਲੀਆਂ ਕੰਪਨੀਆਂ ਵਿਚ ਅਮਰੀਕੀ ਕੰਪਨੀਆਂ ਦੀ ਇਜਾਰੇਦਾਰੀ ਹੈ। ਇਸ ਲਈ ਇਲੈਕਟ੍ਰਿਕ ਵਾਹਨ ਬਣਾਉਣ ਵਾਲੇ ਅਮਰੀਕਾ ਦੇ ਅਰਬਪਤੀ ਐਲਨ ਮਸਕ ਨੇ ਮਿਲੇਅ ਨੂੰ ਵਧਾਈ ਦਿੰਦਿਆਂ ਕਿਹਾ ਕਿ 'ਅਰਜਨਟਾਈਨਾ ਵਿਚ ਖੁਸ਼ਹਾਲੀ ਆਉਣ ਵਾਲੀ ਹੈ।'

1990-95 ਵਿਚ ਵਿਸ਼ਵ ਵਪਾਰ ਸੰਸਥਾ ਅਤੇ ਆਈ.ਐਮ.ਐਫ. ਨੇ ਅਰਜਨਟਾਈਨਾ ਅੰਦਰ ਮੁਕਤ ਬਾਜ਼ਾਰ ਖੜ੍ਹਾ ਕਰ ਕੇ ਤਿੱਖੇ ਆਰਥਿਕ ਸੁਧਾਰ ਕੀਤ ਸਨ। ਭਾਰਤ ਵਾਂਗ ਅਰਜਨਟਾਈਨਾ ਅੰਦਰ ਵੀ ਵਿਸ਼ਵੀਕਰਨ, ਨਿੱਜੀਕਰਨ ਦਾ ਕਾਲ-ਖੰਡ ਇਕੋ ਹੀ ਸੀ। ਇੱਥੇ ਪਹਿਲੀ ਵਾਰ ਵੱਡੀ ਪੱਧਰ ਉੱਤੇ ਬੰਦਰਗਾਹਾਂ, ਸਰਕਾਰੀ ਕਾਰਖਾਨੇ ਤੇ ਫੈਕਟਰੀਆਂ, ਖੇਤੀ ਫਾਰਮ ਅਤੇ ਸਰਕਾਰੀ ਟੈਲੀਫੋਨ ਤੱਕ ਨੂੰ ਨਿੱਜੀ ਹੱਥਾਂ ਵਿਚ ਸੌਂਪ ਦਿੱਤਾ ਗਿਆ ਸੀ। ਅਰਜਨਟਾਈਨਾ ਦੇ ਮੌਜੂਦਾ ਆਰਥਿਕ ਹਾਲਾਤ ਉਹਨਾਂ ਹੀ ਸਾਮਰਾਜੀ ਨਵਉਦਾਰਵਾਦੀ ਨੀਤੀਆਂ ਦੀ ਪੈਦਾਇਸ਼ ਹਨ ਜਿਨ੍ਹਾਂ ਨੀਤੀਆਂ ਨੂੰ ਮਿਲੇਅ ਹੋਰ ਵੱਧ ਅਰਾਜਕ ਤਰੀਕੇ ਨਾਲ ਲਾਗੂ ਕਰਨ ਦੀ ਵਕਾਲਤ ਕਰ ਰਿਹਾ ਹੈ। ਅਰਜਨਟਾਈਨਾ ਦਾ ਮੌਜੂਦਾ ਆਰਥਿਕ ਅਤੇ ਸਮਾਜਿਕ ਸੰਕਟ, ਤੇਜ਼ੀ ਨਾਲ ਵੱਧਦੀ ਮਹਿੰਗਾਈ ਅਤੇ ਆਈ.ਐਮ.ਐਫ. ਦੇ ਕਰਜ਼ੇ ਦਾ ਭਾਰੀ ਬੋਝ ਰਾਤੋ-ਰਾਤ ਲੋਪ ਨਹੀਂ ਹੋਵੇਗਾ, ਜੁਮਲਿਆਂ ਅਤੇ ਅਰਾਜਕ ਨਿਰਣਿਆਂ ਨਾਲ ਤਾਂ ਬਿਲਕੁਲ ਵੀ ਨਹੀਂ। ਖਾਵੀਅਰ ਮਿਲੇਅ ਦੇ ਘਾਤਕ ਤੇ ਅਰਾਜਕ ਫੈਸਲਿਆਂ ਦਾ ਲਾਗੂ ਹੋਣਾ ਜਾਂ ਫੇਲ੍ਹ ਹੋਣਾ ਅਤੇ ਇਸ ਦੇ ਅਰਜਨਟੀਨੀ ਲੋਕਾਂ ਤੇ ਕਿਹੋ ਜਿਹੇ ਪ੍ਰਭਾਵ ਪੈਣਗੇ, ਇਹ ਦੇਖਣ ਵਾਲਾ ਹੋਵੇਗਾ।

# ਦੁਆਰਾ ਵੱਸਦਾ ਰਹੇ...

ਮੰਗਣ ਵਾਲਿਆਂ ਦਾ ਕੋਈ ਅੰਤ ਨਹੀਂ। ਚਾਹੇ ਵੋਟਾਂ ਦਾ ਵਕਤ ਤੇ ਚਾਹੇ ਖੁਸ਼ੀ ਦੇ ਹੋਰ ਮੌਕੇ ਹੋਣ, ਮੰਗਤਿਆਂ ਦੀਆਂ ਲਾਈਨਾਂ ਲਗ ਜਾਂਦੀਆਂ। ਬਹੁਤ ਸਾਰੀ ਜਨਤਾ ਮਿਹਨਤ ਮਜ਼ਦੂਰੀ ਅਤੇ ਹੱਕ ਹਲਾਲ ਦੀ ਕਮਾਈ ਕਰਨ ਨਾਲੋਂ ਇਸ ਪਾਸੇ ਤੁਰ ਪਈ ਜਾਪਦੀ ਹੈ। ਰੁਜ਼ਗਾਰ ਕੋਈ ਮਿਲ ਨਹੀਂ ਰਿਹਾ, ਲੁੱਟਾਂ ਖੋਹਾਂ ਅਤੇ ਮੰਗਣਾ

**ਜਸਬੀਰ ਕੌਰ**
**ਫੋਨ: +91-84278-53313**

ਹੀ ਉਨ੍ਹਾਂ ਦਾ ਰੁਜ਼ਗਾਰ ਬਣ ਕੇ ਰਹਿ ਗਿਆ ਹੈ।

ਅਸਾਂ ਆਪਣੇ ਲੜਕੇ ਦਾ ਵਿਆਹ ਕੀ ਕੀਤਾ, ਦਿਨ ਚੜ੍ਹਦੇ ਹੀ ਹੇੜ੍ਹਾਂ ਦੀਆਂ ਹੇੜ੍ਹਾਂ ਮੰਗਣ ਤੁਰ ਪਈਆਂ... ਦੁਆਰਾ ਵੱਸਦਾ ਰਹੇ, ਜੋੜੀ ਜੀਵੇ, ਪੁੱਤ ਪੋਤਰੇ ਖੇਡਣ ਵਗੈਰਾ ਦੀਆਂ ਉੱਚੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲਾਂ ਆਏ 'ਜ਼ੋਰੀ' ਮੰਗੇ ਦਾਨ ਵੇ ਲਾਲੋ' ਵਾਂਗ ਤਿੰਨ ਚਾਰ ਹੱਟੇ ਕੱਟੇ; ਅਖੇ, ਅਸੀਂ ਤਾਂ ਜੀ ਛੁਰੀਮਾਰ ਹਾਂ, ਸਾਨੂੰ ਕੁਝ ਲਾਗ ਦੇ ਕੇ ਤੋਰੋ, ਨਹੀਂ ਤਾਂ ਅਸੀਂ ਇਥੇ ਹੀ ਛੁਰੀ ਮਾਰ ਮਾਰ ਖੂਨ ਵਹਾ ਦੇਣਾ। ਅਜਿਹੀਆਂ ਧਮਕੀਆਂ ਲੱਗੇ ਦੇਣ। ਅਸਾਂ ਸੌ ਰੁਪਿਆ ਦੇ ਦਿੱਤਾ। ਅਖੇ, ਅਸੀਂ ਤਾਂ ਪੰਜ ਸੌ ਤੋਂ ਘੱਟ ਨਹੀਂ ਲੈਣਾ। ਉਹ ਚਾਰ ਜਣੇ ਸਨ ਤੇ ਚਾਰ ਸੌ ਦੇ ਕੇ ਜਾਨ ਛੁਡਾਈ।

ਪੰਜ ਮਿੰਟ ਬਾਅਦ ਹੀ ਆਪਣੀ ਡਫਲੀ ਖੜਕਾਉਂਦੇ ਭੰਡ ਆ ਗਏ। ਉੱਚੀ ਉੱਚੀ ਆਵਾਜ਼ਾਂ ਲੱਗੇ ਮਾਰਨ। ਇਨ੍ਹਾਂ ਨੂੰ ਵੀ ਸੌ ਰੁਪਏ ਦਿੱਤੇ ਤਾਂ ਕਹਿਣ ਲੱਗੇ, "100 ਰੁਪਏ ਵੀ ਕੋਈ ਚੀਜ਼ ਆ। ਸੁਖ ਨਾਲ ਮੁੰਡੇ ਦਾ ਵਿਆਹ ਕੀਤਾ, ਜਿਉਂਦੇ ਵੱਸਦੇ ਰਹਿਣ।" ਖੈਰ! ਸੌ ਹੋਰ ਦੇ ਕੇ ਤੋਰੇ। ਉਹ ਗਏ ਤਾਂ ਹਿਜੜੇ ਆ ਗਏ। ਸੱਜੀ ਫੱਬੀ ਔਰਤ ਤਾੜੀ ਮਾਰ ਕੇ ਧੁਸ ਦੇਣੀ ਵਿਹੜੇ ਵਿਚ ਆ ਕੇ ਕੁਰਸੀ 'ਤੇ ਬੈਠ ਗਈ: "ਸੁਖੀ ਵੱਸੇ ਜੋੜੀ।"

ਸੁਣਿਆ ਕਿ ਇਹ ਤਾਂ ਹਜ਼ਾਰਾਂ 'ਚ ਪੈਸੇ ਬਟੋਰ ਕੇ ਜਾਂਦੇ ਹਨ। ਤੇ ਉਹ ਤਾਂ ਨੱਚਣ ਲਗ ਪਈ। ਗਲੋਂ ਲਾਹੁਣ ਲਈ ਪੰਜ ਸੌ ਦਿੱਤਾ। ਉਸ ਹੱਥ ਮਾਰ ਮੋੜ ਦਿੱਤਾ। ਬਾਕੀ ਇਹਦੇ ਨਾਲ ਦੇ ਡਿਓੜੀ ਵਿਚ ਹੀ ਬੈਠੇ ਰਹੇ। ਕਹਿਣ, "ਇਹ ਤਾਂ ਸਾਡੀ ਬੇਇਜ਼ਤੀ ਵਾਲੀ ਗੱਲ ਹੋ ਗਈ। ਅਸਾਂ ਤਾਂ ਪੰਜ ਹਜ਼ਾਰ ਤੋਂ ਘੱਟ ਕਿਸੇ ਤੋਂ ਨਹੀਂ ਲਏ।"

"ਦੇਖੋ, ਉਹ ਅਮੀਰ ਲੋਕ ਹੋਣਗੇ ਜੋ ਤੁਹਾਨੂੰ ਇੰਨੇ ਦੇ ਦਿੰਦੇ ਨੇ। ਸਾਡੀ ਇੰਨੀ ਸਮਰੱਥਾ ਨਹੀਂ ਹੈ। ਸਾਡਾ ਤਾਂ ਮਸੀਂ ਰੋਟੀ ਪਾਣੀ ਹੀ ਚੱਲਦਾ ਹੈ।" ਬੈਠੀਆਂ ਰਹੀਆਂ ਢੀਠ ਹੋ ਕੇ।

"ਅੱਛਾ ਲਿਆ ਭਰਾ ਇੱਕੀ ਸੌ ਹੀ ਕਰਦੇ।"

"ਅਸੀਂ ਤਾਂ ਵੱਧ ਤੋਂ ਵੱਧ ਗਿਆਰਾਂ ਸੌ ਕਰ ਸਕਦੇ ਹਾਂ। ਆਹ ਗਿਆਰਾਂ ਸੌ ਪਿਆ, ਲੈਣਾ ਤਾਂ ਲਓ ਨਹੀਂ ਤਾਂ ਬੈਠੀਆਂ ਰਹੋ।" ਅਸੀਂ ਵੀ ਅੰਦਰ ਆ ਕੇ ਬੈਠ ਗਏ। "ਅੱਛਾ ਕੋਈ ਮਿੱਠਾ ਜਾਂ ਕੋਈ ਆਟਾ ਤਾਂ ਨਾਲ ਦਿਓ।" ਅਸੀਂ ਕੌਲੀ ਆਟੇ ਦੀ ਤੇ ਥੋੜ੍ਹੀ ਭਾਜੀ ਦਿੱਤੀ ਤੇ ਉਹ ਗਿਆਰਾਂ ਸੌ ਲੈ ਕੇ ਤਿੱਤਰ ਹੋਈਆਂ। ਅਸੀਂ ਸੁਖ ਦਾ ਸਾਹ ਲਿਆ ਪਰ ਬਾਹਰਲਾ ਦਰਵਾਜ਼ਾ ਫਿਰ ਖੜਕਣ ਲੱਗ ਪਿਆ। ਦੇਖਿਆ ਤਾਂ 'ਦੁਆਰਾ ਵੱਸਦਾ ਰਹੇ' ਦੀਆਂ ਹੇਕਾਂ ਲਾਉਂਦੀਆਂ ਛੇ ਕੁ ਜ਼ਨਾਨੀਆਂ ਚੰਗੀਆਂ ਤਕੜੀਆਂ, ਡਿਓਢੀ 'ਚ ਆਣ ਵੜੀਆਂ ਤੇ ਥਪੜਾ ਮਾਰ ਕੇ ਬੂਹਾ ਫੜ ਕੇ ਬੈਠ ਗਈਆਂ। ਗਲੋਂ ਲਾਹੁਣ ਲਈ ਉਨ੍ਹਾਂ ਨੂੰ ਪੰਜਾਹ ਦਾ ਨੋਟ ਫੜਾਇਆ, "ਚਲੋ ਲਓ ਜਾਓ ਹੁਣ।" ਫਿਰ ਤਿੰਨ ਕੁ ਹੋਰ ਅੱਗੇ ਹੋ ਕੇ ਕਹਿਣ ਲੱਗੀਆਂ- "ਉਹ ਤਾਂ ਤੂੰ ਉਨ੍ਹਾਂ ਨੂੰ ਦੇ ਦਿੱਤੇ, ਸਾਨੂੰ ਸੱਖਣਾ ਤੋਰਨਾ ਈ? ਜਿਊਂਦਾ ਰਹੁ, ਰੱਬ ਭਲਾ ਕਰੇ ਤੇਰਾ।" ਉਨ੍ਹਾਂ ਨੂੰ ਵੀ ਪੰਜਾਹ ਦਾ ਨੋਟ ਦੇਣਾ ਪਿਆ। ਅਸਾਂ ਸੋਚਿਆ, ਇਹ ਤਾਂ ਖੁੰਬਾਂ ਵਾਂਗ ਉੱਗੀ ਆਉਂਦੇ ਨੇ। ਵਿਆਹ ਕੀਤਾ ਮੁੰਡੇ ਦਾ, ਕੀ ਗੁਨਾਹ ਕਰ ਲਿਆ ਜਿਹੜਾ ਸਾਨੂੰ ਜੁਰਮਾਨਾ ਭਰਨਾ ਪੈ ਰਿਹਾ।

ਉਹ ਗਈਆਂ ਤੇ ਪੰਜ ਕੁ ਜਣੀਆਂ ਦਾ ਇਕ ਹੋਰ ਟੋਲਾ ਆਣ ਵੜਿਆ। ਲੱਗ ਪਈਆਂ ਉੱਚੀ ਉੱਚੀ ਅਸੀਸਾਂ ਦੀਆਂ ਝੜੀਆਂ ਲਾਉਣ। ਐਤਕੀਂ ਸੋਚਿਆ, ਇਨ੍ਹਾਂ ਨੂੰ ਕੋਈ ਵੱਡਾ ਨੋਟ ਨਹੀਂ ਦੇਣਾ, ਹਰ ਇਕ ਦੇ ਹੱਥ 10 ਰੁਪਏ ਦੇ ਕੇ ਤੋਰੋ। ਦਸ ਦਸ ਰੁਪਏ ਦੇਣ ਲਈ ਅਗਾਂਹ ਵਧੇ, ਉਨ੍ਹਾਂ ਕਿਸੇ ਨੇ ਨਾ ਲਿਆ। ਅਸੀਂ ਆਖਿਆ, "ਚਲੀਆਂ ਜਾਓ, ਨਹੀਂ ਤਾਂ ਪੁਲੀਸ ਬੁਲਾਉਣੀ ਪਊ।"

"ਅੱਛਾ ਵੀਹ ਵੀਹ ਕਰਦੇ।" ਤੇ ਅਸਾਂ ਹਰ ਇਕ ਦੇ ਹੱਥ 'ਤੇ ਵੀਹ ਵੀਹ ਰੱਖ ਦਿੱਤੇ।

ਥੋੜ੍ਹੀ ਦੇਰ ਨੂੰ ਚਾਰ ਪੰਜ ਹੋਰ ਲੱਗ ਪਈਆਂ ਜ਼ੋਰ ਜ਼ੋਰ ਦੀ ਬੂਹਾ ਖੜਕਾਉਣ। ਹੁਣ ਸਾਡੇ ਸਬਰ ਦਾ ਪਿਆਲਾ ਭਰ ਚੁੱਕਾ ਸੀ... ਇਉਂ ਤਾਂ ਇਹ ਕੰਮ ਮੁੱਕਣਾ ਹੀ ਨਹੀਂ। ਜਿਉਂ ਸਵੇਰੇ ਛੇ ਵਜੇ ਤੋਂ ਹੁਣ ਇਕ ਵੱਜਣ ਲੱਗਾ ਹੈ, ਸਿਰ ਖਾਣ ਲੱਗੇ ਹੋਏ ਨੇ। ਅਸੀਂ ਸੋਟੀਆਂ ਫੜ ਲਈਆਂ- "ਤੁਸੀਂ ਜਾਂਦੀਆਂ ਕਿ ਨਹੀਂ ਇੱਥੋਂ। ਭਜ ਜਾਓ ਕੋਈ ਪੈਸਾ ਨਹੀਂ ਮਿਲਣਾ। ਖਬਰਦਾਰ ਜੇ ਬਰੂਹੇ 'ਤੇ ਇਕ ਕਦਮ ਵੀ ਰੱਖਿਆ।" ਉਨ੍ਹਾਂ ਨੂੰ ਉੱਥੋਂ ਭੱਜਣਾ ਪਿਆ, ਤੇ ਮੁੜ ਕੋਈ ਨਹੀਂ ਆਇਆ।

ਅਸਾਂ ਸਾਦਗੀ ਨਾਲ ਵਿਆਹ ਕੀਤਾ। ਕੋਈ ਵਾਜਾ, ਘੋੜੀ, ਮੈਰਿਜ ਪੈਲੇਸ, ਹੋਟਲ, ਫਾਰਮ ਆਦਿ ਨਹੀਂ ਕੀਤਾ। ਸਿੱਧੇ ਗੁਰਦੁਆਰੇ ਜਾ ਕੇ ਲਾਵਾਂ ਲਈਆਂ ਅਤੇ ਉੱਥੇ ਹੀ ਆਪਣੇ ਰਿਸ਼ਤੇਦਾਰਾਂ ਸਬੰਧੀਆਂ ਨਾਲ ਖਾਣਾ ਖਾਧਾ। ਦਸ ਹਜ਼ਾਰ ਵਾਟ ਦਾ ਡੀਜੇ ਲਗਾ ਕੇ ਕਿਸੇ ਦਾ ਚੈਨ ਹਰਾਮ ਨਹੀਂ ਕੀਤਾ; ਤੇ ਇਨ੍ਹਾਂ ਨੇ ਛੇ ਘੰਟੇ ਸਾਡਾ ਸਿਰ ਖਾ ਲਿਆ। ਇਸ ਦਾ ਜ਼ਰੂਰ ਕੋਈ ਹੱਲ ਹੋਣਾ ਚਾਹੀਦਾ ਹੈ। ਕੀ ਅਜਿਹੇ ਵਿਹਲੜਾਂ ਲਈ ਕੋਈ ਕਾਨੂੰਨ ਨਹੀਂ ਬਣ ਸਕਦਾ?

# ਫ਼ਲਸਤੀਨੀ ਪੈਰਾਮੈਡਿਕ ਕਾਮੇ ਇਜ਼ਰਾਈਲੀ ਬਲਾਂ ਦੇ ਨਿਸ਼ਾਨੇ ’ਤੇ

ਆਪਣੇ ਹਿੱਸੇਦਾਰ ਅਲ-ਆਵਦਾ ਰਾਹੀਂ ਚਲਾਏ ਜਾਂਦੇ ਹਸਪਤਾਲ ਦੇ ਮੈਨੇਜਰ ਦੇ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ, ਐਕਸ਼ਨਏਡ ਨੇ ਗਾਜ਼ਾ ਵਿਚ ਡਾਕਟਰਾਂ ਨੂੰ ਤੁਰੰਤ ਰਿਹਾਅ ਕਰਨ ਲਈ ਕਿਹਾ ਹੈ। “ਉਨ੍ਹਾਂ ਕੋਲ ਤਕਰੀਬਨ ਕੋਈ ਭੋਜਨ ਨਹੀਂ ਬਚਿਆ। ਉਹ ਟੈਂਕਾਂ ਵਿਚ ਪਾਣੀ ਭਰਨ ਲਈ ਬਾਹਰਲਾ ਜਨਰੇਟਰ ਨਹੀਂ ਚਲਾ ਸਕਦੇ, ਬੁਨਿਆਦੀ ਲੋੜਾਂ ਦੀਆਂ ਚੀਜ਼ਾਂ ਖ਼ਤਮ ਹੋ ਗਈਆਂ ਹਨ, ਕੁੱਝ ਵੀ ਬਾਕੀ ਨਹੀਂ ਬਚਿਆ। ਪਾਣੀ ਦੇ ਟੈਂਕਾਂ ’ਤੇ ਬੰਬ ਵਰਸਾਏ ਗਏ ਹਨ, ਖਾਣ ਦੇ ਸਾਧਨ ਬਹੁਤ ਹੀ ਸੀਮਤ ਹਨ ਅਤੇ ਮਰੀਜ਼ਾਂ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ।



ਡਾ. ਗੁਰਨਾਮ ਕੌਰ, ਕੈਨੇਡਾ

“ਡਾਕਟਰ ਮੁਹਾਨਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਮਾਲ ਅਦਵਾਨ ਹਸਪਤਾਲ ਦੇ ਐਹਮਦ ਅਲ-ਕਹਿਲੋਤ ਅਤੇ ਅਲ-ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸਾਲਮਿਆ ਨੂੰ ਕੈਦ ਕੀਤਾ ਗਿਆ। ਇਹ ਬੰਦੇ ਚਕਿਤਸਾ ਪੇਸ਼ਾਵਰ ਹਨ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਅਨੁਸਾਰ ਇਨ੍ਹਾਂ ਦਾ ਸੁਰੱਖਿਅਤ ਦਰਜਾ ਹੈ ਜਿਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਅਸੀਂ ਇਨ੍ਹਾਂ ਤਿੰਨਾਂ, ਅਤੇ ਹੋਰ ਮੈਡੀਕਲ ਸਟਾਫ ਦੀ ਤੁਰੰਤ ਰਿਹਾਈ ਦੀ ਮੰਗ ਕਰਦੇ ਹਾਂ, ਤਾਂ ਕਿ ਉਹ ਆਪਣੇ ਮਰੀਜ਼ਾਂ ਨੂੰ ਜੀਵਨ-ਬਚਾਊ ਧਿਆਨ ਦੇਣਾ ਜਾਰੀ ਰੱਖ ਸਕਣ।”

ਉੱਤਰ ਤੋਂ ਲੈ ਕੇ ਦੱਖਣ ਤੱਕ ਗਾਜ਼ਾ ਵਿਚ ਹਸਪਤਾਲ ਭਿਆਨਕ ਹਾਲਾਤ ਵਿਚ ਬਹਾਦਰੀ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਹਫਤੇ ਦੇ ਅਖੀਰ ’ਤੇ ਉੱਤਰ ਵਿਚ ਕਮਾਲ ਅਦਵਾਨ ਹਸਪਤਾਲ ’ਤੇ ਇਜ਼ਰਾਈਲ ਦੀ ਫ਼ੌਜ ਦੇ ਕੀਤੇ ਹਮਲੇ ਵਿਚ ਅੱਠ ਬੰਦੇ ਮਾਰੇ ਗਏ ਅਤੇ ਫੈਕਲਟੀ “ਨਕਾਰਾ” ਹੋ ਗਈ। ਰਿਪੋਰਟ ਅਨੁਸਾਰ ਹਸਪਤਾਲ ਵਿਚ 12 ਬੱਚੇ ਇਨਕਿਊਬੇਟਰ ’ਤੇ ਹਨ, ਸਿਹਤ ਮੰਤਰੀ ਅਨੁਸਾਰ ਜਿਨ੍ਹਾਂ ਕੋਲ ਪਾਣੀ ਅਤੇ ਭੋਜਨ ਦੀ ਕਮੀ ਹੈ। ਐਮਐਸਐਫ ਅਨੁਸਾਰ ਹੋਰ ਬਿਸਤਰੇ ਨਾ ਹੋਣ ਕਰਕੇ ਚਕਿਤਸਕ ਫਰਸ਼ ’ਤੇ ਸਰਜਰੀਆਂ ਕਰ ਰਹੇ ਹਨ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਅਲ-ਸ਼ਿਫਾ ਹਸਪਤਾਲ, ਜੋ ਗਾਜ਼ਾ ਵਿਚ ਸਭ ਤੋਂ ਵੱਡਾ ਮੈਡੀਕਲ ਭਵਨ-ਸਮੂਹ ਹੈ, ਹੁਣ ਕੇਵਲ “ਘੱਟ ਤੋਂ ਘੱਟ ਕਿਰਿਆਸ਼ੀਲ” ਹੋ ਗਿਆ ਹੈ। ਕੁੱਝ ਮੁੱਠੀ ਭਰ ਡਾਕਟਰਾਂ ਅਤੇ ਨਰਸਾਂ ਨਾਲ ਸਟਾਫ ਸਿਰਫ਼ ਬੁਨਿਆਦੀ ਅਘਾਤ ਸਥਿਰੀਕਰਨ ਹੀ ਦੇ ਸਕਦਾ ਹੈ ਅਤੇ ਉਨ੍ਹਾਂ ਕੋਲ ਖ਼ੂਨ ਚੜ੍ਹਾਉਣ ਦਾ ਕੋਈ ਪ੍ਰਬੰਧ ਨਹੀਂ, ਫਿਰ ਵੀ ਲੋੜਵੰਦ ਮਰੀਜ਼ ਲਗਾਤਾਰ ਆ ਰਹੇ ਹਨ।

ਦੋ ਮਹੀਨੇ ਤੋਂ ਵੀ ਵੱਧ ਸਮੇਂ ਦੀ ਬੰਬਾਰੀ ਤੋਂ ਬਾਅਦ, ਗਾਜ਼ਾ ਦੇ 36 ਹਸਪਤਾਲਾਂ ਵਿਚੋਂ ਸਿਰਫ਼ 12 ਹਸਪਤਾਲ ਅਧੂਰੇ ਰੂਪ ਵਿਚ ਹੀ ਕੰਮ ਕਰਨ ਯੋਗ ਹਨ। ਯੂ ਐਨ ਦੀ ਰਿਪੋਰਟ ਅਨੁਸਾਰ 7 ਅਕਤੂਬਰ ਤੋਂ ਲੈ ਕੇ ਹੁਣ ਤੱਕ ਗਾਜ਼ਾ ਵਿਚ ਘੱਟੋ-ਘੱਟ 300 ਸਿਹਤ ਕਾਮੇ ਮਾਰੇ ਜਾ ਚੁੱਕੇ ਹਨ। ਮੈਡੀਕਲ ਫਾਰ ਪੈਲੇਸਟੀਨੀਅਨਜ਼ ਅਨੁਸਾਰ 2016 ਤੋਂ ਲੈ ਕੇ ਕਿਸੇ ਵੀ ਸਾਲ ਵਿਚ ਲੜਾਈ ਦੌਰਾਨ ਸਾਰੇ ਮੁਲਕਾਂ ਵਿਚ ਮਾਰੇ ਗਏ ਸਿਹਤ ਕਾਮਿਆਂ ਨਾਲੋਂ ਇਹ ਗਿਣਤੀ ਕਿਤੇ ਵੱਧ ਹੈ।

ਵੈਸਟ ਬੈਂਕ ਵਿਚ ਵੀ ਫ਼ਲਸਤੀਨੀ ਸਿਹਤ ਕਾਮਿਆਂ ਨੂੰ ਆਪਣੀਆਂ ਸਿਹਤ ਸੇਵਾਵਾਂ ਨਿਭਾਉਣ ਤੋਂ ਰੋਕਿਆ ਜਾ ਰਿਹਾ ਹੈ। ਐਮਐਫਐਸ ਅਨੁਸਾਰ ਪਿਛਲੇ ਹਫ਼ਤੇ ਜੈਨਿਨ ਸ਼ਹਿਰ ਵਿਚ ਇਜ਼ਰਾਈਲੀ ਫ਼ੌਜ ਦੇ ਛਾਪਿਆ ਸਮੇਂ, ਹਸਪਤਾਲਾਂ ਤੱਕ ਪਹੁੰਚਣ ਲਈ ਐਂਬੂਲੈਂਸਾਂ ਦੇ ਰਸਤੇ ਰੋਕ ਦਿੱਤੇ ਗਏ, ਅਤੇ ਪੀਸੀਆਰਐਸ ਅਨੁਸਾਰ ਪੈਰਾਮੈਡਿਕਸ ਨੂੰ ਐਮਰਜੈਂਸੀ ਕਾਲਾਂ ਦਾ ਜੁਆਬ ਦੇਣ ਤੋਂ ਰੋਕਿਆ ਗਿਆ।

ਜੈਨਿਨ ਆਧਾਰਤ ਇਕ ਪੈਰਾਮੈਡਿਕ ਨੇ ਸਾਨੂੰ ਇੱਕ ਅਵਾਜ਼ੀ ਸੰਦੇਸ਼ ਭੇਜਿਆ ਜਿਸ ਵਿਚ ਉਨ੍ਹਾਂ ਹਾਲਾਤਾਂ ਨੂੰ ਪ੍ਰਮੁੱਖਤਾ ਨਾਲ ਦੱਸਿਆ ਜਿਨ੍ਹਾਂ ਵਿਚ ਉਹ ਕੰਮ ਕਰ ਰਹੇ ਹਨ, “ਸਾਨੂੰ ਬੇਇੱਜ਼ਤ ਕੀਤਾ ਜਾਂਦਾ ਹੈ ਅਤੇ ਸਾਡੀਆਂ ਐਂਬੂਲੈਂਸ ਗੱਡੀਆਂ ਦਾ ਬੁਰੀ ਤਰ੍ਹਾਂ ਨਿਰੀਖਣ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਜ਼ਖ਼ਮੀ ਲੋਕ ਕਸ਼ਟ ਝਲਦੇ ਹਨ। ਲੰਘਣ ਲਈ ਉਨ੍ਹਾਂ ਨੂੰ ਸ਼ਨਾਖਤੀ ਪੱਤਰਾਂ ਦੀ ਜ਼ਰੂਰਤ ਪੈਂਦੀ ਹੈ।”

“ਪੈਰਾਮੈਡਿਕਸ ਨੂੰ ਘਟੀਆ ਕਿਸਮ ਦੇ ਨਿਰੀਖਣ ਲਈ ਨਿਰਵਸਤਰ ਹੋਣ ਲਈ ਜ਼ਬਰਦਸਤੀ ਕਰਕੇ ਜ਼ਲੀਲ ਕੀਤਾ ਜਾਂਦਾ ਹੈ। ਅਸੀਂ ਘੰਟਿਆਂ ਬੱਧੀ ਹਿਰਾਸਤ ਵਿਚ ਰਹਿੰਦੇ ਹਾਂ। ਸਾਡੇ ਕੁੱਝ ਦੋਸਤ ਜੋ ਪੈਰਾਮੈਡਿਕ ਹਨ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅੰਤਰਰਾਸ਼ਟਰੀ ਸੰਧੀਆਂ ਜਾਂ ਮਨੁੱਖੀ ਅਧਿਕਾਰਾਂ ਦੀ ਕੋਈ ਇੱਜ਼ਤ ਨਹੀਂ। ਅਸੀਂ ਪੈਰਾਮੈਡਿਕ ਹਾਂ, ਸਾਡੇ ਨਾਲ ਪ੍ਰਤੀਰੋਧੀਆਂ ਦੀ ਤਰ੍ਹਾਂ ਜਾਂ ਫ਼ੌਜੀਆਂ ਦੀ ਤਰ੍ਹਾਂ ਵਰਤਿਆ ਜਾਂਦਾ ਹੈ। ਸਾਡਾ ਅਪਮਾਨ ਹੁਣ ਸਾਡੇ ਰੋਜ਼ਾਨਾ ਦਸਤੂਰ ਦਾ ਸਾਡਾ ਨਵਾਂ ਆਦਰਸ਼ ਬਣ ਗਿਆ ਹੈ।

ਅਸੀਂ ਗਾਜ਼ਾ ਅਤੇ ਵੈਸਟ ਬੈਂਕ ਵਿਚ ਸਿਹਤ ਸੇਵਾਵਾਂ ਦੇ ਹਾਲਾਤ ਤੋਂ ਬੁਰੀ ਤਰ੍ਹਾਂ ਭੈਅਭੀਤ ਹਾਂ ਅਤੇ ਆਪਣੇ ਵਿਸ਼ਵਾਸ ’ਤੇ ਦ੍ਰਿੜ ਹਾਂ ਕਿ ਡਾਕਟਰੀ ਸਹੂਲਤਾਂ ਅਤੇ ਸਿਹਤ ਕਾਮਿਆਂ ਨੂੰ ਕਦੇ ਵੀ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਅਸੀਂ ਅੰਤਰਰਾਸ਼ਟਰੀ ਮਨੁੱਖੀ ਕਾਨੂੰਨਾਂ ਨੂੰ ਬਰਕਰਾਰ ਰੱਖਣ ਲਈ ਆਵਾਜ਼ ਦਿੰਦੇ ਹਾਂ ਅਤੇ ਹੋ ਰਹੀਆਂ ਕਥਿਤ ਉਲੰਘਣਾਵਾਂ ਦੀ ਪੂਰੀ ਤਰ੍ਹਾਂ ਪੜਤਾਲ ਕੀਤੀ ਜਾਵੇ।”

ਰਿਹਾਮ ਜਾਫ਼ਰੀ, ਐਡਵੋਕੇਸੀ ਅਤੇ ਐਕਸ਼ਨਏਡ ਪੈਲਿਸਟਾਈਨ ਵਿਖੇ ਕਮਿਊਨੀਕੇਸ਼ਨ ਕੋਆਰਡੀਨੇਟਰ ਨੇ ਕਿਹਾ: “ਦੋ ਹਫ਼ਤੇ ਹੋ ਚੱਲੇ ਹਨ ਕਿ ਅਮਲਾ ਅਤੇ ਮਰੀਜ਼ ਅਲ-ਅਵਦਾ ਹਸਪਤਾਲ ਅੰਦਰ ਫਸੇ ਹੋਏ ਹਨ। ਹਾਲਾਤ ਗੈਰ-ਵਿਸ਼ਵਾਸੀ ਭਿਆਨਕ ਸਥਿਤੀ ਵਿਚ ਹਨ ਅਤੇ ਜੇਕਰ ਛੇਤੀ ਹੀ ਘੇਰਾਬੰਦੀ ਖ਼ਤਮ ਨਹੀਂ ਹੁੰਦੀ, ਮਰੀਜ਼ ਮਰਨ ਲੱਗ ਜਾਣਗੇ ਅਤੇ ਅਮਲਾ ਭੁੱਖ ਨਾਲ ਤੜਫਣ ਲੱਗ ਜਾਵੇਗਾ। ਸਾਨੂੰ ਇਸ ਗੱਲ ਦਾ ਗਹਿਰਾ ਸਦਮਾ ਹੈ ਕਿ ਡਾਕਟਰ ਅਹਿਮਦ ਮੁਹਾਨਾ, ਹਸਪਤਾਲ ਦੇ ਮੈਨੇਜਰ, ਨੂੰ ਕੈਦ ਵਿਚ ਰੱਖਿਆ ਹੋਇਆ ਹੈ ਅਤੇ ਅਸੀਂ ਉਸ ਨੂੰ ਤੁਰੰਤ ਛੱਡਣ ਲਈ ਕਹਿੰਦੇ ਹਾਂ। ਜ਼ਿੰਦਗੀਆਂ ਨੂੰ ਬਚਾਉਣਾ ਕੋਈ ਗੁਨਾਹ ਨਹੀਂ ਹੈ।”

“ਹਸਪਤਾਲ ਸੁਰੱਖਿਅਤ ਥਾਂ ਹੋਣੀ ਚਾਹੀਦੀ ਹੈ ਪ੍ਰੰਤੂ ਗਾਜ਼ਾ ਵਿਚ ਉੱਤਰ ਤੋਂ ਲੈ ਕੇ ਦੱਖਣ ਤੱਕ ਉਹ ਤਬਾਹੀ ਦਾ ਖੇਤਰ ਬਣ ਗਏ ਹਨ। ਸਾਰੇ ਵਾਰਡ ਮਲਬੇ ਦਾ ਢੇਰ ਬਣ ਗਏ ਹਨ ਅਤੇ ਜ਼ਖ਼ਮੀ ਮਰੀਜ਼ਾਂ ਦੀ ਸਰਜਰੀ ਵਰਾਂਡਿਆਂ ਦੇ ਫਰਸ਼ਾਂ ’ਤੇ ਹੋ ਰਹੀ ਹੈ। ਬਹਾਦਰ ਅਮਲਾ ਮਰੀਜ਼ਾਂ ਦੀ ਦੇਖਭਾਲ ਹੋ ਸਕਦੇ ਹਰ ਸੰਭਵ ਤਰੀਕੇ ਨਾਲ ਜਾਰੀ ਰੱਖ ਰਿਹਾ ਹੈ। ਪ੍ਰੰਤੂ ਦਵਾਈਆਂ ਤੋਂ ਬਿਨਾਂ, ਖ਼ੂਨ ਚੜ੍ਹਾਉਣ ਤੋਂ ਬਿਨਾਂ ਅਤੇ ਜਾਨ-ਬਚਾਊ ਯੰਤਰਾਂ ਨੂੰ ਚਾਲੂ ਰੱਖਣ ਲਈ ਈਂਧਣ ਤੋਂ ਬਿਨਾਂ ਉਹ ਕੁੱਝ ਨਹੀਂ ਕਰ ਸਕਦੇ।”



ਇਜ਼ਰਾਈਲੀ ਬਲਾਂ ਵਲੋਂ ਗ੍ਰਿਫਤਾਰ ਕੀਤਾ ਗਿਆ ਅਲ-ਸ਼ਿਫਾ ਹਸਪਤਾਲ ਦਾ ਡਾਇਰੈਕਟਰ ਮੁਹੰਮਦ ਅਬੂ ਸਾਲਮਿਆ।

“ਹਸਪਤਾਲ ਪ੍ਰਬੰਧਾਂ ਦੀ ਵਿਵਸਥਾ ਪਹਿਲਾਂ ਹੀ ਬਹੁਤ ਸੀਮਤ ਹੈ ਪ੍ਰੰਤੂ ਪੱਕੀ ਤਰ੍ਹਾਂ ਗੋਲੀਬੰਦੀ ਹੋਏ ਬਿਨਾਂ, ਜ਼ਖ਼ਮੀ ਅਤੇ ਬਿਮਾਰ ਲੋਕ ਜਿਨ੍ਹਾਂ ਨੂੰ ਤੁਰੰਤ ਡਾਕਟਰੀ ਦੇਖਭਾਲ ਦੀ ਜ਼ਰੂਰਤ ਹੈ, ਆਉਣਾ ਜਾਰੀ ਰੱਖਣਗੇ। ਅੱਜ ਗਲੋਬਲ ਡੇਅ ਅਫ ਐਕਸ਼ਨ ਵਿਚ ਲਗਪਗ 90 ਦੇਸ਼ਾਂ ਤੋਂ ਸੰਗਠਨ ਅਤੇ ਵਿਅਕਤੀ ਸੰਸਾਰ ਭਰ ਵਿਚ ਗੋਲੀਬੰਦੀ ਦੇ ਹੱਕ ਵਿਚ ਇਕੱਠੇ ਹੋ ਰਹੇ ਹਨ। ਦੁਨੀਆਂ ਦੇ ਆਗੂਆਂ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ। ਗੋਲੀਬੰਦੀ ਲਈ ਸੰਵੇਗ ਬੇਰੋਕ ਵਧ ਰਿਹਾ ਹੈ-ਅਸੀਂ ਸੱਤਾਧਾਰੀਆਂ ਨੂੰ ਤਾਕੀਦ ਕਰਦੇ ਹਾਂ ਕਿ ਉਹ ਗਾਜ਼ਾ ਦੇ ਲੋਕਾਂ ਲਈ ਅਤੇ ਮਾਨਵਤਾ ਲਈ ਕਾਰਵਾਈ ਕਰਨ।”

ਅਲ ਜਜ਼ੀਰਾ ਦੀਆਂ ਖ਼ਬਰਾਂ ਅਨੁਸਾਰ ਇਜ਼ਰਾਈਲ ਦੀ ਫ਼ੌਜ ਫ਼ਲਸਤੀਨੀ ਪੈਰਾਮੈਡਿਕਸ ਨੂੰ ਨਿਸ਼ਾਨਾ ਬਣਾ ਰਹੀ ਹੈ। ਵੈਸਟ ਬੈਂਕ ਵਿਚ ਇਜ਼ਰਾਈਲ ਵੱਲੋਂ ਪੈਰਾਮੈਡਿਕ ਅਮਲੇ ’ਤੇ ਹਮਲੇ ਕਿਉਂ ਵਧ ਰਹੇ ਹਨ?

ਸਬਰੀਨ ਜਾਰਾਦਾਤ ਆਪਣੀ ਕਹਾਣੀ ਦੱਸਦੀ ਹੈ ਕਿ “ਮੈਂ ਜ਼ਖ਼ਮੀਆ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਸੋਚ ਰਹੀ ਸੀ ਕਿ ਮੈਂ ਸੁਰੱਖਿਅਤ ਹੈ ਕਿਉਂਕਿ ਮੈਂ ਐਂਬੂਲੈਂਸ ਦੇ ਅੰਦਰ ਸੀ। ਜਦੋਂ ਮੈਨੂੰ ਪਹਿਲੀ ਹੀ ਗੋਲੀ ਲੱਗੀ ਤਾਂ ਪੀੜ ਅਸਹਿ ਸੀ। ਜਿਉਂ ਹੀ ਮੇਰੀ ਹੋਸ਼ ਖੋਈ ਤਾਂ ਮੈਂ ਸਿਰਫ ਆਪਣੀਆਂ ਬੱਚੀਆਂ ਬਾਰੇ ਹੀ ਸੋਚ ਸਕਦੀ ਸੀ।”(ਇਜ਼ਰਾਈਲੀ ਫ਼ੌਜੀ ਫ਼ਲਸਤੀਨੀ ਪੈਰਾਮੈਡਿਕਾਂ ਨੂੰ ਜ਼ਖ਼ਮੀਆਂ ਤੱਕ ਪਹੁੰਚਣ ਤੋਂ ਰੋਕ ਰਹੇ ਹਨ।) ਵੀਡੀਓ ਵਿਚ ਐਂਬੂਲੈਂਸ ਦਿਖਾਈ ਦੇ ਰਹੀ ਸੀ ਜਿਸ ’ਤੇ 802 ਨੰਬਰ ਵੀ ਨਜ਼ਰ ਆ ਰਿਹਾ ਸੀ ਅਤੇ ਉਸ ਉਤੇ ਗੋਲੀਆਂ ਨਾਲ ਹੋਏ ਮੋਰੇ ਵੀ ਦਿਖਾਏ ਜਾ ਰਹੇ ਸਨ ਅਤੇ ਕਿਹਾ ਜਾ ਰਿਹਾ ਸੀ ਕਿ ਇਸ ਤੋਂ ਵੱਧ ਸਪੱਸ਼ਟ ਸਬੂਤ ਹੋਰ ਕੀ ਹੋ ਸਕਦਾ ਹੈ। ਅਲ ਜਜ਼ੀਰਾ ਅੰਗਰੇਜ਼ੀ ਦੇ ਪ੍ਰਵਕਤਾ ਚਾਰਲਸ ਸਟਰਾਟਫੋਰਡ ਦੱਸ ਰਿਹਾ ਸੀ ਕਿ ਇਜ਼ਰਾਈਲ ਫ਼ੌਜ ਡਾਕਟਰੀ ਟੀਮਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜਦੋਂ ਉਹ ਜ਼ਖ਼ਮੀਆਂ ਤੱਕ ਪਹੁੰਚ ਕੇ ਉਨ੍ਹਾਂ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਕ ਮੋਰੀ ਦਿਖਾਉਂਦਿਆਂ ਉਹ ਦੱਸ ਰਿਹਾ ਸੀ ਕਿ ਵਾਹਨ ਵਿਚ ਇਥੋਂ ਗੋਲੀ ਆਰ-ਪਾਰ ਲੰਘੀ ਹੈ ਅਤੇ ਇੱਕ ਇੱਥੇ ਪਿੱਛੇ ਲੱਗੀ ਹੈ। ਡਾਕਟਰੀ ਟੀਮਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਫ਼ੌਜ ਨੂੰ ਵਾਰ ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਫ਼ੌਜ ਵੱਲੋਂ ਕੋਈ ਹੁੰਗਾਰਾ ਨਹੀਂ ਮਿਲ ਰਿਹਾ। ਸਬਰੀਨ ਦਾ ਕਹਿਣਾ ਹੈ ਕਿ ਉਹ ਦੁਬਾਰਾ ਕੰਮ ’ਤੇ ਜਾਣਾ ਚਾਹੁੰਦੀ ਹੈ ਪ੍ਰੰਤੂ ਬੰਬ ਦੀਆਂ ਛਿਲਤਰਾਂ ਹਾਲੇ ਵੀ ਉਸ ਦੀ ਰੀੜ੍ਹ ਦੀ ਹੱਡੀ ਦੇ ਨਜ਼ਦੀਕ ਹਨ। ਉਸ ਦਾ ਕਹਿਣਾ ਹੈ ਕਿ ਉਹ ਡਰੀ ਹੋਈ ਹੈ ਕਿਉਂਕਿ ਉਹ ਪਹਿਲਾਂ ਦੀ ਤਰ੍ਹਾਂ ਜ਼ਿੰਦਗੀਆਂ ਨੂੰ ਨਹੀਂ ਬਚਾ ਸਕੇਗੀ।

ਅਜਿਹੀ ਉਹ ਇਕੱਲੀ ਨਹੀਂ ਹੈ। ਮਹਿਮੂਦ ਅਲ ਸਾਦੀ ਜਲਨ ਨਾਲ ਹੋਏ ਜ਼ਖ਼ਮਾਂ ਵਿਚ ਹਾਲੇ ਵੀ ਦਰਦ ਮਹਿਸੂਸ ਕਰਦਾ ਹੈ ਜੋ ਉਸ ਨੂੰ 20 ਸਾਲ ਪਹਿਲਾਂ ਹੋਏ ਸੀ, ਜਦੋਂ ਉਸ ਐਂਬੂਲੈਂਸ ’ਤੇ ਇਜ਼ਰਾਈਲ ਫ਼ੌਜ ਵੱਲੋਂ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਹ ਕੰਮ ਕਰ ਰਿਹਾ ਸੀ। (ਫੋਟੋ ਵਿਚ ਉਸ ਦੀ ਪਹਿਲਾਂ ਦੀ ਸੜੀ ਹੋਈ ਐਂਬੂਲੈਂਸ ਦਾ ਢਾਂਚਾ ਵੀ ਨਜ਼ਰ ਆ ਰਿਹਾ ਸੀ)। ਹੁਣ ਉਲੰਘਣਾਵਾਂ ਜ਼ਿਆਦਾ ਮਾੜੀਆਂ ਅਤੇ ਹਿੰਸਕ ਹੋ ਗਈਆਂ ਹਨ ਜਦੋਂ ਤੋਂ ਗਾਜ਼ਾ ਵਿਚ ਲੜਾਈ ਸ਼ੁਰੂ ਹੋਈ ਹੈ। ਮਹਿਮੂਦ ਅਲ ਸਾਦੀ ਜੈਨਿਨ ਦੇ ਰੈਡ-ਕਰੈਸੈਂਟ ਦਾ ਹੈ। ਫ਼ੌਜੀ ਡਾਕਟਰੀ ਅਮਲੇ ਨੂੰ ਐਂਬੂਲੈਂਸਾਂ ਤੋਂ ਬਾਹਰ ਆਉਣ ਲਈ ਮਜਬੂਰ ਕਰਦੇ ਹਨ, ਉਨ੍ਹਾਂ ਨੂੰ ਨੰਗੇ ਕਰ ਕੇ ਤਲਾਸ਼ੀ ਲੈਂਦੇ ਹਨ ਅਤੇ ਬੰਦੂਕ ਦੀ ਨੋਕ ’ਤੇ ਗੋਡਿਆਂ ਪਰਨੇ ਹੋਣ ਦਾ ਹੁਕਮ ਦਿੰਦੇ ਹਨ। ਉਹ ਸਿੱਧੀ ਧਮਕੀ ਵਜੋਂ ਆਪਣੀਆਂ ਬੰਦੂਕਾਂ ਦਾ ਨਿਸ਼ਾਨਾ ਉਨ੍ਹਾਂ ਦੀ ਛਾਤੀ ’ਤੇ ਤਾਣਦੇ ਹਨ ਅਤੇ ਆਪਣੇ ਫ਼ੌਜੀ ਵਾਹਨਾਂ ਨਾਲ ਐਂਬੂਲੈਂਸ ਨੂੰ ਖੇਤਰ ਤੋਂ ਬਾਹਰ ਧੱਕਦੇ ਹਨ। ਪ੍ਰਵਕਤਾ ਨੇ ਜੈਨਿਨ ਦੇ ਇੱਕ ਹਸਪਤਾਲ ਦੇ ਦੁਆਰਾਂ ਦੇ ਸਾਹਮਣੇ ਇਜ਼ਰਾਈਲ ਦਾ ਬਖ਼ਤਰਬੰਦ ਬੁਲਡੋਜ਼ਰ ਦਿਖਾਇਆ। ਡਾਕਟਰਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਦੀ ਫ਼ੌਜ ਨੇ ਸ਼ਹਿਰ ਦੇ ਤਿੰਨਾਂ ਹਸਪਤਾਲਾਂ ਨੂੰ ਘੇਰ ਰੱਖਿਆ ਹੈ।

ਜੈਨਿਨ ਹਸਪਤਾਲ ਦੇ ਜਨਰਲ ਮੈਨੇਜਰ ਵਸੀਮ ਬੇਕਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਾਨੂੰ ਘੇਰਿਆ ਹੋਇਆ ਹੈ ਅਤੇ ਐਂਬੂਲੈਂਸਾਂ ਨੂੰ ਆਉਣ ਅਤੇ ਜਾਣ ਤੋਂ ਰੋਕ ਰਹੇ ਹਨ। ਡਾਕਟਰਾਂ ਨੂੰ ਆਪਣਾ ਕੰਮ ਕਰਨ ਤੋਂ ਰੋਕ ਰਹੇ ਹਨ। ਗਾਜ਼ਾ ਦੀ ਜੰਗ ਲੱਗਣ ਤੋਂ ਬਾਅਦ ਇਜ਼ਰਾਈਲ ਨੇ ਕਬਜ਼ੇ ਅੰਦਰਲੇ ਵੈਸਟ ਬੈਂਕ ’ਤੇ ਛਾਪੇ ਤੇਜ਼ ਕਰ ਦਿੱਤੇ ਹਨ। ਪੈਰਾਮੈਡਿਕ ਅਮਲੇ ’ਤੇ ਨਿਸ਼ਾਨੇ ਵਧਾ ਦਿੱਤੇ ਹਨ। ਸਬਰੀਨ ਤੰਦਰੁਸਤ ਹੋਣ ਲਈ ਜੱਦੋ-ਜਹਿਦ ਕਰ ਰਹੀ ਹੈ। ਗਾਜ਼ਾ ਦੀ ਜੰਗ ਸ਼ੁਰੂ ਹੋਣ ਨਾਲ ਪੈਰਾਮੈਡਿਕ ਅਮਲੇ ਨੂੰ ਖ਼ਤਰਾ ਵਧ ਗਿਆ ਹੈ। ਪੈਰਾਮੈਡਿਕ ਅਮਲਾ ਫ਼ੌਜ ਨੂੰ ਐਂਬੂਲੈਂਸਾਂ ਵਾਸਤੇ ਰਸਤਾ ਸਾਫ ਕਰਨ ਲਈ ਕਹਿੰਦਾ ਹੈ ਪ੍ਰੰਤੂ ਫ਼ੌਜ ਬੰਦੂਕ ਦੇ ਨਿਸ਼ਾਨੇ ’ਤੇ ਅਮਲੇ ਨੂੰ ਜ਼ਖ਼ਮੀਆਂ ਨੂੰ ਅੰਦਰ ਲਿਆਉਣ ਤੋਂ ਰੋਕਦੀ ਹੈ।

ਲੁਜ਼ ਸਾਵੇਦਰਾ ‘ਐਮਐਸਐਫ ਐਮਰਜੈਂਸੀ ਕੋਆਰਡੀਨੇਟਰ’ ਅਨੁਸਾਰ ਵੈਸਟ ਬੈਂਕ ਦੇ ਸ਼ਰਨਾਰਥੀ ਕੈਂਪ ’ਤੇ ਇਜ਼ਰਾਈਲ ਦੇ ਛਾਪੇ ਦੌਰਾਨ 7 ਫ਼ਲਸਤੀਨੀ ਮਾਰੇ ਗਏ। ਜੈਨਿਨ ਦਾ ਇੱਕ ਕੈਂਪ 70 ਸਾਲ ਪਹਿਲਾਂ ਸਥਾਪਤ ਹੋਇਆ ਸੀ ਜਦੋਂ 1948 ਨਕਬਾ (ਨਕਬਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਉਜਾੜਾ) ਦੌਰਾਨ ਲੋਕਾਂ ਵਿਚ ਭਾਜੜ ਪਈ ਸੀ ਅਤੇ ਉਨ੍ਹਾਂ ਨੇ ਸ਼ਰਨਾਰਥੀ ਕੈਂਪ ਵਿਚ ਸ਼ਰਨ ਲਈ ਸੀ। ਸੰਨ 1967 ਤੋਂ ਉਹ ਫ਼ੌਜ ਦੇ ਕਬਜ਼ੇ ਵਿਚ ਰਹਿ ਰਹੇ ਹਨ। ਉਹ ਮੌਜੂਦਾ ਚਾਰ ਸਥਿਰੀਕਰਨਾਂ ਵਿਚੋਂ ਇੱਕ ਨੂੰ ਦਿਖਾ ਰਹੀ ਸੀ ਜਿੱਥੇ ਪੈਰਾਮੈਡਿਕ ਅਮਲਾ ਬੰਦਿਆਂ ਨੂੰ ਉਥੇ ਲੈ ਕੇ ਜਾਂਦਾ ਹੈ ਜਿੱਥੇ ਐਂਬੂਲੈਂਸ ਖੜ੍ਹਦੀ ਹੈ। ਇਸ ਜੁਲਾਈ ਦੀ ਤਿੰਨ ਤਰੀਕ ਨੂੰ ਉਥੇ ਡਰੋਨ ਨਾਲ ਹਮਲਾ ਕੀਤਾ ਗਿਆ। ਚਾਰ ਪੈਰਾਮੈਡਿਕ ਸਾਥੀਆਂ ਨੇ ਡਰੋਨ ਦੀ ਆਵਾਜ਼ ਸੁਣ ਲਈ। ਖ਼ੁਸ਼ਕਿਸਮਤੀ ਨਾਲ ਉਹ ਬਾਹਰ ਆ ਗਏ ਅਤੇ ਬਚ ਗਏ। ਇਥੇ ਕੈਂਪ ਵਿਚ ਲੋਕਾਂ ਦਾ ਜ਼ਿੰਦਾ ਰਹਿਣਾ ਔਖਾ ਹੋ ਗਿਆ ਹੈ ਕਿਉਂਕਿ ਲਗਾਤਾਰ ਹਿੰਸਾ ਹੋ ਰਹੀ ਹੈ ਅਤੇ ਫ਼ੌਜ ਦੇ ਦਖ਼ਲ ਦਾ ਮਤਲਬ ਹੈ ਕਿ ਲੋਕਾਂ ਦੀਆਂ ਮੁਢਲੀਆਂ ਸਮਾਜਿਕ ਸੇਵਾਵਾਂ ਜਿਵੇਂ ਸਿਹਤ ਅਤੇ ਸਿੱਖਿਆ ਵਿਚ ਲਗਾਤਾਰ ਰੁਕਾਵਟ ਆ ਰਹੀ ਹੈ। ਹਿੰਸਾ ਦਾ ਅਰਥ ਹੈ ਕਿ ਲੋਕ ਜ਼ਖ਼ਮੀ ਅਤੇ ਬਿਮਾਰ ਹੁੰਦੇ ਹਨ ਅਤੇ ਉਨ੍ਹਾਂ ਦੀ ਸਿਹਤ-ਸੰਭਾਲ ਤੱਕ ਪਹੁੰਚ ਦੀ ਸੰਭਾਵਨਾ ਨਹੀਂ ਰਹਿੰਦੀ। ਅਸੀਂ ਇਸ ਸਾਲ ਜੁਲਾਈ ਤੋਂ ਹੀ ਘੁਸਪੈਠ ਵਧਦੀ ਦੇਖ ਰਹੇ ਹਾਂ ਅਤੇ ਪੈਰਾਮੈਡਿਕ ਅਮਲੇ ਦੇ ਕੰਮ ਕਰਨ ਦੇ ਹਾਲਾਤ ਵਿਗੜਦੇ ਜਾ ਰਹੇ ਹਨ। ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ, ਕਾਬਜ਼ ਫ਼ੌਜ ਵੱਲੋਂ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਇਹ ਸਭ ਬੜੇ ਯੋਜਨਾਬੱਧ ਢੰਗ ’ਤੇ ਹੋ ਰਿਹਾ ਹੈ।

(ਨੋਟ: ਐਕਸ਼ਨਏਡ ਅਤੇ ਅਲ ਜਜ਼ੀਰਾ ਵੱਲੋਂ ਸੋਸ਼ਲ ਮੀਡੀਆ ’ਤੇ ਨਸ਼ਰ ਕੀਤੀਆਂ ਰਿਪੋਰਟਾਂ ਅਨੁਸਾਰ)

ਇਨ੍ਹਾਂ ਖ਼ਬਰਾਂ ਤੋਂ ਪਤਾ ਲਗਦਾ ਹੈ ਕਿ ਸਿਹਤ ਅਮਲੇ ਦੀ ਜਾਨ ਕਿਵੇਂ ਖ਼ਤਰੇ ਵਿਚ ਹੈ ਅਤੇ ਰਿਪੋਰਟਾਂ ਅਨੁਸਾਰ ਹੁਣ ਤੱਕ 300 ਦੇ ਕਰੀਬ ਸਿਹਤ ਕਾਮੇ ਮਾਰੇ ਜਾ ਚੁੱਕੇ ਹਨ। ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਸਿਹਤ ਅਮਲਾ ਕਿਸੇ ਵੀ ਜੰਗੀ ਹਾਲਤ ਵਿਚ ਬਿਲਕੁਲ ਸੁਰੱਖਿਅਤ ਹੋਣਾ ਚਾਹੀਦਾ ਹੈ ਤਾਂ ਕਿ ਉਹ ਜ਼ਖ਼ਮੀਆਂ ਦੀ ਦੇਖ-ਭਾਲ ਕਰ ਸਕੇ। ਫ਼ਲਸਤੀਨ ਵਿਚ ਆਮ ਲੋਕ ਜ਼ਖ਼ਮੀ ਹੋ ਅਤੇ ਮਰ ਰਹੇ ਹਨ ਜਿਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਇਸ ਵੇਲੇ ਤੁਰੰਤ ਗੋਲੀਬੰਦੀ ਹੋਣੀ ਚਾਹੀਦੀ ਹੈ। ਕੀ ਫ਼ਲਸਤੀਨ ਦੇ ਲੋਕਾਂ ਨੂੰ ਸਜ਼ਾ ਇਸ ਲਈ ਮਿਲ ਰਹੀ ਹੈ ਕਿ ਉਹ ਫ਼ਲਸਤੀਨ ਵਿਚ ਪੈਦਾ ਹੋਏ ਹਨ? ਜਾਪਦਾ ਇਸ ਤਰ੍ਹਾਂ ਹੈ ਕਿ ਇਜ਼ਰਾਈਲ ਹਰ ਹੀਲਾ ਵਰਤ ਕੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰਨਾ ਚਾਹੁੰਦਾ ਹੈ। ਇਸੇ ਲਈ ਉਹ ਅੰਤਰਰਾਸ਼ਟਰੀ ਨਿਯਮਾਂ ਜਾਂ ਯੂ.ਐਨ.ਓ. ਵਰਗੇ ਅੰਤਰਰਾਸ਼ਟਰੀ ਅਦਾਰੇ ਦੇ ਫੈਸਲਿਆਂ/ਅਪੀਲਾਂ ਦੀ ਵੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।

# ਦਿਨ ਤੇ ਰਾਤ ਦੇ ਰੰਗਾਂ ਦਾ ਫਰਕ

ਦਿਨ ਤੇ ਰਾਤ ਰੰਗ ਵੀ ਹਨ ਕਾਲਾ ਤੇ ਚਿੱਟਾ। ਰੰਗਾਂ ਦੀ ਖੇਡ ਨੂੰ ਸਮਝਣ ਕਾਨ ਜੀਵਨ ਮਿਲਿਆ ਹੈ ਰੰਗਾਂ ਵਿਚ ਗਵਾਚਣ ਕਾਨ ਨਹੀਂ। ਆਹੀ ਨਾਹੀ ਦੀ ਸਿਆਣ ਸੰਗਤ ਸੰਗ ਈ ਹੋ ਸਕਦੀ ਹੈ। ਹਰ ਪਲ ਦੀ ਪਰਖ ਤੇ ਹਰ ਪਲ ਨਵਾਂ ਜੀਵਨ ਈ ਸੱਚ ਨੂੰ ਸੱਚ ਬਣਾਉਂਦਾ ਹੈ। ਜਿਸ ਪਲ ਵੀ ਆਹੀ ਦੀ ਨਾਹੀ ਨਾ ਹੋਈ ਓਹਾ ਪਲ ਚਾਲੂ ਵਿਹਾਰ ਦੇ ਲੇਖੇ ਲੱਗਾ ਤੇ ਵੱਖਰ ਬਣ ਕੇ ਮੰਡੀ ਦਾਹਏ ਚੜ੍ਹਿਆ। ਚਾਲੂ ਵਿਹਾਰ ਹੈ ਈ ਵਪਾਰ ਵਿਹਾਰ। ਵਪਾਰ ਕਾਰੋਬਾਰ ਹੋਇਆ ਸੌਦਾ ਵੇਚਣਾ ਤੇ ਲਾਹਾ ਖੱਟਣਾ। ਜਿਤਨਾ ਲਾਹਾ ਜੋੜਨਾ ਸਿੱਖੋ ਉਤਨੇ ਵੱਡੇ ਵਪਾਰੀ ਬਣੋ। ਵਪਾਰ ਦੀ ਸਿਖਲਾਈ ਆਪਣੀ ਆਹੀ ਹੈ। ਵਪਾਰੀ ਆਪਣੀ ਨਾਹੀ ਕਰੇ ਤਾਂ ਲਾਹਾ ਨਹੀਂ ਜੋੜ ਸਕਦਾ। ਵਪਾਰੀ ਜਿਤਨਾ ਲਾਹਾ ਜੋੜਦਾ ਹੈ ਉਤਨੀ ਹਵਸ ਵਧਦੀ ਹੈ ਤੇ ਉਤਨੀ ਹੀ ਕੁਦਰਤ ਤੋਂ ਉਪਰ ਵੀ ਵਧਦੀ ਹੈ। ਅਜਿਹੀ ਹੋਂਦ ਅੰਦਰ ਸੱਚ ਦੀ ਕਸਵੱਟੀ ਕਿਵੇਂ ਲੱਗੇ? ਜੋ ਆਪ ਤੋਲ ਵਿਚ ਪੂਰਾ ਨਹੀਂ ਹੈ ਉਹ ਖਰਾ ਵਪਾਰ ਕਿਵੇਂ ਕਰ ਸਕਦਾ ਹੈ। ਸ਼ਬਦ ਨੇ ਵਪਾਰ ਦੀਆਂ ਰਮਜ਼ਾਂ ਰਾਹੀਂ ਗੱਲ ਸਮਝਾਉਣ ਦਾ ਯਤਨ ਕੀਤਾ ਹੈ। ਵੱਖਰ, ਧਨ, ਰਾਸ ਵਪਾਰ ਵਿਚ ਵਰਤੀਂਦੇ ਅੱਖਰ ਹਨ। ਇੰਞ ਨਿਮਾਣਿਆਂ ਅੱਖਰਾਂ ਦਾ ਕੀ ਦੋਸ਼ ਜੇ ਉਨ੍ਹਾਂ ਨੂੰ ਕੂੜ ਵਪਾਰ ਲਈ ਵਪਾਰੀਆਂ ਵਰਤ ਕੇ ਉਨ੍ਹਾਂ ਦੇ ਅਸਲ ਅਰਥ ਈ ਚਿੱਤ ਚੇਤਿਓਂ ਧੋਹ ਛੱਡੇ ਨੇ।



ਡਾ. ਆਸਮਾ ਕਾਦਰੀ

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ॥੨॥ (ਪੰਨਾ 22,ਮ: 1)
“ਭਾਈ ਰੇ ਹਰਿ ਹੀਰਾ ਗੁਰ ਮਾਹਿ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥੧॥ ਰਹਾਉ ॥

ਜਦੋਂ ਕੁਦਰਤ ਦਾ ਚਾਨਣ ਲੱਗਦਾ ਹੈ ਤਦੋਂ ਸੱਚ ਦਾ ਵੱਖਰ-ਸੌਦਾ ਧਨ ਦੀ ਰਾਸ ਦੌਲਤ ਨਾਲ ਮਿਲਦਾ ਹੈ। ਜਿਵੇਂ ਪਾਣੀ ਪਾਵਣ ਨਾਲ ਅੱਗ ਬੁੱਝ ਜਾਂਦੀ ਹੈ ਤਿਵੇਂ ਲਾਲਚ ਤੇ ਹਵਸ ਵੀ ਗੁਲਾਮਾਂ ਦੇ ਗੁਲਾਮ ਬਣ ਜਾਂਦੇ ਨੇ। ਮੌਤ ਦਾ ਜਲਾਦ ਮੁਕਾ ਨਹੀਂ ਸਕਦਾ ਅਜਿਹੀ ਹੋਂਦ ਨੂੰ ਤੇ ਇਹ ਚਾਲੂ ਵਿਹਾਰ ਤਰ ਕੇ ਪਾਰ ਹੋ ਜਾਂਦਾ ਹੈ। ਮੌਤ ਉਸੇ ਨੂੰ ਹੈ ਜੋ ਏਸ ਚਾਲੂ ਵਿਹਾਰ ਦੇ ਘਣਚੱਕਰ ਵਿਚ ਫਸ ਜਾਵੇ। ਜੀਵਨ ਨੂੰ ਵਪਾਰ ਬਣਾਇਆ ਹੈ ਰਾਸਵਾਲ ਵਿਹਾਰ ਨੇ। ਏਸ ਵਪਾਰ ਵਿਚ ਕੀ ਵਿਹਾਜਣੇ ਹਾਂ ਪਏ ਇਹ ਹਰ ਇੱਕ ਦੀ ਆਪੋ ਆਪਣੀ ਸੋਚ ਹੈ। ਬਾਬਾ ਨਾਨਕ ਵੀ ਧਨ ਲੈ ਕੇ ਟੁਰਿਆ ਸੀ ਵਪਾਰ ਕਰਨ ਤੇ ਸੱਚ ਦਾ ਸੌਦਾ ਕਰ ਕੇ ਘਰੀਂ ਪਰਤਿਆ। ਮਤਾਂ ਜਾਣਦਾ ਹਾ ਜੋ ਧਨ ਦੀ ਅਸਲੀਅਤ ਕੀ ਹੈ? ਧਨ ਦੇ ਬਹੁਤੇ ਵਰਤੀਂਦੇ ਅਰਥ ਦੌਲਤ, ਮਲਕੀਅਤ, ਪ੍ਰਾਪਰਟੀ, ਮਾਲ ਨੇ। ਧਨ ਰੂਹ, ਤੱਤ, ਦੁੱਧ, ਸੈਰ, ਸਰੀਰ, ਵਧਣ-ਫੁੱਲਣ ਤੇ ਪੈਦਾ ਕਰਨ ਵੀ ਹੈ। ਅਸਲ ਧਨ ਤਾਂ ਹੈ ਈ ਰੂਹ, ਤੱਤ ਤੇ ਦੁੱਧ। ਇਹ ਕੁਦਰਤ ਵੱਲੋਂ ਦਾਨ ਮਿਲਿਆ ਜਿਉਂਦੀ ਹੋਂਦ ਨੂੰ। ਕੁਦਰਤ ਵੱਲੋਂ ਦਾਨ ਹੋਏ ਏਸ ਸੱਚ ਧਨ ਨੂੰ ਵਿਸਾਰ ਕੇ ਈ ਕੂੜ ਦਾ ਧਨ ਜੋੜਨ ਲੱਗਾ ਮਨੁੱਖ। ਧਨ ਦੀਆਂ ਵੰਨ-ਵਨ ਸ਼ਕਲਾਂ ਹਨ ਹਰ ਵਾਰੇ। ਪਹਿਲੋਂ ਦੁੱਧ ਦੇਵਨ ਵਾਲੇ ਪਸ਼ੂ ਧਨ ਆਹੇ। ਇਨ੍ਹਾਂ ਦਾ ਦੁੱਧ ਜੀਵਕਾ ਆਹਾ। ਤ੍ਰੀਮਤ ਵੀ ਧਨ ਆਹੀ, ਨਵੀਂ ਹੋਂਦ ਨੂੰ ਜੰਮਦੀ ਤੇ ਉਸ ਦੀ ਪਾਲ ਸੰਭਾਲ ਕਰਦੀ। ਕੁਦਰਤ ਸਿਰਜੀ ਹਰ ਹੋਂਦ ਧਨ ਹੈ। ਧਰਤ ਵੀ ਧਨ ਆਹੀ ਜੋ ਜੀਵਕਾ ਉਪਜਾਊ, ਜਿਉਂਦੀ ਹੋਂਦ ਕਾਨ। ਜਦੋਂ ਸਾਂਭਣਹਾਰ ਤੇ ਕਰਨਹਾਰ ਦੀ ਵੰਡ ਹੋਈ ਉਦੋਂ ਈ ਧਨ ਦੇ ਅਰਥ ਵੀ ਰੂਪ ਵਟਾ ਗਏ। ਮਾਲਿਕ ਕੰਮੀ ਦੀ ਵੰਡ ਨੇ ਧਨਵਾਨ ਤੇ ਧਨ ਹੀਣ ਦੀ ਵੰਡ ਵੀ ਕੀਤੀ। ਕਰਨਹਾਰ ਦੀ ਕੀਤੀ ਮਿਹਨਤ ਨੇ ਈ ਧਨ ਦੀ ਬੱਝੀ ਸ਼ਕਲ ਵਟਾਈ, ਸੋਨਾ ਚਾਂਦੀ ਧਨ ਬਣਿਆ। ਫੇਰ ਏਸ ਧਨ ਤੋਂ ਸਿੱਕੇ ਬਣਨ ਲਈ ਟਕਸਾਲਾਂ ਲੱਗੀਆਂ। ਹੌਲੀ ਹੌਲੀ ਧਨ ਦਾ ਅਸਲ ਰੂਪ ਭੁੱਲਦਾ ਗਿਆ। ਹੁਣ ਧਨ ਸੁਣਦਿਆਂ ਈ ਪਹਿਲੋਂ ਪੈਸੇ ਤੇ ਸੋਨਾ ਚੇਤੇ ਆਉਂਦਾ ਹੈ। ਦੂਜੇ ਦੀ ਕੀਤੀ ਸਾਂਭ ਕੇ ਜੁੜਿਆ ਇਹ ਕੂੜਾ ਧਨ ਸੱਚ ਦਾ ਸੌਦਾ ਨਹੀਂ ਵਿਹਾਜ ਸਕਦਾ। ਜਿਵੇਂ ਅੱਗ ਪਾਣੀ ਤੇ ਜਿਊਣ ਮਰਨ ਇਕ ਦੂਜੇ ਦੇ ਉਲਟ ਹਨ, ਤਿਵੇਂ ਈ ਸੱਚ ਦਾ ਜੀਵਨ ਤੇ ਕੂੜ ਦਾ ਜੀਵਨ ਉਲਟ ਹੈ ਇੱਕ ਦੂਜੇ ਦਾ। ਵਿਹਾਰੀ ਵਪਾਰ ਤੋਂ ਕਮਾਇਆ ਧਨ ਲਾਲਚ ਵਧਾਉਂਦਾ ਹੈ। ਧਨ ਜਿਸ ਕੋਲ ਜੁੜ ਜਾਵੇ ਓਹੀ ਡਰਦਾ ਹੈ। ਇਹ ਓਹੀ ਜਾਣਦਾ ਹੈ ਜਿਸ ਨੇ ਮਾਰਾ ਮਾਰੀ ਕਰ ਕੇ ਧਨ ਜੋੜਿਆ ਹੈ, ਉਸ ਨੂੰ ਹੀ ਚਿੰਤਾ ਹੁੰਦੀ ਹੈ ਕਿ ਕੋਈ ਹੋਰ ਵਾਧੂ ਤਾਕਤ ਵਾਲਾ ਏਸ ਨੂੰ ਖੁਸ ਨਾ ਲਵੇ। ਅਜਿਹੇ ਜੀਅ ਲਈ ਇਹ ਸੰਸਾਰ ਭਉਜਲ ਏ, ਡਰ ਦਾ ਸਮੁੰਦਰ। ਸੱਚ ਵੱਖਰ ਤੇ ਧਨ ਰਾਸ ਵਾਲਿਆਂ ਲਈ ਕੋਈ ਡਰ ਨਹੀਂ ਉਹ ਏਸ ਨੂੰ ਤਰ ਕੇ ਪਾਰ ਕਰਦੇ ਨੇ। ਏਸ ਮੱਲ ਵਿਹਾਰ ਦੀਆਂ ਘੁੰਮਣ ਘੇਰੀਆਂ ਅੰਦਰ ਨਹੀਂ ਫਸਦੇ।

ਕਹਾਣੀ

# ਭੇਤ ਵਾਲੀ ਗੱਲ



ਸੰਤੋਖ ਸਿੰਘ ਧੀਰ

ਵਿਹੜੇ ਦੀ ਵਲਗਣ ਉਤੋਂ ਉਤ ਕੇ, ਮੌਕਾ ਬਚਾਂਦਿਆਂ, ਜ਼ੈਲਦਾਰਾਂ ਦੀ ਹਰਿਪ੍ਰਕਾਸ਼, ਗਲੀ ਵਿੱਚੋਂ ਲੰਘੇ ਜਾਂਦੇ ਵਿਰਕਾਂ ਦੇ ਪਰਮਿੰਦਰ ਵੱਲ ਤੱਕਦੀ ਕਿਤੇ ਹਲਕਾ ਜਿਹਾ ਮੁਸਕਰਾ ਪਈ ਕਿ ਅਚਣਚੇਤ, ਮੋੜ ਉਤੋਂ ਆ ਧਮਕੇ, ਬਾਰੀਆਂ ਦੇ ਤਿਲਕੂ ਨੇ ਟੇਢੀ ਅੱਖੀ ਵੇਖ ਲਿਆ। ਇੱਕ ਤਾਂ ਇਸ਼ਕ ਮੁਸ਼ਕ, ਲੁਕਾਇਆਂ, ਸਹੁਰੇ ਲੁਕਦੇ ਵੀ ਤਾਂ ਨਹੀਂ ਹਨ।

ਬਾਰੀਆਂ ਦੇ ਤਿਲਕੂ ਨੂੰ ਜਿਵੇਂ ਕੁਝ ਲੱਭ ਪਿਆ ਹੋਵੇ, ਥੋੜਾ ਥੋੜਾ ਖੰਘਦਾ ਅਤੇ ਮੁਸਕਰਾਂਦਾ ਉਹ ਆਇਰਨ ਹਾਲੀ ਆਇਆ। ਸੁੱਚਾ ਲੁਹਾਰ ਉਹਦਾ ਜਿਗਰੀ ਯਾਰ ਸੀ। ਪਰ ਆਇਰਨ ਹਾਲੀ ਉਤੇ ਟੁੱਟ-ਮੁਰੰਮਤ ਕਰਾਉਣ ਅਤੇ ਫਾਲੇ ਆਦਿ ਡੰਗਾਉਣ ਵਾਲੇ ਕਿਸਾਨਾਂ ਦਾ ਇਕੱਠ ਜਿਹਾ ਸੀ। ਉਹ ਪੈਰ ਜਿਹੇ ਮਲਦਾ ਖਲੋ ਗਿਆ। ਭਖਦੇ ਲੋਹੇ ਉਤੇ ਘਣ ਦੀਆਂ ਸੱਟਾਂ ਸ਼ੰਮਦਿਆਂ ਸੁੱਚੇ ਲੁਹਾਰ ਨੇ ਐਵੇਂ ਜ਼ਰਾ ਸਾਹ ਲੈਣ ਦੇ ਬਹਾਨੇ ਪੁੱਛਿਆ, "ਸੁਣਾ, ਕਿੱਧਰ ਆਇਆ ਵੈਲੀਆ, ਅੱਜ ਤਾਂ ਬੜੇ ਦੰਦ ਨਿਕਲਦੇ ਨੇ, ਕੋਈ ਖੁਸ਼ਖ਼ਬਰੀ ਮਿਲ ਗਈ?"

"ਓਏ ਆਪਾਂ ਤਾਂ ਸਦਾ ਖੁਸ਼ ਰਹਿਣੇ ਆਂ ਮਿਸਤਰੀ, ਸਦਾ ਖ਼ੁਸ਼, ਤੇਰੇ ਮਾਂਗਣ ਧੰਦ ਨੂੰ ਪਿੱਟਦੇ ਸਾਰਾ ਦਿਨ।"

ਭਖਦੇ, ਸੂਹੇ ਲੋਹੇ ਉਤੇ ਹਲਕੀ ਜੇਹੀ ਛਾਈ ਦਿਸਣ ਲੱਗੀ, "ਨਾ ਮਖਾਂ ਗੱਲ ਐ ਕੋਈ?" ਸੁੱਚੇ ਨੇ ਤਾਓ ਜਾਂਦਾ ਦੇਖ, ਹਾਸੀ ਨੂੰ ਛਡਦਿਆਂ, ਮਤਲਬ ਦੀ ਗੱਲ ਪੁੱਛੀ।

"ਤੂੰ ਕੰਮ ਕਰ ਹਾਲੇ, ਫੇਰ ਕਰਨ ਵਾਲੀ ਐ ਗੱਲ, ਵਿਹਲ ਸਮੇਂ, ਆਹੋ...।" ਤੇ ਤਿਲਕੂ ਸੈਨਤ ਜਿਹੀ ਸੁਟਦਾ ਉਥੋਂ ਤੁਰ ਗਿਆ।

ਤਿਲਕੂ ਬਾਰੀਏ ਨੇ ਸੁੱਚੇ ਲੁਹਾਰ ਨੂੰ ਭਾਵੇਂ ਤਕੜਾਈ ਨਾਲ ਆਖਿਆ ਸੀ ਕਿ ਗੱਲ ਉਸ ਤੋਂ ਬਾਹਰ ਨਹੀਂ ਜਾਣੀ ਚਾਹੀਦੀ; ਪਰ ਸੁੱਚੇ ਲੁਹਾਰ ਲਈ ਰਾਮ ਸਿੰਘ ਫੌਜੀ ਤਾਂ ਕੋਈ ਓਪਰਾ ਨਹੀਂ ਸੀ। ਬਚਪਨ ਦੇ ਆੜੀ, ਇੱਕ ਦੂਜੇ ਦੇ ਭੇਤੀ, ਖਾਣ ਪੀਣ ਦੇ ਸਾਂਝੀ। ਅਜੇਹੇ ਮਿੱਤਰ ਨੂੰ ਦੱਸ ਦੇਣ ਨਾਲ ਕੀ ਫ਼ਰਕ ਪੈ ਚੱਲਿਆ ਹੈ? ਜੇਹੀ ਗੱਲ ਉਹਦੇ ਕੋਲ, ਤੇਹੀ ਆਪਣੇ ਕੋਲ। ਤੇ ਸੁੱਚੇ ਲੁਹਾਰ ਨੇ ਏਨਾ ਕਹਿੰਦਿਆਂ ਕਿ 'ਦੇਖੀਂ, ਤੇਰੇ ਕੋਲ ਰਹੇ...', ਰਾਮ ਸਿੰਘ ਫੌਜੀ ਦੇ ਕੰਨ ਵਿੱਚ ਫੂਕ ਮਾਰ ਹੀ ਦਿੱਤੀ।

ਰਾਮ ਸਿੰਘ ਫੌਜੀ ਨੂੰ ਜਾਣੋਂ ਮਸੀਂ ਦਿਨ ਲੰਘਿਆ। ਭਾਵੇਂ ਉਹ ਸੁਭਾ ਦਾ ਡੂੰਘਾ ਅਤੇ ਗੰਭੀਰ ਸੀ, ਪਰ ਇਹ ਮਨੁੱਖ ਦਾ ਮਨ ਹੈ; ਇੱਕ ਪਹਾੜ ਦਾ ਭਾਰ ਭਾਵੇਂ ਇਹ ਸੌਖੀ ਤਰ੍ਹਾਂ ਝੱਲ ਲਵੇ, ਪਰ ਇੱਕ ਗੱਲ ਦਾ ਭਾਰ ਝੱਲਣਾ ਇਹਦੇ ਲਈ, ਕਈ ਵਾਰ ਔਖਾ ਹੋ ਜਾਂਦਾ ਹੈ। ਰਾਤੀਂ ਸੌਣ ਲੱਗਿਆਂ ਰਾਮ ਸਿੰਘ ਫੌਜੀ ਨੇ ਆਪਣੀ ਵਹੁਟੀ, ਹਰਭਜਨੋ, ਕੋਲ ਏਨੀ ਗੱਲ ਕਰ ਹੀ ਦਿੱਤੀ ਕਿ ਉਹਨੇ ਉਡਦੀ ਉਡਦੀ ਕੁੱਝ ਏਹੋ ਜਿਹੀ ਸੋਅ ਸੁਣੀ ਹੈ। ਤੇ ਨਾਲ ਹੀ ਤਾਕੀਦ ਕਰ ਦਿੱਤੀ ਕਿ ਅੱਗੇ ਕਿਸੇ ਨੂੰ ਵੀ ਕੰਨ ਵਲੇਲ ਨਹੀਂ ਪੈਣੀ ਚਾਹੀਦੀ। ਵਹੁਟੀ ਕੋਲ ਤਾਂ ਏਹੋ ਜਿਹੀ ਗੱਲ ਕਰਨ ਦਾ ਕੋਈ ਹਰਜ ਨਹੀਂ ਸੀ। ਵਹੁਟੀ ਤੇ ਗੱਭਰੂ ਵੀ ਜੇ ਆਪੋ ਵਿੱਚ ਇਸ ਤਰ੍ਹਾਂ ਦੀ ਗੱਲ ਨਾ ਕਰ ਸਕਣ, ਤਾਂ ਹੋਰ ਕੌਣ ਕਰੇ? ਵਹੁਟੀ ਤੇ ਗੱਭਰੂ ਨਾਲੋਂ ਵਧ ਕੇ ਹੋਰ ਕੌਣ ਇੱਕ ਦੂਜੇ ਦਾ ਮਹਿਰਮ ਹੋ ਸਕਦਾ ਹੈ?

ਸੁਣ ਕੇ, ਥੋੜ੍ਹਾ ਵਿਅੰਗ ਨਾਲ ਮੁਸਕਰਾਂਦਿਆਂ, ਹਰਭਜਨੋ ਬੋਲੀ, "ਦੇਖ ਲੈ ਸਰਦਾਰ ਜੀ, ਤੇਰੇ ਪਿੰਡ ਦੀਆਂ ਕੁੜੀਆਂ...ਤੇ ਜੇ ਕਿਸੇ ਨੂੰਹ ਕੋਲੋਂ ਮਾੜੀ ਜਿੰਨੀ ਖੁਨਾਮੀ ਹੋ ਜਾਵੇ ਤਾਂ ਉਹਦੇ ਪੇਕਿਆਂ ਤੱਕ ਜਾ ਕੇ ਖਾਖਾਂ ਪੁੱਟ ਆਓ ਸਾਰੇ।"

ਪਰ ਫੌਜੀ ਨੇ ਇੱਕ ਨਿੱਕੀ ਜਿਹੀ ਤਿਊੜੀ ਪਾ ਕੇ ਮਿੱਠਾ ਜਿਹਾ ਘੂਰਿਆ, "ਦੇਖ ਭਜਨੋ, ਮੈਥੋਂ ਬੁਰਾ ਕੋਈ ਨੀਂ, ਜੇ ਅੱਗੇ ਗੱਲ ਗਈ ਐ!"

"ਸਾਨੂੰ ਕੀ ਜੀ...", ਵਹੁਟੀ ਨੇ ਨਹੋਰਾ ਕੀਤਾ, "ਕੋਈ ਅੱਗ ਖਾਵੇ, ਅੰਗਿਆਰ......"

"ਬੱਸ, ਮੈਂ ਤੈਨੂੰ ਕਹਿ ਦਿੱਤਾ, ਖ਼ਬਰਦਾਰ...!" ਫੌਜੀ ਥੋੜਾ ਜਿਹਾ ਹੋਰ ਤਣ ਗਿਆ।

"ਨਾ ਬੀਰ ਦੀ ਸਹੁੰ, ਮੈਂ ਤਾਂ ਹਸਦੀ ਆਂ, ਮੈਨੂੰ ਕੀ ਲੋੜ।" ਭਜਨੋ ਨੇ ਸੱਚੋਂ ਹੀ ਆਖ ਦਿੱਤਾ।

ਪਰ, ਸਾਰੀ ਰਾਤ ਭਜਨੋ ਦੇ ਦਿਲ ਵਿੱਚ ਇੱਕ ਲੁਹਣ ਜੇਹੀ ਲੱਗੀ ਰਹੀ। ਇਹੋ ਜੇਹੀ ਗੱਲ ਕਰਨ ਵਿੱਚ ਇੱਕ ਤਰ੍ਹਾਂ ਦਾ ਆਨੰਦ ਵੀ ਤਾਂ ਮਿਲਦਾ ਹੈ। ਦੂਜੇ ਦਿਨ, ਪੱਠੇ ਲੈਣ ਚੱਲੇ ਚੁਬਾਰੇ ਵਾਲਿਆਂ ਦੇ ਬੰਤੂ ਨੂੰ, ਗੁੜਾਵਾ ਕਰਦੀ ਭਜਨੋ ਨੇ ਵਾਜ ਮਾਰ ਕੇ ਵਿਹੜੇ ਵਿੱਚ ਸੱਦ ਲਿਆ। ਖੁੱਲ੍ਹੇ ਸੁਭਾ ਦੀ ਹੋਣ ਕਾਰਨ ਦਿਓਰਾਂ ਜੇਠਾਂ ਨਾਲ ਇਹੋ ਜਿਹੀਆਂ ਗੱਲਾਂ ਉਹ ਖੁੱਲ੍ਹੀਆਂ ਕਰ ਲੈਂਦੀ ਸੀ। ਪਤਲੇ ਪਤਲੇ ਬੁਲ੍ਹਾਂ 'ਚੋਂ ਮੁਸਕ੍ਹਾਂਦੀ ਭਜਨੋ ਅੱਖਾਂ ਵਿੱਚ ਇੱਲਤ ਭਰ ਕੇ ਤੱਕਣ ਲੱਗੀ।

"ਹਾਂ, ਕੀ ਕਹਿਨੀ ਐਂ ਭਾਬੀ...?" ਅੰਦਰ ਵੜਦਿਆਂ, ਮਨ ਵਿੱਚ ਗੁਦਗੁਦਾਂਦਾ ਬੰਤੂ ਬੋਲਿਆ। ਉਹਨੂੰ ਜਾਪਿਆ ਜਿਵੇਂ ਅੱਜ ਤਾਂ ਭਾਬੀ ਦਿਆਲ ਹੋਈ ਪਈ ਹੈ। ਖੁਰਲੀ ਕੋਲ, ਉਹ, ਕਿੱਲੇ ਉਤੇ ਪੈਰ ਧਰਦਾ ਭਜਨੋ ਉਤੇ ਨੂੰ ਥੋੜ੍ਹਾ ਉਲਰ ਕੇ ਖਲੋ ਗਿਆ।

"ਵੇ...ਬੱਕਰਿਆ...ਥੋੜਾ ਪਰ੍ਹਾਂ ਹੋ ਕੇ ਖਲੋ, ਹੁਣੇ ਭਾਵੇਂ ਤੇਰਾ ਬਾਈ ਆ ਜਾਵੇ ਉੱਤੋਂ।" ਝੂਠ ਮੂਠ ਦੇ ਗੁੱਸੇ ਨਾਲ ਭਜਨੋ ਬੋਲੀ। ਪਰ ਬੰਤੂ ਨੇ ਇਸ ਗੱਲ ਨੂੰ ਗੌਲਿਆ ਹੀ ਨਾ, ਤੇ ਸਗੋਂ ਪੋਲਾ ਜਿਹਾ ਹੱਥ ਭਜਨੋ ਦੇ ਮੋਢੇ ਉਤੇ ਰੱਖਦਾ ਬੋਲਿਆ, "ਅੱਜ ਤਾਂ ਦੀਂਹਦਾ ਭਾਬੀ ਜਾਣੋਂ ਮੂੰਹ ਮਿੱਠਾ ਕਰਾਇੰਗੀ..."

ਭਜਨੋ ਪਾਰੇ ਵਾਂਗ ਥਰਕ ਉਠੀ, "ਚਲ ਵੇ, ਲੱਗਿਐ ਲਾਲਾਂ ਛੱਡਣ, ਦੇਖ ਲੈ, ਜਾਣਦਾ ਰਿਹੈਂ ਜੇ ਅੱਗੇ ਵਧਿਐਂ, ਮੇਰੇ ਕੋਲ ਵੀ ਸੰਨ੍ਹੀ ਦਾ ਲਿੱਬੜਿਆ ਹੱਥ ਐ- ਇਹਨਾਂ ਗੱਲਾਂ ਖ਼ਾਤਰ ਤਾਂ ਨੀਂ ਸੱਦਿਆ ਮੈਂ ਤੈਨੂੰ...!"

ਬੰਤੂ ਕੰਬ ਕੇ ਥੋੜਾ ਪਿੱਛੇ ਹਟ ਗਿਆ ਤੇ ਸਿਰੋਂ ਪੈਰਾਂ ਤੱਕ ਕੱਚਾ ਹੋਇਆ ਕੰਨ ਉਤੇ ਖਾਜ ਜੇਹੀ ਕਰਨ ਲੱਗਾ। ਧਰਤੀ ਉਹਦੇ ਪੈਰਾਂ ਹੇਠ ਤੇਜ਼ ਤੇਜ਼ ਘੁੰਮ ਰਹੀ ਸੀ।

ਭਜਨੋ ਨੂੰ ਉਹਦੀ ਹਾਲਤ ਉਤੇ ਤਰਸ ਆ ਗਿਆ, "ਮੈਂ ਤਾਂ ਸੋਚਿਆ, ਲੈ ਬੰਤੇ ਨੂੰ ਇੱਕ ਗੱਲ ਇ ਦੱਸੂੰਗੀ...!"

ਧਰਤੀ, ਹੌਲੀ ਹੌਲੀ ਹੁੰਦੀ, ਬੰਤੂ ਦੇ ਪੈਰਾਂ ਵਿੱਚ ਅਡੋਲ ਟਿਕ ਕੇ ਖੜੋ ਗਈ। ਭਾਬੀ ਪੂਰੀ ਤਰ੍ਹਾਂ ਗੁੱਸੇ ਨਾ ਸੀ ਹੋਈ। "ਤੂੰ ਭਾਬੀ ਗੱਲ ਦੱਸ, ਹੁਣ ਤਾਂ ਮਾਫ਼ੀ ਦੇਹ, ਅੱਗੇ ਨੂੰ ਨੀਂ ਕਰਦਾ ਐਕਣ!"

"ਜਾਹ ਵੇ ਜਾਹ ਲੁੱਚਿਆ, ਹੁਣ ਨੀਂ ਬੋਲਣਾ ਤੇਰੇ ਨਾਲ।"

"ਬਈ ਮਿੰਨਤ ਨਾਲ ਭਾਬੀ, ਲੈ, ਹੱਥ ਬੰਨ੍ਹ ਦਿੰਨਾਂ!"

"ਨਾ, ਹੁਣ ਨੀਂ ਦੱਸਣੀ ਤੈਨੂੰ।"

"ਨਾ ਭਾਬੀ, ਹਾੜ੍ਹੇ ਹਾੜ੍ਹੇ......।"

"ਤੇਰਾ ਕੀ ਐ ਵੇ ਹੋਛੇ ਦਾ, ਭਾਵੇਂ ਸਾਰੇ ਪਿੰਡ ਵਿੱਚ ਖਿੰਡਾਉਂਦਾ ਫਿਰੇਂ।"

ਬੰਤੂ ਦੇ ਦਿਲ ਵਿੱਚ ਅੱਚਵੀ ਲੱਗ ਗਈ, "ਬਈ ਭਾਬੀ, ਹੁਣ ਮੈਂ ਤੈਨੂੰ ਕਿਵੇਂ ਜਕੀਨ ਦੁਆਮਾਂ...?"


ਭਜਨੋ ਝੂਠੇ ਨਹੋਰੇ ਨੂੰ ਬਹੁਤਾ ਚਿਰ ਨਾ ਰੱਖ ਸਕੀ; ਮਸਤ ਹੋ ਕੇ ਸਿਰ ਹਿਲਾਉਂਦੀ ਬੋਲੀ, "ਪਹਿਲਾਂ ਸਹੁੰ ਖਾ ਵੇ ਮੇਰੀ, ਕਿਸੇ ਕੋਲ ਗਾਹਾਂ ਤਾਂ ਨੀਂ ਕਰੇਂਗਾ?" ਉਹਦੇ ਕੰਨਾਂ ਦੀਆਂ ਵਾਲੀਆਂ ਨਿੱਕਾ ਨਿੱਕਾ ਹਿਲਣ ਲੱਗੀਆਂ।

ਉਤਸੁਕਤਾ ਨਾਲ ਬੰਤੂ ਦਾ ਦਿਲ ਧੱਕ ਧੱਕ ਕਰਨ ਲੱਗਾ, "ਬਈ ਭਾਬੀ, ਤੇਰੀਓ ਸਹੁੰ, ਮੈਂ ਐਡਾ ਈ ਮਰ ਜਾਂ ਜੇ ਕਿਸੇ ਕੋਲ ਸਾਹ ਵੀ ਕੱਢਾਂ!"

"ਹਾਏ ਹਾਏ ਵੇ ਚੰਦਰਿਆ, ਦਫੇ ਹੋਣਾ, ਕਿਹੋ ਜਿਹੀਆਂ ਗਾਲ੍ਹਾਂ ਖਾਂਦੈ...!" ਪਿਆਰ ਦੀ ਝਲਕ ਨਾਲ ਭਜਨੋ ਬੋਲੀ, ਤੇ ਫੇਰ ਮੁਸਕਣੀਆਂ ਵਿੱਚ ਮਹਿਕਦੀ ਤੇ ਬੁਲ੍ਹ ਮਰੋੜਦੀ ਭਾਬੀ ਨੇ ਸੁਣੀ ਸੁਣਾਈ ਗੱਲ ਦਿਓਰ ਦੇ ਕੰਨ ਵਿੱਚ ਚੋਅ ਦਿੱਤੀ।

ਘਰ ਨੀਰੇ ਦੀ ਭਰੋਟੀ ਸੁਟ ਕੇ ਚਾਓਲਾ ਚਾਓਲਾ ਤੁਰਦਾ ਬੰਤੂ ਚਾਚੀ ਕਿਰਪਾਲੋ ਦੇ ਘਰ ਪੁੱਜਿਆ। ਚਾਚੀ ਕਿਰਪਾਲੋ ਐਵੇਂ ਇੱਕ ਥੰਮ ਵੱਡਾ ਹੋਣ ਕਰਕੇ ਸਾਰਿਆਂ ਦੀ ਚਾਚੀ ਲਗਦੀ ਸੀ, ਪਰ ਚਾਚੀ ਬਣ ਕੇ ਉਹ ਕਿਸੇ ਦੀ ਵੀ ਨਹੀਂ ਸੀ ਰਹਿੰਦੀ। ਉਹਦਾ ਬੜਾ ਜੀਅ ਕਰਦਾ, ਪਰ ਉਹਦੀ ਵਾਹ ਨਹੀਂ ਸੀ ਚਲਦੀ; ਇਸ ਲਈ ਉਹ ਸਾਰੇ ਮੁੰਡਿਆਂ ਖੁੰਡਿਆਂ ਨਾਲ ਹਰ ਤਰ੍ਹਾਂ ਦੀਆਂ ਗੱਲਾਂ ਨਿਝੱਕ ਕਰਦੀ ਤੇ ਹੱਸ ਤੁਸ ਲੈਂਦੀ ਸੀ। ਪੱਚੀਆਂ ਵਰ੍ਹਿਆਂ ਦੀ ਬੁਲਬੁਲ ਵਰਗੀ ਜੱਟੀ ਪੰਜਾਹਾਂ ਵਰ੍ਹਿਆਂ ਦੇ ਢੋਡਰ ਕਾਂ ਨਾਲ ਪਿੰਜਰੇ ਵਿੱਚ ਬੰਦ ਕੀਤੀ ਪਈ ਸੀ। ਚਾਚਾ ਵਰਿਆਮਾ ਬੁੱਢਾ ਹੋਣ ਤੋਂ ਬਿਨਾਂ ਸਿਰੇ ਦਾ ਅਫ਼ੀਮੀ ਪੋਸਤੀ ਵੀ ਸੀ। ਹੋਰ ਤਾਂ ਹੋਰ, ਅਫ਼ੀਮ ਦੀ ਪੀਨਕ ਵਿਚੋਂ ਜਾਗਦਾ ਸੌ ਘੋਰੀਆਂ ਦਾ ਘੋਰੀ ਚਾਚਾ ਜਦ ਨੱਕ ਵਿੱਚ ਬੋਲ ਕੇ ਆਪਣੀ ਕਿਰਪਾਲੋ ਨੂੰ ਵਾਜ ਮਾਰਦਾ ਤਾਂ ਚਾਚੀ ਵਿਚਾਰੀ ਨੂੰ ਧੁੜਧੁੜੀ ਆ ਜਾਂਦੀ। ਜ਼ਿੰਦਗੀ ਦੇ ਜ਼ਹਿਰ ਨਾਲ ਦਿਲੋਂ ਭਾਵੇਂ ਚਾਚੀ ਫੁਕ ਕੇ ਰਹਿ ਗਈ ਸੀ, ਪਰ ਫੁਕੇ ਦਿਲ ਨਾਲ ਵੀ ਤਾਂ ਕਈ ਵਾਰ ਜੀਊਣਾ ਹੀ ਪੈਂਦਾ ਹੈ। ਸਾਹਮਣੇ, ਫਾਟਕ ਦੀ ਬੂਲ ਚੀਕੀ ਤਾਂ ਵਿਹੜੇ ਵਿੱਚ ਇਕੱਲੀ ਕਪਾਹ ਵੇਲਦੀ ਚਾਚੀ ਨੇ ਵੇਖਿਆ, ਕਿਸ਼ਨੇ ਬਲਿਆਣੇ ਦਾ ਬੰਤੂ ਕਾਲੀ ਗਾਨੀ ਦੀ ਤਵੀਤੀ ਉਤੇ ਨਿੰਮ੍ਹਾ ਨਿੰਮ੍ਹਾ ਮੁਸਕ੍ਰਾਂਦਾ ਆ ਰਿਹਾ ਹੈ, "ਆ ਵੇ ਬੰਤਿਆ, ਤੂੰ ਤਾਂ ਈਦ ਦਾ ਈ ਚੰਦ ਬਣ ਗਿਆ ਦੋਜਕੀਆ, ਅੱਖ 'ਚ ਪਾਉਣ ਨੂੰ ਨੀਂ ਮਿਲਦਾ ਕਿਤੇ, ਅੱਜ ਤਾਂ ਡੁਲ੍ਹ ਡੁਲ੍ਹ ਜਾਨੈ ਵੇ, ਕੁਸ ਲੱਭ ਗਿਆ ਕਿਤੋਂ?"

"ਬਈ ਚਾਚੀ, ਬਈ ਗੱਲ ਐ ਇਕ, ਪਰ ਗਾਹਾਂ ਕਰਨ ਵਾਲੀ ਨਹੀਂ।"



ਝੱਟ ਵੇਲਣਾ ਥੰਮ ਕੇ ਚਾਚੀ ਬੋਲੀ, "ਅੱਗੇ ਤੇਰੀਆਂ ਕਿਹੜੀਆਂ ਕੀਤੀਆਂ ਵੇ ਗਾਹਾਂ?" ਤੇ ਫੇਰ ਉਹ ਅਸਲ ਨਾਲੋਂ ਹੌਲੀ ਆਵਾਜ਼ ਬਣਾਉਂਦੀ ਬੋਲੀ, "ਬੜੀਆਂ ਬੜੀਆਂ ਗੱਲਾਂ ਪਚਾਈਆਂ ਅਸੀਂ ਸੋਹਣਿਆਂ! ਮੇਰੇ ਵਰਗਾ ਹਾਜਮਾ ਕੀਹਦਾ ਹੋਣੈ? ਬਰੂਦ ਮਾਂਗਣ ਭਰੀ ਪਈ ਐ ਹਿੱਕ ਮੇਰੀ...।" ਕਹਿੰਦਿਆਂ, ਠੰਡਾ ਜਿਹਾ ਸਾਹ ਭਰ ਕੇ ਚਾਚੀ ਚੁੱਪ ਹੋ ਗਈ।

ਇਕ ਪਲ ਰੁਕ ਕੇ ਬੰਤਾ ਬੋਲਿਆ, "ਸੱਚ, ਚਾਚਾ ਕਿੱਥੇ ਐ?"

"ਹੁਣੇ ਗਿਐ ਬਾਹਰ ਨੂੰ, ਡੋਡੇ ਪੀ ਕੇ।"

"ਬਈ ਚਾਚੀ, ਬਈ ਹੋਰ ਤਾਂ ਕੁਸ ਨੀਂ, ਬਈ ਕਹੀ ਗੱਲ ਦੂਰ ਤੱਕ ਚਲੀ ਜਾਂਦੀ ਐ...।"

"ਲੈ ਤੂੰ ਨਾ ਦੱਸ ਵੇ, ਰੱਖ ਆਪਦੇ ਈ ਕੋਲ...!" ਤੇ ਹਰਖ ਨਾਲ ਕਾਹਲੀ ਕਾਹਲੀ ਚਾਚੀ ਦਾ ਵੇਲਣਾ ਚੀਕੂੰ ਚੀਕੂੰ ਕਰਨ ਲੱਗਾ।

"ਨਹੀਂ ਚਾਚੀ......", ਬੰਤੂ ਨੇ ਚਾਚੀ ਦਾ ਹੱਥ ਰੋਕਦਿਆਂ ਕਿਹਾ, "ਮੈਂ ਤਾਂ ਏਹੀ ਕਹਿਨਾ, ਬਈ ਜਿੰਨਾ ਕਿਸੇ ਦਾ ਪੜਦਾ ਬਣਿਆ ਰਹੇ, ਓਨਾ ਚੰਗਾ।"

"ਦੇਖ...", ਚਾਚੀ ਨੇ ਗਰਦਨ ਉਤੇ ਉਂਗਲੀ ਫੇਰਦਿਆਂ ਆਖਿਆ, "ਆਹ ਸਿਰ ਭਾਵੇਂ ਚਲਿਆ ਜਾਵੇ, ਪਰ ਸਿਦਕ ਨਾ ਜਾਵੇ, ਅਸੀਂ ਤਾਂ ਬਸ ਇਹ ਜਾਣਦੇ ਆਂ। ਸਾਡੇ ਸਿਰ 'ਤੇ ਮੱਲਾ, ਭਾਵੇਂ ਖੂਹ ਪੁੱਟ, ਮਜਾਲ ਐ ਦੂਜੇ ਕੰਨ ਖ਼ਬਰ ਵੀ ਹੋਵੇ।" ਚਾਚੀ ਨੇ ਦਿਲਾਂ ਦੀ ਮਹਿਰਮ ਬਣ ਕੇ ਆਖਿਆ। ਕਾਸ਼ਣੀ ਦੁਪੱਟੇ ਹੇਠ ਉਹਦੀਆਂ ਅੱਖਾਂ ਦੇ ਸ਼ਰਬਤੀ ਡੋਰੇ ਹੋਰ ਗੂਹੜੇ ਹੋ ਗਏ ਤੇ ਬਦਾਮੀ ਠੋਡੀ ਉਤੇ ਖੁਣਿਆਂ ਗੂਹੜਾ ਨੀਲਾ ਤਿਲ ਹੋਰ ਪਿਆਰਾ ਦਿੱਸਣ ਲੱਗਾ।

"ਨਹੀਂ ਚਾਚੀ, ਜੋ ਤੂੰ ਸਮਝੀ ਐਂ, ਉਹ ਗੱਲ ਨਹੀਂ।"

"ਤਾਂ ਫੇਰ ਕਿਹੜੀ ਐ ਵੇ? ਦੱਸਦਾ ਕਿਉਂ ਨਹੀਂ? ਗੜ ਹੋਣਾ, ਛਿੱਕਲੀ ਦੇਈ ਬੈਠੈਂ ਮੂੰਹ ਨੂੰ।"

"ਲੈ ਖੋਲ੍ਹ ਦਿੰਨਾਂ ਛਿੱਕਲੀ...।"

ਤੇ ਫੇਰ ਜਿਹੜੀ ਵੀ ਗੱਲ ਸੀ, ਬੰਤੂ ਨੇ ਥੋੜਾ ਥੋੜਾ ਹੱਸਦਿਆਂ ਤੇ ਰਸ ਲੈਂਦਿਆਂ ਸਾਰੀ ਦੀ ਸਾਰੀ ਚਾਚੀ ਨੂੰ ਦੱਸ ਦਿੱਤੀ।

ਚਾਚੀ ਭਾਵੇਂ ਸਾਰੀ ਗੱਲ ਵਿੱਚ ਮਿੱਠਾ ਮਿੱਠਾ ਹੁੰਗਾਰਾ ਭਰਦੀ ਰਹੀ ਸੀ, ਪਰ ਜਦ ਬੰਤੂ ਜਾਣ ਲੱਗਿਆ ਤਾਂ ਈਰਖਾ ਦੇ ਅਚੇਤ ਭਾਵ ਨਾਲ ਥੋੜ੍ਹਾ ਚੱਬ ਕੇ ਕਹਿਣ ਲੱਗੀ, "ਦੇਖ ਲੈ, ਬੜੇ ਘਰਾਂ ਦੀਆਂ ਗੱਲਾਂ, ਬਾਪ ਜੈਲਦਾਰ ਕਹਾਉਂਦੈ, ਧੀ ਐਹ ਚੱਜ ਕਰਦੀ ਐ!"

"ਬੱਸ ਬੱਸ, ਦੇਖ ਚਾਚੀ, ਗੱਲ ਐਥੇ ਈ ਰੱਖੀਂ, ਗਾਹਾਂ ਨੀਂ ਬੋਲਣਾ ਆਪਾਂ।" ਬੂਹੇ ਉਤੇ ਮੁੜ ਕੇ ਤੱਕਦਿਆਂ ਬੰਤੂ ਨੇ ਉਂਗਲੀ ਮਾਰੀ।

"ਨਾ ਐਂ ਤਾਂ ਬੇ-ਚਿੰਤ ਰਹੁ, ਐਂ ਨੀਂ ਮੈਂ ਕੱਚੀ।" ਚਾਚੀ ਨੇ ਹਾਮੀ ਓਟੀ।

ਬੰਤੂ ਚਲਿਆ ਗਿਆ, ਪਰ ਚਾਚੀ ਦੇ ਦਿਲ ਵਿੱਚ ਧੁਖਧੁਖੀ ਲਗ ਗਈ। ਕਿੰਨੀ ਵਾਰ ਉਹ ਖ਼ਿਆਲ ਵਿੱਚ ਆਪਣੇ ਆਪ ਨਾਲ ਮੁਸਕਰਾਈ।

ਚਾਚੀ ਦਾ ਘਰ ਕੀ ਸੀ, ਕਬੂਤਰਖਾਨਾ ਸੀ। ਚਾਚਾ ਤਾਂ ਡੋਡਿਆਂ ਦੀ ਚਾਹ ਨਾਲ ਅਫ਼ੀਮ ਦਾ ਮਾਵਾ ਚਾੜ੍ਹ ਕੇ ਬਾਹਰ ਚੌਂਤਰੇ ਉਤੇ ਜਾ ਕੇ ਊਂਘਣ ਲਗ ਜਾਂਦਾ, ਤੇ ਪਿਛੇ ਕੋਈ ਨਾ ਕੋਈ ਕਬੂਤਰ ਉਡ ਕੇ ਚਾਚੀ ਕੋਲ ਵਿਹੜੇ ਵਿੱਚ ਆ ਜਾਂਦਾ। ਦੋ ਪਲ ਗੁਟਕਦਾ, ਦਿਲ ਦੀਆਂ ਗੱਲਾਂ ਕਰਦਾ ਤੇ ਫੇਰ ਹੌਲਾ ਫੁੱਲ ਹੋ ਕੇ ਉਡਾਰੀ ਮਾਰ ਜਾਂਦਾ। ਪਤਾ ਨਹੀਂ ਚਾਚੀ ਵਿੱਚ ਕਿਹੜੀ ਖਿੱਚ ਸੀ ਕਿ ਦਮੜੀ ਦਾ ਸੱਕ ਮਲ ਕੇ ਪਿੰਡ ਦੇ ਸਾਰੇ ਤਵੀਤੀਆਂ ਵਾਲੇ ਉਸਨੇ ਮੋਹ ਲਏ ਸਨ। ਦੀਵੇ ਦੀ ਲਾਟ ਉਤੇ ਜਿਵੇਂ ਭੰਬਟ ਡਿਗ ਡਿਗ ਪੈਂਦੇ ਹਨ, ਸਾਰੇ ਗਭਰੀਟ ਮਰ ਜਾਂਦੇ। ਜਦੋਂ ਬੋਲਦੀ, ਜਾਨ ਕੱਢ ਲੈਂਦੀ।

ਚਾਚੀ ਨੇ ਲੱਖ ਜਤਨ ਕੀਤਾ ਕਿ ਗੱਲ ਨੂੰ ਢਿੱਡੋਂ ਬਾਹਰ ਨਾ ਕੱਢੇ, ਪਰ ਉਹਨੂੰ ਜਾਪਦਾ ਜਿਵੇਂ ਪੋਟਲੀ 'ਚ ਬੰਨ੍ਹੀ ਹੋਈ ਵਾਸ਼ਨਾ ਗੁੱਠਾਂ, ਕੋਣਿਆਂ ਵਿਚੋਂ ਆਪੇ ਬਾਹਰ ਨਿਕਲ ਜਾਂਦੀ ਹੈ। ਇਸ਼ਕ ਹੁਸਨ ਦੇ ਭੇਤ ਇੱਕ ਮਿੱਠੀ ਜਿਹੀ ਵਾਸ਼ਨਾ ਹੀ ਤਾਂ ਹੁੰਦੇ ਹਨ। ਤੇ ਇਹ ਵਾਸ਼ਨਾ ਚਾਚੀ ਕੋਲੋਂ ਖਿਲਰ ਹੀ ਗਈ ਤੇ ਖਿਲਰੀ ਵੀ ਏਕਣ ਜਿਵੇਂ ਦੀਵੇ ਨਾਲ ਦੀਵਾ ਲਗਦਾ ਹੋਵੇ।

ਅੰਦਰੇ ਅੰਦਰ, ਪਿੰਡ ਦੇ ਹਰ ਤਰ੍ਹਾਂ ਦੇ ਲੋਕਾਂ ਵਿੱਚ ਖਿਚੜੀ ਪੱਕਣ ਲੱਗੀ:

ਮੁਸ਼ਕੇ ਹੋਏ ਗਭਰੀਟ ਕੰਨਾਂ ਵੱਲੋਂ ਡੁਲ੍ਹਦੇ ਹਾਸਿਆਂ ਨੂੰ ਰੋਕ ਰੋਕ ਇੱਕ ਦੂਜੇ ਨੂੰ ਮਿਲਦਿਆਂ ਰਮਜ਼ਾਂ ਸੁੱਟਦੇ, "ਨਵੇਂ ਚੰਨ ਦੀ ਰਾਮ ਬਈ...!" ਤੇ ਫੇਰ ਨਿੱਕੀ ਜੇਹੀ ਘੁਸਰ ਮੁਸਰ ਕਰ ਕੇ ਸਿਰ ਮਾਰਦੇ ਤੁਰ ਜਾਂਦੇ।

ਪੱਕੇ ਹੋਏ ਬੀਬੜ ਕਹਿੰਦੇ, "ਓਏ ਆਪਾਂ ਨੇ ਰੌਲਾ ਕਾਹਨੂੰ ਪਾਉਣੈਂ, ਭੇਲੀ ਫੁੱਟੂ ਤਾਂ ਗੁੜ ਦੀ ਰੋੜੀ ਸਾਨੂੰ ਵੀ ਮਿਲੂ।"

ਬੁੱਢੇ ਠੇਰੇ ਇੱਕ ਦੂਜੇ ਤੋਂ ਸੁਣ ਕੇ ਹਉਕਾ ਭਰਦੇ, "ਕਲਜੁਗ ਆ ਗਿਆ ਕਲਜੁਗ, ਅਸੀਂ ਵੀਹ ਵੀਹ ਸਾਲ ਦੇ ਕੁੜੀਆਂ ਮੁੰਡੇ ਨੰਗੇ ਹੀ ਖੇਡਦੇ ਰਹਿੰਦੇ ਸੀ ਰਲਕੇ, ਕੋਈ ਜਾਣਦਾ ਵੀ ਨਹੀਂ ਸੀ ਹੁੰਦਾ ਇਹ ਗੱਲਾਂ।"

ਤੇ ਬੁੱਢੀਆਂ ਮਾਈਆਂ ਸਿਰ ਜੋੜ ਜੋੜ ਬੁਰਾ ਜਿਹਾ ਮੂੰਹ ਬਣਾ ਕੇ ਹੱਥ ਫਿਟਕਾਰਦੀਆਂ ਘੁਰ ਘੁਰ ਕਰਦੀਆਂ, "ਨਾ ਭਾਈ, ਖਲਾਉਣ ਦਾ ਲਾਡ, ਪਨ੍ਹਾਉਣ ਦਾ ਲਾਡ, ਇਹੋ ਜੇਹੀ ਧੀ ਦਾ ਤਾਂ ਜੰਮਦੀ ਦਾ ਹੀ ਗਲ ਘੁੱਟ ਦੇਵੇ। ਐਹ ਨਤੀਜੇ ਨੇ ਦੋ ਦੋ ਗੁੱਤਾਂ ਦੇ। ਹੋਰ ਪੜ੍ਹਾਉਣ ਦਸਮੀਆਂ। ਅਜੇ ਤਾਂ ਬੋਇਆ ਪਾਸ ਕਰਾਉਣੈ!"

ਭਾਵੇਂ ਇਹ ਗੱਲਾਂ ਕਰਦਿਆਂ ਲੋਕੀਂ, ਆਪੋ ਵਿੱਚ ਕਈ ਤਰ੍ਹਾਂ ਦੀਆਂ ਗੱਲਾਂ ਹੋਰ ਬਣਾਉਂਦੇ ਸਨ, ਪਰ ਇੱਕ ਗੱਲ ਉਤੇ, ਆਪਣੇ ਆਪ ਹੀ, ਉਹ ਸਾਰੇ ਇੱਕ ਸਨ ਕਿ ਪਿੰਡ ਵਿੱਚ ਇੱਕ ਦੀ ਇੱਜ਼ਤ ਸਾਰਿਆਂ ਦੀ ਇੱਜ਼ਤ ਹੈ। ਇਸ ਲਈ ਹਰ ਕੋਈ, ਗੱਲ ਨੂੰ ਸਿਰਫ਼ ਆਪਣੇ ਕੋਲ ਹੀ ਰੱਖਣ ਲਈ, ਹਰ ਕਿਸੇ ਨੂੰ ਜ਼ੋਰ ਦੇ ਕੇ ਆਪਣਾ ਆਪਣਾ ਫ਼ਰਜ਼ ਸਮਝਦਾ ਸੀ।

ਤਾਂ ਵੀ, ਰੂੰ ਵਾਂਗ ਪੋਲੇ ਪੋਲੇ ਪੈਰ ਧਰਦੀ ਇਹ ਗੱਲ ਕਿਸੇ ਤਰ੍ਹਾਂ ਨੰਦੀ ਸਮਰਾਲੋ ਤੱਕ ਜਾ ਪਹੁੰਚੀ। ਨੰਦੀ ਸਮਰਾਲੋ ਜ਼ੈਲਦਾਰਾਂ ਦੀ ਸ਼ਰੀਕਣੀ ਸੀ, ਜੋ ਪਹਿਲਾਂ ਕਿਸੇ ਹੋਰ ਥਾਂ ਵਿਆਹੀ ਹੋਈ ਸੀ, ਪਰ ਕਿਸੇ ਗੱਲੋਂ ਛੁੱਟੜ ਹੋ ਕੇ, ਬਾਰਾਂ ਵਰ੍ਹੇ ਪੇਕਿਆਂ ਦੇ ਘਰ ਬੈਠਣ ਮਗਰੋਂ ਅਖ਼ੀਰ ਬੁੱਢੇ ਪੈਨਸ਼ਨੀਏ, ਜ਼ੈਲਦਾਰ ਦੇ ਚਾਚੇ ਦੇ ਪੁੱਤ, ਚੇਤ ਸਿੰਘ ਜਮਾਦਾਰ ਨਾਲ ਕਰੇਵਾ ਕਰ ਕੇ ਆ ਗਈ ਸੀ। ਹੁਣ ਤਾਂ ਆਈ ਨੂੰ ਵੀ ਵੀਹ ਵਰ੍ਹੇ ਹੋ ਚੁੱਕੇ ਸਨ। ਪਰ ਅਜੇ ਵੀ ਸ਼ਰੀਕੇ ਵਾਲੇ, ਜਮਾਦਾਰ ਦੇ ਘਰ ਨੰਦੀ ਦੇ ਆਉਣ ਨਾਲ, ਨੰਦੀ ਨੂੰ ਆਪਣੇ ਵਰਗਾ ਉੱਚਾ ਹੋਇਆ ਸਮਝਣ ਦੀ ਥਾਂ ਉਹ ਜਮਾਂਦਾਰ ਨੂੰ ਹੀ ਨੰਦੀ ਵਰਗਾ ਨੀਵਾਂ ਹੋਇਆ ਗਿਣਦੇ ਸਨ: "ਖ਼ਬਰੇ ਕਿਥੋਂ ਕਿਥੋਂ ਉਧਲ ਕੇ ਆਈ ਐ, ਚੂਹੜੀ ਐ ਕਿ ਚਮਾਰੀ, ਕੋਈ ਸਿਹਰਿਆਂ ਦੀ ਬੰਨ੍ਹ ਤਾਂ ਨਹੀਂ...!" ਵੀਹ ਵਰ੍ਹਿਆਂ ਦੀ ਖ਼ੁਆਰੀ ਤੇ ਵੀਹ ਵਰ੍ਹਿਆਂ ਦੀਆਂ ਚੋਭਾਂ ਨਾਲ ਨੰਦੀ ਦਾ ਦਿਲ ਅੰਬਿਆ ਪਿਆ ਸੀ। ਜਦ ਕਦੇ ਕੋਈ ਛੇੜ ਛਿੜ ਜਾਂਦਾ ਤੇ ਨੰਦੀ ਦਿਲ ਦਾ ਗੁਬਾਰ ਕੱਢਣ ਲਈ ਬਾਹਾਂ ਉਲਾਰ ਉਲਾਰ, ਚਿਣਗਾਂ ਛੇੜਨ ਵਾਲਿਆਂ ਦਾ ਅੱਗਾ ਪਿੱਛਾ ਪੁਣਦੀ ਤਾਂ ਸਾਰਾ ਸ਼ਰੀਕਾ ਥਰ ਥਰ ਕੰਬਣ ਲਗ ਜਾਂਦਾ। ਭਾਵੇਂ ਸ਼ਰੀਕਣੀਆਂ ਨੇ ਭੰਡ ਭੰਡ ਉਹਨੂੰ 'ਛੱਟੀ ਹੋਈ' ਧੁਮਾ ਛੱਡਿਆ ਸੀ, ਪਰ ਨੰਦੀ ਏਨੀ ਬੁਰੀ ਨਹੀਂ ਸੀ, ਜਿੰਨੀ ਉਹਨੂੰ ਬਣਾਇਆ ਗਿਆ ਸੀ। ਅਤੇ ਇਸ ਕੰਮ ਵਿੱਚ ਜ਼ੈਲਦਾਰਾਂ ਦਾ ਘਰ ਸਾਰੇ ਸ਼ਰੀਕੇ ਨਾਲੋਂ ਅੱਗੇ ਸੀ।

ਇਕ ਵਾਰ ਤਾਂ ਨੰਦੀ ਨੂੰ ਜਾਪਿਆ ਜਿਵੇਂ ਉਹਦੇ ਹੱਥ ਕੋਈ ਚੰਗਾ ਹਥਿਆਰ ਆ ਗਿਆ ਹੈ, ਜਿਸ ਨਾਲ ਉਹ ਬੜੇ ਨੱਕ ਵਾਲਿਆਂ ਦਾ ਹੁਣ ਨੱਕ ਭੰਨ ਸਕੇਗੀ। ਪਰ ਫੇਰ ਉਹਨੇ ਸੋਚਿਆ, ਹੱਥ ਵਿੱਚ ਮਸੀਂ ਆਏ ਹਥਿਆਰ ਨੂੰ ਐਵੇਂ ਤੱਤ ਭੜੱਤ ਵਿੱਚ ਵਰਤ ਕੇ ਹੀ ਖੁੰਢਾ ਨਹੀਂ ਕਰ ਲੈਣਾ ਚਾਹੀਦਾ। ਤੇਲ ਦੇਖੋ, ਤੇਲ ਦੀ ਧਾਰ ਦੇਖੋ।

ਅਗਲੇ ਦਿਨ ਉਹ ਕੋਈ ਸੌਦਾ ਲੈਣ ਦੇ ਬਹਾਨੇ ਬਿਰਜੂ ਬਾਹਮਣ ਦੀ ਹੱਟੀ ਉਤੇ ਆਈ। ਬਿਰਜੂ ਬਾਹਮਣ ਜਮਾਦਾਰ ਚੇਤ ਸਿੰਘ ਦਾ ਹੀ ਨਹੀਂ, ਨੰਦੀ ਸਮਰਾਲੋ ਦਾ ਵੀ ਮੁਲਾਹਜ਼ੇਦਾਰ ਸੀ। ਤਖ਼ਤੇ ਦੇ ਓਹਲੇ ਖੜੋ ਕੇ ਉਹ ਕਿੰਨਾ ਕਿੰਨਾ ਚਿਰ ਗੱਲਾਂ ਕਰ ਲੈਂਦੇ ਸਨ। ਬਿਰਜੂ ਬਾਹਮਣ ਜਿਥੇ ਮਹਾਂਬੀਰ ਨੂੰ ਪੂਜਦਾ ਅਤੇ ਗੀਤਾ ਗਾਇਤਰੀ ਦਾ ਪਾਠ ਕਰਦਾ ਸੀ, ਉਥੇ ਵਾਰਿਸ ਸ਼ਾਹ ਦੀ ਹੀਰ ਅਤੇ ਆਸ਼ਕਾਂ ਦੇ ਹੋਰ ਕਿੱਸੇ ਵੀ ਬੜੀ ਲਟਕ ਨਾਲ ਗਾਉਂਦਾ ਸੀ। ਨੰਦੋ ਦੀ ਗੱਲ ਸੁਣੀ ਤਾਂ ਸੰਘਣੀਆਂ ਸਲੇਟੀ ਮੁੱਛਾਂ ਵਿਚੋਂ ਮੁਸਕ੍ਰਾ ਕੇ ਬੜੇ ਪ੍ਰੇਮ ਨਾਲ ਬੋਲਿਆ, "ਦੇਖ ਨੰਦ ਕੁਰੇ, ਕਚੀਰਾ ਨਾ ਕਰੀਂ, ਧੀ ਭੈਣ ਸਭ ਦੀ ਸਾਂਝੀ, ਦੁਨੀਆਂ ਈ ਮੁਲਾਹਜ਼ੇ ਪੁਰਦੀ ਐ, ਕੀ ਹੋਇਆ ਜੇ ਐਵੇਂ ਕਿਤੇ ਨਿਆਣੇ ਹੱਸ ਕੇ ਬੋਲ ਪਏ।"

"ਇਕ ਵਾਰੀ ਤਾਂ ਦਾਦੀ ਦਾ ਚੂੰਡਾ ਹਲੂਣ ਕੇ ਛੱਡਣੈ...!" ਨੰਦੋ ਅੰਗੂਠਾ ਦਿਖਾਉਂਦੀ ਮੁੱਕੀ ਨੂੰ ਹਵਾ ਵਿੱਚ ਹਿਲਾਉਂਦੀ ਬੋਲੀ, "ਬਣੀ ਫਿਰਦੀ ਐ ਰਕਾਨ, ਦਾਨੀ ਦੁਆਰਕਾਂ, ਲੋਕਾਂ ਦੀਆਂ ਗੱਲਾਂ ਬਣਾਉਂਦੀ ਐ, ਜਣੀ ਖਣੀ ਨੂੰ ਬੁਲ੍ਹ ਕੱਢਦੀ ਐ, ਨੱਕ ਹੇਠ ਇ ਨੀਂ ਆਉਂਦਾ ਕੋਈ, ਹੁਣ ਫੇਰੇ ਤਾਂ ਆਪਣੇ ਮੰਜੇ ਹੇਠ ਸੋਟੀ...!" ਨੰਦੋ, ਜ਼ੈਲਦਾਰ ਦੇ ਘਰਵਾਲੀ, ਆਪਣੀ ਸ਼ਰੀਕਣੀ, ਹਰ ਕੌਰ ਬੇਬੇ ਉਤੇ ਘੂਰੀ ਹੋਈ ਸੀ।

"ਨਾ ਬਈ ਸਰਦਾਰਨੀ, ਤੱਤ ਨਾ ਕਰ ਬਹੁਤਾ, ਦੇਖ ਸਿਆਣੇ ਕੀ ਕਹਿੰਦੇ ਨੇ: ਅਖੇ, ਵਾਰੇ ਸ਼ਾਹ ਨਾ ਭੇਤ ਸੰਦੂਖ਼ ਖੁਲ੍ਹੇ, ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਏ...ਬੱਸ, ਐਨੀਓ ਅਰਜ ਹੈ ਸਾਡੀ।" ਬਿਰਜੂ ਬਾਹਮਣ ਵਿੱਚ ਵੱਸਦਾ ਆਸ਼ਕ ਮਿੰਨਤਦਾਰ ਹੋ ਕੇ ਬੋਲਿਆ।

"ਤੇਰੀ ਤਾਂ ਨਿੱਤ ਕੋਈ ਨਾ ਕੋਈ ਅਰਜ ਰਹਿੰਦੀ ਐ, ਕਿਹੜੀ ਕਿਹੜੀ ਮੰਨਾਂ?"

"ਹੁਣ ਤਾਂ ਐਨੀਓ ਮੰਨ ਲੈ, ਨੰਦ ਕੁਰੇ, ਕੁੜੀ ਦੀ ਬਦਨਾਮੀ ਹੋ ਜੂ!"

"ਇਕ ਵਾਰੀ ਹਰ ਕੁਰ ਨਾਲ ਗੱਲਾਂ ਦੋ ਜ਼ਰੂਰ ਕਰਨੀਆਂ!"

"ਉਹਦੇ ਨਾਲ ਜਿੱਕਣ ਮਰਜੀ ਆੜ ਰੱਖ, ਪਰ ਗਾਹਾਂ ਵਾਜ ਨਾ ਕੱਢੀਂ!"

"ਚਲ ਨਹੀਂ ਕੱਢਦੀ," ਨੰਦੀ ਅੱਧੇ ਕੁ ਦਿਲ ਨਾਲ ਬੋਲੀ, ਤੇ "ਐਨਾ ਵੀ ਤੇਰੇ ਮੂੰਹ ਨੂੰ ਐ ਪਰ "ਕਹਿੰਦਿਆਂ ਚਲੀ ਗਈ।

ਨੰਦੋ ਸਮਰਾਲੋ ਨੂੰ ਲਲੂਕ ਤਾਂ ਕਈ ਵਾਰ ਉਠੀ ਕਿ ਖਸਮਾਂ ਨੂੰ ਖਾਵੇ ਬਿਰਜੂ ਬਾਹਮਣ, ਐਨ ਚੁਰਾਹੇ ਵਿੱਚ ਭਾਂਡਾ ਭੰਨ ਕੇ ਇੱਕ ਵਾਰੀ ਤਾਂ ਜ਼ੈਲਦਾਰੀ ਦਾ ਭਾਰ ਹਲਕਾ ਕਰ ਦੇਵੇ। ਪਰ ਫੇਰ ਉਹਦਾ ਅੰਦਰਲਾ ਹੀ ਉਹਨੂੰ ਕਿਵੇਂ ਨਾ ਕਿਵੇਂ ਮੋੜ ਦਿੰਦਾ, 'ਕਾਹਨੂੰ ਅੱਗਾ ਮਾਰਨੈ ਸਿਆਣੀ ਧੀ ਦਾ।' ਪਰ ਨੰਦੀ, ਆਪਣੀ ਜੇਠਾਣੀ, ਹਰ ਕੌਰ ਜ਼ੈਲਦਾਰਨੀ ਨਾਲ ਦੋ ਗੱਲਾਂ ਜ਼ਰੂਰ ਕਰਨੀਆਂ ਚਾਹੁੰਦੀ ਸੀ। ਸੋ ਇੱਕ ਦਿਨ ਘਗਰਾ ਪਾ ਕੇ ਉਹ ਜ਼ੈਲਦਾਰਨੀ ਵਲ ਚਲੀ ਹੀ ਗਈ, "ਪੈਰੀਂ ਪੈਨੀਆਂ ਬੇਬੇ।"

"ਸਾਈਂ ਜੀਵੇ, ਬੀਰ ਜੀਵੇ, ਦੇਹ ਨਰੋਈ, ਬੁਢ ਸੁਹਾਗਣ...।" ਹਰ ਕੌਰ ਨੇ ਬੁੱਲ੍ਹਾਂ ਵਿੱਚ

(ਬਾਕੀ ਅਗਲੇ ਸਫੇ 'ਤੇ)

# ਧਾਰਾ 370- ਕੁਝ ਤੱਥ, ਕੁਝ ਸਵਾਲ

ਸਾਡੇ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖਤਾ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ, ਪ੍ਰੈੱਸ ਦੀ ਆਜ਼ਾਦੀ, ਕਾਨੂੰਨ ਅਨੁਸਾਰ ਰਾਜ, ਕੇਂਦਰ ਤੇ ਸੂਬਿਆਂ ਦਰਮਿਆਨ ਅਧਿਕਾਰ ਖੇਤਰ ਦੀ ਵੰਡ, ਘੱਟ ਗਿਣਤੀਆਂ ਤੇ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੇ ਅਧਿਕਾਰਾਂ ਦੀ ਰੱਖਿਆ, ਫੈਡਰਲਿਜ਼ਮ, ਰਾਜਪਾਲਿਕਾ, ਵਿਧਾਨਪਾਲਿਕਾ, ਨਿਆਂਪਾਲਿਕਾ ਦੀ ਆਜ਼ਾਦੀ, ਕੇਂਦਰੀ ਚੋਣ ਕਮਿਸ਼ਨ ਦੀ ਖੁਦਮੁਖਤਾਰੀ ਆਦਿ ਦੀ ਗੱਲ ਕਰਦਾ ਹੈ।

ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਚ ਇਕ ਖਦਸ਼ਾ ਅਤੇ ਫ਼ਿਕਰ ਹੈ ਕਿ ਜੇਕਰ ਦੇਸ਼ ਵਿਚ ਕੋਈ ਸਿਆਸੀ ਧਿਰ



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਸੰਸਦ ਵਿਚ ਅਥਾਹ ਤਾਕਤ ਪ੍ਰਾਪਤ ਕਰ ਲੈਂਦੀ ਹੈ ਤਾਂ ਕੀ ਉਹ ਸੰਵਿਧਾਨ ਵਿਚ ਬੁਨਿਆਦੀ ਤਬਦੀਲੀਆਂ ਕਰ ਸਕਦੀ ਹੈ।

ਖ਼ਦਸ਼ਾ ਹੈ ਕਿ ਦੇਸ਼ ਵਿਚ ਫੈਡਰਲਿਜ਼ਮ ਨੂੰ ਖ਼ਤਰਾ ਵਧ ਰਿਹਾ ਹੈ। ਸੰਘੀ ਢਾਂਚੇ ਦੀ ਸੰਘੀ ਘੁੱਟਣ ਦੇ ਯਤਨ ਹੋ ਰਹੇ ਹਨ। ਇਸ ਵਿਰੁੱਧ ਆਵਾਜ਼ਾਂ ਵੀ ਉੱਠ ਰਹੀਆਂ ਹਨ।

ਸਮੇਂ-ਸਮੇਂ 'ਤੇ ਕਾਨੂੰਨਦਾਨਾਂ ਸਾਬਕਾ ਸੁਪਰੀਮ ਕੋਰਟ ਜੱਜ ਇਸ ਸਬੰਧੀ ਆਪਣਾ ਫ਼ਿਕਰ ਜ਼ਾਹਰ ਕਰ ਚੁੱਕੇ ਹਨ ਜਾਂ ਕਰ ਰਹੇ ਹਨ।

ਦੇਸ਼ ਦੀ ਆਜ਼ਾਦੀ ਉਪਰੰਤ ਕਸ਼ਮੀਰ 'ਚ ਲਾਗੂ ਸੰਵਿਧਾਨ ਦੀ ਧਾਰਾ 370 ਜੋ ਮੋਦੀ ਸਰਕਾਰ ਵਲੋਂ 4 ਸਾਲ ਪਹਿਲਾਂ ਮਨਸੂਖ ਕਰ ਦਿੱਤੀ ਗਈ ਸੀ, ਉਸ ਸਰਕਾਰ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲਿੰਜ ਕੀਤਾ ਗਿਆ ਸੀ। ਇਸ ਸਬੰਧੀ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਦਾ ਫ਼ੈਸਲਾ ਬਰਕਰਾਰ ਰੱਖਿਆ ਹੈ।

ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਨਰੀਮਨ ਨੇ ਸੁਪਰੀਮ ਕੋਰਟ ਦੁਆਰਾ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕੀਤੇ ਜਾਣ ਦੀ ਪਟੀਸ਼ਨ 'ਤੇ ਦਿੱਤੇ ਨਿਰਣੇ ਦੀ ਆਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੇ ਇਕ ਹੋਰ ਸਾਬਕਾ ਜੱਜ ਮਦਨ ਲੋਕੁਰ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਇਸ ਫ਼ੈਸਲੇ ਸਬੰਧੀ ਕਿਹਾ ਹੈ ਕਿ ਸੁਪਰੀਮ ਕੋਰਟ ਨੂੰ ਇਹ ਸਪੱਸ਼ਟ ਕਹਿਣਾ ਚਾਹੀਦਾ ਸੀ ਕਿ ਜਿਸ ਤਰੀਕੇ ਨਾਲ ਧਾਰਾ 370 ਨੂੰ ਮਨਸੂਖ ਕੀਤਾ ਗਿਆ, ਉਹ ਗਲਤ ਅਤੇ ਫੈਡਰਲਿਜ਼ਮ ਵਿਰੋਧੀ ਹੈ।

5 ਅਗਸਤ 2019 ਨੂੰ ਮੋਦੀ ਸਰਕਾਰ ਨੇ ਧਾਰਾ 370 ਨੂੰ ਰੱਦ ਕਰ ਦਿੱਤਾ ਸੀ। ਇਹ ਫ਼ੈਸਲਾ ਕੀ ਸਹੀ ਹੈ ਜਾਂ ਗਲਤ, ਇਸ ਸਬੰਧੀ ਕਾਨੂੰਨੀ ਲੜਾਈ ਸ਼ੁਰੂ ਹੋਈ। ਪ੍ਰਮੁੱਖ ਮੁੱਦਾ ਇਹ ਸੀ ਕਿ ਕੀ ਧਾਰਾ 370 ਸਥਾਈ ਇੰਤਜ਼ਾਮ ਹੈ ਜਿਸਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇਕ ਦਲੀਲ ਇਹ ਸੀ ਕਿ ਇਹ ਇਕ ਐਗਰੀਮੈਂਟ (ਕਰਾਰ) ਦਾ ਸਿੱਟਾ ਸੀ। ਸੁਪਰੀਮ ਕੋਰਟ ਨੇ ਇਹ ਧਾਰਨਾ ਰੱਦ ਕਰ ਦਿੱਤੀ ਅਤੇ ਕਿਹਾ ਕਿ ਸੰਵਿਧਾਨ ਦੇ ਨਜ਼ਰੀਏ ਤੋਂ ਧਾਰਾ 370 ਆਰਜ਼ੀ ਇੰਤਜ਼ਾਮ ਸੀ।

ਧਾਰਾ 370 ਦੀ ਬਰਖਾਸਤਗੀ ਸਬੰਧੀ ਪਟੀਸ਼ਨ ਦਾ ਫ਼ੈਸਲਾ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਮੁੱਖ ਰੂਪ ਵਿਚ ਲਿਖਿਆ, ਜਿਸਦੀ ਤਾਈਦ ਜਸਟਿਸ ਸੂਰੀਆ ਕਾਂਤ, ਜਸਟਿਸ ਬੀ.ਆਰ. ਗਵੱਈ, ਜਸਟਿਸ ਸੰਜੇ ਕ੍ਰਿਸ਼ਨ ਕੌਲ ਅਤੇ ਜਸਟਿਸ ਸੰਜੀਵ ਖੰਨਾ ਨੇ ਕੀਤੀ ਹੈ। ਪਰ ਇਕ ਜੱਜ ਜਸਟਿਸ ਸੰਜੇ ਕ੍ਰਿਸ਼ਨ ਕੌਲ, ਜੋ ਜੰਮੂ ਕਸ਼ਮੀਰ ਨਾਲ ਸਬੰਧ ਰੱਖਦੇ ਹਨ, ਨੇ ਇਕ ਦਿਲਚਸਪ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਦੱਖਣੀ ਅਫਰੀਕਾ ਦੀ ਤਰਜ਼ 'ਤੇ "ਸੱਚਾਈ ਅਤੇ ਸੁਲ੍ਹਾ" ਕਮਿਸ਼ਨ ਬਣਾਇਆ ਜਾਣਾ ਬਣਦਾ ਹੈ, ਜਿਸ ਤਹਿਤ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਸ਼ਿਕਵੇ, ਸ਼ਿਕਾਇਤਾਂ ਸੁਲਝਾਉਣ ਲਈ ਸੁਣਵਾਈ ਦਾ ਮੌਕਾ ਦਿੱਤਾ ਜਾ ਸਕਦਾ ਹੈ। ਇਹ ਇਕ ਸਿਫਾਰਸ਼ ਮਾਤਰ ਸੀ, ਜਿਸਦੀ ਦੂਜੇ ਜੱਜਾਂ ਨੇ ਤਾਈਦ ਨਹੀਂ ਕੀਤੀ। ਧਾਰਾ 370 ਦੇ ਸਬੰਧ 'ਚ ਅਦਾਲਤ ਨੇ ਤਿੰਨ ਮੁੱਖ ਸਿੱਟੇ ਕੱਢੇ ਹਨ:

ਕੇਂਦਰ ਸਰਕਾਰ ਵਲੋਂ ਅਪਣਾਈ ਗਈ ਪ੍ਰਕਿਰਿਆ ਸੰਵਿਧਾਨ ਦੇ ਆਰਟੀਕਲ 368 ਦੇ ਦਾਇਰੇ ਤੋਂ ਬਾਹਰ ਸੀ। ਸੰਵਿਧਾਨ ਦੇ ਕਿਸੇ ਪ੍ਰਾਵਧਾਨ ਵਿਚ ਕੇਵਲ ਇਕ ਤਰੀਕੇ 'ਚ ਸੋਧ ਕੀਤੀ ਜਾ ਸਕਦੀ ਹੈ, ਆਰਟੀਕਲ 368 ਦਾ ਸਹਾਰਾ ਲੈ ਕੇ ਅਤੇ ਜ਼ਰੂਰੀ ਵਿਸ਼ੇਸ਼ ਬਹੁਮਤ ਨਾਲ ਸੰਸਦ ਵਿਚ ਸੰਵਿਧਾਨ ਸੋਧ ਕਾਨੂੰਨ ਪਾਸ ਕਰਕੇ। ਜੰਮੂ ਕਸ਼ਮੀਰ ਦੇ ਮਾਮਲੇ 'ਚ, ਕੇਂਦਰ ਸਰਕਾਰ ਨੇ ਆਰਟੀਕਲ 367 (ਵਿਵਸਥਾ ਖੰਡ) ਵਿਚ ਖੰਡ (4) ਜੋੜਨ ਦੇ ਲਈ ਆਰਟੀਕਲ 370 (1) (ਡੀ) ਨੂੰ ਲਾਗੂ ਕੀਤਾ, ਆਰਟੀਕਲ 370 (3) ਦੇ ਪ੍ਰਾਵਧਾਨ ਵਿਚ 'ਰਾਜ ਦੀ ਸੰਵਿਧਾਨ ਸਭਾ' ਦੇ ਲਈ 'ਰਾਜ ਦੀ ਵਿਧਾਨ ਸਭਾ' ਸ਼ਬਦਾਂ ਨੂੰ ਪ੍ਰਤੀ ਸਥਾਪਿਤ ਕੀਤਾ, ਆਰਟੀਕਲ 370 ਨੂੰ ਬਰਖ਼ਾਸਤ ਕਰਨ ਲਈ ਸੋਧੀ ਧਾਰਾ 370 (3) ਦੀ ਵਰਤੋਂ ਕੀਤੀ। ਅਦਾਲਤ ਦੇ ਇਸ ਤਰਕ ਨੂੰ ਸਮਝਿਆ ਜਾਵੇ ਕਿ ਇਹ ਜਟਿਲ ਅਭਿਆਸ ਅਸੰਵਿਧਾਨਿਕ ਕਿਉਂ ਸੀ:-

ਪੈਰਾ-389- ਹਾਲਾਂਕਿ 'ਵਿਆਖਿਆ' ਖੰਡ




ਦੀ ਵਰਤੋਂ ਸ਼ਬਦਾਂ ਨੂੰ ਪਰਿਭਾਸ਼ਿਤ ਕਰਨ ਜਾਂ ਅਰਥ ਦੇਣ ਲਈ ਕੀਤੀ ਜਾ ਸਕਦੀ ਹੈ, ਲੇਕਿਨ ਇਸ ਕਰਕੇ ਸੋਧ ਲਈ ਨਿਰਧਾਰਤ ਵਸ਼ਿਸ਼ਟ ਪ੍ਰਕਿਰਿਆ ਨੂੰ ਦਰਕਿਨਾਰ ਕਰ ਕੇ ਕਿਸੇ ਪ੍ਰਾਵਧਾਨ ਦੀ ਸੋਧ ਕਰਨ ਲਈ ਤਾਇਨਾਤ ਨਹੀਂ ਕੀਤੀ ਜਾ ਸਕਦੀ।

ਪੈਰਾ-400 - ਮਾਧਵ ਸਿੰਧੀਆ ਮਾਮਲੇ ਵਿਚ ਅਦਾਲਤ ਨੇ ਕਿਹਾ ਕਿ ਆਰਟੀਕਲ 366 (22) ਤਹਿਤ ਅਧਿਕਾਰਾਂ ਦੀ ਵਰਤੋਂ ਜਮਾਂਦਰੂ ਉਦੇਸ਼ ਲਈ ਨਹੀਂ ਹੋ ਸਕਦੀ, ਆਰਟੀਕਲ 368 ਤਹਿਤ ਪ੍ਰਕਿਰਿਆ ਨੂੰ ਖ਼ਤਮ ਕਰਨ ਲਈ ਆਰਟੀਲ 370 (1) (ਡੀ) ਅਤੇ 367 ਦੀ ਵਰਤੋਂ 370 'ਚ ਸੋਧ ਖ਼ਤਮ ਕਰਨ ਲਈ ਜ਼ਰੂਰੀ ਸਿੱਟੇ ਦੇ ਰੂਪ ਦੇ ਉਦੇਸ਼ ਨਾਲ ਨਹੀਂ ਕੀਤੀ ਜਾ ਸਕਦੀ। ਆਰਟੀਕਲ 370 ਦੀ ਸੋਧ ਨੂੰ ਅਸੰਵਿਧਾਨਕ ਮੰਨਣ ਦੇ ਬਾਵਜੂਦ ਅਦਾਲਤ ਨੇ ਸਿੱਟਾ ਕੱਢਿਆ ਕਿ ਰਾਸ਼ਟਰਪਤੀ ਵਲੋਂ ਆਰਟੀਕਲ 370 (1) (ਡੀ) ਦੇ ਤਹਿਤ ਅਧਿਕਾਰਾਂ ਦੀ ਵਰਤੋਂ ਜੰਮੂ ਕਸ਼ਮੀਰ ਵਿਚ ਸੰਵਿਧਾਨ ਦੇ ਪ੍ਰਾਵਧਾਨਾਂ ਦੇ ਲਾਗੂ ਕਰਨਾ ਸਹੀ ਸੀ ਅਤੇ ਆਰਟੀਕਲ 370 (3) ਦੇ ਤਹਿਤ ਘੋਸ਼ਣਾ ਦੇ ਅਧਾਰ 'ਤੇ ਆਰਟੀਕਲ 370 ਨੂੰ ਖ਼ਤਮ ਕਰਨ ਦੇ ਬਰਾਬਰ ਇਸਦਾ ਪ੍ਰਭਾਵ ਸੀ।

ਅਦਾਲਤ ਨੇ ਕਿਹਾ ਕਿ ਆਰਟੀਕਲ 370 (1) (ਡੀ) ਦੇ ਦੂਸਰੇ ਪ੍ਰਾਵਧਾਨ ਦੇ ਤਹਿਤ ਸੂਬਾ ਸਰਕਾਰ ਦੀ ਸਹਿਮਤੀ ਜ਼ਰੂਰੀ ਨਹੀਂ:- ਬਾਅਦ ਦੇ ਸਿੱਟੇ ਬਹਿਸ ਯੋਗ ਹਨ।

ਧਾਰਾ 370 ਬਰਖ਼ਾਸਤ ਕਰਨ ਵੇਲੇ ਸੁਪਰੀਮ ਕੋਰਟ ਨੇ ਕੁਝ ਮੁੱਦੇ ਜਿਨ੍ਹਾਂ ਉਤੇ ਵਿਚਾਰ ਲੋੜੀਂਦਾ ਸੀ (ਕਾਨੂੰਨੀ ਮਾਹਰਾਂ ਅਨੁਸਾਰ), ਉਹ ਛੱਡ ਦਿੱਤੇ ਗਏ, ਕਾਨੂੰਨਦਾਨ ਕਹਿੰਦੇ ਹਨ ਕਿ ਅਦਾਲਤ ਨੂੰ ਇਸ ਸਵਾਲ ਦੀ ਜਾਂਚ ਕਰਨੀ ਚਾਹੀਦੀ ਸੀ ਕਿ ਰਾਜ ਨੂੰ ਤਿੰਨ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚ ਵੰਡਿਆ ਜਾਣਾ ਚਾਹੀਦਾ ਸੀ ਜਾਂ ਨਹੀਂ। ਅਸਲ ਵਿਚ ਇਹ ਇਕ ਗੰਭੀਰ ਮੁੱਦਾ ਹੈ।

ਸੰਵਿਧਾਨ ਦੀ ਧਾਰਾ ਤਿੰਨ ਦੇ ਤਹਿਤ ਕਿਸੇ ਵੀ ਰਾਜ ਖੇਤਰ 'ਚ ਤਬਦੀਲੀ ਕਰਨ ਜਾਂ ਇਕ ਨਵਾਂ ਰਾਜ ਜਾਂ ਸੰਘ ਰਾਜ ਖੇਤਰ ਬਣਾਉਣ ਲਈ ਕੋਈ ਵੀ ਬਿੱਲ ਸੰਸਦ ਵਿਚ ਪੇਸ਼ ਨਹੀਂ ਕੀਤਾ ਜਾਏਗਾ, ਜਦ ਤਕ ਕਿ ਰਾਸ਼ਟਰਪਤੀ ਉਸ ਰਾਜ ਦੇ ਵਿਧਾਨ ਮੰਡਲ ਦੇ ਵਿਚਾਰਾਂ ਦਾ ਪਤਾ ਨਹੀਂ ਲਗਾ ਲੈਂਦੇ।

ਜੰਮੂ ਕਸ਼ਮੀਰ ਵਿਚ 19 ਦਸੰਬਰ 2018 ਤੋਂ ਰਾਸ਼ਟਰਪਤੀ ਰਾਜ ਲੱਗਿਆ ਹੋਇਆ ਸੀ। ਵਿਧਾਨ ਸਭਾ ਦੇ ਸਾਰੇ ਅਧਿਕਾਰਾਂ ਅਤੇ ਕੰਮਾਂ ਨੂੰ ਸੰਸਦ ਨੇ ਆਪਣੇ ਹੱਥਾਂ 'ਚ ਲੈ ਰੱਖਿਆ ਸੀ। ਸੰਸਦ ਦੇ ਵਿਚਾਰਾਂ ਨੂੰ ਹੀ ਵਿਧਾਨ ਸਭਾ ਦੇ ਵਿਚਾਰ ਮੰਨ ਲਿਆ ਗਿਆ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਸੰਸਦ (ਰਾਜ ਵਿਧਾਨ ਸਭਾ) ਤੋਂ ਸਲਾਹ ਮੰਗੀ। ਅਤੇ ਸੰਸਦ ਨੇ ਰਾਜ ਵਿਧਾਨ ਸਭਾ ਦੇ ਵਿਚਾਰਾਂ ਨੂੰ ਦਰਸਾਇਆ। ਇਹ ਸੰਸਦ ਦਾ ਅਜੀਬ ਕਾਰਨਾਮਾ ਸੀ। ਇਸ ਤੋਂ ਬਾਅਦ ਸੰਸਦ ਨੇ ਜੰਮੂ ਕਸ਼ਮੀਰ ਰਾਜ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ ਵੰਡ ਦਿੱਤਾ।

ਜੇਕਰ ਸੁਪਰੀਮ ਕੋਰਟ ਇਸ ਸਬੰਧੀ ਸੰਵਿਧਾਨਕ ਫ਼ੈਸਲਾ ਨਹੀਂ ਲੈਂਦੀ, ਤਾਂ ਕਿਸੇ ਵੀ ਰਾਜ ਨੂੰ ਕੇਂਦਰ ਦੇ ਅਧੀਨ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਕਿਸੇ ਵੀ ਬਹਾਨੇ ਸੂਬੇ 'ਚ ਰਾਸ਼ਟਰਪਤੀ ਰਾਜ ਲਗਾ ਸਕਦੀ ਹੈ। ਫਿਰ ਸੰਸਦ ਦੇ ਵਿਚਾਰਾਂ ਨੂੰ ਰਾਜ ਵਿਧਾਇਕਾਂ ਦੇ ਵਿਚਾਰ ਮੰਨ ਸਕਦਾ ਹੈ ਅਤੇ ਫਿਰ ਹਾਕਮ ਧਿਰ ਰਾਜ ਨੂੰ ਦੋ ਜਾਂ ਦੋ ਤੋਂ ਵੱਧ ਹਿੱਸਿਆਂ 'ਚ ਵੰਡ ਸਕਦੀ ਹੈ। ਇਹ ਕਿਸੇ ਵੀ ਉਸ ਰਾਜ ਵਿਚ ਹੋ ਸਕਦਾ ਹੈ, ਜਿਥੇ ਕੇਂਦਰ ਵਿਰੋਧੀ ਧਿਰ ਰਾਜ ਕਰਦੀ ਹੈ।ਧਾਰਾ 370 ਭਾਰਤੀ ਸੰਵਿਧਾਨ ਦਾ ਇਕ ਵਿਸ਼ੇਸ਼ ਅਨੁਛੇਦ ਸੀ, ਜੋ ਜੰਮੂ ਕਸ਼ਮੀਰ ਨੂੰ ਭਾਰਤ ਵਿਚ ਹੋਰ ਸੂਬਿਆਂ ਦੇ ਮੁਕਾਬਲੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਸੀ। ਇਸਨੂੰ ਭਾਰਤੀ ਸੰਵਿਧਾਨ ਵਿਚ ਅਸਥਾਈ ਅਤੇ ਵਿਸ਼ੇਸ਼ ਅਨੁਵੰਧ ਦੇ ਰੂਪ ਵਿਚ ਭਾਗ-21 ਵਿਚ ਸ਼ਾਮਲ ਕੀਤਾ ਗਿਆ ਸੀ। ਧਾਰਾ 370 ਦੇ ਬਰਖ਼ਾਸਤ ਹੋਣ ਕਾਰਨ ਅਤੇ ਜੰਮੂ ਕਸ਼ਮੀਰ ਨੂੰ 2-3 ਕੇਂਦਰੀ ਪ੍ਰਦੇਸ਼ਾਂ ਵਿਚ ਵੰਡਣ ਕਾਰਨ ਸਥਾਨਕ ਲੋਕਾਂ ਵਿਚ ਰੋਸ ਫੈਲਿਆ। ਇਥੇ ਚੋਣ ਅਮਲ ਪਿਛਲੇ ਚਾਰ ਸਾਲਾਂ ਤੋਂ ਰੁਕਿਆ ਪਿਆ ਹੈ।

ਸੁਪਰੀਮ ਕੋਰਟ ਨੇ 370 ਧਾਰਾ ਬਰਖ਼ਾਸਤ ਕਰਨ ਦੇ ਫ਼ੈਸਲੇ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਜੰਮੂ ਕਸ਼ਮੀਰ ਵਿਚ ਚੋਣ 30 ਸਤੰਬਰ 2024 ਤੋਂ ਪਹਿਲਾਂ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਲਈ ਵੀ ਕਿਹਾ ਹੈ ਪਰ ਸਮਾਂ ਨਿਯਤ ਨਹੀਂ ਕੀਤਾ। ਇਹ ਸਪੱਸ਼ਟ ਹੈ ਕਿ ਰਾਜ ਦਾ ਦਰਜਾ ਬਹਾਲ ਕਰਨ ਤੋਂ ਬਾਅਦ ਹੀ ਚੋਣਾਂ ਹੋਣੀਆਂ ਹਨ, ਇਸ ਲਈ ਦੋਨਾਂ ਨੂੰ ਲੈ ਕੇ ਅਨਿਸ਼ਚਿਤਤਾ ਬਣੀ ਰਹੇਗੀ।

ਸੁਪਰੀਮ ਕੋਰਟ ਵਲੋਂ ਸੰਵਿਧਾਨ ਦੀ ਧਾਰਾ 370 ਦੇ ਕੀਤੇ ਫ਼ੈਸਲੇ ਨੂੰ ਇਕ ਪਾਸੇ ਰੱਖ ਕੇ ਇਸ ਗੱਲ ਵੱਲ ਵਿਚਾਰ ਕਰਨਾ ਅਤੀ ਜ਼ਰੂਰੀ ਹੈ ਅਤੇ ਉਹ ਇਹ ਕਿ ਕੀ ਸਰਕਾਰ ਸੰਵਿਧਾਨ ਦੇ ਪ੍ਰਾਵਧਾਨ ਤੋੜ ਮਰੋੜ ਕੇ ਸੂਬਿਆਂ ਦੇ ਅਧਿਕਾਰਾਂ ਅਤੇ ਸੰਘਵਾਦ ਨੂੰ ਕਮਜ਼ੋਰ ਤਾਂ ਨਹੀਂ ਕਰ ਰਹੀ?

## ਭੇਤ ਵਾਲੀ ਗੱਲ

*(ਪਿਛਲੇ ਸਫੇ ਦੀ ਬਾਕੀ)*

ਅਸੀਸ ਬੁੜਬੁੜਾਈ, "ਪੀੜ੍ਹੀ ਲੈ ਲੈ ਨੰਦ ਕੁਰੇ!"

ਪੀਹੜੀ ਉੱਤੇ ਬਹਿੰਦਿਆਂ, ਆਲਾ ਦੁਆਲਾ ਦੇਖ ਕੇ, ਨੰਦ ਕੌਰ ਹੌਲੀ ਵਾਜ ਵਿੱਚ ਬੋਲੀ, "ਇਕ ਗੱਲ ਕਰਨ ਆਈ ਆਂ ਮੈਂ ਤਾਂ...ਤੈਂ ਨ੍ਹੀਂ ਕੁਸ ਸੁਣਿਆ ਬੇਬੇ?"

"ਨਾ ਬਹੂ...!" ਹਰ ਕੌਰ ਬੇਬੇ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

"ਦੇਖ ਬੇਬੇ, ਗੁੱਸਾ ਤਾਂ ਨਾ ਕਰੀਂ, ਜੇ ਦੁੱਖ ਮੰਨੀਦੈ ਤਾਂਹੀ ਆਹ ਨਿਕਲਦੀ ਐ, ਆਪਾਂ ਭਾਵੇਂ ਕਿਵੇਂ ਰਹੀਏ, ਪਰ ਧੀ ਜੇਹੀ ਤੇਰੀ, ਜੇਹੀ ਮੇਰੀ...।"

ਹਰ ਕੌਰ ਦਾ ਕਾਲਜਾ ਧੱਕ ਧੱਕ ਕਰਨ ਲੱਗਾ, "ਲੈ ਕਿਤੇ ਦੋ ਤਾਂ ਨ੍ਹੀਂ ਕਮਲੀਏ।" ਉਹਨੇ ਖ਼ੁਸ਼ਕ ਹੁੰਦੇ ਸੰਘ ਵਿਚੋਂ ਮਸੀਂ ਆਖਿਆ।

ਨੰਦੀ ਭਾਵੇਂ ਇਸ ਗੱਲ ਲਈ ਤਿਆਰ ਹੋ ਕੇ ਵੀ ਆਈ ਸੀ ਕਿ ਜੇ ਸੁਣਕੇ ਜ਼ੈਲਦਾਰਨੀ ਉਲਟਾ ਅੱਗੋਂ ਸਿਰ ਨੂੰ ਆਈ ਤਾਂ ਅੱਜ ਉਹ ਵੀ ਚੰਗੀ ਤਰ੍ਹਾਂ ਉਹਦੀ ਛੋਤ ਝਾੜ ਕੇ ਹੀ ਛੱਡੇਗੀ। ਪਰ ਤਾਂ ਵੀ ਉਹਨੇ ਹੌਲੀ ਹੌਲੀ ਬੋਲ ਕੇ, ਅਪਣੱਤ ਭਰੇ ਢੰਗ ਨਾਲ, ਭੇਤ ਵਾਲੀ ਸਾਰੀ ਗੱਲ, ਜਿਵੇਂ ਉਹਨੇ ਸੁਣੀ ਸੀ, ਸਾਰੀ, ਉਹਨੂੰ ਕਹਿ ਸੁਣਾਈ।

ਹਰ ਕੌਰ ਬੇਬੇ ਨੇ, ਸੁਣਦਿਆਂ ਹੀ, ਸਿਰ ਦਾ ਦੁਪੱਟਾ ਲਾਹ ਕੇ ਨੰਦ ਕੌਰ ਦੇ ਪੈਰਾਂ ਵਿੱਚ ਰੱਖ ਦਿੱਤਾ, "ਮੇਰੀ ਇੱਜ਼ਤ ਤੇਰੇ ਪੈਰਾਂ ਵਿਚ, ਦੇਖੀਂ ਨੰਦ ਕੁਰੇ, ਪਿੰਡ ਵਿੱਚ ਕੂਰ ਕੂਰ ਨਾ ਹੋ ਜਾਵੇ।"

ਨੰਦੀ ਸਮਰਾਲੋਂ ਦੀਆਂ ਅੱਖਾਂ ਭਰ ਆਈਆਂ, ਉਹ ਖਿੜਕੀ ਅਵਾਜ਼ ਵਿੱਚ ਬੋਲੀ, 'ਮੇਰੇ ਸਿਰ ਪਾਪ ਨਾ ਚੜ੍ਹਾ ਬੇਬੇ, ਮੈਂ ਕਾਹਨੂੰ ਕਹਿਣੈ ਕਿਸੇ ਕੋਲ, ਮੇਰਾ ਘਰ ਤੇਰੇ ਨਾਲ ਨ੍ਹੀਂ ਮੱਚੂ। ਇੱਕ ਤੇਰੇ ਤਾਈਂ ਚੱਲ ਕੇ ਜਰੂਰ ਆ ਗਈ।"

"ਮੇਰੇ ਕੋਲ ਚੱਲ ਕੇ ਤੂੰ ਜੰਮ ਜੰਮ ਆ, ਆਹ ਤੇਰੇ ਸਾਹਮਣੇ ਮੇਰਾ ਧੌਲਾ ਝਾਟਾ, ਮਨੁੱਖਾਂ ਦੇ ਕੰਨੀਂ ਗੱਲ ਨਾ ਚੜ੍ਹੇ, ਤੂੰ ਅੰਦਰ ਵੜ ਕੇ ਮੇਰੇ ਭਾਮੇਂ ਸੌ ਛਿੱਤਰ ਮਾਰ ਲੈ।"

"ਐਂ ਨਾ ਕਹੁ ਬੇਬੇ, ਐਂ ਨਾ ਕਹੁ, ਮੈਂ ਤਾਂ ਸਾਰੀ ਉਮਰ ਸੀਖਾਂ ਉਤੇ ਭੁੱਜਦੀ ਰਹੀ ਆਂ, ਮੇਰਾ ਦਿਲ ਜਾਣਦੈ, ਕਿੰਨਾ ਸੱਲ ਹੁੰਦੈ ਬਦਨਾਮੀ ਦੇ ਜੀਊਣ ਦਾ।"

"ਨੰਦ ਕੁਰੇ, ਤੂੰ ਬੜੀ ਮੈਂ ਛੋਟੀ...।" ਹਰ ਕੌਰ ਦੇ ਬੁੱਲ੍ਹ ਕੰਬਣ ਲੱਗੇ।

"ਮਾਹਾਂ ਮੋਠਾਂ 'ਚ ਕੌਣ ਬੜਾ ਛੋਟਾ ਬੇਬੇ।"

"ਨੰਦ ਕੁਰੇ, ਅਸੀਂ ਤੇਰੇ ਨਾਲ ਬੜੀਆਂ ਕੀਤੀਆਂ!" ਹਰ ਕੌਰ ਵਰਗਾ ਨਿਮਾਣਾ ਅੱਜ ਕੋਈ ਨਹੀਂ ਸੀ।

"ਤੂੰ ਮੇਰਾ ਵਿਸਾਹ ਕਰ ਬੇਬੇ- ਤੂੰ ਮੈਨੂੰ ਆਪਣੀ ਜਾਣ- ਬੱਸ, ਤੂੰ ਮੈਨੂੰ ਆਪਣੀ ਜਾਣ...।" ਭਰੇ ਗਲੇ ਨਾਲ ਕਹਿੰਦਿਆਂ, ਨੰਦੀ, ਮੂੰਹ ਉਤੇ ਵਗ ਤੁਰੀਆਂ ਪਾਣੀ ਦੀਆਂ ਘਰਾਲਾਂ ਪੂੰਝਣ ਲੱਗੀ।

ਲੱਖ ਰੰਜੀਆਂ ਦੇ ਹੁੰਦਿਆਂ ਵੀ ਅਪਣਾਏ ਜਾਣ ਲਈ ਤਰਸਦੀ ਨੰਦੋ ਨੇ ਕਦੇ ਵਿਸਾਹਘਾਤ ਨਾ ਕੀਤਾ। ਵਿੱਚੋ ਵਿੱਚ ਸੁਲਘਦੀ ਗੱਲ ਭਾਵੇਂ ਸਾਰੇ ਪਿੰਡ ਵਿੱਚ ਫੈਲ ਚੁੱਕੀ ਸੀ; ਪਰ ਅਸ਼ਕੇ ਪਿੰਡ ਦੇ, ਜੋ ਕਿਸੇ ਨੇ ਵੀ ਧੁਖਦੀ ਨੂੰ ਹਵਾ ਦੇਣ ਦਾ ਜਤਨ ਕੀਤਾ ਹੋਵੇ। ਹਰ ਕਿਸੇ ਨੇ, ਵਾਹ ਲਗਦੀ, ਇਹ ਭੇਤ ਆਪਣੇ ਕੋਲ ਸਾਂਭਿਆ ਹੋਇਆ ਸੀ।

## ਸਾਨੂੰ ਯਾਦ ਹੈ

ਸਾਨੂੰ ਯਾਦ ਹੈ
ਲੋਹਗੜ੍ਹ ਦੇ ਕਿਲਿਆਂ 'ਤੇ ਝੁੱਲਦੇ,
ਕੇਸਰੀ ਨਿਸ਼ਾਨ
ਉਸ ਮਰਦ ਅਗੰਮੜੇ ਦੀ,
ਲਾਸਾਨੀ ਦਾਸਤਾਨ
ਚਾਂਦਨੀ ਚੌਕ ਦੇ ਬਲੀਦਾਨ
ਸਾਨੂੰ ਯਾਦ ਹੈ, ਭੰਗਾਣੀ ਦੇ ਜੇਤੂ ਮੈਦਾਨ।

ਸਾਨੂੰ ਯਾਦ ਹੈ
ਥਾਪੜਾ ਦੇ ਕੇ ਤੋਰਿਆ,
ਬਚਿੱਤਰ ਸਿੰਘ ਦਲੇਰ
ਮਸਤੇ ਹਾਥੀਆਂ ਦੀਆਂ ਹਿੱਕਾਂ 'ਤੇ
ਮੇਹਲਦਾ ਉਹ ਬੱਬਰ ਸ਼ੇਰ।

ਸਾਨੂੰ ਯਾਦ ਨੇ
ਉਹ ਲਾਸਾਨੀ ਤਵਾਰੀਖਾਂ,
ਛੇ ਪੋਹ ਤੋਂ ਲੈ ਕੇ,
14 ਪੋਹ ਦੀਆਂ ਤਰੀਕਾਂ।
ਅਸੀਂ ਭੁੱਲੇ ਨਹੀਂ
ਅਨੰਦਪੁਰ ਦੇ ਨਗਾਰੇ,
ਆਸਾ ਦੀ ਵਾਰ ਤੇ ਸਰਸਾ ਦੇ ਕਿਨਾਰੇ।

ਸਾਡੇ ਜੁੱਸਿਆਂ ਨੂੰ ਕੰਬਣੀ ਛੇੜਦੀ ਹੈ
ਸਰਹੰਦ ਦੀ ਕੰਧ, ਚਮਕੌਰ ਦੀ ਜੰਗ
ਮਾਤਾ ਗੁਜਰੀ ਦੇ ਬੁੱਢੇ ਹੱਡਾਂ ਨੂੰ ਠਾਰਦੀ,
ਬੁਰਜਾਂ ਦੀ ਠੰਡ
ਕਲਾਵੇ 'ਚ ਲੈ ਕੇ ਤੋਰੇ,
ਉਹ ਗੁਜਰੀ ਦੇ ਪੋਤੇ
ਮੋਤੀ ਮਹਿਰੇ ਦੇ ਅਹਿਸਾਨ
ਤੇ ਗੰਗੂ ਦੇ ਧੋਖੇ।

ਸਾਡੇ ਬੱਚਿਆਂ ਨੂੰ ਯਾਦ ਹੈ
ਕਲਗੀਆਂ ਵਾਲੇ ਦੇ ਬੱਚੇ
ਚੜ੍ਹਦੀ ਉਮਰੇ ਜੋ ਸੂਲਾਂ 'ਤੇ ਨੱਚੇ
ਉਮਰਾਂ ਦੇ ਕੱਚੇ ਤੇ ਸਿਰੜਾਂ ਦੇ ਪੱਕੇ
ਬਿਜਲੀਆਂ ਵਰਗੇ ਸਨ,
ਉਹ ਜਾਬਾਂਜ਼ ਰੰਗ ਰੱਤੇ।

ਸਾਨੂੰ ਯਾਦ ਰਹਿਣਗੇ
ਦੀਵਾਰਾਂ 'ਚ ਚਿਣੇ ਤੇ ਸ਼ੇਰਾਂ ਵਾਂਗ ਗੜਕਦੇ,
ਦੋ ਸੂਰਬੀਰ
ਅਜੀਤ ਤੇ ਜੁਝਾਰ ਦੇ ਵਢਿਓ ਸਰੀਰ
ਓਨ੍ਹਾਂ ਦੀਆਂ ਹਿੱਕਾ 'ਚ ਖੁਭਿਓ ਤੀਰ।

ਵੈਰੀ ਨੂੰ ਲਲਕਾਰ ਕੇ ਨਿੱਕਲਿਆ
ਉਹ ਹਿੰਦ ਦਾ ਪੀਰ
ਮਾਛੀਵਾੜੇ ਦੀਆਂ ਜੂਹਾਂ 'ਚ ਸੁੱਤਾ,
ਉਹ ਉੱਚ ਦਾ ਪੀਰ
ਯਾਰੜੇ ਦੇ ਸੱਥਰ ਨੂੰ ਚੰਗਾ ਕਹਿਣ ਵਾਲਾ
ਉਹ, ਜਾਂਬਾਜ਼ ਫਕੀਰ।

ਸਾਨੂੰ ਯਾਦ ਨੇ
ਪਾਤਸ਼ਾਹ ਦੇ ਫਰਮਾਨ,
ਕਾਹੀ ਦੀ ਜੜ੍ਹ ਪੁੱਟ ਕੇ ਕੀਤੇ,
ਮੁਗਲਾਂ ਦੀ ਜੜ੍ਹ ਪੁੱਟਣ ਦੇ ਐਲਾਨ।
ਸਾਨੂੰ ਯਾਦ ਨੇ
ਉਹ ਗੁਰੂ ਵਲੋਂ ਪਾੜੇ ਉਹ ਬਦਾਵੇ
ਮੁਕਤਸਰ ਦੀ ਜੰਗ ਵਿਚ ਭਰੇ,
ਮੁਕਤਿਆਂ ਦੇ ਕਲਾਵੇ।
ਮਾਤਾ ਭਾਗੋ ਦੀ ਲਲਕਾਰ ਤੇ
ਸਿੰਘਾਂ ਦੇ ਪਛਤਾਵੇ।

ਸਾਨੂੰ ਸਦਾ ਯਾਦ ਰਹੇਗਾ
ਤਲਵੰਡੀ ਸਾਬੋ ਦਾ ਅਸਥਾਨ
ਗੁਰੂ ਵਲੋਂ ਕਮਰ ਕੱਸਾ ਖੋਲ ਕੇ ਕੀਤਾ ਅਰਾਮ
ਮਾਤਾ ਸਾਹਿਬ ਕੌਰ ਤੇ
ਸੁੰਦਰੀ ਜੀ ਦਾ ਦਿੱਲੀ ਤੋਂ ਮੁੜਨਾ
ਫਿਰ ਗੁਰੂ ਦਾ, ਗੁਰੂ ਕੀ ਕਾਂਸ਼ੀ ਛੱਡ,
ਦੱਖਣ ਨੂੰ ਤੁਰਨਾ।

ਸਾਨੂੰ ਯਾਦ ਹੈ
ਨੰਦੇੜ ਸਾਹਿਬ ਦਾ ਟਿਕਾਣਾ
ਮਾਧੋ ਦਾਸ ਨੂੰ ਗੁਰੂ ਕਾ ਬੰਦਾ ਬਣਾਉਣਾ
ਕਲਗੀਆਂ ਵਾਲੇ ਦਾ ਛੱਡ ਕੇ ਜਾਣਾ
ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਣਾ।

ਸਾਨੂੰ ਯਾਦ ਹੈ
ਬੰਦਾ ਬਹਾਦਰ ਦਾ ਖੜਕਿਆ ਖੰਡਾ,
ਗੰਗੂ ਦੇ ਨੱਕ 'ਚ ਪਾਈਆਂ ਨਕੇਲਾਂ ਤੇ
ਮੁੜ ਖਾਲਸੇ ਦਾ ਚੜ੍ਹਿਆ ਝੰਡਾ
ਸਾਡੇ ਚੇਤਿਆਂ 'ਚ ਵਸਿਆ ਹੈ
ਹਰਿਮੰਦਰ ਸਾਹਿਬ ਦਾ ਇਤਿਹਾਸ
ਬਾਬਾ ਦੀਪ ਸਿੰਘ ਦੀ ਅਰਦਾਸ
ਸਾਨੂੰ ਯਾਦ ਨੇ ਸੁੱਖੇ ਤੇ ਮਹਿਤਾਬ
ਮੱਸੇ ਰੰਗੜ ਦਾ ਗਾਟਾ ਲਾਹ ਕੇ
ਉੱਡੇ ਉਹ ਬਾਜ।

ਸਾਨੂੰ ਸਦਾ ਯਾਦ ਰਹੇਗੀ
ਖਾਲਸੇ ਦੀ ਮਾਨ ਮੱਤੀ ਹਿਸਟੋਰੇ
ਸਚਾਈ ਦੀ ਬੁਰਾਈ ਉੱਤੇ ਵਿਚਟੋਰੇ
ਸਾਨੂੰ ਦੁਪੱਟਿਆਂ ਤੇ ਦਸਤਾਰਾਂ 'ਤੇ ਮਾਣ ਹੈ
ਡਾਣਸੀਵਾਲੀਆ ਇਹ ਸਾਡੀ ਪਛਾਣ ਹੈ।

ਸਮਿਆਂ ਦੇ ਸਾਗਰਾਂ ਨੂੰ,
ਤਰ ਕੇ ਲੰਘੇ ਇਤਿਹਾਸ
ਸਦੀਆਂ ਦੀਆਂ ਜੰਗਾਂ 'ਚੋ,
ਲੜ ਕੇ ਲੰਘੇ ਇਤਿਹਾਸ
ਵਕਤਾਂ ਦੀਆਂ ਔਖੀਆਂ ਪੌੜੀਆਂ,
ਚੜ੍ਹ ਕੇ ਲੰਘੇ ਇਤਿਹਾਸ
ਜ਼ਿੰਦਗੀ ਦੇ ਇਮਤਿਹਾਨਾਂ 'ਚੋਂ,
ਮਰਕੇ ਲੰਘੇ ਇਤਿਹਾਸ।

ਹਥੇਲੀਆਂ 'ਤੇ ਜਾਨ ਅਤੇ
ਸੀਸ ਧਰ ਕੇ ਲੰਘੇ ਇਤਿਹਾਸ
ਤੱਤੀਆਂ ਤਵੀਆਂ 'ਤੇ,
ਸੜ ਕੇ ਲੰਘੇ ਇਤਿਹਾਸ
ਠੰਡਿਆਂ ਬੁਰਜਾਂ 'ਚੋਂ,
ਠਰ ਕੇ ਲੰਘੇ ਇਤਿਹਾਸ
ਜ਼ੁਲਮਾਂ ਦੀਆਂ ਹਨੇਰੀਆਂ ਨਾਲ,
ਅੜ ਕੇ ਲੰਘੇ ਇਤਿਹਾਸ।
ਸਾਨੂੰ ਸਦਾ ਯਾਦ ਰਹਿਣਗੇ
ਡਾਣਸੀਵਾਲੀਆ ਇਹ ਬਾਗ
ਸਦਾ ਆਬਾਦ ਰਹਿਣਗੇ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

# ਭਾਜਪਾ ਦੀਆਂ ਜਿੱਤਾਂ ਅਤੇ ਭਾਰਤ ਦਾ ਭਵਿੱਖ

ਸਫਲਤਾ ਅਤੇ ਜਿੱਤ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੋਣਾ ਹਮੇਸ਼ਾ ਹੀ ਸੌਖਾ ਅਤੇ ਦਿਲ ਖਿੱਚਵਾਂ ਹੁੰਦਾ ਹੈ। ਇਸ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸਾਡੇ ਬਹੁਤ ਸਾਰੇ ਟੈਲੀਵਿਜ਼ਨ ਐਂਕਰ, ਸਿਆਸੀ ਵਿਸ਼ਲੇਸ਼ਕ ਅਤੇ 'ਚੋਣ ਮਾਹਿਰ' ਜ਼ੋਰ-ਸ਼ੋਰ ਨਾਲ 'ਮੋਦੀ ਦੇ ਜਾਦੂ' ਦੇ ਸੋਹਲੇ ਗਾ ਰਹੇ ਹਨ। ਉਹ ਹੋਰ ਕਰ ਵੀ ਕੀ ਸਕਦੇ ਹਨ? ਖ਼ਾਸਕਰ ਉਦੋਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਅਥਾਹ ਊਰਜਾ, ਬਿਆਨਬਾਜ਼ੀ ਦੀ ਤਾਕਤ ਅਤੇ ਵਿਆਪਕ ਜਨਤਕ ਅਪੀਲ ਸਦਕਾ ਇਕ ਵਾਰ ਮੁੜ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਇਕੱਲੇ ਹੀ ਭਾਜਪਾ ਦੀ

**ਅਵਿਜੀਤ ਪਾਠਕ**

ਜਿੱਤ ਯਕੀਨੀ ਬਣਾ ਸਕਦੇ ਹਨ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਰਗੇ ਸਖ਼ਤ ਮੁਕਾਬਲੇ ਵਾਲੇ ਸੂਬਿਆਂ ਤੱਕ ਵਿਚ ਵੀ ਬਹੁਤ ਸਾਰੇ ਚੋਣ ਮਾਹਿਰ ਕਾਂਗਰਸ ਨੂੰ ਅਹਿਮ ਧਿਰ ਮੰਨ ਰਹੇ ਸਨ। ਫਿਰ ਵੀ ਜਿੱਤ ਦੇ ਇਸ ਸਰੂਰ ਅਤੇ ਹਾਰ ਗਿਆਂ ਦੇ ਹੌਸਲੇ ਹੋਰ ਢਹਿ ਢੇਰੀ ਹੋ ਜਾਣ ਦੌਰਾਨ ਇਹ ਸਵਾਲ ਵਾਰ-ਵਾਰ ਤੰਗ ਕਰ ਰਿਹਾ ਹੈ: ਭਾਜਪਾ ਜਿਸ ਸਿਆਸੀ-ਸਭਿਆਚਾਰਕ ਵਿਸ਼ਵ ਦ੍ਰਿਸ਼ਟੀ ਦੀ ਨੁਮਾਇੰਦਗੀ ਕਰਦੀ ਹੈ, ਕੀ ਉਸ ਵਿਚ ਸਭ ਕੁਝ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਇਸ ਨੂੰ ਭਾਵੇਂ ਚੋਣ ਜਿੱਤਾਂ ਦੇ ਤਰਕ ਅਤੇ ਇਸ ਨਾਲ ਜੁੜੇ ਅੰਕੜਿਆਂ ਦੇ ਹਿਸਾਬ-ਕਿਤਾਬ ਰਾਹੀਂ ਵਾਜਬ ਬਣਾਇਆ ਗਿਆ ਹੋਵੇ; ਜਾਂ ਫਿਰ ਇਸ ਮਾਮਲੇ ਵਿਚ, ਕੀ ਪ੍ਰਧਾਨ ਮੰਤਰੀ ਦੇ ਸਿਆਸੀ ਵਿਰੋਧੀ ਕਿਸੇ ਲਗਾਤਾਰ ਸਭਿਆਚਾਰਕ ਸੰਘਰਸ਼ ਤੋਂ ਬਿਨਾਂ ਸਫਲ ਹੋ ਸਕਦੇ ਹਨ? ਸਾਡੇ ਸਿਆਸੀ ਵਿਸ਼ਲੇਸ਼ਕ ਸ਼ਾਇਦ ਹੀ ਕਦੇ ਇਨ੍ਹਾਂ ਗੰਭੀਰ ਮੁੱਦਿਆਂ ਉਤੇ ਵਿਚਾਰ-ਚਰਚਾ ਕਰਦੇ ਹੋਣ ਜਾਂ ਮਹਿਜ਼ ਜਿੱਤਣ ਦੀ ਰਣਨੀਤੀ ਤੋਂ ਅਗਾਂਹ ਦੇਖਦੇ ਹੋਣ!

ਮਸਲਨ, ਹਾਵੀ ਸਿਆਸੀ ਵਿਖਿਆਨ ਦੀਆਂ ਤਿੰਨ ਕੇਂਦਰੀ ਖ਼ੂਬੀਆਂ ਬਾਰੇ ਸੋਚੋ ਜਿਨ੍ਹਾਂ ਨੇ ਸਭਿਆਚਾਰਕ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ: (ੳ) ਹਿੰਦੂਤਵ- ਪਿਆਰ ਤੇ ਕਰੁਣਾ ਦੀ ਧਾਰਮਿਕਤਾ ਵਜੋਂ ਨਹੀਂ, ਰਾਸ਼ਟਰ/ਕੌਮ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕਰਨ ਵਾਸਤੇ ਪਛਾਣ ਚਿੰਨ੍ਹ ਵਜੋਂ; (ਅ) ਵਿਅਕਤੀ ਪੂਜਾ ਵਾਲਾ ਆਲਮ ਜਿਹੜਾ ਸਾਨੂੰ ਸਿਖਰਲੇ ਆਗੂ ਦੀਆਂ 'ਅਲੌਕਿਕ' ਖ਼ੂਬੀਆਂ ਰਾਹੀਂ ਕੀਲ ਲੈਣ ਵਾਲੇ ਮਹਿਜ਼ ਬੰਦੀ ਦਰਸ਼ਕਾਂ ਤੱਕ ਸੀਮਤ ਕਰ ਦਿੰਦਾ ਹੈ; ਅਤੇ (ੲ) ਟਰੌਲ ਆਰਮੀ (ਆਨਲਾਈਨ ਗਾਲੀ-ਗਲੋਚ ਕਰਨ ਤੇ ਨਫ਼ਰਤ ਫੈਲਾਉਣ ਵਾਲੇ ਲੋਕ) ਅਤੇ ਸਿਆਸੀ ਆਗੂਆਂ ਦੇ ਭਾਸ਼ਣਾਂ ਰਾਹੀਂ ਪ੍ਰਚਾਰੀ ਜਾਣ ਵਾਲੀ ਨਫ਼ਰਤ ਤੇ ਇਸ ਨਾਲ ਜੁੜੀ ਹੋਈ ਜ਼ਹਿਰੀਲੀ ਸ਼ਬਦਾਵਲੀ ਦੇ ਮਨੋਵਿਗਿਆਨ ਨੂੰ ਆਮ ਵਰਤਾਰਾ ਬਣਾ ਦਿੱਤਾ ਜਾਣਾ। ਸਭਿਆਚਾਰਕ ਅਤੇ ਮਨੋਵਿਗਿਆਨਕ ਖੇਤਰ ਵਿਚ ਲੱਗਿਆ ਇਹ ਜ਼ਖ਼ਮ ਇੰਨਾ ਡੂੰਘਾ ਹੈ ਕਿ ਕਿਸੇ ਸਭਿਆਚਾਰਕ ਪੁਨਰ-ਜਾਗ੍ਰਿਤੀ ਤੋਂ ਬਿਨਾਂ ਬਦਲਵੀਂ/ਆਜ਼ਾਦ ਸਿਆਸਤ ਦੀ ਕਲਪਨਾ ਕਰਨਾ ਵੀ ਨਾਮੁਮਕਿਨ ਹੈ, ਭਾਵੇਂ ਭਾਜਪਾ ਦੇ ਵਿਰੋਧੀ ਕਿਵੇਂ ਨਾ ਕਿਵੇਂ ਢੁਕਵੀਆਂ 'ਰਣਨੀਤੀਆਂ' ਜਾਂ 'ਸੋਸ਼ਲ ਇੰਜਨੀਅਰਿੰਗ' ਰਾਹੀਂ ਚੋਣਾਂ ਜਿੱਤਣ ਵਿਚ ਕਾਮਯਾਬ ਵੀ ਹੋ ਜਾਣ।



ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਤੱਤੇ/ਉਗਰ (ਮਿਲੀਟੈਂਟ) ਹਿੰਦੂਤਵ ਦੀ ਵਿਚਾਰਧਾਰਾ ਰਾਹੀਂ ਆਉਣ ਵਾਲੇ ਅਤਿ-ਰਾਸ਼ਟਰਵਾਦ ਦੇ ਬਿਰਤਾਂਤ ਦਾ ਟਾਕਰਾ ਉਸ ਤਰ੍ਹਾਂ ਦੀ ਨਰਮ ਹਿੰਦੂਤਵ ਵਰਗੀ ਚੀਜ਼ ਨਾਲ ਨਹੀਂ ਕੀਤਾ ਜਾ ਸਕਦਾ ਜਿਸ ਦੀ ਕਲਪਨਾ ਮੱਧ ਪ੍ਰਦੇਸ਼ ਵਿਚ ਕਮਲ ਨਾਥ ਵਰਗੇ ਆਗੂਆਂ ਨੇ ਕੀਤੀ ਹੈ। ਇਸੇ ਤਰ੍ਹਾਂ ਹੀ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਤਰਕ ਵੀ ਚੱਲ ਨਹੀਂ ਸਕਿਆ ਜਿਸ ਨੂੰ ਵਿਰੋਧੀ ਧਿਰ ਨੇ ਹਿੰਦੂਤਵ ਪ੍ਰਤੀ ਖਿੱਚ ਨੂੰ ਘਟਾਉਣ ਲਈ ਸਟੀਕ ਰਣਨੀਤੀ ਵਜੋਂ ਦੇਖਿਆ ਸੀ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ ਕਿਉਂਕਿ ਭਾਜਪਾ ਹੁਣ ਮਹਿਜ਼ ਉੱਚੀਆਂ ਜਾਤਾਂ ਦੇ ਕੁਲੀਨਾਂ ਦੀ ਪਾਰਟੀ ਨਹੀਂ ਰਹੀ ਸਗੋਂ ਇਸ ਨੇ ਆਪਣਾ ਆਧਾਰ ਕਾਫ਼ੀ ਫੈਲਾ ਲਿਆ ਹੈ। ਦਰਅਸਲ, ਓ.ਬੀ.ਸੀਜ਼ (ਹੋਰ ਪਛੜੇ ਵਰਗ) ਅਤੇ ਦੂਜੀਆਂ ਹਾਸ਼ੀਏ 'ਤੇ ਧੱਕੀਆਂ ਜਾਤਾਂ ਜਾਂ ਇਥੋਂ ਤੱਕ ਕਿ ਆਦੀਵਾਸੀ/ਕਬਾਇਲੀ ਭਾਈਚਾਰੇ ਨਾਲ ਸਬੰਧਿਤ ਸੱਤਾ ਦੇ ਖ਼ਾਹਿਸ਼ਮੰਦ ਅਜਿਹੇ ਲੋਕਾਂ ਨੂੰ ਲੱਭਣਾ ਔਖਾ ਨਹੀਂ ਹੈ ਜਿਹੜੇ ਹਿੰਦੂਤਵ ਦੀ ਉਸ 'ਜੋੜਨ ਵਾਲੀ' ਅਪੀਲ ਨਾਲ ਕਰੀਬੀ ਗੂੜ੍ਹੇ ਸਬੰਧ ਰੱਖਣ ਦੀ ਕੋਸ਼ਿਸ਼ ਵਿਚ ਹਨ ਜਿਸ ਰਾਹੀਂ ਆਰ.ਐਸ.ਐਸ. ਆਪਣਾ ਨਵੀਂ ਤਰ੍ਹਾਂ ਦਾ ਦਬਦਬਾ ਬਣਾਉਣਾ ਚਾਹੁੰਦੀ ਹੈ। ਆਰ.ਐਸ.ਐਸ. ਨੇ ਪਹਿਲਾਂ ਹੀ ਦੇਸ਼ ਵਿਚ ਆਪਣੀਆਂ ਸ਼ਾਖ਼ਾਵਾਂ ਦਾ ਵਿਸ਼ਾਲ ਜਾਲ ਫੈਲਾਇਆ ਹੋਇਆ ਹੈ। ਹੁਣ ਇਹ ਮੰਨ ਲੈਣ ਦਾ ਵੇਲਾ ਆ ਗਿਆ ਹੈ ਕਿ ਤੱਤੇ ਹਿੰਦੂ ਰਾਸ਼ਟਰਵਾਦ ਨਾਲ ਧਰਮ ਨੂੰ ਪਿਆਰ, ਕਰੁਣਾ ਅਤੇ ਸਮਾਜਿਕ ਨਿਆਂ ਦੀ ਭਾਵਨਾ ਵਜੋਂ ਮੁੜ ਪਰਿਭਾਸ਼ਿਤ ਕੀਤੇ ਬਿਨਾਂ ਨਹੀਂ ਲੜਿਆ ਜਾ ਸਕਦਾ। ਧਰਮ ਦੀ ਉਹ ਭਾਵਨਾ ਜਿਸ ਨੂੰ ਸੰਤ ਕਬੀਰ ਅਤੇ ਨਾਰਾਇਣਾ ਗੁਰੂ ਵਰਗੇ ਸਾਡੇ ਮਹਾਨ ਸੰਤਾਂ ਅਤੇ ਅਧਿਆਤਮਕ ਰਹਿਨੁਮਾਵਾਂ ਨੇ ਸਾਕਾਰ ਕੀਤਾ ਹੈ।

ਇਸੇ ਤਰ੍ਹਾਂ ਸਾਨੂੰ ਧਾਰਮਿਕ ਬਹੁਲਵਾਦ, ਸਭਿਆਚਾਰਕ ਵੰਨ-ਸਵੰਨਤਾ ਅਤੇ ਦਿਆਲੂ ਰਾਸ਼ਟਰਵਾਦ ਨਾਲ ਤਾਲਮੇਲ ਬਣਾ ਕੇ ਚੱਲ ਸਕਣ ਵਾਲੇ ਅਧਿਆਤਮਕਤਾ ਨਾਲ ਭਰਪੂਰ ਧਰਮ ਨਿਰਪੱਖ ਅਤੇ ਸਮਾਨਤਾਵਾਦੀ ਸਟੇਟ/ਰਿਆਸਤ ਦੇ ਵਿਚਾਰ ਨੂੰ ਹਰਮਨਪਿਆਰਾ ਬਣਾਉਣ ਲਈ ਮਹਾਤਮਾ ਗਾਂਧੀ ਤੇ ਰਵਿੰਦਰ ਨਾਥ ਟੈਗੋਰ, ਮਹਾਤਮਾ ਜੋਤੀਰਾਓ ਫੂਲੇ ਤੇ ਡਾ. ਭੀਮ ਰਾਓ ਅੰਬੇਡਕਰ ਅਤੇ ਜਵਾਹਰ ਲਾਲ ਨਹਿਰੂ ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੀਆਂ ਸ਼ਖ਼ਸੀਅਤਾਂ ਤੋਂ ਸਾਰਥਕ ਅੰਤਰ-ਦ੍ਰਿਸ਼ਟੀ ਹਾਸਲ ਕਰਨ ਦੀ ਲੋੜ ਹੈ। ਇਸ ਲਈ ਮੈਕਿਆਵੇਲੀਅਨ 'ਰਣਨੀਤੀਆਂ' ਤੋਂ ਪਰੇ ਸਭਿਆਚਾਰਕ ਖੇਤਰ ਵਿਚ ਹਾਂ ਪੱਖੀ ਤੇ ਉਸਾਰੂ ਕੰਮ ਕਰਨ ਦੀ ਲੋੜ ਹੈ।

ਪ੍ਰਧਾਨ ਮੰਤਰੀ ਦੀ ਬਹੁਤ ਹੀ ਸੋਚ-ਸਮਝ ਕੇ ਸਿਰਜੀ ਗਈ 'ਵੱਡ ਆਕਾਰੀ' (ਲਾਰਜਰ ਦੈਨ ਲਾਈਫ) ਦਿੱਖ, ਹਾਕਮ ਪਾਰਟੀ ਦੇ ਅੰਦਰ ਬਾਕੀ ਸਾਰੀਆਂ ਆਵਾਜ਼ਾਂ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਜਾਣਾ ਅਤੇ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਜ਼ੋਰਦਾਰ ਜਿੱਤ ਦਰਜ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਦੇ ਸੰਸਦ ਵਿਚ ਦਾਖ਼ਲ ਹੋਣ ਸਮੇਂ 'ਮੋਦੀ ਮੋਦੀ' ਦਾ ਸ਼ੋਰ ਮਚਾਇਆ ਜਾਣਾ ਆਦਿ ਸਾਰੇ ਢੰਗ-ਤਰੀਕੇ ਸਾਡੀ ਜਮਹੂਰੀਅਤ ਦੀ ਡਿੱਗਦੀ ਹੋਈ ਸਿਹਤ ਦਾ ਪ੍ਰਤੀਕ ਹਨ। ਲੋਕਤੰਤਰ ਦਾ ਮਤਲਬ ਹੈ ਸਾਂਝੀ ਲੀਡਰਸ਼ਿਪ; ਇਹ ਸੰਵਾਦ, ਨਿਮਰਤਾ ਅਤੇ ਦਇਆਵਾਨ ਢੰਗ ਨਾਲ ਸੁਣਨ ਨਾਲ ਸਬੰਧਿਤ ਹੈ। ਇਸ ਦੇ ਉਲਟ ਸਾਨੂੰ ਇਨ੍ਹੀਂ ਦਿਨੀਂ ਜਮਹੂਰੀਅਤ ਦੀ ਸੰਵਾਦਮਈ ਭਾਵਨਾ ਦਾ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ। ਫਿਰ ਜਦੋਂ ਆਮ ਨਾਗਰਿਕਾਂ ਦੇ ਤੌਰ 'ਤੇ ਅਸੀਂ ਆਪਣੇ ਆਪ ਨੂੰ ਇਸ ਵਿਅਕਤੀ ਪੂਜਾ ਦੇ ਸਭਿਆਚਾਰ ਵਿਚ ਕੀਲੇ ਜਾਣ ਦਿੰਦੇ ਹਾਂ ਤਾਂ ਅਸੀਂ ਜਾਗਰੂਕ ਤੇ ਚੇਤਨ ਨਾਗਰਿਕਾਂ ਵਜੋਂ ਆਪਣੀ ਭੂਮਿਕਾ ਨਿਭਾਉਣ ਵਿਚ ਨਾਕਾਮ ਰਹਿੰਦੇ ਹਾਂ।

ਜੇ ਮੋਦੀ ਦੇ ਸਿਆਸੀ ਵਿਰੋਧੀ ਇਸ ਤਰ੍ਹਾਂ ਦੀ ਵਿਅਕਤੀਵਾਦੀ ਪੂਜਾ ਉਤੇ ਆਧਾਰਿਤ ਸਿਆਸਤ (ਜਿਹੜੀ ਸਿਆਸਤ ਸਟੇਟ/ਰਿਆਸਤ ਦੀਆਂ ਭਲਾਈ ਨੀਤੀਆਂ ਜਿਵੇਂ ਮੁਫ਼ਤ ਵੈਕਸੀਨ ਜਾਂ ਮੁਫ਼ਤ ਰਾਸ਼ਨ ਨੂੰ ਸੁੰਗੇੜ ਕੇ ਮਹਿਜ਼ ਦਾਨ/ਖ਼ੈਰਾਤ ਜਾਂ ਕਿਸੇ 'ਮਸੀਹਾ' ਦੀਆਂ ਸੌਗਾਤਾਂ ਦਾ ਰੂਪ ਦੇ ਦਿੰਦੀ ਹੈ) ਦਾ ਵਿਰੋਧ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਭਿਆਚਾਰ ਤੇ ਸਿਆਸੀ ਸਿੱਖਿਆ ਦੇ ਖੇਤਰ ਵਿਚ ਕੰਮ ਕਰਨਾ ਹੋਵੇਗਾ। ਉਨ੍ਹਾਂ ਨੂੰ ਲੋਕਾਂ ਨਾਲ ਧੀਰਜ ਤੇ ਦਇਆ ਨਾਲ ਸੰਚਾਰ ਰਚਾਉਣਾ ਹੋਵੇਗਾ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣਾ ਹੋਵੇਗਾ ਕਿ ਲੋਕਤੰਤਰ ਉਨ੍ਹਾਂ ਦਾ ਹੱਕ ਹੈ; ਇਹ ਉਨ੍ਹਾਂ ਦੀ ਸਮੂਹਿਕ ਮੁਕਤੀ ਲਈ ਹੈ। ਇਸ ਲਈ ਜ਼ਰੂਰੀ ਹੈ ਕਿ ਨਵ-ਉਦਾਰਵਾਦੀ ਨਿਜ਼ਾਮ ਵਿਚ ਮੁਕਾਬਲੇਬਾਜ਼ੀ ਆਧਾਰਿਤ ਮੁਫ਼ਤਖ਼ੋਰੀ ਦੀਆਂ ਨੀਤੀਆਂ ਪਿੱਛੇ ਭੱਜਣ ਦੀ ਥਾਂ ਸਿੱਖਿਆ ਤੇ ਰੁਜ਼ਗਾਰ ਦੇ ਮੌਕਾ ਪੈਦਾ ਕਰਨ ਦੀ ਮੰਗ ਕਰਨਾ ਜ਼ਿਆਦਾ ਅਹਿਮ ਹੈ ਕਿਉਂਕਿ ਇਹ ਨਿਜ਼ਾਮ ਉਂਝ ਤਾਂ ਅਮੀਰਾਂ ਦਾ ਪੱਖ ਪੂਰਦਾ ਹੈ ਅਤੇ ਸਭਿਆਚਾਰਕ ਰਾਸ਼ਟਰਵਾਦ ਨੂੰ ਆਪਣੇ ਨਾਲ ਗੂੜ੍ਹੀ ਦੋਸਤੀ ਰੱਖਣ ਵਾਲੇ ਪੂੰਜੀਵਾਦ ਨਾਲ ਜੋੜਦਾ ਹੈ। ਇਹ ਅਸਲ ਵਿਚ ਲੰਮੀ ਸਭਿਆਚਾਰਕ ਲੜਾਈ ਹੈ।

ਇਹੀ ਨਹੀਂ, ਮੌਜੂਦਾ ਸਿਆਸੀ ਸਭਿਆਚਾਰ ਵਿਚ ਜ਼ਹਿਰੀਲੀ ਭਾਸ਼ਾ ਦੇ ਆਮ ਵਰਗੀ ਬਣ ਜਾਣ ਦੇ ਸਿੱਟੇ ਵਜੋਂ ਜਨਤਕ ਘੇਰੇ ਵਿਚ ਸਭਿਅਕ ਬਹਿਸ ਅਤੇ ਸੰਵਾਦ ਲਈ ਮੁਆਫ਼ਕ ਮਾਹੌਲ ਸਿਰਜਣਾ ਮੁਸ਼ਕਿਲ ਹੋ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ, ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ 'ਮੂਰਖੋਂ ਕਾ ਸਰਦਾਰ' ਆਖ ਕੇ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਨ। ਦੂਜੇ ਪਾਸੇ, ਰਾਹੁਲ ਗਾਂਧੀ ਵੀ 'ਮੁਹੱਬਤ ਕੀ ਦੁਕਾਨ' ਦੇ ਆਪਣੇ ਨਾਅਰੇ ਦੇ ਬਾਵਜੂਦ ਕ੍ਰਿਕਟ ਸੰਸਾਰ ਕੱਪ ਦੇ ਫਾਈਨਲ ਮੈਚ ਵਿਚ ਭਾਰਤ ਦੀ ਆਸਟਰੇਲੀਆ ਹੱਥੋਂ ਹੋਈ ਹਾਰ ਬਾਰੇ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੂੰ 'ਪਨੌਤੀ' (ਬਦਸ਼ਗਨਾ) ਕਹਿਣ ਦੇ ਲਾਲਚ ਤੋਂ ਬਚਣ ਵਿਚ ਨਾਕਾਮ ਰਹਿੰਦੇ ਹਨ। ਇਸ ਸਮੂਹਿਕ ਗਿਰਾਵਟ ਬਾਰੇ ਸੋਚਣ ਦੀ ਲੋੜ ਹੈ।

ਕੀ ਅਜਿਹੀ ਨਫ਼ਰਤ ਤੇ ਮਾਨਸਿਕ ਹਿੰਸਾ ਵਾਲੀ ਸੋਚ ਤੋਂ ਮੁਕਤ ਵੱਖਰੀ ਤਰ੍ਹਾਂ ਦੇ ਸਿਆਸੀ ਸਭਿਆਚਾਰ ਦੀ ਸਿਰਜਣਾ ਸੰਭਵ ਹੈ? ਜਾਂ ਫਿਰ ਅਸੀਂ ਇਸ ਗੱਲ ਨੂੰ ਮਨਜ਼ੂਰ ਕਰਦੇ ਰਹਾਂਗੇ ਕਿ ਜਦੋਂ ਤੱਕ ਇਹ ਤੁਹਾਡੇ ਚੋਣਾਂ ਜਿੱਤਣ ਲਈ ਮਦਦਗਾਰ ਹੈ ਤਾਂ ਸਭ ਕੁਝ ਜਾਇਜ਼ ਹੈ?

# ਸੰਸਦ 'ਚ ਬਹਿਸ ਅਤੇ ਲੋਕਤੰਤਰ

ਸੰਸਦ ਮੈਂਬਰਾਂ ਤੋਂ ਬਿਨਾਂ ਸੰਸਦ, ਗਊ ਮਾਤਾ ਤੋਂ ਬਿਨਾਂ ਗਊਸ਼ਾਲਾ ਜਾਂ ਦੇਵ ਤੋਂ ਬਿਨਾਂ ਮੰਦਰ ਭਲਾ ਕੀ ਹੁੰਦਾ ਹੈ! ਇਸ ਤੋਂ ਪਹਿਲਾਂ ਕਿ ਭਾਵਨਾਵਾਂ ਦੀ ਆੜ ਹੇਠ ਭੀੜ ਮਾਣਯੋਗ ਮੈਂਬਰਾਂ ਜਾਂ ਪੂਜਨੀਕ ਗਊ ਮਾਤਾ ਦਾ ਅਪਮਾਨ ਕਰਨ ਦੇ ਦੋਸ਼ ਹੇਠ ਮੇਰੀ ਲਿੰਚਿੰਗ ਕਰਨ ਲਈ ਅਹੁਲੇ, ਕਿਰਪਾ ਕਰ ਕੇ ਗਹੁ ਨਾਲ ਦੇਖੋ ਕਿ ਮੈਂ ਇੱਥੇ ਸੰਸਦ ਦੇ ਮੈਂਬਰਾਂ ਦਾ ਹਵਾਲਾ ਨਹੀਂ ਦਿੱਤਾ। ਅਸਲ ਵਿਚ ਇੱਥੇ ਦੇਵਤਾ ਬਹਿਸ ਹੈ ਅਤੇ ਮੰਤਰ

**ਰਾਜੇਸ਼ ਰਾਮਚੰਦਰਨ**

ਮੌਖਿਕ ਦਵੰਦ ਹੈ ਵਿਚਾਰਾਂ ਅਤੇ ਦਲੀਲਾਂ ਦਾ ਵਟਾਂਦਰਾ। ਮੰਦਰ ਦੇ ਅਲੰਕਾਰ ਨੂੰ ਹੋਰ ਅੱਗੇ ਲਿਜਾਂਦੇ ਹੋਏ, ਅਸਲ ਵਿਚ ਇਸ ਮੰਦਰ ਦੇ ਪ੍ਰਮੁੱਖ ਪੁਜਾਰੀ ਭਾਵ ਵਿਰੋਧੀ ਧਿਰ ਤੋਂ ਬਗ਼ੈਰ ਇਸ ਦੇਵੀ ਦੀ ਪੂਜਾ ਬਿਲਕੁੱਲ ਨਹੀਂ ਹੋ ਸਕਦੀ।

ਪਾਰਲੀਮੈਂਟ ਦਾ ਸਰਦ ਰੁੱਤ ਦਾ ਇਜਲਾਸ ਖਤਮ ਹੋ ਗਿਆ ਹੈ ਜਦਕਿ ਇਸ ਦੇ ਪ੍ਰਮੁੱਖ ਪੁਜਾਰੀ ਬਾਹਰ ਧੁੱਪ ਵਿਚ ਬੈਠ ਕੇ ਆਪਣੇ ਨਿਗਰਾਨ ਅਫਸਰ, ਭਾਵ ਰਾਜ ਸਭਾ ਦੇ ਚੇਅਰਮੈਨ ਦੀਆਂ ਨਕਲਾਂ ਲਾਹ ਰਹੇ ਸਨ। ਜਦੋਂ ਤੁਸੀਂ ਵਿਹਲੇ ਧੁੱਪੇ ਬੈਠੇ ਹੋਵੋ ਤੇ ਤੁਹਾਡੇ ਹੱਥ ਵਿਚ ਮੋਬਾਈਲ ਫੋਨ ਹੋਵੇ ਤਾਂ ਤੁਸੀਂ ਸੈਲਫੀਆਂ ਲੈਣ ਜਾਂ ਇਕ ਦੂਜੇ ਦੀਆਂ ਨਕਲਾਂ ਤੇ ਹਾਸੇ ਠੱਠੇ ਦੀ ਰਿਕਾਰਡਿੰਗ ਕਰਨ ਤੋਂ ਸਿਵਾਇ ਹੋਰ ਕਰ ਵੀ ਕੀ ਸਕਦੇ ਹੋ? ਫਿਰ ਵੀ ਇਕ ਪਾਰਟੀ ਦੇ ਦਬਦਬੇ ਵਾਲੀ ਸਰਕਾਰ ਦੇ ਮਿਆਰਾਂ ਮੁਤਾਬਕ ਵੀ ਵਿਰੋਧੀ ਧਿਰ ਦੇ 146 ਸੰਸਦ ਮੈਂਬਰਾਂ ਦੀ ਮੁਅੱਤਲੀ ਪਾਰਲੀਮਾਨੀ ਬਹਿਸ ਦੇ ਵਿਚਾਰ ਲਈ ਬਹੁਤ ਜ਼ਬਰਦਸਤ ਝਟਕਾ ਹੈ।

ਜੇ ਪਾਰਲੀਮੈਂਟ ਸਿਰਫ਼ ਸਰਕਾਰੀ ਕੰਮਕਾਜ ਕਰਨ ਲਈ ਹੀ ਬਣੀ ਹੈ ਅਤੇ ਜੇ ਸੱਤਾਧਾਰੀ ਮੈਂਬਰਾਂ ਵੱਲੋਂ ਮੇਜ਼ਾਂ ਦੀ ਥਪਥਪਾਹਟ ਦੌਰਾਨ ਬਿਲ ਪਾਸ ਕਰਾਉਣ ਲਈ ਵਿਰੋਧੀ ਧਿਰ ਦੇ ਬੈਂਚ ਖਾਲੀ ਕਰਾਉਣੇ ਜ਼ਰੂਰੀ ਹੁੰਦੇ ਹਨ ਤਾਂ ਫਿਰ ਲੋਕਤੰਤਰ ਦੀ ਲੋੜ ਹੀ ਕੀ ਹੈ? ਜੇ ਵਿਦੇਸ਼ੀ ਅਖ਼ਬਾਰਾਂ ਅਤੇ ਵਿਦੇਸ਼ੀ ਫੰਡਾਂ 'ਤੇ ਕੰਮ ਕਰਦੇ ਸਮੀਖਿਅਕਾਰ ਇਸ ਨੂੰ ਭਾਰਤ ਦੀ ਸੰਸਦ 2.0 ਮਜ਼ਾਕ ਬਣ ਗਈ ਹੈ ਤਾਂ ਉਨ੍ਹਾਂ ਦਾ ਕੀ ਕਸੂਰ ਹੈ? ਵਿਰੋਧੀ ਧਿਰ ਵਲੋਂ ਕੀਤੀ ਜਾਂਦੀ ਟੋਕਾ ਟਾਕੀ, ਕਾਂਟ ਛਾਂਟ ਅਤੇ ਹੋ-ਹੱਲਾ, ਵਾਕਆਊਟ ਤੇ ਕਾਰਵਾਈ ਰੋਕਣ ਦੀਆਂ ਕੋਸ਼ਿਸ਼ਾਂ ਨਾਲ ਹੀ ਕਾਨੂੰਨਸਾਜ਼ੀ ਨੂੰ ਵਾਜਬੀਅਤ ਮਿਲਦੀ ਹੈ। ਜੇ ਤਿੱਖੇ ਬਹਿਸ-ਮੁਬਾਹਿਸੇ ਤੋਂ ਬਾਅਦ ਕੋਈ ਬਿਲ ਪਾਸ ਹੁੰਦਾ ਹੈ ਤਾਂ ਇਸ ਨਾਲ ਦੇਸ਼ ਦੇ ਕਾਨੂੰਨ ਦੀ ਵੁੱਕਤ ਬਣਦੀ ਹੈ। ਜਿਵੇਂ ਨਵਾਂ ਸੰਸਦ ਭਵਨ ਬਣਿਆ ਹੈ, ਉਵੇਂ ਹੀ ਕਾਨੂੰਨਸਾਜ਼ੀ ਦੇ ਨਵੇਂ ਅਮਲ ਨੂੰ ਇਸ ਦੇ ਜਲੌਅ ਤੋਂ ਵਿਰਵਾ ਨਹੀਂ ਕੀਤਾ ਜਾਣਾ ਚਾਹੀਦਾ ਜੋ ਇਸ ਨੂੰ ਵਧੇਰੇ ਕੁਸ਼ਲ ਅਤੇ ਸਮੇਂ ਦੇ ਹਾਣ ਦਾ ਬਣਨ ਵਿਚ ਮਦਦ ਕਰਦਾ ਹੈ।

ਇਸੇ ਕਰ ਕੇ ਨਵਾਂ ਭਵਨ ਤਦ ਨਕਾਰਾ ਸਿੱਧ ਹੋ ਗਿਆ ਜਦੋਂ ਇਹ ਘੁਸਪੈਠੀਆਂ ਨੂੰ ਆਪਣੇ ਜੁੱਤਿਆਂ ਦੇ ਤਲਿਆਂ ਵਿਚ ਧੂੰਏ ਵਾਲੇ ਕਨੱਸਤਰ ਛੁਪਾ ਕੇ ਅਤੇ ਵਿਜ਼ਟਰ ਗੈਲਰੀ 'ਚੋਂ ਛਾਲਾਂ ਮਾਰ ਕੇ ਸਦਨ ਵਿਚ ਦਾਖ਼ਲ ਹੋਣ ਤੋਂ ਰੋਕਣ ਵਿਚ ਨਾਕਾਮ ਸਾਬਿਤ ਹੋਈ। ਇਸ ਸਾਡੀ ਸੰਸਦ ਦੀ ਪਾਵਨ ਪਵਿੱਤਰ ਥਾਂ 'ਤੇ ਕੀਤਾ ਗਿਆ ਹਮਲਾ ਸੀ। 13 ਦਸੰਬਰ 2001 ਨੂੰ ਜਦੋਂ ਸੰਸਦ ਭਵਨ 'ਤੇ ਹਮਲਾ ਹੋਇਆ ਸੀ ਤਾਂ ਲੇਖਕ ਉੱਥੇ ਮੌਜੂਦ ਸੀ। ਜਦੋਂ ਗਹਿਗੱਚ ਮੁਕਾਬਲੇ ਤੋਂ ਬਾਅਦ ਸਾਰੇ ਹਮਲਾਵਰਾਂ ਨੂੰ ਮਾਰ ਦਿੱਤਾ ਗਿਆ ਤਾਂ ਇਸ ਦੌਰਾਨ ਇਕ ਆਮ ਨਾਗਰਿਕ ਅਤੇ ਅੱਠ ਬਹਾਦਰ ਸੁਰੱਖਿਆ ਕਰਮੀਆਂ ਦੀਆਂ ਜਾਨਾਂ ਜਾ ਚੁੱਕੀਆਂ ਸਨ ਤਦ ਉਸ ਵੇਲੇ ਦੇ ਗ੍ਰਹਿ ਮੰਤਰੀ ਐਲਕੇ ਅਡਵਾਨੀ ਅਤੇ ਕਾਨੂੰਨ ਮੰਤਰੀ ਅਰੁਣ ਜੇਤਲੀ ਨੇ ਹਾਲਾਤ ਦਾ ਜਾਇਜ਼ਾ ਲੈਣ ਲਈ ਅਹਾਤੇ ਦਾ ਦੌਰਾ ਕੀਤਾ ਸੀ; ਤੇ ਮੈਨੂੰ ਯਾਦ ਹੈ ਕਿ ਸ੍ਰੀ ਅਡਵਾਨੀ ਨੂੰ ਸੁਰੱਖਿਆ ਵਿਚ ਲੱਗੀ ਸੰਨ੍ਹ ਬਾਰੇ ਕਿਸੇ ਨੇ ਸਵਾਲ ਕੀਤਾ ਸੀ।

ਤੇ ਸ੍ਰੀ ਅਡਵਾਨੀ ਨੇ 18 ਦਸੰਬਰ 2001 ਨੂੰ ਲੋਕ ਸਭਾ ਵਿਚ ਬਿਆਨ ਦਿੰਦਿਆਂ ਭਾਰਤੀ ਸੰਸਦ 'ਤੇ ਹਮਲੇ ਲਈ ਦੇਸ਼ ਅੰਦਰ ਅਤੇ ਪਾਕਿਸਤਾਨ ਵਿਚ ਬੈਠੇ ਅਨਸਰਾਂ ਨੂੰ ਦੋਸ਼ੀ ਠਹਿਰਾਇਆ ਸੀ। ਇਸ ਤਾਜ਼ਾ ਘਟਨਾ ਤੋਂ ਬਾਅਦ ਵੀ ਵਿਰੋਧੀ ਧਿਰ ਨੇ ਸਰਕਾਰ ਤੋਂ ਇਹੋ ਜਿਹੇ ਬਿਆਨ ਦੀ ਮੰਗ ਕੀਤੀ ਸੀ। ਹਾਲਾਂਕਿ ਸੰਸਦ ਭਵਨ ਕੰਪਲੈਕਸ ਵਿਚ ਮਾਰੇ ਗਏ ਪੰਜ ਪਾਕਿਸਤਾਨੀ ਅਤਿਵਾਦੀਆਂ ਅਤੇ ਸਦਨ ਵਿਚ ਧੂੰਏ ਵਾਲੇ ਕਨੱਸਤਰਾਂ ਲੈ ਕੇ ਦਾਖ਼ਲ ਹੋਣ ਵਾਲਿਆਂ ਵਿਚਕਾਰ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ ਪਰ ਜੇ ਇਸ ਨੂੰ ਘਟਨਾ ਦਾ ਦੁਹਰਾਓ ਕਰਾਰ ਦਿੱਤਾ ਜਾਂਦਾ ਹੈ ਤਾਂ ਆਪਣੇ ਆਪ ਵਿਚ ਹੀ ਹਾਸੋਹੀਣੀ ਗੱਲ ਹੈ।

ਉਂਝ, ਕਨੱਸਤਰਾਂ ਵਿਚ ਕੋਈ ਜ਼ਹਿਰੀਲੀ ਗੈਸ ਵੀ ਲਿਜਾਈ ਜਾ ਸਕਦੀ ਸੀ ਜਿਸ ਨਾਲ ਦੇਸ਼ ਦੀ ਸਿਰਮੌਰ ਲੀਡਰਸ਼ਿਪ ਨੂੰ ਇਕੋ ਸੱਟੇ ਖਤਮ ਕੀਤਾ ਜਾ ਸਕਦਾ ਸੀ। ਇਹ ਖੌਫ਼ਨਾਕ ਵਿਚਾਰ ਹੋ ਸਕਦਾ ਹੈ ਪਰ ਉਂਝ ਇਸ ਤੌਖਲੇ ਨੂੰ ਸਰਕਾਰ ਵਲੋਂ ਦੂਰ ਨਹੀਂ ਕੀਤਾ ਗਿਆ। ਵਿਰੋਧੀ ਧਿਰ ਦੇ ਮੈਂਬਰਾਂ ਨੇ ਸੁਰੱਖਿਆ ਵਿਚ ਹੋਈ ਉਕਾਈ ਅਤੇ ਇਸ ਦੀਆਂ ਪੇਸ਼ਬੰਦੀਆਂ ਦੇ ਸਵਾਲ 'ਤੇ ਭਰਵੀਂ ਬਹਿਸ ਕਰਾਉਣ ਦੀ ਮੰਗ ਕਰ ਕੇ ਕੋਈ ਗ਼ਲਤ ਗੱਲ ਨਹੀਂ ਕੀਤੀ। ਪਾਰਲੀਮੈਂਟ ਉਨ੍ਹਾਂ ਨਾਲ ਵੀ ਜੁੜੀ ਹੋਈ ਪਰ ਇਸ ਦੀ ਥਾਂ ਉਨ੍ਹਾਂ ਨੂੰ ਇਕ ਤੋਂ ਬਾਅਦ ਇਕ ਨੂੰ ਮੁਅੱਤਲ ਕਰ ਦਿੱਤਾ ਗਿਆ। ਇੱਥੇ ਹੀ ਰਾਜ ਕਾਜ ਵਿਚ ਤਬਦੀਲੀ ਦਾ ਪਤਾ ਲਗਦਾ ਹੈ। ਪਹਿਲਾਂ ਪਾਰਲੀਮਾਨੀ ਕੰਮਕਾਜ ਵਿਚ ਵਿਰੋਧੀ ਧਿਰ ਦਾ ਬਹੁਤ ਜ਼ਿਆਦਾ ਦਖ਼ਲ ਹੁੰਦਾ ਸੀ।

ਕਿਸੇ ਅਖ਼ਬਾਰ ਵਿਚ ਕੋਈ ਵੱਡਾ ਇੰਕਸ਼ਾਫ ਹੀ ਸਦਨ ਦੀ ਕਾਰਵਾਈ ਮੁਲਤਵੀ ਕਰਾਉਣ ਲਈ ਕਾਫ਼ੀ ਹੁੰਦਾ ਸੀ; ਤੇ ਜਦੋਂ ਕਿਸੇ ਪੱਤਰਕਾਰ ਦੀ 'ਸਟੋਰੀ' ਨੂੰ ਲੈ ਕੇ ਸਦਨ ਵਿਚ ਬਹਿਸ-ਮੁਬਾਹਿਸਾ ਹੁੰਦਾ ਸੀ ਤਾਂ ਉਸ ਨੂੰ ਆਪਣੇ ਕੰਮ ਦਾ ਮੁੱਲ ਪੈਣ ਦੀ ਤਸੱਲੀ ਹੋ ਜਾਂਦੀ ਸੀ। ਇਨ੍ਹਾਂ ਸਤਰਾਂ ਦਾ ਲੇਖਕ ਆਪਣੇ ਇੰਕਸ਼ਾਫਾਂ 'ਤੇ ਸੰਸਦ ਦੀ ਕਾਰਵਾਈ ਮੁਲਤਵੀ ਕਰਨ ਦੀਆਂ ਤਿੰਨ ਘਟਨਾਵਾਂ ਨੂੰ ਆਪਣੇ ਕਿਸੇ ਵੀ ਪੁਰਸਕਾਰ ਨਾਲੋਂ ਵੱਡਾ ਮਾਣ ਤਸੱਵੁਰ ਕਰਦਾ ਰਿਹਾ ਹੈ। ਜਦੋਂ ਸਮੁੱਚੀ ਵਿਰੋਧੀ ਧਿਰ ਇਕਜੁੱਟ ਹੋ ਕੇ ਅਖ਼ਬਾਰਾਂ ਦੀਆਂ ਕਾਪੀਆਂ ਲਹਿਰਾ ਕੇ ਨਾਅਰੇ ਬੁਲੰਦ ਕਰਦੀ ਹੈ ਤਾਂ ਸਭਾਪਤੀ ਨੂੰ ਝੁਕਣਾ ਪੈਂਦਾ ਸੀ ਅਤੇ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪੈਂਦੀ ਸੀ; ਇਸ ਤਰ੍ਹਾਂ, ਇਹ ਉਸ ਦਿਨ ਦੀ ਮੁੱਖ ਸੁਰਖੀ ਬਣ ਜਾਂਦੀ ਸੀ। ਵਿਰੋਧੀ ਧਿਰ ਦਾ ਜਿੰਨਾ ਦਬਾਓ ਪੈਂਦਾ ਸੀ, ਓਨਾ ਵੱਡਾ ਹੀ ਸਮਝੌਤਾ ਹੁੰਦਾ ਸੀ ਜੋ ਕਈ ਵਾਰ ਸਾਂਝੀ ਸੰਸਦੀ ਕਮੇਟੀ ਰਾਹੀਂ ਜਾਂਚ ਬਿਠਾਉਣ ਤੱਕ ਵੀ ਚਲਿਆ ਜਾਂਦਾ ਸੀ।

ਵਿਰੋਧੀ ਧਿਰ ਦੇ ਇਸ ਪੈਂਤੜੇ ਨੂੰ ਪਾਰਲੀਮਾਨੀ ਸੌਦੇਬਾਜ਼ੀ ਜਾਂ ਬਲੈਕਮੇਲ ਦੀ ਤਸ਼ਬੀਹ ਦਿੱਤੀ ਜਾ ਸਕਦੀ ਹੈ। ਸਰਕਾਰ ਨੂੰ ਆਪਣਾ ਵਿਧਾਨਕ ਕੰਮਕਾਜ ਨਜਿੱਠਣ ਲਈ ਵਿਰੋਧੀ ਧਿਰ ਦੀਆਂ ਮੰਗਾਂ 'ਤੇ ਕੰਨ ਧਰਨਾ ਪੈਂਦਾ ਸੀ। ਇਸ ਤਰ੍ਹਾਂ ਹਰ ਇੰਕਸ਼ਾਫ (ਤੇ ਕਦੀ ਕਦਾਈਂ ਸਰਕਾਰ ਜਾਂ ਕਿਸੇ ਕਾਰਪੋਰੇਟ ਲੌਬੀ ਦੇ ਤਿਕੜਮਾਂ) ਜਾਂ ਕਿਸੇ ਘਟਨਾ ਦੀ ਵੀ ਮਿਆਦ ਹੁੰਦੀ ਸੀ ਜਿਸ ਕਰ ਕੇ ਅਕਸਰ ਸਰਕਾਰ ਕਮਜ਼ੋਰ ਜਾਂ ਛਿੱਥੀ ਪਈ ਦਿਖਾਈ ਦਿੰਦੀ ਸੀ। ਹੁਣ ਇਹ ਸਭ ਕੁਝ ਬਦਲ ਗਿਆ ਹੈ। ਇਸ ਦੀ ਥਾਂ ਹੁਣ ਵਿਰੋਧੀ ਧਿਰ ਦੇ ਦਬਾਓ ਥੱਲੇ ਝਿਪਣ ਦੀ ਬਜਾਇ ਸਰਕਾਰ ਆਪਣੇ ਸੰਸਦੀ ਏਜੰਡੇ ਨੂੰ ਸਰਪਟ ਅਗਾਂਹ ਵਧਾਉਂਦੀ ਹੋਈ ਨਾਅਰੇਬਾਜ਼ੀ ਕਰਨ ਵਾਲੇ ਸੰਸਦ ਮੈਂਬਰਾਂ ਦੀ ਮੁਅੱਤਲੀ ਦੇ ਰੂਪ ਵਿਚ ਆਪਣਾ ਜਵਾਬੀ ਪੈਂਤੜਾ ਵਿਉਂਤ ਲੈਂਦੀ ਹੈ।

ਠੀਕ ਹੈ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੀ ਮੁਅੱਤਲੀ ਨਾਲ ਸਰਕਾਰ ਦੀ ਕੋਈ ਹੇਠੀ ਨਹੀਂ ਹੁੰਦੀ ਅਤੇ ਇਹ ਗ਼ੈਰ-ਲੋਕਤੰਤਰੀ ਵੀ ਨਹੀਂ ਦਿਸਦੀ ਪਰ ਇਵੇਂ ਜਾਪਦਾ ਹੈ ਕਿ ਇਸ ਸਰਕਾਰ ਨੇ ਸਦਨ ਦੀ ਕਾਰਵਾਈ ਮੁਲਤਵੀ ਕਰਨ ਅਤੇ ਸੰਸਦ ਮੈਂਬਰਾਂ ਦੀ ਮੁਅੱਤਲੀ ਦੇ ਲਾਭ ਹਾਨੀ ਦਾ ਲੇਖਾ ਜੋਖਾ ਕੀਤਾ ਹੈ ਅਤੇ ਇਸ ਨੇ ਸਿੱਟਾ ਕੱਢ ਲਿਆ ਹੈ ਕਿ ਕਾਰਵਾਈ ਮੁਲਤਵੀ ਕਰਨ ਨਾਲੋਂ ਮੈਂਬਰਾਂ ਨੂੰ ਮੁਅੱਤਲ ਕਰਨਾ ਜ਼ਿਆਦਾ ਫਾਇਦੇ ਦਾ ਸੌਦਾ ਹੈ। ਕਾਰਵਾਈ ਮੁਲਤਵੀ ਕਰਨ ਨਾਲ ਸਰਕਾਰ ਗੁਨਾਹਗਾਰ ਅਤੇ ਕਮਜ਼ੋਰ ਦਿਖਾਈ ਦਿੰਦੀ ਹੈ ਜਦਕਿ ਮੈਂਬਰਾਂ ਦੀ ਮੁਅੱਤਲੀ ਨਾਲ ਇਹ ਨਿਰੰਕੁਸ਼, ਬੇਕਿਰਕ ਅਤੇ ਮਜ਼ਬੂਤ ਦਿਖਾਈ ਦਿੰਦੀ ਹੈ। ਕੋਈ ਹੈਰਤ ਦੀ ਗੱਲ ਨਹੀਂ ਕਿ ਮੌਜੂਦਾ ਸਰਕਾਰ ਆਪਣੀ ਇਸ ਦਿੱਖ ਦਾ ਬਿਲਕੁੱਲ ਵੀ ਬੁਰਾ ਨਹੀਂ ਮਨਾਉਂਦੀ ਸਗੋਂ ਇਹੋ ਜਿਹੇ ਲਕਬਾਂ ਦੀ ਇਸ ਨੂੰ ਆਦਤ ਹੀ ਪੈ ਗਈ ਹੈ।

ਬਹਰਹਾਲ, ਸੁਰੱਖਿਆ ਵਿਚ ਸੰਨ੍ਹ ਅਜਿਹਾ ਮੌਕਾ ਸੀ ਜਦੋਂ ਸਰਕਾਰ ਨੂੰ ਸੰਸਦ ਦੇ ਸੁਰੱਖਿਆ ਕਰਮੀਆਂ ਦੀਆਂ ਗ਼ਲਤੀਆਂ ਸਵੀਕਾਰ ਕਰਨੀਆਂ ਚਾਹੀਦੀਆਂ ਸਨ ਜੋ ਬੈਠ ਕੇ ਤਲਾਸ਼ੀ ਲੈਂਦੇ ਹਨ ਅਤੇ ਉਨ੍ਹਾਂ ਦੀ ਪੁਰਾਣੀ ਆਦਤ ਅਜੇ ਵੀ ਨਹੀਂ ਬਦਲ ਸਕੀ। ਤਦ ਮੰਦੇਭਾਗੀਂ 'ਮਜ਼ਬੂਤ' ਸਰਕਾਰ ਨੇ ਆਪਣੇ ਕਿਲ੍ਹੇ ਵਿਚ ਕਿਸੇ ਕਿਸਮ ਦੀ ਕਮਜ਼ੋਰੀ ਦਿਖਾਉਣ ਦਾ ਕੋਈ ਮੌਕਾ ਨਹੀਂ ਦਿੱਤਾ। ਸਰਕਾਰ ਨੂੰ ਮੁੜ ਸੋਚ ਵਿਚਾਰ ਕਰ ਕੇ ਸੰਵਾਦ ਦੀ ਦੇਵੀ ਨੂੰ ਲੋਕਤੰਤਰ ਦੇ ਮੰਦਰ ਵਿਚ ਮੁੜ ਸਥਾਪਤ ਕਰਨ ਦੀ ਲੋੜ ਹੈ।


# ਸਮਾਜਿਕ ਜਾਗਰੂਕਤਾ ਦਾ ਸਫ਼ਲ ਨਾਵਲ – 'ਇੱਕ ਮੇਰੀ ਅੱਖ ਕਾਸ਼ਣੀ...'

## ਪੁਸਤਕ ਸਮੀਖਿਆ

ਮਨਦੀਪ ਕੌਰ ਭੰਮਰਾ
ਫੋਨ: +91-98156-93449

ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸ਼ਿਵਚਰਨ ਜੱਗੀ ਕੁੱਸਾ ਇਕ ਪ੍ਰੌੜ ਨਾਵਲਕਾਰ ਬਣ ਚੁੱਕਾ ਹੈ। ਉਸ ਦੇ ਨਾਵਲ ਸਾਡੇ ਸਮਕਾਲੀ ਸਮਾਜ ਦੀਆਂ ਅਣਗਿਣਤ ਗੰਢਾਂ ਖੋਲ੍ਹਦੇ ਹਨ। ਦੇਸ਼ ਅਤੇ ਵਿਦੇਸ਼ ਦੇ ਲੋਕਾਂ ਵਿਚ ਵਿਚਰਦਾ ਨਾਵਲਕਾਰ ਜੱਗੀ ਕੁੱਸਾ ਦੋਵਾਂ ਸੱਭਿਆਚਾਰਾਂ ਦੀ ਡੂੰਘੀ ਪਰਖ ਰੱਖਦਾ ਹੈ। ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਕਿਰਦਾਰਾਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ। ਉਸ ਦਾ ਹਥਲਾ ਨਾਵਲ "ਇੱਕ ਮੇਰੀ ਅੱਖ ਕਾਸ਼ਣੀ..." ਪੜ੍ਹ ਕੇ ਨਾਵਲਕਾਰ ਦਾ ਉਦੇਸ਼ ਸਾਹਮਣੇ ਆਇਆ, ਜਿਸ ਵਿਚ ਉਹ ਕਿਤੇ ਵੀ ਸਮਾਜ ਦੇ ਪੀੜਤ ਵਰਗਾਂ ਦੀ ਗੱਲ ਕਰਨ ਤੋਂ ਖੁੰਝਦਾ ਨਹੀਂ ਹੈ। ਇਸ ਨਾਵਲ ਵਿਚ ਮੁੱਖ ਤੌਰ ਉੱਤੇ ਕੁੜੀਆਂ ਪ੍ਰਤੀ ਸਮਾਜ ਦਾ ਘਿਨਾਉਣਾ ਪੱਖ ਪੇਸ਼ ਕਰਨ ਵਿਚ ਉਹ ਸਫ਼ਲ ਹੋਇਆ ਹੈ, ਪਰ ਨਾਲ਼ ਹੀ ਉਸ ਨੇ ਅਜੋਕੀ ਪੀੜ੍ਹੀ ਦੀਆਂ ਕੁੜੀਆਂ ਦੀ ਬੇਬਸੀ ਨੂੰ ਜਿੱਤ ਦੇ ਜਸ਼ਨ ਵਿਚ ਬਦਲ ਦੇਣ ਦੀ ਜੁਰੱਅਤ ਨੂੰ ਵੀ ਬਾਖ਼ੂਬੀ ਬਿਆਨ ਕੀਤਾ ਹੈ।

ਕੁਝ ਪਰਿਵਾਰਾਂ ਵਿਚ ਮਾਂ-ਬਾਪ ਦਾ ਲਾਲਚੀ ਵਤੀਰਾ ਅਜੋਕੇ ਪੰਜਾਬੀ ਸਮਾਜ ਦਾ ਕੋਝਾ ਰੂਪ ਬਣ ਕੇ ਉੱਭਰਦਾ ਹੈ। ਮਾਇਆ ਦੀ ਅੰਨ੍ਹੀ ਦੌੜ ਵਿਚ, ਵਿਦੇਸ਼ਾਂ ਦੀ ਤਲਿਸਮੀ ਚਮਕ-ਦਮਕ ਵਿਚ ਗੁਆਚ ਕੇ ਜਿਹੜੇ ਲੋਕ ਆਪਣੀਆਂ ਧੀਆਂ ਦੀ ਇੱਜ਼ਤ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰਦੇ, ਅਖ਼ੀਰ ਉਨ੍ਹਾਂ ਦੇ ਹੁੰਦੇ ਹਸ਼ਰ ਦੀ ਮੂੰਹ ਬੋਲਦੀ ਤਸਵੀਰ ਇਸ ਨਾਵਲ ਵਿਚ ਪੇਸ਼ ਕੀਤੀ ਗਈ ਹੈ। ਆਖ਼ਰੀ ਕਾਂਡ ਵਿਚ ਨਾਵਲ ਦੀ ਮੁੱਖ ਪਾਤਰ ਹਾਕੀ ਦੀ ਖਿਡਾਰਨ ਬਣਨ ਦਾ ਅਧੂਰਾ ਸ਼ੌਕ ਰੱਖਦੀ ਅਮਨ ਜਦੋਂ ਆਪਣੀ ਬੇਗ਼ੈਰਤ ਦਾਦੀ ਸਦਾ ਕੌਰ ਨੂੰ ਆਖਦੀ ਹੈ, "ਗੱਲ ਸੁਣੋ ਬੇਬੇ ਮੇਰੀ ਇੱਕ...! ਥੋਡੀਆਂ ਖੁਸ਼ੀਆਂ ਕਰਕੇ ਮੈਂ ਆਪਣੇ ਸਾਰੇ ਚਾਅਵਾਂ ਮਲ੍ਹਾਰਾਂ ਨੂੰ ਅੱਗ ਲਾਅਤੀ




ਸੀ, ਜਣੇ ਖਣੇ ਦਾ ਆਖਾ ਮੰਨ ਕੇ, ਸੀਲ ਕੁੱਕੜ ਬਣ ਕੇ ਤੁਰੀ ਫ਼ਿਰਦੀ ਰਹੀ..। ਹੁਣ ਆਪਣੀ ਧੀ ਕਰਕੇ, ਆਪਣੀ ਧੀ ਦੀ ਖ਼ੁਸ਼ੀ ਨੂੰ ਮੁੱਖ ਰੱਖ ਕੇ, ਮੈਂ ਇਸ ਸ਼ਰਾਬੀ ਤੇ ਲੁੱਚੇ ਰਿੱਛ ਤੋਂ ਪਾਸੇ ਹੋ ਜਾਣੈ...। ਥੋਡੀ ਖਾਤਰ ਮੈਂ ਅੱਗੇ ਜ਼ਿੰਦਗੀ ਨਾਲ਼ ਬੜੇ ਸਮਝੌਤੇ ਕਰ ਲਏ, ਬਹੁਤ ਕੁੱਝ ਮੰਨ ਲਿਆ ਤੇ ਬਹੁਤ ਕੁੱਝ ਹੰਢਾ ਲਿਆ...। ਪਰ ਮੇਰੀ ਧੀ ਦੇ ਚਾਅਵਾਂ ਮਲ਼ਾਰਾਂ ਨਾਲ਼ ਕੋਈ ਸਮਝੌਤਾ ਨਹੀਂ...। ....ਇਸ ਨੂੰ ਦੁਨੀਆਂ ਭਰ ਦੀ ਉੱਚ ਕੋਟੀ ਦੀ ਹਾਕੀ ਦੀ ਖਿਡਾਰਨ ਬਣਾਉਂਗੀ....ਹੁਣ ਮੇਰੇ ਵੱਲੋਂ ਕੋਈ ਝਾਕ ਨਾ ਰੱਖਿਓ ਤੇ ਨਾ ਮੈਨੂੰ ਫ਼ੋਨ ਕਰਿਓ...! ਅਮਨ ਨੇ ਫ਼ੋਨ ਕੱਟ ਦਿੱਤਾ ਅਤੇ ਘਰਦਿਆਂ ਦਾ ਨੰਬਰ ਫ਼ੋਨ ਵਿਚੋਂ 'ਬਲੌਕ' ਕਰ ਮਾਰਿਆ।

ਬਾਕੀ ਗੱਲ ਤਾਂ ਪਾਠਕ ਬਣ ਕੇ ਹੀ ਪਤਾ ਲੱਗੇਗੀ। ਪਰ ਮੈਂ ਸਮਝਦੀ ਹਾਂ ਕਿ ਜੇ ਅਜਿਹੇ ਬੇਗ਼ੈਰਤ ਮਾਪਿਆਂ ਨੂੰ ਪਹਿਲੀਆਂ ਪੀੜ੍ਹੀਆਂ ਦੀਆਂ ਕੁੜੀਆਂ ਹੀ ਆਪਣੀਆਂ ਜ਼ਿੰਦਗੀਆਂ 'ਚੋਂ ਬੇਦਖ਼ਲ ਕਰ ਦਿੰਦੀਆਂ, ਤਾਂ ਸਥਿਤੀ ਸ਼ਾਇਦ ਪਹਿਲਾਂ ਹੀ ਸੁਧਰ ਜਾਂਦੀ। ਖ਼ੈਰ ਅਜੋਕੀ ਔਰਤ ਦੀ ਇਸ ਜਾਗਰੂਕਤਾ ਨੂੰ ਮੇਰਾ ਸਲਾਮ ਹੈ! ਹੁਣ ਤਾਕਤ ਔਰਤ ਦੇ ਹੱਥ ਵਿਚ ਹੈ। ਉਸ ਨੇ ਦੇਖਣਾ ਹੈ ਕਿ ਉਸਦੀ ਆਜ਼ਾਦੀ ਦੇ ਸਹੀ ਮਾਅਨੇ ਉਸ ਲਈ ਕੀ ਹਨ... ਉਹ ਆਪਣੀ ਲਿਆਕਤ ਅਤੇ ਵਿੱਦਿਆ ਦੀ ਨਵੀਂ ਰੌਸ਼ਨੀ ਵਿਚ ਆਪਣੀ ਮਮਤਾ ਨੂੰ ਕਿਸ ਤਰ੍ਹਾਂ ਵਰਤਦੀ ਹੈ, ਨਿੱਜੀ ਹੱਕਾਂ ਦੇ ਨਾਲ਼ ਨਾਲ਼ ਉਹ ਆਪਣੇ ਫ਼ਰਜ਼ ਕਿਸ ਤਰ੍ਹਾਂ ਨਿਭਾਉਂਦੀ ਹੈ। ਆਉਣ ਵਾਲ਼ੀਆਂ ਨਸਲਾਂ ਦਾ ਭਵਿੱਖ ਏਸੇ ਗੱਲ 'ਤੇ ਨਿਰਭਰ ਕਰਦਾ ਹੈ!

ਨਾਵਲਕਾਰ ਸਮਾਜ ਦੇ ਪਿੰਡੇ 'ਤੇ ਪਏ ਹਜ਼ਾਰਾਂ ਹੀ ਕੋਹੜ ਆਪਣੇ ਮਨ ਦੀ ਅੱਖ ਨਾਲ਼ ਦੇਖਦਾ ਹੈ। ਸਰਕਾਰਾਂ ਦੀਆਂ ਵਧੀਕੀਆਂ, ਉੱਚ-ਪੱਧਰੀ ਜਾਅਲਸਾਜ਼ੀ, ਗ਼ੈਰ-ਸਮਾਜਿਕ ਅਨਸਰਾਂ ਦੀ ਗ਼ਲਤ ਕਾਰਗੁਜ਼ਾਰੀ, ਪੁਲੀਸ ਅਤੇ ਪ੍ਰਸ਼ਾਸਨ ਦੀ ਮਿਲ਼ੀ ਭੁਗਤ ਅਤੇ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਦੀ ਗ਼ੈਰ ਮੌਜੂਦਗੀ ਦੇ ਸਿੱਟੇ ਵਜੋਂ ਪੈਦਾ ਹੋਏ ਹਾਲਾਤ ਆਖ਼ਰ ਮਨੁੱਖਾਂ ਨੂੰ ਹੀ ਝੱਲਣੇ ਪੈਂਦੇ ਹਨ। ਨਾਵਲਕਾਰ ਦੀ ਗਹਿਰੀ ਸੰਵੇਦਨਾ ਸਮਾਜ ਦੀ ਹਰ ਪੀੜਤ ਧਿਰ ਨਾਲ਼ ਜੁੜੀ ਹੋਈ ਹੈ। ਉਹ ਤਕੜਾ ਹੋਕਾ ਦੇ ਕੇ ਸੁਧਾਰ ਦੀ ਮੰਗ ਕਰਦਾ ਹੈ। ਨਿਧੜਕ ਹੋ ਕੇ ਆਪਣੀ ਗੱਲ ਕਹਿੰਦਾ ਹੈ।

ਸ਼ਿਵਚਰਨ ਜੱਗੀ ਕੁੱਸਾ 40 ਪੁਸਤਕਾਂ ਦਾ ਰਚੇਤਾ ਹੈ। ਜਿਨ੍ਹਾਂ ਵਿਚ 25 ਨਾਵਲ ਹਨ। ਮੇਰੀ ਪੁਸਤਕ "ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲਾਂ ਵਿਚ ਯਥਾਰਥ" ਵਿਚ ਮੈਂ ਉਸ ਦੇ 19 ਨਾਵਲਾਂ ਦਾ ਜ਼ਿਕਰ ਕੀਤਾ ਹੈ। ਉਸ ਤੋਂ ਬਾਅਦ ਉਸ ਦੇ ਛੇ ਨਾਵਲ ਹੋਰ ਆ ਚੁੱਕੇ ਹਨ। ਹਥਲਾ ਨਾਵਲ ਉਸਨੇ ਦੋ-ਢਾਈ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਪਰ ਉਸ ਦੀ ਮਰਹੂਮ ਨੌਜੁਆਨ ਬੇਟੀ "ਲਾਲੀ" ਦੀ ਲੰਮੀ ਬੀਮਾਰੀ ਕਾਰਨ ਅਤੇ ਉਸ ਦੀ ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ "ਐੱਨ.ਆਰ.ਆਈ" ਬਣਨ ਦੇ ਰੁਝੇਵਿਆਂ ਕਾਰਨ ਇਹ ਨਾਵਲ ਦੇਰੀ ਨਾਲ਼ ਛਪ ਰਿਹਾ ਹੈ। ਪਾਇਲ ਵਰਗੀਆਂ ਕੁੜੀਆਂ ਦੇ ਸ਼ੋਸ਼ਣ ਦੇ ਨਾਲ਼ ਕੈਰੀ ਵਰਗੇ ਮੁੰਡਿਆਂ ਲਈ ਸਮਾਜ ਦੇ ਕੋਝੇ ਅਨਸਰਾਂ ਵੱਲੋਂ ਪੈਦਾ ਕੀਤੀਆਂ ਜਾਣ ਵਾਲ਼ੀਆਂ ਮੁਸ਼ਕਲਾਂ, ਪ੍ਰੇਮ ਸਿੰਘ ਵਰਗੇ ਪਾਤਰਾਂ ਦੀ ਦੁਰਦਸ਼ਾ ਤੋਂ ਇਲਾਵਾ 'ਕਰੋਨਾ ਕਾਲ' ਵਿਚ ਵਾਪਰੀਆਂ ਘਟਨਾਵਾਂ ਦਾ ਭਰਪੂਰ ਵਰਣਨ ਇਸ ਨਾਵਲ ਨੂੰ ਉਸ ਸਮੇਂ ਦੇ ਇਤਿਹਾਸ ਦੀ ਤਸਵੀਰਕਸ਼ੀ ਕਰਨ ਦੇ ਦਸਤਾਵੇਜ਼ ਵਜੋਂ ਦੇਖਿਆ ਜਾਣਾ ਵੀ ਬਣਦਾ ਹੈ।

ਏਨੀ ਸ਼ਿੱਦਤ ਅਤੇ ਮਿਹਨਤ ਨਾਲ਼ ਲਗਾਤਾਰ ਨਾਵਲ ਲਿਖਣ ਵਾਲ਼ੇ ਆਮ ਲੋਕਾਂ ਵਿਚ ਹਰਮਨ ਪਿਆਰੇ ਸਾਡੇ ਇਸ ਨਾਵਲਕਾਰ ਬਾਰੇ ਮੈਂ ਸਨਿਮਰ ਬੇਨਤੀ ਸਹਿਤ ਆਪਣੇ ਸਮੇਂ ਦੇ ਬੁੱਧੀਜੀਵੀ, ਸਾਹਿਤਕ ਅਤੇ ਆਲੋਚਕ ਵਰਗ ਨੂੰ ਵੀ ਧਿਆਨ ਦੇਣ ਦੀ ਬੇਨਤੀ ਕਰਦੀ ਹਾਂ ਅਤੇ ਸੁਝਾਅ ਦਿੰਦੀ ਹਾਂ। 'ਲਾਹੌਰ ਬੁੱਕ ਸ਼ਾਪ ਲੁਧਿਆਣਾ' ਦੁਆਰਾ ਛਾਪਿਆ ਗਿਆ ਇਹ ਨਾਵਲ ਜੱਗੀ ਕੁੱਸਾ ਦੇ ਨਾਵਲਾਂ ਵਿਚੋਂ ਸਿਰਕੱਢ ਹੈ, ਮੈਂ ਇਸ ਗੱਲ ਦੀ ਵੀ ਪ੍ਰੋੜਤਾ ਕਰਦੀ ਹਾਂ। ਔਰਤ ਦੀ ਨਵੀਂ ਆਜ਼ਾਦੀ ਦੀ ਨਵੀਂ ਨਜ਼ਰ ਦੀ ਤਰਜ਼ਮਾਨੀ ਕਰਦਾ ਹੋਇਆ ਨਾਵਲ "ਇੱਕ ਮੇਰੀ ਅੱਖ ਕਾਸ਼ਣੀ..." ਬੜੇ ਹੀ ਭਾਵਪੂਰਤ ਨਾਮ ਵਾਲ਼ਾ ਨਾਵਲ ਹੈ। ਸ਼ਾਲਾ ਉਸ ਦੀ ਕਲਮ ਏਸੇ ਤਰ੍ਹਾਂ ਵਰੋਸਾਈ ਰਹੇ!

---

# ਚੁੱਪ ਅਤੇ ਘੱਟ ਬੋਲਣ ਦੀ ਲੋੜ

ਨਰਿੰਦਰ ਸਿੰਘ ਢਿੱਲੋਂ
ਫੋਨ: 825 925 4032

ਬਹੁਤਾ ਬੋਲਣਾ ਜਾਂ ਘੱਟ ਬੋਲਣਾ ਯਾਨੀ ਹਰ ਗੱਲ ਵਿਚ ਦਖ਼ਲਅੰਦਾਜ਼ੀ ਕਰਨਾ ਜਾਂ ਨਾ ਕਰਨਾ ਅੱਜ ਕੱਲ੍ਹ ਚਰਚਾ ਦੀ ਮੰਗ ਕਰਦਾ ਹੈ। ਭਾਵੇਂ ਇਸ ਵਿਸ਼ਾਲ ਵਿਸ਼ੇ 'ਤੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਲੇਕਿਨ ਪਰਚੇ ਵਿਚ ਸਥਾਨ ਦੀ ਸੀਮਾ ਕਾਰਨ ਸੰਖੇਪ ਰੂਪ ਵਿਚ ਲਿਖਿਆ ਜਾ ਰਿਹਾ ਹੈ। ਦੁਨੀਆਂ ਵਿਚ ਅੱਜ ਦੇ ਰੌਲੇ ਰੱਪੇ ਵਾਲੇ ਵਾਤਾਵਰਨ ਵਿਚ ਆਮ ਤੌਰ 'ਤੇ ਚੁੱਪ ਰਹਿਣ ਅਤੇ ਬੇਲੋੜਾ ਨਾ ਬੋਲਣ ਦਾ ਮਹੱਤਵ ਹੋਰ ਵਧ ਗਿਆ ਹੈ। ਰੌਲੇ ਰੱਪੇ ਵਾਲੇ ਮਾਹੌਲ ਵਿਚ ਰਹਿਣ ਵਾਲੇ ਅਸੀਂ ਸ਼ਾਂਤ ਮਾਹੌਲ ਦਾ ਲਾਭ ਆਪ ਘੱਟ ਬੋਲ ਕੇ ਜਾਂ ਲੋੜੀਂਦਾ ਬੋਲ ਕੇ ਹੀ ਲੈ ਸਕਦੇ ਹਾਂ।

ਘੱਟ ਬੋਲਣ ਨਾਲ ਬੇਲੋੜੀਆਂ ਬਹਿਸਾਂ ਅਤੇ ਝਗੜਿਆਂ ਤੋਂ ਲਾਂਭੇ ਰਹਿ ਕੇ ਅਸੀਂ ਆਪਣੀ ਦਿਮਾਗੀ ਊਰਜਾ ਵੀ ਬਚਾ ਸਕਦੇ ਹਾਂ ਅਤੇ ਜੇ ਕਿਤੇ ਆਪਣਾ ਵਿਰੋਧ ਹੋਵੇ ਉਹ ਵੀ ਘਟਾ ਸਕਦੇ ਹਾਂ।

ਘੱਟ ਬੋਲਣਾ ਜਾਂ ਚੁੱਪ ਰਹਿ ਕੇ ਦੁਨੀਆਂ ਨੂੰ ਨੋਟ ਕਰਨ ਨਾਲ ਅਸੀਂ ਆਪਣਾ ਧਿਆਨ ਪੇਸ਼ ਮੁੱਦਿਆਂ 'ਤੇ ਕੇਂਦਰਿਤ ਕਰ ਕੇ ਆਪਣੇ ਵਿਚਾਰਾਂ ਲਈ ਸਪਸ਼ਟਤਾ ਤੱਕ ਪਹੁੰਚ ਸਕਦੇ ਹਾਂ। ਉਂਝ ਵੀ ਮਾਹਿਰਾਂ ਮੁਤਾਬਕ ਘੱਟ ਬੋਲਣਾ ਜਾਂ ਹੌਲੀ ਆਵਾਜ਼ ਵਿਚ ਬੋਲਣਾ, ਚੁੱਪ ਰਹਿ ਕੇ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਦਾ ਨਿਰਣਾ ਕਰਨਾ ਮਾਨਸਿਕ ਸਿਹਤ ਲਈ ਲਾਭਦਾਇਕ ਹੈ।

ਮਨੁੱਖ ਬਚਪਨ ਵਿਚ ਬੋਲਣਾ ਸਿੱਖਦਾ ਹੈ ਲੇਕਿਨ ਕਈ ਮਨੁੱਖ ਐਸੇ ਹੁੰਦੇ ਹਨ ਜੋ ਵੱਡੇ ਹੋ ਕੇ ਵੀ ਇਹ ਨਹੀਂ ਸਿੱਖਦੇ ਕਿ ਉਨ੍ਹਾਂ ਨੇ ਕਿਸ ਜਗ੍ਹਾ 'ਤੇ ਕੀ, ਕਦੋਂ ਅਤੇ ਕਿਵੇਂ ਬੋਲਣਾ ਹੈ। ਮਨੋਵਿਗਿਆਨਿਕ ਤੌਰ 'ਤੇ ਵੀ ਚੁੱਪ ਰਹਿਣਾ ਔਖਾ ਬਹੁਤ ਹੈ ਲੇਕਿਨ ਬੇਲੋੜਾ ਬੋਲਣ ਤੋਂ ਬਚ ਕੇ ਮਨੁੱਖ ਨੂੰ ਮਾਨਸਿਕ ਤਸੱਲੀ ਮਿਲਦੀ ਹੈ।

ਚੁੱਪ ਦਾ ਮਤਲਬ ਇਕੱਲਾਪਨ ਜਾਂ ਮਜਬੂਰੀ ਨਹੀਂ ਹੈ ਇਹ ਸੁਭਾਅ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਬੇਲੋੜਾ ਬੋਲਣ ਤੋਂ ਬਚਣਾ ਹੈ। ਕਿਸੇ ਸਭਾ ਵਿਚ ਬੈਠਿਆਂ ਜੋ ਵਿਅਕਤੀ ਚੁੱਪ ਕਰ ਕੇ ਦੂਜਿਆਂ ਨੂੰ ਸੁਣਦਾ ਹੈ ਅੰਤ ਨੂੰ ਉਹ ਸਾਰਿਆਂ ਦੇ ਧਿਆਨ ਦਾ ਕੇਂਦਰ ਬਣ ਜਾਂਦਾ ਹੈ ਤੇ ਉਹਦੇ ਵਿਚਾਰਾਂ ਨੂੰ ਸਭ ਗਹੁ ਨਾਲ ਸੁਣਦੇ ਹਨ। ਸਟੇਜ 'ਤੇ ਭਾਸ਼ਣ ਕਰਦਿਆਂ ਹੇਠਾਂ ਬੈਠੇ ਰੌਲੇ ਰੱਪੇ ਨੂੰ ਵੇਖ ਕੇ ਜੇਕਰ ਬੁਲਾਰਾ ਚੁੱਪ ਕਰ ਕੇ ਖਲੋ ਜਾਵੇ ਤਾਂ ਲੋਕ ਵੀ ਚੁੱਪ ਕਰ ਕੇ ਉਸ ਵੱਲ ਵੇਖਣ ਲੱਗਦੇ ਹਨ। ਇਸ ਤਰ੍ਹਾਂ ਚੁੱਪ ਦੀ ਤਾਕਤ ਬੋਲਣ ਨਾਲੋਂ ਘੱਟ ਨਹੀਂ ਹੈ। ਚੁੱਪ ਲੋਕਾਂ ਦਾ ਧਿਆਨ ਖਿੱਚਦੀ ਹੈ ਅਤੇ ਲੋਕਾਂ 'ਤੇ ਡੂੰਘਾ ਪ੍ਰਭਾਵ ਛੱਡਦੀ ਹੈ।

ਸ਼ਾਂਤ ਚਿੱਤ ਰਹਿ ਕੇ ਆਸੇ-ਪਾਸੇ ਦੀਆਂ ਘਟਨਾਵਾਂ ਦਾ ਚਿੰਤਨ ਕਰ ਕੇ ਮਾਨਸਿਕ ਦਬਾਅ ਘਟਦਾ ਹੈ। ਚੁੱਪ ਨਾਲ ਦਿਮਾਗ ਸੁਚੇਤ ਹੁੰਦਾ ਹੈ। ਚੁੱਪ ਕਿਸੇ ਦੇ ਦਬਾਅ ਜਾਂ ਡਰ ਅਧੀਨ ਨਹੀਂ, ਇਹ ਸ਼ਾਂਤ, ਅਰਾਮਦਾਇਕ ਅਤੇ ਸੁਖਾਵੀਂ ਹੋਣੀ ਚਾਹੀਦੀ ਹੈ ਜਿਸ ਵਿਚ ਚਿੰਤਾ ਜਾਂ ਅਕਾਊਪਨ ਨਾ ਹੋਵੇ। ਇਸ ਤਰ੍ਹਾਂ ਦੀ ਚੁੱਪ ਵਿਚ ਮਨੁੱਖ ਵਿਚ ਆਤਮ ਚਿੰਤਨ ਦੀ ਸ਼ਕਤੀ ਆਉਂਦੀ ਹੈ, ਉਹ ਆਪਣੇ ਵਿਚਾਰਾਂ ਅਤੇ ਸਿਹਤ ਪ੍ਰਤੀ ਹੋਰ ਸਪਸ਼ਟ ਹੋ ਜਾਂਦਾ ਹੈ ਅਤੇ ਦਿਮਾਗ ਹੋਰ ਮੁੱਦਿਆਂ ਲਈ ਸਰਗਰਮ ਹੋ ਜਾਂਦਾ ਹੈ।

ਦਿਮਾਗ ਨੂੰ ਸੋਚਣ ਲਈ ਆਰਾਮ ਦੀ ਲੋੜ ਹੁੰਦੀ ਹੈ ਜੋ ਚੁੱਪ ਰਹਿ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ। ਦਿਮਾਗ ਨੇ ਸਮਾਜ ਵਿਚ ਵਾਪਰ ਰਹੀਆਂ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਸੂਚਨਾਵਾਂ ਨੂੰ ਕੱਢ ਕੇ ਨਵੀਆਂ ਗ੍ਰਹਿਣ ਕਰਨੀਆਂ ਹੁੰਦੀਆਂ ਹਨ। ਚੁੱਪ ਰਹਿਣ ਨਾਲ ਦਿਮਾਗ ਨੂੰ ਨਵਾਂ ਗਿਆਨ ਹਾਸਲ ਕਰਨ ਦਾ ਸਮਾਂ ਮਿਲ ਜਾਂਦਾ ਹੈ। ਚੁੱਪ ਵੱਖ-ਵੱਖ ਘਟਨਾਵਾਂ 'ਤੇ ਧਿਆਨ ਕੇਂਦਰਿਤ ਕਰਨ ਵਿਚ ਮਦਦ ਕਰਦੀ ਹੈ। ਅੱਜ ਦੀ ਦੁਨੀਆ ਵਿਚ ਰੌਲੇ ਰੱਪੇ ਵਾਲੇ ਮਾਹੌਲ ਵਿਚ ਲਗਭਗ ਹਰ ਵਿਅਕਤੀ ਦਾ ਦਿਮਾਗ ਵੱਖ ਵੱਖ ਸਮੱਸਿਆਵਾਂ ਵਿਚ ਘਿਰਿਆ ਅਤੇ ਦਬਾਅ ਅਧੀਨ ਹੈ। ਇਸ ਮਾਹੌਲ ਵਿਚ ਖਾਮੋਸ਼ੀ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਜਾਂਦੀ ਹੈ।

ਚੁੱਪ ਰਹਿਣ ਜਾਂ ਘੱਟ ਬੋਲਣ ਵਾਲਾ ਵਿਅਕਤੀ ਅਕਸਰ ਦੂਜਿਆਂ ਦੀ ਬੁਰਾਈ ਰਹਿਤ ਹੁੰਦਾ ਹੈ। ਬੇਲੋੜਾ ਨਾ ਬੋਲਣ ਵਾਲਾ ਵਿਅਕਤੀ ਗੁੱਸੇ ਸਮੇਂ ਚੁੱਪ ਰਹਿੰਦਾ ਹੈ ਅਤੇ ਆਪਣੀ ਗੱਲ ਕਹਿਣ ਲਈ ਸ਼ਾਂਤ ਮਾਹੌਲ ਦੀ ਉਡੀਕ ਕਰਦਾ ਹੈ। ਉਸ ਨਾਲ ਜਦ ਕੋਈ ਆਪਣਾ ਦੁੱਖ ਦਰਦ ਜਾਂ ਮੁਸ਼ਕਿਲ ਸਾਂਝੀ ਕਰੇ ਤਾਂ ਉਹ ਚੁੱਪ ਕਰ ਕੇ ਸੁਣਦਾ ਹੈ ਅਤੇ ਆਪਣੀ ਸਮਝ ਮੁਤਾਬਕ ਉਸ ਦਾ ਹੱਲ ਵੀ ਦੱਸਦਾ ਹੈ। ਅੱਜ ਕੱਲ੍ਹ ਆਪਣਾ ਦੁੱਖ ਦਰਦ ਸੁਣਾਉਣ ਲਈ ਲੋੜਵੰਦ ਲੋਕਾਂ ਨੂੰ ਸੁਹਿਰਦ ਵਿਅਕਤੀਆਂ ਦੀ ਵੀ ਭਾਲ ਰਹਿੰਦੀ ਹੈ। ਸਾਡੇ ਸਮਾਜ ਵਿਚ ਦੁੱਖ ਦਰਦ ਸੁਣਨ ਵਾਲੇ ਸੁਹਿਰਦ ਵਿਅਕਤੀ ਬੜੀ ਮੁਸ਼ਕਲ ਨਾਲ ਮਿਲਦੇ ਹਨ। ਇੱਕ ਸੁਹਿਰਦ ਅਤੇ ਸਿਆਣਾ ਵਿਅਕਤੀ ਗਾਲੀ ਗਲੋਚ, ਭੱਦੀ ਸ਼ਬਦਾਵਲੀ ਵਰਤਣ ਅਤੇ ਬੇਲੋੜੀ ਖੱਪ ਪਾਉਣ ਵਾਲੇ ਲੋਕਾਂ ਨਾਲ ਉਲਝਣ ਦੀ ਬਜਾਏ ਉਨ੍ਹਾਂ ਲਾਗੋਂ ਚਲੇ ਜਾਣਾ ਠੀਕ ਸਮਝਦਾ ਹੈ।

ਚੁੱਪ ਦੂਜਿਆਂ ਨੂੰ ਸਮਝਣ ਅਤੇ ਦੁਖੀ ਵਿਅਕਤੀ ਲਈ ਹਮਦਰਦੀ ਦਾ ਥਾਂ ਬਣਾਉਂਦੀ ਹੈ। ਇਹ ਕਿਸੇ ਵੀ ਮੁੱਦੇ 'ਤੇ ਸਿਹਤਮੰਦ ਵਿਚਾਰ ਲਈ ਰਾਹ ਖੋਲ੍ਹਦੀ ਹੈ। ਖਾਮੋਸ਼ੀ ਦੀ ਤਾਕਤ ਸ਼ਬਦਾਵਲੀ ਨਾਲੋਂ ਘੱਟ ਨਹੀਂ ਹੈ। ਮਨੁੱਖ ਨੂੰ ਇੱਕ ਚੰਗਾ ਸਰੋਤਾ ਵੀ ਬਣਨਾ ਚਾਹੀਦਾ ਹੈ ਜਿਸ ਲਈ ਚੁੱਪ ਹੀ ਇੱਕ ਰਸਤਾ ਹੈ। ਸਾਡੇ ਸਮਾਜ ਵਿਚ ਮੂਰਖ ਦੀ ਪਛਾਣ ਉਸ ਦੀਆਂ ਬੇਥਵੀਆਂ ਗੱਲਾਂ ਤੋਂ ਅਤੇ ਸਿਆਣੇ ਦੀ ਪਛਾਣ ਉਸਦੀ ਚੁੱਪ, ਸ਼ਾਂਤ ਸੁਭਾਅ ਅਤੇ ਮਿੱਠੀ ਸ਼ਬਦਾਵਲੀ ਤੋਂ ਹੋ ਜਾਂਦੀ ਹੈ। ਬੇਲੋੜਾ ਬੋਲੀ ਜਾਣ ਵਾਲੇ ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਮਨੋਂ ਵੀ ਲੱਥ ਜਾਂਦੇ ਹਨ ਅਤੇ ਉਸ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਵੀ ਨਹੀਂ ਲਿਆ ਜਾਂਦਾ। ਉਸ ਦੇ ਰਿਸ਼ਤੇਦਾਰ ਤੇ ਸੱਜਣ ਮਿੱਤਰ ਉਸ ਤੋਂ ਪਾਸਾ ਵੱਟਣ ਲੱਗਦੇ ਹਨ। ਘੱਟ ਬੋਲਣ ਵਾਲੇ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਘੱਟ ਬੋਲਣ ਵਿਚ ਗਲਤੀ ਵੀ ਘੱਟ ਹੁੰਦੀ ਹੈ ਜਿਸ ਕਰਕੇ ਬਾਅਦ ਵਿਚ ਸ਼ਰਮਸ਼ਾਰ ਨਹੀਂ ਹੋਣਾ ਪੈਂਦਾ। ਬੇਲੋੜਾ ਬੋਲਣਾ ਕਈ ਪਰੇਸ਼ਾਨੀਆਂ ਪੈਦਾ ਕਰਦਾ ਹੈ ਅਤੇ ਚੁੱਪ ਅਤੇ ਸ਼ਾਂਤ ਰਹਿਣਾ ਕਈ ਪਰੇਸ਼ਾਨੀਆਂ ਤੋਂ ਬਚਾ ਸਕਦਾ ਹੈ। ਉਂਝ ਵੀ ਜਿਸ ਵਿਅਕਤੀ ਨੇ ਸਿੱਖ ਲਿਆ ਕਿ ਕਦੋਂ, ਕੀ, ਕਿੱਥੇ ਅਤੇ ਕਿਵੇਂ ਬੋਲਣਾ ਹੈ ਉਹ ਜ਼ਿੰਦਗੀ ਵਿਚ ਕਾਮਯਾਬ ਹੁੰਦਾ ਹੀ ਹੈ ਅਤੇ ਉਸ ਦਾ ਸਮਾਜ ਵਿਚ ਜੇਕਰ ਕੋਈ ਵਿਰੋਧ ਹੋਵੇ ਤਾਂ ਉਹ ਉਸ ਨੂੰ ਘਟਾਉਣ ਵਿਚ ਸਫਲ ਹੋ ਜਾਂਦਾ ਹੈ। ਕਈ ਵਾਰ ਚੁੱਪ ਰਹਿਣਾ ਤਾਕਤ ਅਤੇ ਬੋਲਣਾ ਕਮਜ਼ੋਰੀ ਬਣ ਜਾਂਦੀ ਹੈ। ਚੁੱਪ ਰਹਿਣ ਨਾਲ ਦੂਜਿਆਂ ਦੀ ਗੱਲ ਪਿੱਛੇ ਭਾਵਨਾ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਚੁੱਪ ਰਹਿਣ ਵਾਲੇ ਮਨੁੱਖ ਦੇ ਵਿਰੋਧੀ ਦੁਚਿੱਤੀ ਵਿਚ ਫਸ ਜਾਂਦੇ ਹਨ ਕਿਉਂਕਿ ਉਹ ਉਸ ਦੀ ਭਾਵਨਾ ਨੂੰ ਸਮਝ ਨਹੀਂ ਸਕਦੇ। ਸਾਡੇ ਸਮਾਜ ਵਿਚ ਲੜਾਕੇ ਵਿਅਕਤੀ ਵਿਰੁੱਧ ਜਦ ਕੋਈ ਵਿਅਕਤੀ ਨਾ ਬੋਲੇ ਅਤੇ ਚੁੱਪ ਕਰ ਕੇ ਉਥੋਂ ਚਲਾ ਜਾਵੇ ਤਾਂ ਲੜਾਕਾ ਵਿਅਕਤੀ ਅੰਦਰੇ ਅੰਦਰ ਸ਼ਰਮਸਾਰ ਜ਼ਰੂਰ ਹੁੰਦਾ ਹੈ। ਸੁਖਾਵੀਂ ਅਤੇ ਦਬਾਅ ਰਹਿਤ ਚੁੱਪ ਭਰੋਸਾ ਪੈਦਾ ਕਰਦੀ ਹੈ ਜਿਸ ਕਰਕੇ ਐਸੇ ਵਿਅਕਤੀ ਦੂਜਿਆਂ ਨੂੰ ਸੁਣਨ ਲਈ ਚੰਗੇ ਸਰੋਤਾ ਵੀ ਸਾਬਤ ਹੁੰਦੇ ਹਨ। ਸਾਡੇ ਸਮਾਜ ਵਿਚ ਕਈ ਬੇਲੋੜਾ ਬੋਲ ਬੋਲ ਕੇ ਆਪਣੀਆਂ ਕਮੀਆਂ ਜਾਂ ਗਲਤੀਆਂ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਲੇਕਿਨ ਚੁੱਪ ਰਹਿਣ ਜਾਂ ਘੱਟ ਬੋਲਣ ਵਾਲੇ ਲੋਕਾਂ ਦੀਆਂ ਕਮਜ਼ੋਰੀਆਂ ਢੱਕੀਆਂ ਰਹਿੰਦੀਆਂ ਹਨ। ਘੱਟ ਬੋਲਣ ਦੀ ਕੀਮਤ ਉਵੇਂ ਹੀ ਜ਼ਿਆਦਾ ਹੈ ਜਿਵੇਂ ਬਾਜ਼ਾਰ ਵਿਚ ਲੋੜੀਂਦੀਆਂ ਘੱਟ ਚੀਜ਼ਾਂ ਕੀਮਤ ਜ਼ਿਆਦਾ ਹੋਣ ਦੇ ਬਾਵਜੂਦ ਫਟਾਫਟ ਵਿਕ ਜਾਂਦੀਆਂ ਹਨ। ਬਹੁਤਾ ਤੇ ਬੇਲੋੜਾ ਬੋਲਣ ਵਾਲੇ ਲੋਕ ਆਮ ਤੌਰ 'ਤੇ ਆਪਣੇ ਬੀਤ ਚੁੱਕੇ ਜੀਵਨ ਵਾਂਗ ਹੀ ਜੀਣਾ ਚਾਹੁੰਦੇ ਹਨ ਜਦ ਕਿ ਚੁੱਪ ਰਹਿਣ ਵਾਲੇ ਜ਼ਿੰਦਗੀ ਦੇ ਨਵੇਂ ਰਾਹ ਤਲਾਸ਼ਦੇ ਹਨ। ਉਹ ਲੋਕਾਂ ਨਾਲ ਮਿਲਾਪੜਾਪਨ ਰੱਖਦੇ ਹਨ ਅਤੇ ਜ਼ਿੰਦਗੀ ਦੇ ਹਰ ਚੈਲੇਂਜ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਆਪਣਾ ਧਿਆਨ ਉਸ ਚੈਲੇਂਜ 'ਤੇ ਕੇਂਦਰਿਤ ਕਰਦੇ ਹਨ।

ਕਈ ਪਰਿਵਾਰਾਂ ਵਿਚ ਬਹੁਤਾ ਤੇ ਬੇਲੋੜਾ ਬੋਲਣ ਕਰਕੇ ਕਲੇਸ਼ ਪੈਦਾ ਹੋ ਜਾਂਦਾ ਹੈ। ਪਰਿਵਾਰ ਵਿਚ ਘੱਟ ਅਤੇ ਠਰੰਮੇ ਨਾਲ ਬੋਲਣ ਵਾਲੇ ਨੂੰ ਸਿਆਣਾ ਸਮਝਿਆ ਜਾਂਦਾ ਹੈ। ਬੇਲੋੜਾ ਬੋਲਣ, ਪਰਿਵਾਰਕ ਮੈਂਬਰਾਂ ਨਾਲ ਝਗੜਾ ਝਗੜਨ ਅਤੇ ਗਾਲੀ ਗਲੋਚ ਵਾਲੀ ਭਾਸ਼ਾ ਵਰਤਣ ਵਾਲੇ ਵਿਅਕਤੀ ਪਰਿਵਾਰ ਵਿਚ ਸ਼ਾਂਤੀ ਨਹੀਂ ਰੱਖ ਸਕਦੇ। ਸਿਆਣੇ ਮਨੁੱਖ ਪਰਿਵਾਰ ਵਿਚ ਸ਼ਾਂਤੀ ਲਈ ਕਈ ਗੱਲਾਂ 'ਤੇ ਸਹਿਮਤ ਨਾ ਹੁੰਦਿਆਂ ਹੋਇਆਂ ਵੀ ਨਜ਼ਰ ਅੰਦਾਜ਼ ਕਰਦੇ ਹਨ ਤੇ ਚੁੱਪ ਰਹਿੰਦੇ ਹਨ। ਸਕੂਲ ਵਿਚ ਅਧਿਆਪਕ ਬੇਲੋੜਾ ਬੋਲਣ ਵਾਲੇ ਬੱਚੇ ਨਾਲੋਂ ਮੁੱਦੇ 'ਤੇ ਢੁਕਵਾਂ ਜਵਾਬ ਦੇਣ ਵਾਲੇ ਬੱਚੇ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਅਦਾਲਤ ਵਿਚ ਸੰਖੇਪ ਅਤੇ ਢੁਕਵੀਂ ਗੱਲ ਕਰਨ ਵਾਲੇ ਨੂੰ ਜੱਜ ਅਤੇ ਵਕੀਲਾਂ ਵੱਲੋਂ ਸਿਆਣਾ ਸਮਝਿਆ ਜਾਂਦਾ ਹੈ। ਕਿਸੇ ਦਫਤਰ ਜਾਂ ਸੰਸਥਾ ਵਿਚ ਫਜ਼ੂਲ ਬੋਲਣਾ ਨਾ ਪਸੰਦ ਕੀਤਾ ਜਾਂਦਾ ਹੈ। ਇਕ ਥਾਣੇਦਾਰ ਨੂੰ ਇਕ ਮੁਲਜ਼ਮ ਨੇ ਬੇਨਤੀ ਕੀਤੀ ਕਿ ਉਹ ਪਿਸ਼ਾਬ ਕਰਨਾ ਚਾਹੁੰਦਾ ਹੈ। ਅੱਗੋਂ ਥਾਣੇਦਾਰ ਨੇ ਉਸਦੀ ਮੁਸ਼ਕਲ ਵੱਲ ਸੰਜੀਦਗੀ ਦੀ ਥਾਂ ਕਿਹਾ "ਕੋਈ ਨਹੀਂ ਠਹਿਰ ਤੇਰਾ ਪਿਸ਼ਾਬ ਮੈਂ ਕੱਢਦਾ ਹਾਂ।" ਇੱਕ ਦੁਕਾਨ ਵਿਚ ਪਹਿਲੀ ਵਾਰ ਗਏ ਗਾਹਕ ਨੂੰ ਦੁਕਾਨਦਾਰ ਨੇ ਕਿਹਾ "ਇਹ ਮੋਬਾਈਲ ਫੋਨ ਹੈ ਤਾਂ ਮਹਿੰਗਾ, ਪਰ ਤੁਹਾਡੇ ਲਈ ਅਸੀਂ ਡਿਸਕਾਊਂਟ ਰੱਖਿਆ ਹੈ।" ਗਾਹਕ ਨੇ ਪੁੱਛ ਹੀ ਲਿਆ, "ਜਨਾਬ ਤੁਸੀਂ ਮੈਨੂੰ ਕਿਵੇਂ ਜਾਣਦੇ ਹੋ?" ਦੁਕਾਨਦਾਰ ਢਿੱਲਾ ਜਿਹਾ ਮੂੰਹ ਕਰ ਕੇ ਕਹਿਣ ਲੱਗਾ "ਮੈਂ ਤਾਂ ਵੈਸੇ ਹੀ ਕਿਹਾ ਹੈ।" ਇਕ ਵਿਅਕਤੀ ਆਪਣੇ ਦੋਸਤ ਦੇ ਢਾਬੇ 'ਤੇ ਗਿਆ ਤੇ ਪੁੱਛਣ ਲੱਗਾ, "ਅੱਜ ਦਾਲ ਸਬਜ਼ੀ ਕਿਹੜੀ ਹੈ?" ਢਾਬੇ ਵਾਲੇ ਦੋਸਤ ਨੇ ਢੁਕਵਾਂ ਜਵਾਬ ਦੇਣ ਦੀ ਥਾਂ ਕਿਹਾ, "ਕਿਉਂ ਤੈਨੂੰ ਜੋ ਚਾਹੀਦਾ ਹੈ ਦਸ, ਉਹੀ ਦੇ ਦਿੰਦੇ ਹਾਂ।" ਇਹੋ ਜਿਹੇ ਬੇਲੋੜੇ ਜਵਾਬ ਮਨੁੱਖ ਦੀ ਬੇਲੋੜਾ ਬੋਲਣ ਵਾਲੀ ਮਾਨਸਿਕਤਾ ਦਾ ਸਬੂਤ ਹੁੰਦੇ ਹਨ। ਘਰਾਂ ਵਿਚ ਬੱਚਿਆਂ ਨੂੰ ਝਿੜਕਦਿਆਂ ਮਾਪੇ ਕਈ ਫਜ਼ੂਲ ਧਮਕੀਆਂ ਤੇ ਡਰਾਵੇ ਦਿੰਦੇ ਹਨ ਜੋ ਬਿਲਕੁਲ ਵਾਜਬ ਨਹੀਂ ਹਨ। ਇਹ ਡਰਾਵੇ ਅਤੇ ਧਮਕੀਆਂ ਕਈ ਬੱਚਿਆਂ ਦੇ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਬੇਲੋੜੀਆਂ ਅਤੇ ਤਰਕ ਰਹਿਤ ਗੱਲਾਂ ਕਰਨ ਵਾਲੇ ਲੋਕ ਸਮਾਜ ਦੇ ਹਰ ਖੇਤਰ ਵਿਚ ਵੇਖੇ ਜਾ ਸਕਦੇ ਹਨ।

ਕਿਸੇ ਸਭਾ, ਸੁਸਾਇਟੀ, ਸੱਥਾਂ, ਦੁਕਾਨਾਂ, ਢਾਬਿਆਂ, ਧਾਰਮਿਕ ਸਥਾਨਾਂ, ਰਾਜਨੀਤਿਕ ਇਕੱਠਾਂ, ਦਰਖਤਾਂ ਹੇਠ ਬੈਠੇ ਵਿਹਲੜਾਂ ਜਾਂ ਬਜ਼ੁਰਗਾਂ ਆਦਿ ਵਿਚ ਬੇਲੋੜਾ ਬੋਲਣ ਵਾਲੇ ਅਤੇ ਗਾਲੀ ਗਲੋਚ ਕਰਨ ਵਾਲੇ ਲੋਕਾਂ ਨੂੰ ਵੇਖਿਆ ਜਾ ਸਕਦਾ ਹੈ। ਕਈ ਵੱਖ-ਵੱਖ ਪਾਰਟੀਆਂ ਦੀ ਆਲੋਚਨਾ ਕਰਦੇ ਹਨ ਅਤੇ ਕਈ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਆਦਿ ਦੀ ਇਵੇਂ ਆਲੋਚਨਾ ਕਰਦੇ ਹਨ ਜਿਵੇਂ ਉਹ ਇਹ ਪ੍ਰਭਾਵ ਦੇ ਰਹੇ ਹੁੰਦੇ ਹਨ ਕਿ ਉਨ੍ਹਾਂ ਦੀ ਰਾਜਨੀਤੀ 'ਤੇ ਨੇਤਾਵਾਂ ਨਾਲੋਂ ਵੱਧ ਪਕੜ ਹੈ ਅਤੇ ਨੇਤਾ ਉਨ੍ਹਾਂ ਨੂੰ ਪੁੱਛ ਕੇ ਕਿਉਂ ਨਹੀਂ ਚੱਲਦੇ। ਆਲੋਚਨਾ ਕਰਨਾ ਕੋਈ ਬੁਰੀ ਗੱਲ ਨਹੀਂ ਇਹ ਹਰ ਵਿਅਕਤੀ ਦਾ ਅਧਿਕਾਰ ਹੈ ਲੇਕਿਨ ਇੱਕ ਮਰਿਆਦਾ ਤੋਂ ਬਾਹਰ ਤੇ ਘਟੀਆ ਸ਼ਬਦਾਵਲੀ ਵਰਤ ਕੇ ਆਲੋਚਨਾ ਕਰਨਾ ਸ਼ੋਭਾ ਨਹੀਂ ਦਿੰਦਾ।

ਘੱਟ ਬੋਲਣ ਨਾਲ ਸਮਾਜਿਕ ਰਿਸ਼ਤੇ ਮਜ਼ਬੂਤ ਹੁੰਦੇ ਅਤੇ ਰਿਸ਼ਤਿਆਂ ਵਿਚ ਕੋਈ ਉਲਝਣ ਪੈਦਾ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਸ ਨਾਲ ਘਰ ਦੀਆਂ ਨਾਂਹ ਪੱਖੀ ਗੱਲਾਂ ਅਤੇ ਕਮੀਆਂ ਪੇਸ਼ੀਆਂ ਵੀ ਬਾਹਰ ਨਹੀਂ ਆਉਂਦੀਆਂ। ਘੱਟ ਬੋਲਣ ਨਾਲ ਸੋਚਣ ਅਤੇ ਸਮਝਣ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ ਅਤੇ ਮਨੁੱਖ ਜ਼ੁਬਾਨ ਕਰਕੇ ਪੈਦਾ ਹੋਈਆਂ ਬੇਲੋੜੀਆਂ ਪਰੇਸ਼ਾਨੀਆਂ ਤੋਂ ਬਚ ਜਾਂਦਾ ਹੈ। ਚੁੱਪ ਰਹਿ ਕੇ ਅਤੇ ਇਧਰ ਉਧਰ ਦੀਆਂ ਗੱਲਾਂ ਨਾ ਕਰਨ ਵਾਲੇ ਵਿਅਕਤੀ ਦੀ ਸਮਾਜ ਵਿਚ ਕਦਰ ਵਧ ਜਾਂਦੀ ਹੈ। ਉਂਝ ਵੀ ਇਸ ਨਾਲ ਸਾਡਾ ਦਿਮਾਗ ਸ਼ਾਂਤ ਰਹਿੰਦਾ ਹੈ ਅਤੇ ਅਸੀਂ ਆਪਣੇ ਕਰਨ ਵਾਲੇ ਕੰਮ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਾਂ। ਇਸ ਨਾਲ ਲੋਕਾਂ ਵਿਚ ਵੀ ਸਾਡਾ ਸਤਿਕਾਰ ਵਧ ਜਾਂਦਾ ਹੈ। ਚੁੱਪ ਦਾ ਆਪਣਾ ਮਹੱਤਵ ਹੈ ਲੇਕਿਨ ਜਿੱਥੇ ਫੌਰੀ ਤੌਰ 'ਤੇ ਬੋਲਣ ਦੀ ਲੋੜ ਪਵੇ ਉੱਥੇ ਸੁਚੱਜੀ ਸ਼ਬਦਾਵਲੀ ਵਿਚ ਫੌਰਨ ਬੋਲਣਾ ਚਾਹੀਦਾ ਹੈ।

# 2024 ਦੀਆਂ ਚੋਣਾਂ ਤੇ ਐੱਸ ਵਾਈ ਐੱਲ ਦਾ ਰੇੜਕਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

2024 ਦੀਆਂ ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਐਸ ਵਾਈ ਐਲ ਦਾ ਮੁੱਦਾ ਫਿਰ ਗਰਮਾਉਂਦਾ ਨਜ਼ਰ ਆ ਰਿਹਾ ਹੈ। ਏਸ ਮੁੱਦੇ 'ਤੇ ਇਕ ਵਾਰ ਫਿਰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਅਧਿਕਾਰੀ ਆਹਮੋ-ਸਾਹਮਣੇ ਬੈਠ ਕੇ ਮੀਟਿੰਗ ਕਰਨਗੇ।

ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ 28 ਦਸੰਬਰ ਨੂੰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਚੰਡੀਗੜ੍ਹ 'ਚ ਮੀਟਿੰਗ ਸੱਦੀ ਹੈ। ਚੇਤੇ ਰਹੇ ਕਿ ਇਹ ਜਾਣਕਾਰੀ ਦੇਣ ਵਾਲਾ ਹਰਿਆਣਾ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਹੈ। ਉਸਦਾ ਕਹਿਣਾ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਦੋਵਾਂ ਸੂਬਿਆਂ ਦੇ ਅਧਿਕਾਰੀ ਇਸ ਮੀਟਿੰਗ 'ਚ ਹਿੱਸਾ ਲੈਣਗੇ।

ਖੱਟੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਸ ਮੁੱਦੇ ਦੀ ਗੰਭੀਰਤਾ ਉੱਤੇ ਜ਼ੋਰ ਦਿੱਤਾ ਹੈ। ਪਹਿਲੀ ਨਵੰਬਰ 2023 ਨੂੰ ਪੰਜਾਬ ਤੇ ਹਰਿਆਣਾ ਨੂੰ ਇਕ ਦੂਜੇ ਤੋਂ ਵੱਖ ਹੋਇਆਂ ਛੇ ਦਹਾਕੇ ਹੋ ਗਏ ਹਨ ਪਰ ਪਾਣੀਆਂ ਦਾ ਮਸਲਾ ਕਿਸੇ ਕੰਢੇ ਨਹੀਂ ਲੱਗ ਰਿਹਾ। ਜਦੋਂ ਇਕ ਪੜਾਅ ਉੱਤੇ ਕੇਂਦਰ ਨੇ ਹਰਿਆਣਾ ਨੂੰ 35 ਐਮ ਏ ਐਫ ਪਾਣੀ ਅਲਾਟ ਕੀਤਾ ਤਾਂ ਇਸ ਪਾਣੀ ਨੂੰ ਲਿਆਉਣ ਲਈ ਐਸ ਵਾਈ ਐਲ ਨਹਿਰ ਬਣਾਉਣ ਦਾ ਵੀ ਫ਼ੈਸਲਾ ਕੀਤਾ ਗਿਆ। ਜਿਸਦੇ ਅਧੀਨ ਹਰਿਆਣਾ ਨੇ ਆਪਣੇ ਹਿੱਸੇ ਦੀ ਨਹਿਰ ਦਾ ਨਿਰਮਾਣ ਕਈ ਸਾਲ ਪਹਿਲਾਂ ਪੂਰਾ ਕਰ ਲਿਆ ਸੀ, ਪਰ ਪੰਜਾਬ ਨੇ ਅਜੇ ਤੱਕ ਆਪਣੇ ਹਿੱਸੇ ਦਾ ਨਿਰਮਾਣ ਨਹੀਂ ਕੀਤਾ।

ਪੰਜਾਬ ਦਾ ਮੱਤ ਹੈ ਕਿ ਉਹਦੇ ਕੋਲ ਨਾ ਹੀ ਨਹਿਰ ਦੀ ਖੁਦਾਈ ਲਈ ਫਾਲਤੂ ਜ਼ਮੀਨ ਹੈ ਤੇ ਨਾ ਹੀ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਦੀਆਂ ਬੂੰਦਾਂ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਕੌਲ ਦੀ ਅਗਵਾਈ ਵਾਲੇ ਬੈਂਚ ਨੇ 4 ਅਕਤੂਬਰ ਵਾਲੀ ਬੈਠਕ ਵਿਚ ਕੇਂਦਰ ਸਰਕਾਰ ਨੂੰ ਪੰਜਾਬ ਵਿਚਲੀ ਐੱਸ ਵਾਈ ਐਲ ਜ਼ਮੀਨ ਦਾ ਸਰਵੇਖਣ ਕਰਨ ਦੇ ਆਦੇਸ਼ ਦਿੱਤੇ ਸਨ ਤੇ ਸਿਆਸੀ ਮਾਹੌਲ ਦੀ ਵਰਤਮਾਨ ਗਰਮੀ ਉਸਦਾ ਸਿੱਟਾ ਹੈ।

ਹਰਿਆਣਾ ਦਾ ਤਾਜ਼ਾ ਉਤਸ਼ਾਹ ਮੁੱਖ ਮੰਤਰੀ ਖੱਟੜ ਦੇ ਬੋਲਾਂ ਤੋਂ ਹੀ ਪ੍ਰਤੱਖ ਹੈ; ਜਿਵੇਂ ਮੀਟਿੰਗ



ਦੀ ਮਿਤੀ ਤੇ ਸਥਾਨ ਉਸਦੀ ਸਲਾਹ ਨਾਲ ਹੀ ਨਿਸ਼ਚਿਤ ਹੋਇਆ ਹੋਵੇ। ਉਂਝ ਪੰਜਾਬ ਅਤੇ ਹਰਿਆਣਾ ਦੇ ਮੁਖ ਮੰਤਰੀਆਂ ਦੀ ਦਿੱਲੀ ਵਿਚ 18 ਅਗਸਤ, 2020 ਵਾਲੀ ਮੀਟਿੰਗ ਵੀ ਇਹ ਮਸਲਾ ਵਿਚਾਰ ਚੁੱਕੀ ਹੈ ਤੇ 4 ਜਨਵਰੀ 2023 ਨੂੰ ਹੋਈ ਚੰਡੀਗੜ੍ਹ ਵਾਲੀ ਮੀਟਿੰਗ ਵੀ।

ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਹਰਿਆਣਾ ਨੇ 1996 ਵਿਚ ਪਟੀਸ਼ਨ ਦਾਇਰ ਕੀਤੀ ਸੀ ਅਤੇ 2002 ਵਿਚ ਸੁਪਰੀਮ ਕੋਰਟ ਨੇ ਨਹਿਰ ਦੀ ਉਸਾਰੀ ਮੁਕੰਮਲ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ। ਫੇਰ ਸੁਪਰੀਮ ਕੋਰਟ ਨੇ 2004 ਵਿਚ ਕੇਂਦਰ ਨੂੰ ਕਿਹਾ ਸੀ ਕਿ ਜੇ ਪੰਜਾਬ ਨਹਿਰ ਦੀ ਉਸਾਰੀ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਉਸਾਰੀ ਦਾ ਕੰਮ ਕਰੇ। ਇਹ ਸੁਣਦੇ ਸਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਨੇ 2004 ਵਿਚ ਪਾਣੀਆਂ ਦੇ ਸਮਝੌਤੇ ਹੀ ਰੱਦ ਕਰ ਦਿੱਤੇ ਸਨ।

ਚੇਤੇ ਰਹੇ ਕਿ 1 ਨਵੰਬਰ 1966 ਵਾਲੀ ਹਰਿਆਣਾ ਪੰਜਾਬ ਦੀ ਵੰਡ ਦੀਆਂ ਜੜ੍ਹਾਂ ਅਕਾਲੀ ਪਾਰਟੀ ਵਲੋਂ ਵਿੱਢੀ ਪੰਜਾਬੀ ਸੂਬੇ ਦੀ ਮੰਗ ਵਿਚ ਹਨ। ਮੰਨਿਆ ਪੰਜਾਬੀ ਸੂਬੇ ਨੇ ਪੰਜਾਬ ਦੇ ਮੁੱਖ ਮੰਤਰੀ ਦਾ ਤਾਜ ਸਿੱਖਾਂ ਨੂੰ ਪਹਿਨਾਇਆ ਤੇ ਹਰਿਆਣਾ ਦਾ ਉਥੋਂ ਦੇ ਹਿੰਦੂ ਵਸਨੀਕਾਂ ਨੂੰ। ਇਹ ਕਿਸੇ ਨੇ ਨਹੀਂ ਸੋਚਿਆ ਕਿ 'ਧਰਤੁ ਮਹਤੁ' ਮਾਤਾ ਦੇ ਤਿੰਨ ਟੁਕੜੇ (ਹਿਮਾਚਲ, ਹਰਿਆਣਾ ਤੇ ਪੰਜਾਬ) ਹੋ ਜਾਣਗੇ ਤੇ ਪਾਣੀ ਰੂਪੀ ਪਿਤਾ ਦੀ ਭਾਲ ਲਈ ਪੰਜਾਬੀ ਪਿਆਰਿਆਂ ਨੂੰ ਸੱਤ ਸਮੁੰਦਰ ਪਾਰ ਕਰਨੇ ਪੈਣਗੇ। ਅਜਿਹੇ ਪੰਜਾਬੀ ਨੌਜਵਾਨਾਂ ਦੀ ਗਿਣਤੀ ਦਿਨ ਪਰ ਦਿਨ ਵਧ ਰਹੀ ਹੈ।

ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਕੋਈ ਕਿੰਨਾ ਵੀ ਵੱਡਾ ਮੁੱਖ ਮੰਤਰੀ ਨਾ ਬਣਿਆ ਹੋਵੇ (ਪ੍ਰਕਾਸ਼ ਸਿੰਘ ਬਾਦਲ ਸਮੇਤ), ਪ੍ਰਤਾਪ ਸਿੰਘ ਕੈਰੋਂ ਵਾਂਗ ਹਿਮਾਚਲ, ਹਰਿਆਣਾ ਤੇ ਪੰਜਾਬ ਦਾ ਹਾਕਮ ਨਹੀਂ ਹੋ ਸਕਿਆ ਤੇ ਨਾ ਹੀ ਹੋ ਸਕੇਗਾ।

**ਸੰਸਦ ਵਿਚ ਸੰਨ੍ਹ ਲਾਉਣ ਵਾਲੇ ਦੋਸ਼ੀ**

ਸੰਸਦ ਵਿਚ ਸੰਨ੍ਹ ਲਾਉਣ ਵਾਲਿਆਂ ਦੇ ਮੁੱਖ ਸਾਜ਼ਸ਼ੀ ਦੀ ਗ੍ਰਿਫਤਾਰੀ ਨਾਲ ਉਨ੍ਹਾਂ ਸਭਨਾਂ ਦੇ ਪਰਿਵਾਰਕ ਪਿਛੋਕੜ ਦਾ ਤਾਂ ਪਤਾ ਲੱਗ ਗਿਆ ਹੈ ਪਰ ਉਹਦੇ ਵਲੋਂ ਆਪਣੇ ਕੋਲ ਸੰਭਾਲੇ ਹੋਏ ਅੱਧੀ ਦਰਜਨ ਮੋਬਾਈਲ ਫੋਨਾਂ ਦੇ ਸਾੜੇ ਜਾਣ ਕਾਰਨ ਸਾਜ਼ਸ਼ੀਆਂ ਦੇ ਬਾਕੀ ਸਬੰਧੀਆਂ ਦੇ ਨਿਸ਼ਾਨ ਸਦਾ ਲਈ ਮਿਟ ਗਏ ਹਨ। ਇਹ ਵੀ ਕਿ ਉਨ੍ਹਾਂ ਦੀ ਵਿਦਿਅਕ ਯੋਗਤਾ ਇੰਜਨੀਅਰ ਤੇ ਐਮ.ਏ., ਐਮ. ਫਿਲ ਹੈ ਤੇ ਰੋਜ਼ੀ ਰੋਟੀ ਲਈ ਈ-ਰਿਕਸ਼ਾ ਵੀ ਚਲਾਉਂਦੇ ਹਨ।

ਮਹਾਰਾਸ਼ਟਰ, ਹਰਿਆਣਾ, ਕਰਨਾਟਕ ਤੇ ਉੱਤਰ ਪ੍ਰਦੇਸ਼ ਦੇ ਇਹ ਵਸਨੀਕ ਡੇਢ ਸਾਲ ਤੋਂ ਸੋਸ਼ਲ ਮੀਡੀਆ ਰਾਹੀਂ ਇੱਕ ਦੂਜੇ ਦੇ ਸੰਪਰਕ 'ਚ ਹਨ। ਜਿਨ੍ਹਾਂ ਮੁੱਦਿਆਂ 'ਤੇ ਸਰਕਾਰ ਦਾ ਇਹ ਧਿਆਨ ਦਿਵਾਉਣਾ ਚਾਹੁੰਦੇ ਹਨ, ਉਹ ਸਮੁੱਚੇ ਦੇਸ਼ ਨਾਲ ਸੰਬੰਧਿਤ ਹਨ। ਇਨ੍ਹਾਂ ਮੁੱਦਿਆਂ ਨੇ ਹੀ ਦੂਰ ਦੁਰੇਡੇ ਸੂਬਿਆਂ ਦੇ ਇਨ੍ਹਾਂ ਦੋਸ਼ੀਆਂ ਨੂੰ ਇਕ ਸੂਤਰ 'ਚ ਪਰੋਇਆ ਹੈ। ਸਪਸ਼ਟ ਹੈ ਕਿ ਪੀਲੇ ਧੂਏਂ ਤੋਂ ਪਾਰ ਬੇਰੁਜ਼ਗਾਰੀ ਦੀ ਭੰਨੀ ਭਾਰਤੀ ਨੌਜਵਾਨੀ ਹੈ, ਦਮਿਤ ਮਿਹਨਤਕਸ਼ ਜਨਤਾ ਹੈ।

ਬੇਸ਼ੱਕ ਇਨ੍ਹਾਂ ਨੌਜਵਾਨਾਂ ਦੀ ਇਸ ਕਾਰਵਾਈ ਦੀ ਕੋਈ ਵੀ ਸਿਆਸੀ ਪਾਰਟੀ ਹਮਾਇਤ ਨਹੀਂ ਕਰਦੀ, ਪਰ ਇਨ੍ਹਾਂ ਨੂੰ ਸਰਕਾਰ ਨੂੰ ਕੁੱਛ ਹਮਦਰਦੀ ਨਾਲ ਹੀ ਲੈਣਾ ਚਾਹੀਦਾ ਹੈ ਅਤੇ ਸੁਰੱਖਿਆ 'ਚ ਰਹੀ ਉਕਾਈ ਦੀ ਆਪਣੀ ਵੱਡੀ ਗਲਤੀ ਨੂੰ ਇਨ੍ਹਾਂ ਪ੍ਰਤੀ ਬਦਲੇ ਦੀ ਭਾਵਨਾ 'ਚ ਨਹੀਂ ਬਦਲਣਾ ਚਾਹੀਦਾ। ਸਰਕਾਰ ਤੋਂ ਸਪਸ਼ਟੀਕਰਨ ਮੰਗਣ ਵਾਲੇ ਇਨ੍ਹਾਂ ਨੀਤੀਵਾਨਾਂ ਨੂੰ ਮੁਅਤਲ ਕਰਨਾ ਤਾਂ ਆਪਣੇ ਕੰਨਾਂ ਨੂੰ ਉਲਟੇ ਹੱਥ ਨਾਲ ਫੜਨਾ ਹੈ ਜਿਸਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਅੱਜ ਨਹੀਂ ਤਾਂ ਕੱਲ੍ਹ।

**ਨਿੱਕੀਆਂ ਵੱਡੀਆਂ ਰਿਉੜੀਆਂ ਦੀ ਵੰਡ**

ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਭਾਜਪਾ ਦੀ ਜਿੱਤ ਚਰਚਾ ਵਿਚ ਹੈ। ਖਾਸ ਕਰਕੇ ਇਨ੍ਹਾਂ ਰਾਜਾਂ ਦੇ ਮੰਤਰੀ ਮੰਡਲ ਦਾ ਗਠਨ। ਕੌਣ ਮੰਤਰੀ ਬਣਿਆ, ਕੌਣ ਡਿਪਟੀ ਤੇ ਕੌਣ ਮੁਖੀ ਇਹ ਤਾਂ ਜੱਗ ਜ਼ਾਹਰ ਹੋ ਚੁੱਕਿਆ ਹੈ ਪਰ ਦੋ ਗੱਲਾਂ ਦਾ ਖਾਸ ਨੋਟਿਸ ਲਿਆ ਜਾ ਰਿਹਾ ਹੈ। ਡਿਪਟੀ ਮੁੱਖ ਮੰਤਰੀਆਂ ਦੀ ਗਿਣਤੀ ਤੇ ਮੰਤਰੀ ਮੰਡਲ ਵਿਚ ਰਾਸ਼ਟ੍ਰੀਆ ਸਵੈਮ ਸੇਵਕ ਸੰਘ ਦੀ ਬਹੁਲਤਾ। ਵੱਡੀ ਗੱਲ ਇਹ ਕਿ ਤਿੰਨ ਦੇ ਤਿੰਨਾ ਰਾਜਾਂ ਵਿਚ ਹਰ ਮੁੱਖ ਮੰਤਰੀ ਦੇ ਮੋਢਿਆਂ ਉੱਤੇ ਦੋ ਡਿਪਟੀ ਮੁਖੀ ਸਵਾਰ ਹਨ। ਇੱਕ ਪੇਂਡੂ ਜੱਟ ਨੇ ਇਸਨੂੰ ਰਿਉੜੀਆਂ ਦੀ ਵੰਡ ਆਖਿਆ ਹੈ ਤੇ ਇਹ ਵੀ ਕਿ ਇਸ ਵਿਚ ਮਹਿਲਾਵਾਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਨਹੀਂ ਮਿਲਿਆ।

**ਅੰਤਿਕਾ**

—ਲੋਕ ਬੋਲੀ—
ਮੇਰੀ ਰੋਂਦੀ ਨਾ ਵਰਾਈ ਕਰਤਾਰੋ
ਕੀ ਲੱਪ ਰਿਉੜੀਆਂ ਦੀ!

---

## ਵਿਅੰਗ

# ਸਿਫਤ-ਸਲਾਹ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਸਿਫਤ ਸੁਣਨਾ ਇਕ ਸੁਭਾਵਕ ਸ਼ਖਸੀ ਚਲਨ ਹੈ। ਸਿਫਤ ਸਭ ਨੂੰ ਚੰਗੀ ਲਗਦੀ ਹੈ। ਤੁਹਾਡੀ ਸ਼ਖਸੀਅਤ ਵਿਚ ਕੁਝ ਸਿਫਤਯੋਗ ਹੋਏਗਾ ਤਾਂ ਹੀ ਕੋਈ ਤੁਹਾਡੀ ਸਿਫਤ ਕਰੇਗਾ। ਜਾਂ ਫਿਰ ਤੁਸੀਂ ਕੁਝ ਸਲਾਹੁਣਯੋਗ ਕੀਤਾ ਹੋਵੇਗਾ ਤਾਂ ਕੋਈ ਤੁਹਾਡੀ ਸਿਫਤ ਕਰੇਗਾ।

ਬਿਨਾਂ ਕੁਝ ਸਿਫਤਯੋਗ ਕੀਤਿਆਂ ਕੀਤੀ ਜਾਣ ਵਾਲੀ ਸਿਫਤ ਅਣ-ਅਧਿਕਾਰਤ ਵਰਤਾਰਾ ਹੈ। ਇਸ ਦੀ ਇੱਛਾ ਵੀ ਨਹੀਂ ਕਰਨੀ ਚਾਹੀਦੀ। ਅਜਿਹਾ ਕਰਨਾ ਮੂਰਖਤਾਈ ਹੈ-"ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ"॥ ਅੰਗ 1246 (ਭਾਵ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਬਿਨਾਂ ਕਿਸੇ ਗੁਣ ਦੇ ਮਾਣ ਕਰਨਾ ਸਿਰੇ ਦੀ ਮੂਰਖਤਾਈ ਹੈ, ਖੋਤਾਗੀਰੀ ਹੈ!)

ਇਹ ਬਸ ਚਮਚਾਗੀਰੀ ਹੁੰਦੀ ਹੈ। ਇਸ ਪਿੱਛੇ ਚਮਚੇ/ਚਮਚਿਆਂ ਦਾ ਮੁਫਾਦ ਹੁੰਦੈ। ਆਮ ਤੌਰ 'ਤੇ ਚਮਚਾ-ਪ੍ਰਜਾਤੀ ਸਿਆਸੀ ਲੋਕਾਂ ਦੇ ਇਰਦ ਗਿਰਦ ਮੱਖੀਆਂ ਵਾਂਗ ਭਿਣ ਭਿਣਾਉਂਦੀ ਰਹਿੰਦੀ ਹੈ। ਸੱਤਾਧਾਰੀਆਂ ਦੀ ਤਾਂ ਇਹ ਪਰਿਕਰਮਾ ਹੀ ਕਰਦੀ ਰਹਿੰਦੀ ਹੈ, ਕਿਉਂਕਿ ਇਸ ਦਾ ਸੁਨਹਿਰੀ ਸਿਧਾਂਤ ਹੁੰਦੈ-ਜਿੱਥੇ ਦੇਖਾਂ ਤਵਾ ਪਰਾਤ, ਉਥੇ ਗਾਵਾਂ ਸਾਰੀ ਰਾਤ! ਆਖਿਰ ਜਿਥੋਂ ਬੁਰਕੀ/ਬੋਟੀ ਮਿਲੂ, ਪੂਛਲ ਵੀ ਤਾਂ ਓਥੇ ਹੀ ਹਿਲੂ। ਖਰ ਵੀ ਬਹੁਤ ਹਨ ਅਤੇ ਉੱਲੂ ਵੀ। ਬਲਕਿ 'ਹਰ ਸ਼ਾਖ ਪੇ ਉੱਲੂ ਬੈਠਾ ਹੈ, ਅੰਜ਼ਾਮ-ਏ-ਗੁਲਿਸਤਾਂ ਕਯਾ ਹੋਗਾ"।

ਸਿਫਤ ਤਾਂ ਜਾਨਵਰਾਂ, ਖਾਸ ਕਰਕੇ ਪਾਲਤੂਆਂ ਨੂੰ ਵੀ ਚੰਗੀ ਲਗਦੀ ਹੈ, ਫਿਰ ਬੰਦਾ ਭਲਾ ਕਿਸ ਖੇਤ ਦੀ ਮੂਲੀ ਹੈ। ਤੁਸੀਂ ਆਪਣੇ ਪਾਲਤੂ ਕੁੱਤੇ ਨੂੰ ਘੂਰੋ ਜਾਂ ਪੁਚਕਾਰੋ ਤਾਂ ਉਹ ਝੱਟ ਸਮਝ ਜਾਂਦੈ। ਤੁਸੀਂ ਕਹੋਗੇ ਕਿ ਇਹ ਦੋਵੇਂ ਕਾਰਜ ਤਾਂ ਬੜੇ ਦ੍ਰਿਸ਼ਟਮਾਨ ਹਨ ਜੋ ਸਮਝਣ ਵਿਚ ਆਸਾਨ ਹੁੰਦੇ ਹਨ। ਪਰ ਤੁਸੀਂ ਸਹਿਜ ਜਿਹੇ ਢੰਗ ਦੀ ਸਿਫਤ ਕਰੋ ਤਾਂ ਵੀ ਤੁਹਾਡਾ ਪਾਲਤੂ ਸਮਝ ਜਾਵੇਗਾ। ਮੈਂ ਇਹ ਅਬਜ਼ਰਵ ਕੀਤੈ ਕਿ ਪਾਲਤੂ ਜੀਵ, ਖਾਸ ਕਰਕੇ ਕੁੱਤੇ, ਮਾਲਕ ਦਾ ਮੂਡ ਭਾਂਪ ਲੈਂਦੇ ਹਨ। ਸਾਡਾ ਬਰਿੰਡਲ ਬਾਕਸਰ, ਜੋ ਉਂਜ ਬੜਾ ਆਕਰਮਕ ਨਸਲ ਦਾ ਕੁੱਤਾ ਹੈ, ਓਨੀਂ ਦੇਰ ਆਪਣੀ ਫੀਡ ਨਹੀਂ ਖਾਂਦਾ ਜਿੰਨੀ ਦੇਰ ਮਾਲਕਣ ਉਸ ਨੂੰ 'ਗੁੱਡ ਬੋਇ' (ਚੰਗਾ ਮੁੰਡਾ/ਪੁੱਤਰ) ਨਹੀਂ ਕਹਿੰਦੀ! (ਅਸੀਂ ਇਹ ਸੋਚ ਸੋਚ ਝੂਰਦੇ ਰਹਿੰਦੇ ਹਾਂ ਕਿ ਸਾਡੇ ਨਾਲੋਂ ਤਾਂ ਸਾਡਾ 'ਸੁਲਤਾਨ ਸਰ' ਹੀ ਚੰਗੈ ਜਿਸ ਨੂੰ ਸਨਮਾਨਜਨਕ ਵਿਸ਼ੇਸ਼ਣ ਤੋਂ ਇਲਾਵਾ ਬਿਨ ਮੰਗੇ ਐਨਾਂ ਪਿਆਰ-ਦੁਲਾਰ ਮਿਲਦੈ! ਵਾਕਿਆ ਈ 'ਬਿਨ ਮਾਂਗੇ ਮੋਤੀ ਮਿਲੇ ਮਾਂਗੇ ਮਿਲੇ ਨਾਂ ਭੀਖ!)

ਸਿਫਤ ਕਰਨ ਜਾਂ ਕਰਵਾਉਣ ਦੇ 3 ਤਰੀਕੇ ਹੁੰਦੇ ਹਨ। ਪਹਿਲਾ, ਕੋਈ ਦੂਸਰਾ ਤੁਹਾਡੀ ਸਿਫਤ ਕਰੇ। ਇਹ ਸਭ ਤੋਂ ਉੱਤਮ ਕਿਸਮ ਦੀ ਸਿਫਤ ਹੁੰਦੀ ਹੈ। ਸਿਫਤਯਾਫਤਾ ਸੱਜਣ ਸਨਿਮਰ ਹੋ ਇਸ ਦਾ ਪਾਤਰ ਹੁੰਦਿਆਂ-ਸੁੰਦਿਆਂ ਵੀ ਇਸ ਨੂੰ ਸੁਣਨ-ਮੰਨਣ ਤੋਂ ਗੁਰੇਜ਼ ਕਰਦੈ। ਕਿਉਂਕਿ 'ਸਿਫਤ ਉਸ ਖੁਦਾ ਕੀ ਜਿਸ ਨੇ ਜਹਾਂ ਬਨਾਇਆ'! ਨਾਸ਼ਵਾਨ ਬੰਦੇ ਦੀ ਭਲਾ ਕਾਹਦੀ ਸਿਫਤ?



ਦੂਸਰਾ ਤਰੀਕਾ ਹੈ ਕਿ ਕੋਈ ਦੂਸਰਾ ਤੁਹਾਡੀ ਸਿਫਤ ਨਾ ਕਰੇ ਜਾਂ ਤੁਹਾਡੀਆਂ ਸਿਰ ਉੱਪਰ ਲੱਦੀਆਂ ਸਿਫਤਯੋਗ ਪੰਡਾਂ ਉਸ ਨੂੰ ਨਾ ਦਿਸਣ ਤਾਂ ਫਿਰ ਆਪਣੀ ਸਿਫਤ ਦੀਆਂ ਆਪ ਹੀ ਪੰਡਾਂ ਬੰਨੋ! ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਣੋ! ਗੁਣਾਂ ਦੀ ਗੁਥਲੀ ਵਜੋਂ ਪੇਸ਼ ਆਓ! ਬੇਸ਼ਕ ਇੱਲ੍ਹ ਦਾ ਨਾਂ ਕੋਕੋ ਨਾ ਆਉਂਦਾ ਹੋਵੇ ਪਰ ਤੁਸੀਂ ਸੁਕਰਾਤ, ਅਰਸਤੂ, ਅਫਲਾਤੂਨ, ਸ਼ੇਕਸਪੀਅਰ ਦੇ ਵੀ ਬਾਪ ਵਜੋਂ ਪੇਸ਼ ਆਓ। ਬੱਸ ਜਾਂ ਰੱਬ ਤੇ ਜਾਂ ਤੁਸੀਂ! ਲਓ ਤੁਹਾਡੇ ਸਾਹਮਣੇ ਰੱਬ ਵੀ ਕੀ ਸ਼ੈਅ ਹੈ? ਰੱਬ ਦਾ ਕੀ ਬਣੂੰ ਜੇ ਮੰਨਣ ਵਾਲੇ ਹੀ ਨਾ ਹੋਏ?" ਮੇਰਾ ਸ਼ੁਕਰ ਕਰ ਖੁਦਾਇਆ, ਤੁਝੇ ਮੈਂ ਖੁਦਾ ਬਨਾਇਆ/ਤੁਝੇ ਕੌਨ ਪੂਜਤਾ ਥਾ ਮੇਰੀ ਬੰਦਗੀ ਸੇ ਪਹਿਲੇ"!

ਹਾਂ, ਕਿਧਰੇ ਤੁਹਾਡੀ ਗੱਪ ਜਾਂ ਗਪੌੜ ਦਾ ਭਾਂਡਾ ਭਰੇ ਚੌਰਾਹੇ ਵਿਚ ਨਾ ਭੱਜ ਜਾਵੇ, ਇਸ ਲਈ ਇਹ ਜ਼ਰੂਰ ਯਾਦ ਰੱਖਣਾ ਕਿ ਇਹ ਸਾਰੇ ਸਦੀਆਂ ਪਹਿਲਾਂ ਹੋ ਗੁਜ਼ਰੇ ਹਨ। ਐਵੇਂ ਨਾ ਕਹਿ ਬੈਠਿਓ ਕਿ 'ਕਵੀ ਦਰਬਾਰ' ਵਿਚ ਸ਼ੇਕਸਪੀਅਰ ਵੀ ਹਾਜ਼ਰੀ ਭਰਨਗੇ!

ਤੀਸਰਾ ਤਰੀਕਾ ਹੈ ਕਿ ਦੂਸਰੇ ਸਾਹਮਣੇ ਆਪਣੀ ਰੱਜ ਕੇ ਨਿੰਦਿਆ/ਬਦਖੋਹੀ ਕਰਨ ਲੱਗ ਪਓ। ਅਗਲਾ ਹਮਦਰਦੀ ਵਸ ਹੀ ਤੁਹਾਡੀ ਸਿਫਤ ਕਰਨ ਲੱਗ ਪਵੇਗਾ। ਇਹ ਫਾਰਮੂਲਾ ਓਥੇ ਬਹੁਤ ਸਫਲ ਹੁੰਦੈ ਜਿਥੇ ਕਿਸੇ ਕਿਸਮ ਦੇ ਹੁਨਰ ਹੋਣ ਦੀ ਗੱਲ ਹੋਵੇ। ਤੁਸੀਂ ਉਸ ਹੁਨਰ ਨੂੰ ਥੋੜਾ ਬਹੁਤ ਜਾਣਦੇ ਹੋ ਪਰ ਫਿਰ ਵੀ ਦੂਸਰੇ ਅੱਗੇ ਕਹੋ ਕਿ ਤੁਸੀਂ ਕੱਖ ਨਹੀਂ ਜਾਣਦੇ। ਮੇਰੀ ਇਹ ਗਰੰਟੀ ਸਮਝੋ ਕਿ ਅਗਲਾ ਤੁਹਾਡੀ ਪ੍ਰਸ਼ੰਸਾ ਦੇ ਪੁਲ ਬੰਨ੍ਹਣ ਲੱਗ ਪਵੇਗਾ (ਪਰ ਮੇਰੀ ਇਹ ਗਰੰਟੀ ਸਿਆਸੀ ਘਾਗਾਂ ਵਾਲੀ ਗਰੰਟੀ ਬਿਲਕੁਲ ਨਹੀਂ ਜਿਹੜੀ ਸਿਰਫ ਚੋਣਾਂ ਵੇਲੇ ਵੋਟਾਂ ਬਟੋਰਨ ਲਈ ਦਿੱਤੀ ਜਾਂਦੀ ਹੈ। ਇਹ ਗਰੰਟੀ ਤਾਂ ਬਸ ਉਸ ਇਕੋ ਇਕ ਗਰੰਟੀ ਵਰਗੀ ਹੈ ਜਿਸ ਦਾ ਜਨਮ ਹੁਣੇ ਜਿਹੇ ਹੀ ਹੋਇਆ ਹੈ!)।

ਪਰ ਕਈ ਵਾਰ ਕੋਈ ਤੁਹਾਡੀ ਸਿਫਤ ਇਸ ਤਰ੍ਹਾਂ ਕਰਦੈ ਕਿ ਤੁਹਾਡਾ ਸਤਿਆਨਾਸ ਹੀ ਕਰ ਮਾਰਦੈ। 1975 ਦੀ ਹਿੰਦੀ ਫਿਲਮ ਸ਼ੋਲੇ ਵਿਚ ਜੈ (ਅਮਿਤਾਭ ਬਚਨ) ਜਦ ਆਪਣੇ ਦੋਸਤ ਵੀਰੂ (ਧਰਮਿੰਦਰ) ਦਾ ਬਸੰਤੀ (ਹੇਮਾ ਮਾਲਿਨੀ) ਲਈ ਉਸ ਦੀ ਮਾਸੀ ਕੋਲੋਂ ਰਿਸ਼ਤਾ ਮੰਗਣ ਜਾਂਦੈ ਤਾਂ ਆਪਣੇ ਦੋਸਤ ਨੂੰ ਅੱਛਾ, ਨੇਕ ਲੜਕਾ, ਸਿੱਧਾ ਤੇ ਭੋਲਾ ਦਸਦਿਆਂ ਉਸ ਦੀਆਂ ਸਿਫਤਾਂ ਦੇ ਐਸੇ ਪੁਲ ਬੰਨਦੈ ਕਿ ਰਹੇ ਰੱਬ ਦਾ ਨਾਮ। ਬੜੀ ਹੀ ਸਨਿਮਰਤਾ ਨਾਲ ਉਹ ਵੀਰੂ ਦੇ ਜੁਆਰੀ, ਸ਼ਰਾਬੀ, ਲਫੰਡਰ ਤੇ ਆਵਾਰਾ ਹੋਣ ਦੇ 'ਗੁਣ' ਐਦਾਂ ਬਿਆਨ ਕਰਦੈ ਕਿ 'ਮੌਸੀ' ਰਿਸ਼ਤੇ ਨੂੰ ਸਿਰਿਉਂ ਹੀ ਰੱਦ ਕਰ ਦਿੰਦੀ ਹੈ।

ਚਲੋ ਇਹ ਤਾਂ ਬੌਲੀਵੁੱਡ ਦਾ ਫਿਲਮੀ ਵਿਅੰਗ ਹੋਇਆ। ਜੀਵਨ ਵਿਚ ਵੀ ਕਈ ਵਾਰ ਐਸੇ ਸਿਫਤੀਏ ਮਿਲ ਜਾਂਦੇ ਹਨ ਕਿ ਬੰਦਾ ਮਿਰਜ਼ਾ ਗਾਲਿਬ ਵਾਂਗ ਪੁਕਾਰ ਉਠਦੈ-'ਯੇ ਫਿਤਨਾ ਆਦਮੀ ਕੀ ਖਾਨਾ-ਵੀਰਾਨੀ ਕੋ ਕਯਾ ਕਮ ਹੈ,/ ਹੂਏ ਤੁਮ ਦੋਸਤ ਜਿਸ ਕੇ ਦੁਸ਼ਮਨ ਉਸ ਕਾ ਆਸਮਾਂ ਕਿਊਂ ਹੋ'?

ਇਕ ਮਿੱਤਰ ਨੌਕਰੀ ਲਗਾ। ਬੜਾ ਪਤਲਾ-ਪਤੰਗ, ਸਰੀਰ ਜਿੰਮ ਜਾ ਕੇ ਸਲਿਮ ਤੇ ਨਰੋਆ ਬਣਾਇਆ। ਉਸ ਨੂੰ ਦੇਖਦੇ ਸਾਰ ਇਕ ਸੀਨੀਅਰ ਬਾਬੂ ਉਸ ਦੀ ਸਿਫਤ ਕਰਦਾ ਬੋਲਿਆ, "ਤੁਹਾਡੇ ਤੋਂ ਪਹਿਲਾਂ ਜੋ ਤੁਹਾਡੀ ਥਾਂ ਕੰਮ ਕਰਦਾ ਸੀ ਉਹ ਤੁਹਾਡੇ ਨਾਲੋਂ ਵੀ ਸੁੱਕਾ ਸੀ, ਬਸ ਸੜਿਆ ਹੀ ਸਮਝੋ, ਸੜ-ਸੁੱਕ ਕੇ ਇਵੇਂ ਤੀਲਾ ਹੋਇਆ ਜਿਵੇਂ ਰੋਟੀ-ਪਾਣੀ ਲੱਗੇ ਡੰਗ ਹੀ ਜੁੜਦਾ ਹੋਵੇ"! ਸਾਡਾ ਮਿੱਤਰ ਆਪਣੀ ਇਹ ਸਿਫਤ ਸੁਣ ਕੇ ਨਿੰਮੋਝੂਣਾ ਜਿਹਾ ਹੋ ਕੇ ਫੁਸਫੁਸਾਇਆ-'ਦਿਲ ਅਭੀ ਪੂਰੀ ਤਰਹ ਟੂਟਾ ਨਹੀਂ,/ਦੋਸਤੋਂ ਕੀ ਮਿਹਰਬਾਨੀ ਚਾਹੀਏ'!

ਮਹਾਨਕੋਸ਼ ਅਨੁਸਾਰ ਸਿਫਤ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ- ਗੁਣ, ਲੱਛਣ, ਤਅਰੀਫ। ਇਸ ਦੇ ਹੋਰ ਵੱਖ ਵੱਖ ਰੂਪਾਂ ਦਾ ਜ਼ਿਕਰ ਵੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਟੂਕਾਂ ਰਾਹੀਂ ਦ੍ਰਿਸ਼ਟਾਂਤ ਵੀ ਦਿੱਤੇ ਗਏ ਹਨ।

ਜਿਵੇਂ ਸਿਫਤਿ/ਸਿਫਤੀ ਨੂੰ ਉਸਤਤਿ ਬਿਆਨਦਿਆਂ ਕਿਹਾ ਗਿਐ-"ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ"॥(ਅੰਗ 1329)।

ਇਸ ਦਾ ਅਰਥ ਸ਼ਲਾਘਾਯੋਗ ਅਤੇ ਕਰਤਾਰ ਵੀ ਕੀਤਾ ਗਿਐ-"ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ"॥(ਅੰਗ 514)।

'ਸਿਫਤ ਦੁਆਰਾ ਜਾਂ ਸਿਫਤ ਤੋਂ' ਦੇ ਅਰਥ ਇਸ ਟੂਕ ਨਾਲ ਕੀਤੇ ਗਏ ਹਨ-"ਸਿਫਤੀ ਗੰਢੁ ਪਵੈ ਦਰਬਾਰਿ"॥ (ਅੰਗ 143)। 'ਸਿਫਤਾਂ ਨਾਲ ਤੇ ਸਿਫਤਾਂ ਦਾ' ਦੀ ਵਿਆਖਿਆ ਇਨ੍ਹਾਂ ਟੂਕਾਂ ਰਾਹੀਂ ਕੀਤੀ ਗਈ ਹੈ-"ਸਿਫਤੀ ਭਰੇ ਤੇਰੇ ਭੰਡਾਰਾ"॥(ਅੰਗ 349) ਅਤੇ "ਅੰਤੁ ਨ ਸਿਫਤੀ ਕਹਣਿ ਨ ਅੰਤੁ"॥(ਅੰਗ 5)।

ਕੁਝ ਹੋਰ ਟੂਕਾਂ, ਜਿਨ੍ਹਾਂ ਵਿਚ ਸਲਾਹ/ ਸਲਾਹੁਣ ਦੀ ਗੱਲ ਵੀ ਕੀਤੀ ਗਈ ਹੈ, ਪੇਸ਼ ਹਨ-

"ਸਿਫਤਿ ਸਲਾਹਣੁ ਸਹਜ ਅਨੰਦ"॥(ਅੰਗ 352);"ਸਲਾਹੀ ਸਾਲਾਹਣਾ ਭੀ ਸਚਾ ਸਾਲਾਹਿ"॥ (ਅੰਗ 1413);" ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ"॥ਅੰਗ (310)।

ਪ੍ਰਸ਼ੰਸਾ ਪ੍ਰਾਕਿਰਤਕ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਵੀ ਸਿਫਤ ਵਾਲਾ ਹੀ ਹੈ।

ਸਿਫਤ ਨੂੰ ਅੰਗਰੇਜ਼ੀ ਵਿਚ 'ਪਰੇਜ਼' ਕਹਿੰਦੇ ਹਨ ਜੋ ਪੁਰਾਤਨ ਫਰਾਂਸਿਸੀ ਦੇ 'ਪਰੇਜ਼ੀਅਰ', ਲੇਟ ਲਾਤੀਨੀ ਦੇ 'ਪਰੈਟੀਅਰ'(ਬਹੁਤਾ ਸਤਿਕਾਰ ਕਰਨਾ) ਅਤੇ ਲੈਟਿਨ ਦੇ 'ਪਰੇਟੀਅਮ' (ਭਾਵ ਪਰਾਈਜ਼, ਇਨਾਮ) ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ ਤਕ ਪੁੱਜਾ।

ਪੰਜਾਬੀ ਦੇ ਮਹਾਨ ਕਵੀ ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦੀ ਪ੍ਰਸ਼ੰਸਾ ਕਰਦਿਆਂ ਲਿਖਿਐ-"ਐ ਪੰਜਾਬ ਕਰਾਂ ਕੀ ਸਿਫਤ ਤੇਰੀ/ ਸ਼ਾਨਾਂ ਦੇ ਸਭ ਸਾਮਾਨ ਤੇਰੇ/ ਜਲ ਪੌਣ ਤੇਰਾ ਹਰਿਔਲ ਤੇਰੀ/ ਦਰਿਆ,ਪਰਬਤ,ਮੈਦਾਨ ਤੇਰੇ…"।

1964 ਦੀ ਹਿੰਦੀ ਫਿਲਮ 'ਕਸ਼ਮੀਰ ਕੀ ਕਲੀ' ਵਿਚ ਵੀ ਗੀਤ ਦੀ ਇਸ ਲਾਈਨ ਨੂੰ ਬੜਾ ਘਰੋੜ ਕੇ ਉੱਚੀ ਸੁਰ ਵਿਚ ਗਾਇਆ ਗਿਐ-"ਤਾਰੀਫ ਕਰੂੰ ਕਯਾ ਉਸ ਕੀ ਜਿਸ ਨੇ ਤੁਮਹੇ ਬਨਾਇਆ"।

ਚਲੋ ਆਪਾਂ ਕਿਸੇ ਦੀ ਤਾਰੀਫ/ਸਿਫਤ 'ਚੋਂ ਕੀ ਲੈਣੈਂ, ਸਮਝੋ ਤਾਂ ਸਭ ਸਿਫਤਯੋਗ ਹੈ, ਨਾ ਸਮਝੋ ਤਾਂ ਕੁਝ ਵੀ ਸਿਫਤਯੋਗ ਨਹੀਂ। ਜ਼ਿੰਦਗੀ ਵਿਚ ਰੰਗ-ਰਸ ਵੀ ਹਨ, ਝਗੜੇ-ਝੇੜੇ ਵੀ ਹਨ। ਇਨ੍ਹਾਂ ਖੱਟੇ-ਮਿੱਠੇ ਤਜਰਬਿਆਂ ਦਾ ਨਾਮ ਹੀ ਜ਼ਿੰਦਗੀ ਹੈ।

ਉਂਝ-

"ਜ਼ਿੰਦਗੀ ਜ਼ਿੰਦਾ ਦਿਲੀ ਕਾ ਨਾਮ ਹੈ,
ਮੁਰਦਾ ਦਿਲ ਕਯਾ ਖਾਕ ਜੀਆ ਕਰਤੇ ਹੈਂ?"



ਫਿਲਮ 'ਜੋਰਮ' ਵਿਚ ਅਦਾਕਾਰ ਮਨੋਜ ਬਾਜਪਾਈ।

# ਜੋਰਮ ਦਾ ਜ਼ੋਰ

ਉਘੇ ਅਦਾਕਾਰ ਮਨੋਜ ਬਾਜਪਾਈ ਦੀ ਫਿਲਮ 'ਜੋਰਮ' ਦੀ ਭਾਵੇਂ ਓਨੀ ਚਰਚਾ ਨਹੀਂ ਹੋਈ ਜਿੰਨੀ ਹੋਣੀ ਚਾਹੀਦੀ ਸੀ ਪਰ ਇਸ ਫਿਲਮ ਨੇ ਸੰਜੀਦਾ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਇਹ ਫਿਲਮ ਫਿਲਮਸਾਜ਼ ਦੇਵਾਸ਼ਿਸ਼ ਮਖੀਜਾ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਇਸ ਵਿਚ ਮਨੋਜ ਬਾਜਪਾਈ ਤੋਂ ਇਲਾਵਾ ਤਨੀਸ਼ਠਾ ਚੈਟਰਜੀ, ਸਮਿਤਾ ਤਾਂਬੇ, ਮੁਹੰਮਦ ਜ਼ੀਸ਼ਾਨ ਅਯੂਬ, ਮੇਘਾ ਮਾਥੁਰ, ਰਾਜਸ਼੍ਰੀ ਦੇਸ਼ਪਾਂਡੇ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹ ਫਿਲਮ ਪਹਿਲਾਂ ਵੱਖ-ਵੱਖ ਫਿਲਮ ਮੇਲੇ ਵਿਚ ਪਹਿਲੀ ਫਰਵਰੀ 2023 ਤੋਂ ਲੈ ਕੇ ਦਿਖਾਈ ਗਈ ਸੀ। ਉਦੋਂ ਇਸ ਫਿਲਮ ਦੀ ਚਰਚਾ ਵੀ ਹੋਈ ਪਰ ਇਹ ਫਿਲਮ ਜਦੋਂ 8 ਦਸੰਬਰ 2023 ਨੂੰ ਸਿਨਮਿਆਂ ਵਿਚ ਰਿਲੀਜ਼ ਹੋਈ ਤਾਂ ਇਸ ਦੇ ਰਿਵਿਊ ਤਾਂ ਬਥੇਰੇ ਚੰਗੇ ਹੋਏ ਪਰ ਇਹ ਫਿਲਮ ਆਸ ਮੁਤਾਬਿਕ ਕਮਾਈ ਨਹੀਂ ਕਰ ਸਕੀ।

ਫਿਲਮ 'ਜੋਰਮ' ਬਾਪ ਅਤੇ ਧੀ ਦੀ ਕਹਾਣੀ ਹੈ। ਨਿਜ਼ਾਮ ਇਨ੍ਹਾਂ ਨੂੰ ਖਾ ਜਾਣਾ ਚਾਹੁੰਦਾ ਹੈ ਪਰ ਬੰਦਾ ਹੈ ਕਿ ਹਾਰ ਮੰਨਣ ਲਈ ਤਿਆਰ ਨਹੀਂ, ਉਹ ਹਾਲਾਤ ਨਾਲ ਲਗਾਤਾਰ ਜੂਝਦਾ ਹੈ। ਫਿਲਮ ਵਿਚ ਜੰਗਲਾਂ ਦੀ ਅੰਧਾਧੁੰਦ ਕਟਾਈ, ਅੰਨ੍ਹੇ ਲਾਲਚ ਅਤੇ ਬਗਾਵਤ ਨੂੰ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਵਿਚ ਮਨੋਜ ਬਾਜਪਾਈ ਨੇ ਜੋ ਕਿਰਦਾਰ ਨਿਭਾਇਆ ਹੈ, ਉਸ ਵਿਚ ਜਾਨ ਪਾ ਦਿੱਤੀ ਹੈ।

# ਤਨੂਜਾ: ਬੀਤੇ ਵੇਲਿਆਂ ਦੀ ਬਾਤਾਂ

ਬੀਤੇ ਵੇਲਿਆਂ ਦੀ ਉਘੀ ਅਦਾਕਾਰਾ ਅਤੇ ਅਦਾਕਾਰਾ ਕਾਜੋਲ ਦੀ ਮਾਂ ਤਨੂਜਾ ਨੂੰ ਪਿਛਲੇ ਦਿਨੀਂ ਹਸਪਤਾਲ ਦਾਖਲ ਕਰਵਾਉਣਾ ਪੈ ਗਿਆ। ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਇਸ ਦੌਰਾਨ ਉਸ ਬਾਰੇ ਫਿਲਮੀ ਚਰਚਾ ਇਕ

**ਜਗਜੀਤ ਸੇਖੋਂ**

ਵਾਰ ਫਿਰ ਛਿੜ ਪਈ।

ਤਨੂਜਾ ਦਾ ਪੂਰਾ ਨਾਂ ਤਨੂਜਾ ਸਮਰਥ ਹੈ ਅਤੇ ਉਹ ਮਸ਼ਹੂਰ ਅਦਾਕਾਰਾ ਸ਼ੋਭਨਾ ਸਮਰਥ ਅਤੇ ਉਘੇ ਨਿਰਮਾਤਾ ਕੁਮਾਰ ਸੇਨ ਸਮਰਥ ਦੀ ਧੀ ਹੈ। ਉਸ ਦੀ ਵੱਡੀ ਭੈਣ ਨੂਤਨ ਵੀ ਫਿਲਮੀ ਦੁਨੀਆ ਦੀ ਮਸ਼ਹੂਰ ਹਸਤੀ ਰਹੀ ਹੈ। ਤਨੂਜਾ ਦੀ ਦਾਦੀ ਰਤਨ ਬਾਈ ਵੀ ਅਦਾਕਾਰਾ ਸੀ। ਤਨੂਜਾ ਦੀ ਦੋਨੋਂ ਧੀਆਂ ਕਾਜੋਲ ਅਤੇ ਤਨੀਸ਼ਾ ਵੀ ਫਿਲਮਾਂ ਵਿਚ ਕੰਮ ਕਰਦੀਆਂ ਹਨ। ਕਾਜੋਲ ਨੂੰ ਤਾਂ ਫਿਲਮੀ ਦੁਨੀਆ ਵਿਚ ਬਹੁਤ ਸਫਲਤਾ ਮਿਲੀ ਪਰ ਤਨੀਸ਼ਾ ਨੂੰ ਓਨੀ ਸਫਲਤਾ ਨਹੀਂ ਮਿਲ ਸਕੀ।

ਤਨੂਜਾ ਨੇ ਬੰਗਲਾ ਅਤੇ ਹਿੰਦੀ ਫਿਲਮਾਂ ਵਿਚ ਬੜੇ ਯਾਦਗਾਰੀ ਕਿਰਦਾਰ ਨਿਭਾਏ ਹਨ। ਉਸ ਦੀਆਂ ਚਰਚਿਤ ਫਿਲਮਾਂ ਵਿਚ 'ਮੇਮ ਦੀਦੀ', 'ਚਾਂਦ ਔਰ ਸੂਰਜ', 'ਬਹਾਰੇਂ ਫਿਰ ਭੀ ਆਏਂਗੀ', 'ਜਿਊਲ ਥੀਫ', 'ਨਈ ਰੌਸ਼ਨੀ', 'ਜੀਨੇ ਕੀ ਰਾਹ', 'ਰਾਜਕੁਮਾਰੀ', 'ਹਾਥੀ ਮੇਰੇ ਸਾਥੀ', 'ਅਨੁਭਵ', 'ਮੇਰੇ ਜੀਵਨ ਸਾਥੀ', 'ਦੋ ਚੋਰ' ਆਦਿ ਸ਼ਾਮਿਲ ਹਨ। ਫਿਲਮੀ ਦੁਨੀਆ ਵਿਚ ਉਸ ਦੀ ਜੋੜੀ ਅਦਾਕਾਰ ਸੰਜੀਵ ਕੁਮਾਰ, ਰਾਜੇਸ਼ ਖੰਨਾ, ਧਰਮਿੰਦਰ ਅਤੇ ਉਤਮ ਕੁਮਾਰ ਨਾਲ ਖੂਬ ਜੰਮੀ ਅਤੇ ਇਨ੍ਹਾਂ ਅਦਾਕਾਰਾਂ ਨਾਲ ਤਨੂਜਾ ਨੇ ਕਈ ਫਿਲਮਾਂ ਕੀਤੀਆਂ।

ਤਨੂਜਾ ਦਾ ਜਨਮ 23 ਸਤੰਬਰ 1943 ਦਾ ਹੈ ਅਤੇ ਹੁਣ ਉਹ 80 ਵਰ੍ਹਿਆਂ ਦੀ ਹੋ ਗਈ ਹੈ। 1973 ਵਿਚ ਉਸ ਦਾ ਵਿਆਹ ਸ਼ੋਮੂ ਮੁਖਰਜੀ ਨਾਲ ਹੋਇਆ। ਸ਼ੋਮੂ ਮੁਖਰਜੀ ਡਾਇਰੈਕਟਰ, ਲੇਖਕ ਅਤੇ ਨਿਰਮਾਤਾ ਸੀ। ਉਸ ਨੇ ਬਤੌਰ ਨਿਰਦੇਸ਼ਕ 'ਨੰਨ੍ਹਾ ਸ਼ਿਕਾਰੀ', 'ਫਿਫਟੀ ਫਿਫਟੀ', 'ਲਵਰ ਬੁਆਏ', 'ਪੱਥਰ ਕੇ ਇਨਸਾਨ' ਅਤੇ 'ਸੰਗਦਿਲ' ਵਰਗੀਆਂ ਫਿਲਮਾਂ ਬਣਾਈਆਂ। ਉਸ ਨੇ ਦੋ ਫਿਲਮਾਂ ਪ੍ਰੋਡਿਊਸ ਵੀ ਕੀਤੀਆਂ ਜਿਨ੍ਹਾਂ ਦੇ ਨਾਂ ਹਨ: 'ਏਕ ਬਾਰ ਮੁਸਕਰਾ ਦੋ' ਅਤੇ 'ਛੈਲਾ ਬਾਬੂ'। ਇਹ ਦੋਵੇਂ ਫਿਲਮਾਂ ਉਸ ਨੇ ਖੁਦ ਲਿਖੀਆਂ ਸਨ। 10 ਅਪਰੈਲ 2008 ਨੂੰ ਮੁੰਬਈ ਵਿਚ ਉਸ ਦਾ ਦੇਹਾਂਤ ਹੋ ਗਿਆ।

ਤਨੂਜਾ ਨੇ ਆਪਣਾ ਫਿਲਮੀ ਕਰੀਅਰ 1950 ਵਿਚ ਫਿਲਮ 'ਹਮਾਰੀ ਬੇਟੀ' ਨਾਲ ਆਪਣੀ ਭੈਣ ਨੂਤਨ ਦੇ ਨਾਲ ਹੀ ਆਰੰਭ ਕੀਤਾ ਸੀ। ਇਸ ਫਿਲਮ ਵਿਚ ਤਨੂਜਾ ਦਾ ਰੋਲ ਬਾਲ ਕਲਾਕਾਰ ਵਾਲਾ ਸੀ। ਫਿਰ ਉਸ ਨੂੰ 1960 ਵਿਚ ਆਈ ਫਿਲਮ 'ਛਬੀਲੀ' ਵਿਚ ਵੱਡਾ ਰੋਲ ਮਿਲਿਆ। ਇਹ ਫਿਲਮ ਤਨੀਜਾ ਦੀ ਮਾਂ ਸ਼ੋਭਨਾ ਸਮਰਥ ਨੇ ਹੀ ਬਣਾਈ ਸੀ ਅਤੇ ਇਸ ਵਿਚ ਹੀਰੋਇਨ ਦੀ ਭੂਮਿਕਾ ਵੀ ਉਸ ਦੀ ਵੱਡੀ ਭੈਣ ਨੂਤਨ ਨੇ ਨਿਭਾਈ ਸੀ। ਉਂਞ, ਬਤੌਰ ਬਾਲਗ ਉਸ ਦੀ ਫਿਲਮ 'ਹਮਾਰੀ ਯਾਦ ਆਏਗੀ' ਸੀ ਜੋ 1961 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਕਿਦਾਰ ਸ਼ਰਮਾ ਨੇ ਬਣਾਈ ਸੀ ਜੋ ਇਸ ਤੋਂ ਪਹਿਲਾਂ ਰਾਜ ਕਪੂਰ, ਮਧੂਬਾਲਾ ਅਤੇ ਗੀਤਾ ਬਾਲੀ ਵਰਗਿਆਂ ਨੂੰ ਫਿਲਮੀ ਪਰਦੇ ਉਤੇ ਪੇਸ਼ ਕਰ ਚੁੱਕੇ ਸਨ।

ਤਨੂਜਾ ਦੀ ਵਧੇਰੇ ਚਰਚਾ ਫਿਲਮ 'ਬਹਾਰੇਂ ਫਿਰ ਭੀ ਆਏਂਗੀ' ਨਾਲ ਹੋਈ। ਇਸ ਫਿਲਮ ਤੋਂ ਬਾਅਦ ਉਸ ਨੂੰ ਹੀਰੋਇਨ ਵਾਲੇ ਰੋਲ ਮਿਲਣੇ ਆਰੰਭ ਹੋ ਗਏ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਸ ਨੂੰ ਫਿਲਮ 'ਜਿਊਲ ਥੀਫ' ਲਈ ਫਿਲਮਫੇਅਰ ਦਾ ਸਰਵੋਤਮ ਸਹਾਇਕ ਅਦਾਕਾਰਾ ਦਾ ਐਵਾਰਡ ਮਿਲਿਆ। ਤਨੂਜਾ ਨੇ ਬੰਗਲਾ ਫਿਲਮਾਂ ਵਿਚ ਵੀ ਆਪਣੀ ਅਦਾਕਾਰੀ ਨਾਲ ਖੂਬ ਨਾਮਣਾ ਖੱਟਿਆ।







ਖੱਬਿਓਂ: ਜਵਾਨੀ ਵੇਲੇ ਤਨੂਜਾ, ਆਪਣੀਆਂ ਧੀਆਂ ਤਨੀਸ਼ਾ ਤੇ ਕਾਜੋਲ ਨਾਲ ਅਤੇ ਚੜ੍ਹਦੀ ਉਮਰ ਦੀ ਇਕ ਹੋਰ ਦਿਲਕਸ਼ ਤਸਵੀਰ।

# ਮੇਘਨਾ ਗੁਲਜ਼ਾਰ ਦਾ ਦਰਦ ਛਲਕਿਆ

ਆਪਣੀ ਨਵੀਂ ਫਿਲਮ 'ਸੈਮ ਬਹਾਦੁਰ' ਬਾਰੇ ਗੱਲਬਾਤ ਕਰਦਿਆਂ ਫਿਲਮਸਾਜ਼ ਮੇਘਨਾ ਗੁਲਜ਼ਾਰ ਦਾ ਦਰਦ ਛਲਕ ਪਿਆ। ਅਸਲ ਵਿਚ ਕਿਸੇ ਪੱਤਰਕਾਰ ਨੇ ਉਸ ਨੂੰ ਉਸ ਦੀ ਇਕ ਹੋਰ ਫਿਲਮ 'ਛਪਾਕ' ਬਾਰੇ ਸਵਾਲ ਕਰ ਦਿੱਤਾ।

**ਆਮਨਾ ਕੌਰ**


ਉਸ ਨੇ ਸਾਫ-ਸਪਸ਼ਟ ਉਤਰ ਦਿੱਤਾ ਕਿ ਫਿਲਮ 'ਛਪਾਕ' ਰਿਲੀਜ਼ ਹੋਣ ਤੋਂ ਪਹਿਲਾਂ ਫਿਲਮ ਦੀ ਹੀਰੋਇਨ ਦੀਪਿਕਾ ਪਾਦੂਕੋਣ ਵੱਲੋਂ ਦਿੱਲੀ ਦੇ ਵਿਦਿਆਰਥੀਆਂ ਦੇ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਨ ਕਰ ਕੇ ਫਿਲਮ 'ਤੇ ਅਸਰ ਪਿਆ।

ਫਿਲਮ 'ਛਪਾਕ' ਤੇਜ਼ਾਬ ਦੇ ਹਮਲਿਆਂ ਦੀ ਮਾਰ ਝੱਲ ਰਹੀਆਂ ਕੁੜੀਆਂ ਬਾਰੇ ਬਣਾਈ ਗਈ ਸੀ। ਇਹ ਫਿਲਮ ਬੜੀ ਮਾਰਮਿਕ ਹੈ। ਜਿਨ੍ਹੀਂ ਦਿਨੀਂ ਇਹ ਫਿਲਮ ਰਿਲੀਜ਼ ਹੋਣੀ ਸੀ, ਉਨ੍ਹਾਂ ਦਿਨੀਂ ਦਿੱਲੀ ਵਿਚ ਵਿਦਿਆਰਥੀਆਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਲੜ ਰਹੇ ਸਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਵਿਦਿਆਰਥੀਆਂ ਦੇ ਸੰਘਰਸ਼ ਨੂੰ ਖਦੇੜਨ ਲਈ ਹਰ ਹਰਬਾ ਵਰਤ ਰਹੇ ਸਨ। ਉਦੋਂ ਦੀਪਿਕਾ ਪਾਦੂਕੋਣ ਨੇ ਵਿਦਿਆਰਥੀਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਅਤੇ ਉਹ ਸੰਘਰਸ਼ ਕਰ ਰਹੇ ਵਿਦਿਆਰਥੀਆਂ ਕੋਲ ਮੁੰਬਈ ਤੋਂ ਦਿੱਲੀ ਪੁੱਜੀ। ਵਿਦਿਆਰਥੀਆਂ ਦੇ ਰੋਸ ਮੁਜ਼ਾਹਰੇ ਦੌਰਾਨ ਉਸ ਨੇ ਕੋਈ ਭਾਸ਼ਣ ਨਹੀਂ ਦਿੱਤਾ ਅਤੇ ਨਾ ਹੀ ਕੋਈ ਬਿਆਨਬਾਜ਼ੀ ਕੀਤੀ ਪਰ ਸੱਤਾਧਿਰ ਇਸ ਗੱਲੋਂ ਹੀ ਔਖੀ ਹੋ ਗਈ ਕਿ ਦੀਪਿਕਾ ਪਾਦੂਕੋਣ ਵਿਦਿਆਰਥੀਆਂ ਦੇ ਹੱਕ ਵਿਚ ਰੋਸ ਮਜ਼ਾਹਰੇ ਦੌਰਾਨ ਪੁੱਜੀ ਹੀ ਕਿਉਂ। ਇਸ ਦੇ ਨਾਲ ਹੀ ਉਸ ਖਿਲਾਫ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਅਤੇ ਕੱਟੜਪੰਥੀਆਂ ਨੇ ਉਸ ਦੀ ਰਿਲੀਜ਼ ਹੋਣ ਵਾਲੀ ਫਿਲਮ 'ਛਪਾਕ' ਨਾ ਦੇਖਣ ਲਈ ਦਰਸ਼ਕਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ। ਇਸ ਮਸਲੇ 'ਤੇ ਲੋਕਾਂ ਨੂੰ ਡਰਾਇਆ-ਧਮਕਾਇਆ ਵੀ ਗਿਆ। ਭਾਰਤੀ ਜਨਤਾ ਪਾਰਟੀ ਦੇ ਆਈ.ਟੀ. ਸੈੱਲ ਨਾਲ ਜੁੜੀ ਟਰੋਲ ਆਰਮੀ ਇਕਦਮ ਸਰਗਰਮ ਹੋ ਗਈ ਅਤੇ ਫਿਲਮ ਖਿਲਾਫ ਖੂਬ ਪ੍ਰਚਾਰ ਕੀਤਾ ਗਿਆ।

ਮੇਘਨਾ ਦੱਸਦੀ ਹੈ ਕਿ ਇਸ ਫਿਲਮ ਲਈ ਉਸ ਅਤੇ ਇਸ ਫਿਲਮ ਦੀ ਲੇਖਕ ਅਤਿਕਾ ਚੌਹਾਨ ਨੇ ਬਹੁਤ ਮਿਹਨਤ ਕੀਤੀ ਸੀ। ਇਹ ਫਿਲਮ ਤੇਜ਼ਾਬੀ ਹਮਲੇ ਵਿਚ ਬਚ ਰਹੀ ਕੁੜੀ ਲਕਸ਼ਮੀ ਅਗਰਵਾਲ ਦੀ ਜ਼ਿੰਦਗੀ 'ਤੇ ਆਧਾਰਿਤ ਸੀ। ਇਹ ਫਿਲਮ 10 ਜਨਵਰੀ 202 ਨੂੰ ਰਿਲੀਜ਼ ਹੋਈ ਸੀ। ਦੋ ਘੰਟਿਆਂ ਦੀ ਇਸ ਫਿਲਮ ਦਾ ਕੁੱਲ ਬਜਟ 50 ਕਰੋੜ ਸੀ ਅਤੇ ਕੱਟੜਪੰਥੀ ਦੇ ਨੈਗੇਟਿਵ ਪ੍ਰਚਾਰ ਕਾਰਨ ਇਹ ਫਿਲਮ ਸਿਰਫ 56 ਕਰੋੜ ਰੁਪਏ ਹੀ ਕਮਾ ਸਕੀ। ਮੇਘਨਾ ਅਨੁਸਾਰ, ਇਹ ਫਿਲਮ ਨਾ ਚੱਲਣ ਦਾ ਮਲਾਲ ਸਾਰੀ ਉਮਰ ਰਹੇਗੀ; ਇਹ ਮਲਾਲ ਵੀ ਰਹੇਗਾ ਕਿ ਸਿਆਸਤ ਕਿਸ ਤਰ੍ਹਾਂ ਕਲਾ ਦਾ ਗਲਾ ਘੁੱਟਣ ਤੱਕ ਜਾਂਦੀ ਹੈ।

ਮੇਘਨਾ ਗੁਲਜ਼ਾਰ ਉਘੇ ਫਿਲਮਸਾਜ਼ ਤੇ ਲਿਖਾਰੀ ਗੁਲਜ਼ਾਰ ਅਤੇ ਅਦਾਕਾਰਾ ਰਾਖੀ ਦੀ ਧੀ ਹੈ। ਉਸ ਨੇ ਬਤੌਰ ਫਿਲਮਸਾਜ਼ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਫਿਲਹਾਲ' ਨਾਲ 2002 ਵਿਚ ਕੀਤੀ ਸੀ। ਇਸ ਤੋਂ ਬਾਅਦ ਉਸ ਨੇ 2007 ਵਿਚ 'ਜਸਟ ਮੈਰਿਡ' ਤੇ 'ਦਸ ਕਹਾਨੀਆਂ', 2015 ਵਿਚ 'ਤਲਵਾਰ', 2018 ਵਿਚ 'ਰਾਜ਼ੀ', 2020 ਵਿਚ 'ਛਪਾਕ' ਅਤੇ 2023 ਵਿਚ 'ਸੈਮ ਬਹਾਦੁਰ' ਫਿਲਮਾਂ ਬਣਾਈਆਂ। ਫਿਲਮ 'ਤਲਵਾਰ' ਅਰੁਸ਼ੀ ਕਤਲ ਕੇਸ 'ਤੇ ਆਧਾਰਿਤ ਹੈ। ਇਸ ਕੇਸ ਵਿਚ ਅਰੁਸ਼ੀ ਦੇ ਮਾਪਿਆਂ ਨੂੰ ਸਜ਼ਾ ਹੋ ਗਈ ਸੀ ਪਰ ਇਹ ਫਿਲਮ ਮੇਘਨਾ ਨੇ ਜਿਸ ਢੰਗ ਨਾਲ ਪੇਸ਼ ਕੀਤੀ, ਸਾਰੇ ਉਸ ਦੀ ਤਾਰੀਫ ਕਰਦੇ ਹਨ। ਪਹਿਲਾਂ-ਪਹਿਲਾਂ ਉਸ ਨੂੰ ਗੁਲਜ਼ਾਰ ਦੀ ਧੀ ਕਰ ਕੇ ਵਧੇਰੇ ਜਾਣਿਆ ਜਾਂਦਾ ਸੀ ਪਰ ਹੁਣ ਉਸ ਨੇ ਫਿਲਮੀ ਦੁਨੀਆ ਵਿਚ ਆਪਣੀ ਪਛਾਣ ਬਣਾ ਲਈ ਹੈ ਅਤੇ ਲਗਾਤਾਰ ਵੱਖ-ਵੱਖ ਪ੍ਰਾਜੈਕਟ ਬਣਾ ਰਹੀ ਹੈ। ਹਾਲ ਹੀ ਵਿਚ ਰਿਲੀਜ਼ ਹੋਈ 'ਸੈਮ ਬਹਾਦੁਰ' ਭਾਰਤ ਦੇ ਪਹਿਲੇ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਅ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਸੈਮ ਵਾਲਾ ਕਿਰਦਾਰ ਉਘੇ ਅਦਾਕਾਰ ਵਿੱਕੀ ਕੌਸ਼ਲ ਨੇ ਨਿਭਾਇਆ ਹੈ। ਇਸ ਫਿਲਮ ਦਾ ਬਜਟ 55 ਕਰੋੜ ਰੁਪਏ ਸੀ ਅਤੇ ਇਸ ਨੇ 116 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਸ ਫਿਲਮ ਲਈ ਮੇਘਨਾ ਦੀ ਰੱਜ ਕੇ ਤਾਰੀਫ ਹੋਈ ਹੈ ਪਰ ਬਾਕਸ ਆਫਿਸ ਉਤੇ ਇਸ ਫਿਲਮ ਨੂੰ ਉਹ ਹੁੰਗਾਰਾ ਨਹੀਂ ਮਿਲਿਆ ਜਿਸ ਦੀ ਆਸ ਕੀਤੀ ਜਾ ਰਹੀ ਸੀ।






ਖੱਬਿਓਂ: ਮੇਘਨਾ ਗੁਲਜ਼ਾਰ, ਫਿਲਮ 'ਛਪਾਕ' ਦਾ ਪੋਸਟਰ ਅਤੇ ਅਦਾਕਾਰਾ ਦੀਪਿਕਾ ਪਾਦੂਕੋਣ।

ੴ ੴ

## ਚਮਕੌਰ ਦੀ ਗੜ੍ਹੀ ਦੱਸਦੀ ਸੂਰਮਿਆਂ ਦੀ ਦਾਸਤਾਨ
## ਸਰਹੰਦ ਦੀ ਦੀਵਾਰ ਨੇ ਰਚਿਆ ਇਤਿਹਾਸ ਮਹਾਨ।







ਦੁਨੀਆ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਲਾਸਾਨੀ ਸ਼ਹਾਦਤ ਸਭ ਤੋਂ ਦੁਖਦਾਈ, ਦਿਲ ਤੋੜਨ ਵਾਲੀ ਅਤੇ ਆਪਣੇ ਆਪ ਵਿਚ ਵਿਲੱਖਣ ਘਟਨਾ ਹੈ। ਜਿੱਥੇ ਇਹ ਸ਼ਹਾਦਤ ਹਾਕਮਾਂ ਦੀ ਬੇਰਹਿਮੀ ਦੀ ਘਿਨਾਉਣੀ ਤਸਵੀਰ ਪੇਸ਼ ਕਰਦੀ ਹੈ ਉਥੇ ਹੀ ਸਾਹਿਬਜ਼ਾਦਿਆਂ ਅੰਦਰ ਜ਼ਾਲਮਾਂ ਅੱਗੇ ਨਾ ਡੋਲਣ ਅਤੇ ਜੰਗ ਦੇ ਮੈਦਾਨ ਵਿਚ ਜੂਝ ਮਰਨ ਦੇ ਜਜ਼ਬੇ ਨੂੰ ਵੀ ਦਰਸਾਉਂਦੀ ਹੈ।

ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੇ ਚਮਕੌਰ ਦੀ ਜੰਗ ਵਿਚ ਸ਼ਹਾਦਤ ਦਾ ਜਾਮ ਪੀਤਾ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਸੂਬਾ ਸਰਹੰਦ ਨੇ ਨੀਂਹਾਂ ਵਿਚ ਚਿਣਵਾ ਦਿੱਤਾ।



**ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ।**